Listing and Selling Homes From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763

Golden State Realty
Please Contact For Commercial or Residential Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California
Sam Chahal
CA Lic. 01504071

Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann Gurcharan Singh Mann
Mann Insurance Brokers Inc.
4123 Dyer St., #230, Union City, CA 94587

Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 49, December 9, 2017 20451 N Plum Grove Rd., Palatine, IL 60074 Ph:847-359-0746, Fax:847-705-9388

# ਵਿਵਾਦਾਂ ਵਿਚ ਘਿਰੇ ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ

## ਯਤਨਾਂ ਦੇ ਬਾਵਜੂਦ ਬੇਦਾਗ ਪ੍ਰਧਾਨ ਨਾ ਲੱਭ ਸਕੇ ਬਾਦਲ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਹੁਦਾ ਸੰਭਾਲਦੇ ਹੀ ਵਿਵਾਦਾਂ ਵਿਚ ਘਿਰ ਗਏ ਹਨ। ਲੌਂਗੋਵਾਲ ਉਨ੍ਹਾਂ ਸਿਆਸੀ ਆਗੂਆਂ ਵਿਚ ਸ਼ਾਮਲ ਸੀ ਜਿਹੜੇ ਵਿਧਾਨ ਸਭਾ ਚੋਣਾਂ ਲਈ ਡੇਰਾ ਸਿਰਸਾ ਤੋਂ ਵੋਟਾਂ ਮੰਗਣ ਲਈ ਸਨ। ਇਸੇ ਗੁਨਾਹ ਵਿਚ ਉਨ੍ਹਾਂ ਨੂੰ ਅਕਾਲ ਤਖਤ ਵੱਲੋਂ ਤਨਖਾਹੀਆ ਕਰਾਰ ਦਿੱਤਾ ਗਿਆ ਸੀ। ਨਵੇਂ ਪ੍ਰਧਾਨ ਵੱਲ ਉਠੀਆਂ ਉਂਗਲਾਂ ਬਾਦਲ ਪਰਿਵਾਰ ਲਈ ਵੀ ਨਮੋਸ਼ੀ ਬਣ ਰਹੀਆਂ ਹਨ।

ਹਾਲਾਂਕਿ ਇਹ ਵਿਵਾਦ ਉਠਣ ਮਗਰੋਂ ਲੌਂਗੋਵਾਲ ਨੇ ਫਟਾਫਟ ਬਿਆਨ ਦੇ ਦਿੱਤਾ ਕਿ ਉਹ ਕਦੇ ਡੇਰਾ ਸਿਰਸਾ ਨਹੀਂ ਗਏ। ਫਿਰ ਸਵਾਲ ਉਠਿਆ ਕਿ ਜੇ ਉਹ ਡੇਰੇ ਨਹੀਂ ਗਏ ਤਾਂ ਸਜ਼ਾ ਕਿਉਂ ਭੁਗਤੀ? ਜਦੋਂ ਲੌਂਗੋਵਾਲ ਆਪਣੇ ਇਸ ਦਾਅਵੇ ਉਤੇ ਘਿਰ ਗਏ ਤਾਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਉਨ੍ਹਾਂ ਦੇ ਹੱਕ ਵਿਚ ਨਿੱਤਰ ਆਏ ਤੇ ਆਖ ਦਿੱਤਾ ਕਿ ਪ੍ਰਧਾਨ ਨੇ ਆਪਣੀ ਗਲਤੀ ਕਬੂਲ ਕੇ ਸਜ਼ਾ ਭੁਗਤ ਲਈ ਸੀ, ਇਸ ਲਈ ਸਭ ਕੁਝ ਭੁਲ ਭੁਲਾ ਕੇ ਉਨ੍ਹਾਂ ਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ।

ਦੱਸ ਦਈਏ ਕਿ 6 ਫਰਵਰੀ 2017 ਨੂੰ ਸਿੰਘ ਸਾਹਿਬਾਨ ਵੱਲੋਂ ਵੱਖ-ਵੱਖ ਪਾਰਟੀਆਂ ਨਾਲ ਸਬੰਧਤ ਸਿੱਖ ਆਗੂਆਂ ਦੇ ਅਕਾਲ ਤਖਤ ਸਾਹਿਬ

(ਬਾਕੀ ਸਫਾ 6 'ਤੇ)



*ਨਵੇਂ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਧਾਰਮਿਕ ਸਜ਼ਾ ਭੁਗਤਣ ਵੇਲੇ ਦੀ ਤਸਵੀਰ।*

### ਬਾਦਲਾਂ ਦੀ ਸਿਆਸੀ ਮਜਬੂਰੀ...

ਇਸ ਵਾਰ ਚੰਗੇ ਅਕਸ ਵਾਲਾ ਪ੍ਰਧਾਨ ਲੱਭਣਾ ਅਕਾਲੀ ਦਲ ਬਾਦਲ ਲਈ ਵੱਡੀ ਚੁਣੌਤੀ ਸੀ। ਬਾਦਲਾਂ ਨੂੰ ਪ੍ਰਧਾਨ ਦੇ ਅਹੁਦੇ ਲਈ ਅਜਿਹੇ ਸ਼ਖਸ ਦੀ ਲੋੜ ਸੀ ਜੋ ਉਨ੍ਹਾਂ ਦਾ ਵਫਾਦਾਰ ਵੀ ਹੋਵੇ ਤੇ ਬੇਦਾਗ ਵੀ। ਇਸੇ ਲਈ ਮੁਢਲੇ ਤੌਰ 'ਤੇ ਜਗੀਰ ਕੌਰ ਤੇ ਤੋਤਾ ਸਿੰਘ ਦੀ ਚਰਚਾ ਚੱਲੀ, ਉਹ ਵਫਾਦਾਰ ਤਾਂ ਸਨ ਪਰ ਬੇਦਾਗ ਨਹੀਂ, ਦੋਵੇਂ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਫਿਰ ਸੁਖਦੇਵ ਸਿੰਘ ਢੀਂਡਸਾ ਤੇ ਸੇਵਾ ਸਿੰਘ ਸੇਖਵਾਂ ਦੀ ਗੱਲ ਤੁਰੀ, ਪਰ ਕੁਝ ਮਾਮਲਿਆਂ 'ਤੇ ਅੜਬਾਈ ਕਾਰਨ ਇਹ ਆਗੂ ਵੀ ਸੁਖਬੀਰ ਸਿੰਘ ਬਾਦਲ ਨੂੰ ਨਹੀਂ ਜਚੇ। ਵੱਡੀ ਗਿਣਤੀ ਮੈਂਬਰਾਂ ਨੇ ਕਿਰਪਾਲ ਸਿੰਘ ਬਡੂੰਗਰ ਨੂੰ ਮੁੜ ਸੇਵਾ ਦੇਣ ਦੀ ਗੱਲ ਵੀ ਆਖੀ, ਪਰ ਉਨ੍ਹਾਂ ਵਿਚ 'ਅਗਿਆਕਾਰ' ਵਾਲਾ ਗੁਣ ਨਾ ਹੋਣਾ ਅੜਿੱਕਾ ਡਾਹ ਗਿਆ। ਫਿਰ ਸੁਖਬੀਰ ਨੇ ਬੇਦਾਗ ਵਾਲੀ ਸ਼ਰਤ ਨੂੰ ਪਿੱਛੇ ਕਰ ਕੇ ਵਫਾਦਾਰੀ ਨੂੰ ਪਹਿਲ ਦਿੱਤੀ ਤੇ ਗੱਲ ਗੋਬਿੰਦ ਸਿੰਘ ਲੌਂਗੋਵਾਲ 'ਤੇ ਮੁੱਕੀ।

# ਸ਼ਹਿਰੀ ਚੋਣਾਂ: ਕੈਪਟਨ ਦਾ ਇਕ ਹੋਰ ਇਮਤਿਹਾਨ



**ਚੰਡੀਗੜ੍ਹ:** ਪੰਜਾਬ ਵਿਚ ਸ਼ਹਿਰੀ ਚੋਣਾਂ ਦੇ ਐਲਾਨ ਨੇ ਸਿਆਸੀ ਧਿਰਾਂ ਦੇ ਕੰਨ ਮੁੜ ਖੜ੍ਹੇ ਕਰ ਦਿੱਤੇ ਹਨ। ਤਿੰਨ ਵੱਡੇ ਸ਼ਹਿਰਾਂ ਅੰਮ੍ਰਿਤਸਰ, ਜਲੰਧਰ ਤੇ ਪਟਿਆਲਾ ਦੀਆਂ ਨਗਰ ਨਿਗਮਾਂ ਅਤੇ 32 ਮਿਊਂਸਪਲ ਕਮੇਟੀਆਂ ਤੇ ਨਗਰ ਪੰਚਾਇਤਾਂ ਲਈ ਵੋਟਾਂ 17 ਦਸੰਬਰ ਨੂੰ ਪੈਣਗੀਆਂ।

ਕਾਂਗਰਸ ਦੀ ਸਰਕਾਰ ਬਣਨ ਤੋਂ ਬਾਅਦ ਕੈਪਟਨ ਲਈ ਸ਼ਹਿਰੀ ਖੇਤਰ ਦੀਆਂ ਚੋਣਾਂ ਦਾ ਪਲੇਠਾ ਇਮਤਿਹਾਨ ਹੈ। ਇਸ ਤੋਂ ਪਹਿਲਾਂ ਤਕਰੀਬਨ ਸਾਰੇ ਸ਼ਹਿਰਾਂ ਦੀਆਂ ਸੰਸਥਾਵਾਂ ਉਤੇ ਅਕਾਲੀ-ਭਾਜਪਾ ਗੱਠਜੋੜ ਦਾ ਕਬਜ਼ਾ ਹੈ। ਇਸ ਤੋਂ ਵੀ ਵੱਡੀ ਚੁਣੌਤੀ ਇਹ ਹੈ ਕਿ ਰਵਾਇਤੀ ਧਿਰਾਂ ਨੂੰ ਟੱਕਰ ਦੇਣ ਲਈ ਆਮ ਆਦਮੀ ਪਾਰਟੀ (ਆਪ) ਨੇ ਸ਼ਹਿਰੀ ਚੋਣਾਂ ਵਿਚ ਪਹਿਲੀ ਵਾਰ ਮੋਰਚਾ ਸਾਂਭਿਆ ਹੈ। ਭਾਵੇਂ ਭਾਰਤੀ ਸਿਆਸਤ ਵਿਚ ਰਵਾਇਤ ਹੈ ਕਿ ਸ਼ਹਿਰੀ ਚੋਣਾਂ ਦੇ ਨਤੀਜੇ ਹਾਕਮ ਧਿਰ ਦੇ ਹੱਕ ਵਿਚ ਆਉਂਦੇ ਹਨ, ਪਰ ਵੋਟਾਂ ਦੀ ਤਿੰਨ ਧਿਰਾਂ ਵਿਚ ਵੰਡ ਇਸ ਵਾਰ ਚੁਣੌਤੀ ਖੜ੍ਹੀ ਕਰ ਸਕਦੀ ਹੈ। ਇਸ ਤੋਂ ਇਲਾਵਾ ਕੈਪਟਨ ਸਰਕਾਰ ਵੱਲੋਂ ਚੋਣ ਵਾਅਦਿਆਂ ਤੋਂ ਭੱਜਣਾ ਵੱਡਾ ਮੁੱਦਾ ਬਣਨ ਦੇ ਆਸਾਰ ਹਨ।

ਕੈਪਟਨ ਸਰਕਾਰ ਨੇ ਸ਼ਹਿਰੀਆਂ ਤੇ ਪੇਂਡੂ ਖੇਤਰਾਂ ਦੇ ਲੋਕਾਂ ਨਾਲ ਵੱਡੇ ਵਾਅਦੇ ਕੀਤੇ ਸਨ, ਪਰ ਸਿਰੇ ਕੋਈ ਨਹੀਂ ਲੱਗਾ। ਉਲਟਾ ਸ਼ਹਿਰੀ ਲੋਕਾਂ ਨੂੰ ਬਿਜਲੀ ਬਿੱਲਾਂ ਦਾ ਵਾਧੂ ਬੋਝ ਵੀ ਵੋਟਰਾਂ ਨੂੰ ਰੜਕ ਰਿਹਾ ਹੈ। ਕਾਂਗਰਸ ਪਿੱਛੋਂ ਅਕਾਲੀ ਦਲ-ਭਾਜਪਾ ਲਈ ਵੀ ਇਹ ਚੋਣਾਂ ਵਕਾਰ ਦਾ ਸਵਾਲ ਹਨ। ਪਿਛਲੇ ਇਕ ਦਹਾਕੇ ਤੋਂ ਇਨ੍ਹਾਂ ਧਿਰਾਂ ਦਾ ਸ਼ਹਿਰੀ ਇਲਾਕਿਆਂ 'ਤੇ ਕਬਜ਼ਾ ਹੈ, ਪਰ ਹੁਣ ਸੂਬੇ ਦੀ ਵਾਗਡੋਰ ਕਾਂਗਰਸ ਹੱਥ ਆਉਣ ਨਾਲ ਹਾਲਾਤ ਵੱਖਰੇ ਹਨ। ਦੂਜੇ ਪਾਸੇ ਭਾਜਪਾ ਵੀ ਇਨ੍ਹਾਂ ਹਾਲਾਤਾਂ ਤੋਂ ਫਿਕਰਮੰਦ ਹੈ। ਉਸ ਦੇ ਬਹੁਤੇ ਜਿੱਤੇ ਹੋਏ ਉਮੀਦਵਾਰਾਂ ਨੇ ਇਸ ਵਾਰ ਚੋਣ ਲੜਨ ਤੋਂ ਸਾਫ ਇਨਕਾਰ ਕਰ ਦਿੱਤਾ।

ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਵਾਰ ਚੋਣ ਲੜਨ ਦਾ ਮਤਲਬ ਪੈਸੇ ਖਰਾਬ ਕਰਨਾ ਹੈ। ਕੁਝ ਉਮੀਦਵਾਰ ਇਹ ਵੀ ਕਹਿੰਦੇ ਹਨ ਕਿ ਅਕਾਲੀ ਦਲ ਵਾਲੇ ਸਾਡੇ ਤੋਂ ਹਮਾਇਤ ਲੈ ਕੇ ਤਾਂ ਜਿੱਤ ਜਾਂਦੇ ਹਨ, ਪਰ ਸਾਨੂੰ ਹਰਵਾਉਣ ਵਿਚ ਕੋਈ ਕਸਰ ਨਹੀਂ ਛੱਡਦੇ। ਇਸ ਪਿੱਛੋਂ ਭਾਜਪਾ ਨੂੰ ਧਮਕੀ ਦੇਣੀ ਪਈ ਕਿ ਪਾਰਟੀ ਜਿਸ ਨੂੰ ਚੋਣ ਲੜਾਉਣਾ ਚਾਹੁੰਦੀ ਹੈ, ਜੇ ਉਹ ਇਨਕਾਰ ਕਰਦਾ ਹੈ ਤਾਂ ਉਸ ਨੂੰ ਅਗਲੇ 10 ਸਾਲ ਨਾ ਟਿਕਟ ਦਿੱਤੀ ਜਾਵੇਗੀ

(ਬਾਕੀ ਸਫਾ 6 'ਤੇ)

We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011


Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorney At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

## ਸੈਨ ਹੋਜੇ ਸਿਟੀ ਵਲੋਂ ਸਿੱਖ ਅਮੈਰਿਕਨ ਚੇਤਨਾ ਅਤੇ ਪ੍ਰਸ਼ੰਸਾ ਮਹੀਨਾ ਮਨਾਇਆ ਗਿਆ ਜਿਸ ਦੌਰਾਨ ਸਿਟੀ ਅਧਿਕਾਰੀ ਗੁਰਦੁਆਰਾ ਸੈਨ ਹੋਜੇ ਪਹੁੰਚੇ ਤੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੂੰ ਪ੍ਰਸ਼ੰਸਾ ਪੱਤਰ ਭੇਟ ਕੀਤਾ




*ਕੈਲੀਫੋਰਨੀਆ ਸਟੇਟ ਸੈਨੇਟਰ ਕੇਵਿਨ ਡੀਲੀਓਨ ਵੀ ਸਿੱਖ ਚੇਤਨਾ ਮਹੀਨੇ ਦੌਰਾਨ ਗੁਰਦੁਆਰਾ ਸੈਨ ਹੋਜੇ ਪਹੁੰਚੇ ਅਤੇ ਸੇਵਾਦਾਰਾਂ ਨੂੰ ਪ੍ਰਸ਼ੰਸਾ ਪੱਤਰ ਭੇਟ ਕੀਤਾ। ਸੈਨੇਟਰ ਕੈਵਿਨ ਡੀਲੀਓਨ ਸੇਵਾਦਾਰਾਂ ਨਾਲ*



*ਮੇਅਰ ਸੈਮ ਲਿਕਾਰਡੋ ਅਤੇ ਕੌਂਸਲਵੂਮਨ ਸਿਲਵੀਆ ਐਰੀਨਾਸ ਗੁਰੂ ਘਰ ਦੇ ਸੇਵਾਦਾਰਾਂ ਨੂੰ ਪ੍ਰਸ਼ੰਸਾ ਪੱਤਰ ਦਿੰਦੇ ਹੋਏ*

## ਸੁੱਖੀ ਬਾਠ ਹੋਣਗੇ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਦੇ ਮੁੱਖ ਮਹਿਮਾਨ

**ਫਰੀਮਾਂਟ (ਬਿਊਰੋ):** 'ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ' ਅਤੇ ਐਸ. ਅਸ਼ੋਕ ਭੌਰਾ ਵਲੋਂ ਅਮੋਲਕ ਸਿੰਘ ਗਾਖਲ ਅਤੇ ਮੱਖਣ ਸਿੰਘ ਬੈਂਸ ਦੀ ਸਰਪ੍ਰਸਤੀ ਹੇਠ 7 ਜਨਵਰੀ 2018, ਐਤਵਾਰ ਨੂੰ ਇਥੇ ਕਰਵਾਏ ਜਾ ਰਹੇ ਪੰਜਵੇਂ 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਦੇ ਮੁੱਖ ਮਹਿਮਾਨ ਸਰੀ (ਕੈਨੇਡਾ) ਦੇ ਪੰਜਾਬ ਭਵਨ ਦੇ ਸੰਚਾਲਕ ਤੇ ਨਾਮੀ ਸ਼ਖਸੀਅਤ ਸੁੱਖੀ ਬਾਠ ਹੋਣਗੇ। ਪ੍ਰੋਗਰਾਮ ਬਾਅਦ ਦੁਪਿਹਰ ਇਕ ਵਜੇ ਸ਼ੁਰੂ ਹੋਵੇਗਾ ਜੋ ਦੇਰ ਸ਼ਾਮ ਤੱਕ ਚੱਲੇਗਾ।



*ਸੁੱਖੀ ਬਾਠ*

ਪ੍ਰੋਗਰਾਮ ਵਿਚ ਉਘੀ ਲੋਕ ਗਾਇਕਾ ਅੰਮ੍ਰਿਤਾ ਵਿਰਕ, 'ਪਿੰਡਾਂ ਵਾਲੇ ਜੱਟ' ਫੇਮ ਸੋਨਾ ਵਾਲੀਆ, 'ਵਾਇਸ ਆਫ ਪੰਜਾਬ' ਹਰਗੁਣ, 'ਛੋਰਾ ਹਰਿਆਣੇ ਕਾ' ਫੇਮ ਸੱਤੀ ਸਤਵਿੰਦਰ ਅਤੇ ਕਮੇਡੀ ਕਿੰਗ ਭਜਨਾ ਅਮਲੀ ਤੋਂ ਸਿਵਾ ਤਰਲੋਕ ਸਿੰਘ, ਅਨੂਪ ਚੀਮਾ ਤੇ ਸੱਤੀ ਪਾਬਲਾ ਦੇ ਪਹੁੰਚਣ ਦੀ ਸੰਭਾਵਨਾ ਹੈ। ਅਜੇ ਭੰਗੜਾ ਅਕੈਡਮੀ ਦਾ ਗਿੱਧਾ, ਜਯਾ ਸ਼ਰਮਾ ਦੀ ਕੋਰੀਓਗ੍ਰਾਫੀ ਅਤੇ ਮਲਵਈ ਬਾਬਿਆਂ ਦਾ ਗਿੱਧਾ ਵਿਸ਼ੇਸ਼ ਆਕਰਸ਼ਣ ਹੋਵੇਗਾ। ਮੰਚ ਸੰਚਾਲਨ ਆਸ਼ਾ ਸ਼ਰਮਾ ਵਲੋਂ ਕੀਤਾ ਜਾਵੇਗਾ।

## ਅਮਰੀਕਾ ਨੇ ਪਾਕਿ ਵੱਲ ਦਾਗੀਆਂ ਮਿਜ਼ਾਈਲਾਂ, 4 ਮੌਤਾਂ

**ਇਸਲਾਮਾਬਾਦ:** ਅਮਰੀਕੀ ਹਮਲੇ ਵਿਚ ਅਫਗਾਨਿਸਤਾਨ ਦੀ ਸਰਹੱਦ ਨਾਲ ਲੱਗਦੇ ਪਾਕਿਸਤਾਨ ਦੇ ਕੁੱਰਮ ਖੇਤਰ ਵਿਚ ਹੱਕਾਨੀ ਨੈੱਟਵਰਕ ਦੇ ਚਾਰ ਅਤਿਵਾਦੀ ਮਾਰੇ ਗਏ। ਹਾਲਾਂਕਿ ਅਜੇ ਪਾਕਿਸਤਾਨ ਸਰਕਾਰ ਦੇ ਪੱਧਰ 'ਤੇ ਇਸ ਡਰੋਨ ਹਮਲੇ ਦੀ ਪੁਸ਼ਟੀ ਨਹੀਂ ਕੀਤੀ ਗਈ।

ਜੇ ਅਜਿਹਾ ਹੁੰਦਾ ਹੈ ਤਾਂ ਇਸ ਸਾਲ ਜਨਵਰੀ ਵਿਚ ਡੋਨਲਡ ਟਰੰਪ ਦੇ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਪਿੱਛੋਂ ਪਾਕਿਸਤਾਨ ਸਰਹੱਦ ਅੰਦਰ ਅਮਰੀਕਾ ਦਾ ਇਹ ਚੌਥਾ ਡਰੋਨ ਹਮਲਾ ਹੋਵੇਗਾ। ਪਾਕਿਸਤਾਨੀ ਖੁਫ਼ੀਆ ਵਿਭਾਗ ਦੇ ਅਧਿਕਾਰੀਆਂ ਨੇ ਇੰਨਾ ਜ਼ਰੂਰ ਮੰਨਿਆ ਹੈ ਕਿ ਕੁੱਰਮ ਵਿਚ ਮਨੁੱਖ ਰਹਿਤ ਡਰੋਨ ਨੇ ਅਤਿਵਾਦੀਆਂ ਦੇ ਟਿਕਾਣੇ ਉਤੇ ਦੋ ਮਿਜ਼ਾਈਲਾਂ ਦਾਗੀਆਂ ਹਨ। ਇਹ ਇਲਾਕਾ ਹੱਕਾਨੀ ਨੈੱਟਵਰਕ ਦੇ ਕਮਾਂਡਰ ਅਬਦੁਰ ਰਾਸ਼ਿਦ ਹੱਕਾਨੀ ਦੇ ਕੰਟਰੋਲ ਹੇਠ ਹੈ। ਪਹਿਲੇ ਉਪਰੀ ਕੁੱਰਮ ਦੇ ਲੋਕਾਂ ਨੇ ਸਥਾਨਕ ਅਧਿਕਾਰੀਆਂ ਨੂੰ ਬੰਬ ਧਮਾਕੇ ਬਾਰੇ ਵਿਚ ਦੱਸਿਆ ਸੀ।


ੴ ਸਤਿਗੁਰ ਪ੍ਰਸਾਦਿ॥
ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥

ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

ਪਹਿਲਾ ਸਾਲਾਨਾ ਬੇ ਏਰੀਆ ਖਾਲਸਾ ਦਰਬਾਰ


25 ਦਸੰਬਰ 2017, ਸੋਮਵਾਰ
ਸਵੇਰੇ 7 ਵਜੇ ਤੋਂ ਸ਼ਾਮ 5 ਵਜੇ ਤੱਕ

Sikh Gurdwara San Jose
3636 Gurdwara Avenue, San Jose CA 95148
Ph: (408) 274-9373. www.sanjosegurdwara.org

ਪ੍ਰੋਗਰਾਮ

ਸਵੇਰੇ 7 ਤੋਂ 9:30 ਤੱਕ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਵਲੋਂ ਆਸਾ ਦੀ ਵਾਰ ਦਾ ਕੀਰਤਨ
9:30 ਤੋਂ 10:10 ਵਜੇ ਤੱਕ ਭਾਈ ਗੁਰਜੀਤ ਸਿੰਘ ਵਲੋਂ ਕਥਾ ਵਿਆਖਿਆ
10:10 ਤੋਂ 10:30 ਵਜੇ ਤੱਕ ਅਰਦਾਸ ਅਤੇ ਹੁਕਮਨਾਮਾ
10:30 ਤੋਂ 11:30 ਵਜੇ ਤੱਕ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਤਾਜਵਿੰਦਰ ਸਿੰਘ ਵਲੋਂ ਸ਼ਬਦ ਕੀਰਤਨ
11:30 ਤੋਂ 12:30 ਵਜੇ ਤੱਕ ਭਾਈ ਨਿਰੰਜਣ ਸਿੰਘ ਜਵੱਦੀ ਕਲਾਂ ਵਲੋਂ ਸ਼ਬਦ ਕੀਰਤਨ
ਦੁਪਹਿਰ 12:30 ਤੋਂ 1:30 ਵਜੇ ਤੱਕ ਸਨਮਾਨ ਸਮਾਰੋਹ
1:30 ਤੋਂ 2:30 ਵਜੇ ਤੱਕ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਰਬਜੀਤ ਸਿੰਘ ਵਲੋਂ ਸ਼ਬਦ ਕੀਰਤਨ
2:30 ਤੋਂ 3:30 ਵਜੇ ਤੱਕ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਚਰਨ ਸਿੰਘ ਖਾਲਸਾ ਵਲੋਂ ਸ਼ਬਦ ਕੀਰਤਨ
3:30 ਤੋਂ 4:30 ਵਜੇ ਤੱਕ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਖਾਲਸਾ ਵਲੋਂ ਸ਼ਬਦ ਕੀਰਤਨ
ਸ਼ਾਮ 4:30 ਤੋਂ 5 ਵਜੇ ਵਜੇ ਤੱਕ ਅਰਦਾਸ ਅਤੇ ਹੁਕਮਨਾਮਾ

ਪੰਥ ਪ੍ਰਸਿਧ ਅਤੇ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਇਸ ਮੌਕੇ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ। ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਮੌਕੇ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਗੁਰਬਾਣੀ ਕੀਰਤਨ ਦਾ ਲਾਹਾ ਲਓ ਜੀ।



Bhai Inderjit Singh Khalsa
Hazoori Ragi Sri Darbar Sahib




Bhai Niranjan Singh
Jawaddi Kalan Wale



Bhai Harcharan Singh Khalsa
Hazoori Ragi Sri Darbar Sahib




Bhai Tajvinder Singh
Hazoori Ragi Sri Darbar Sahib



Bhai Sarabjit Singh Ladi
Hazoori Ragi Sri Darbar Sahib

# ਲੋਕ ਭਲਾਈ ਸਕੀਮਾਂ ਨੂੰ ਖੂੰਜੇ ਲਾਉਣ ਦੀ ਤਿਆਰੀ

**ਚੰਡੀਗੜ੍ਹ:** ਵਿੱਤੀ ਸੰਕਟ ਵਿਚ ਘਿਰੀ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਦਿੱਤੀ ਜਾ ਰਹੀ ਬਿਜਲੀ ਸਬਸਿਡੀ ਅਤੇ ਆਟਾ-ਦਾਲ ਯੋਜਨਾ ਦੀ ਸਮੀਖਿਆ ਕੀਤੀ ਜਾ ਰਹੀ ਹੈ। ਕੈਪਟਨ ਸਰਕਾਰ ਵੱਧ ਰਹੇ ਖਰਚ ਨੂੰ ਕੰਟਰੋਲ ਕਰਨ ਵਿਚ ਅਸਮਰੱਥ ਹੈ ਅਤੇ ਉਸ ਵੱਲੋਂ ਹੁਣ ਇਨ੍ਹਾਂ ਦੋ ਮੁੱਖ ਯੋਜਨਾਵਾਂ ਉਤੇ ਨਜ਼ਰਸਾਨੀ ਕੀਤੀ ਜਾ ਰਹੀ ਹੈ, ਜੋ ਸੂਬੇ ਦਾ ਖਜ਼ਾਨਾ ਹੂੰਝ ਰਹੀਆਂ ਹਨ। ਸੂਤਰਾਂ ਮੁਤਾਬਕ ਸੂਬੇ ਦੀ ਆਰਥਿਕਤਾ ਨੂੰ ਲੀਹ ਉਤੇ ਲਿਆਉਣ ਲਈ ਪਿਛਲੇ ਮਹੀਨੇ ਕੀਤੀਆਂ ਦੋ ਬੈਠਕਾਂ ਦੌਰਾਨ ਇਨ੍ਹਾਂ ਦੋ ਯੋਜਨਾਵਾਂ ਉਤੇ ਸ਼ਿਕੰਜਾ ਕੱਸਣ ਦੀ ਲੋੜ ਬਾਰੇ ਵਿਸਥਾਰ 'ਚ ਚਰਚਾ ਹੋਈ। ਇਸ ਸਾਲ ਸੂਬਾਈ ਸਰਕਾਰ ਵੱਲੋਂ 10255 ਕਰੋੜ ਰੁਪਏ ਬਿਜਲੀ ਸਬਸਿਡੀ ਅਤੇ 500 ਕਰੋੜ ਰੁਪਏ ਨਵੀਂ ਆਟਾ-ਦਾਲ ਯੋਜਨਾ ਉਤੇ ਖਰਚੇ ਜਾਣਗੇ।

ਦੱਸਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੂਬੇ ਦੇ ਰੱਜੇ-ਪੁੱਜੇ ਕਿਸਾਨਾਂ ਨੂੰ ਬਿਜਲੀ ਸਬਸਿਡੀ ਛੱਡਣ ਦੀ ਪਹਿਲਾਂ ਹੀ ਅਪੀਲ ਕੀਤੀ ਜਾ ਚੁੱਕੀ ਹੈ ਪਰ ਇਸ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ। ਆਟਾ-ਦਾਲ ਯੋਜਨਾ ਦੇ ਫਰਜ਼ੀ ਲਾਭਪਾਤਰੀਆਂ ਦੀ ਛਾਂਟੀ ਲਈ ਸਰਵੇਖਣ ਕਰਾਇਆ ਗਿਆ ਪਰ ਸਥਾਨਕ ਪੱਧਰ ਉਤੇ ਰਾਜਸੀ ਆਗੂਆਂ ਨੇ ਇਸ ਕਾਰਜ ਵਿਚ ਵਿਘਨ ਪਾਇਆ ਕਿਉਂਕਿ ਉਹ ਆਪਣੇ ਵੋਟਰਾਂ ਨੂੰ ਗੁੱਸੇ ਨਹੀਂ ਕਰਨਾ ਚਾਹੁੰਦੇ। ਸੂਬੇ ਵਿਚ ਆਟਾ-ਦਾਲ ਯੋਜਨਾ ਦੇ 1.39 ਕਰੋੜ ਲਾਭਪਾਤਰੀ ਹਨ।

ਸੂਤਰਾਂ ਨੇ ਦੱਸਿਆ ਕਿ ਕੁਝ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ ਦੋ ਯੋਜਨਾਵਾਂ ਦੇ ਲਾਭਪਾਤਰੀਆਂ ਅਤੇ ਇਨ੍ਹਾਂ ਵਿਚੋਂ ਅਸਲ ਲੋੜਵੰਦਾਂ ਦੀ ਸ਼ਨਾਖਤ ਲਈ ਸਰਵੇਖਣ ਕਰਨ ਲਈ ਕਿਹਾ ਗਿਆ ਹੈ। ਡਿਪਟੀ ਕਮਿਸ਼ਨਰਾਂ ਦੇ ਜਵਾਬ ਦੇ ਆਧਾਰ ਉਤੇ ਸਰਕਾਰ ਇਨ੍ਹਾਂ ਯੋਜਨਾਵਾਂ ਦੀ ਸਮੀਖਿਆ ਕਰ ਸਕਦੀ ਹੈ।

ਜੀ.ਐਸ.ਟੀ. ਲਾਗੂ ਹੋਣ ਬਾਅਦ ਸੂਬੇ ਦੇ ਮਾਲੀ ਵਸੀਲੇ ਸੁੰਗੜ ਗਏ ਹਨ, ਜਿਸ ਕਾਰਨ ਸਰਕਾਰ ਖਰਚ ਘਟਾਉਣ ਲਈ ਹੱਥ ਪੈਰ ਮਾਰ ਰਹੀ ਹੈ। ਇਸ ਵਿੱਤੀ ਵਰ੍ਹੇ ਕੁੱਲ 60,079.87 ਕਰੋੜ ਰੁਪਏ ਮਾਲੀਆ ਮਿਲਿਆ ਹੈ, ਜਿਸ ਵਿਚੋਂ 56,184 ਕਰੋੜ ਸਿਰਫ ਤਨਖਾਹਾਂ, ਪੈਨਸ਼ਨਾਂ, ਕਰਜ਼ੇ ਦਾ ਵਿਆਜ ਮੋੜਨ ਅਤੇ ਬਿਜਲੀ ਸਬਸਿਡੀ ਉਤੇ ਖਰਚ ਹੋਣਗੇ। ਜੇਕਰ ਸੂਬੇ ਦਾ ਕੰਮ ਠੀਕ ਢੰਗ ਨਾਲ ਚਲਾਉਣਾ ਹੈ ਤਾਂ ਬਾਕੀ ਖਰਚਿਆਂ ਉਤੇ ਕੱਟ ਲਾਇਆ ਜਾਣਾ ਚਾਹੀਦਾ ਹੈ।

# ਵਿੱਤੀ ਤੰਗੀ: ਮੋਦੀ ਸਰਕਾਰ ਨੇ ਦਿਵਾਇਆ ਕੈਪਟਨ ਨੂੰ ਸਾਹ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਪੰਜਾਬ ਨੂੰ ਵਸਤਾਂ ਤੇ ਸੇਵਾਵਾਂ ਕਰ (ਜੀ.ਐਸ.ਟੀ.) ਦੇ ਹਿੱਸੇ ਦੀ ਬਣਦੀ ਰਕਮ ਅਦਾ ਕਰ ਦਿੱਤੀ ਹੈ। ਪੰਜਾਬ ਸਰਕਾਰ ਨੂੰ 1980 ਕਰੋੜ ਰੁਪਏ ਦਾ ਭੁਗਤਾਨ ਕੀਤਾ ਗਿਆ ਹੈ। ਗੰਭੀਰ ਮਾਲੀ ਸੰਕਟ 'ਚ ਘਿਰੀ ਕੈਪਟਨ ਸਰਕਾਰ ਇਸ ਨਾਲ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਅਤੇ ਨਿੱਤ ਦੇ ਖਰਚੇ ਚਲਾਉਣ ਜੋਗੀ ਹੋ ਗਈ ਹੈ ਪਰ ਜੀ.ਐਸ.ਟੀ. ਦਾ ਹਿੱਸਾ ਸੂਬੇ ਦੀ ਵਿੱਤੀ ਖੁਸ਼ਕੀ ਦੂਰ ਕਰਨ 'ਚ ਅਸਮਰੱਥ ਹੈ ਕਿਉਂਕਿ ਕੈਪਟਨ ਸਰਕਾਰ ਸਿਰ ਅਦਾਇਗੀਆਂ ਦੀ ਪੰਡ ਕਾਫੀ ਭਾਰੀ ਹੈ।

ਵੈਟ ਦੀ ਥਾਂ ਜੀ.ਐਸ.ਟੀ. ਲਾਗੂ ਹੋਣ ਬਾਅਦ ਰਾਜ ਸਰਕਾਰ ਦੀ ਵਿੱਤੀ ਹਾਲਤ ਨਿੱਘਰ ਗਈ ਹੈ ਅਤੇ ਉਸ ਲਈ ਤਨਖਾਹਾਂ ਦੇਣੀਆਂ ਮੁਸ਼ਕਲ ਹੋਈਆਂ ਪਈਆਂ ਹਨ। ਸਰਕਾਰ ਵੱਲੋਂ ਬੋਰਡਾਂ ਅਤੇ ਨਿਗਮਾਂ ਦੇ ਖਾਤੇ ਖਾਲੀ ਕਰ ਕੇ ਡੰਗ ਟਪਾਇਆ ਜਾ ਰਿਹਾ ਹੈ। ਵਿੱਤੀ ਸੰਕਟ ਕਾਰਨ ਵਿੱਤ ਵਿਭਾਗ ਨਾਲ ਹੋਰ ਵਿਭਾਗਾਂ ਦੀ ਖੜਕੀ ਹੋਈ ਹੈ।

ਵਿੱਤੀ ਸੰਕਟ ਕਾਰਨ ਸਮਾਜ ਭਲਾਈ ਯੋਜਨਾਵਾਂ ਠੱਪ ਹੋਣ ਕਰ ਕੇ ਕੈਪਟਨ ਸਰਕਾਰ ਨੂੰ ਸਿਆਸੀ ਤੌਰ ਉਤੇ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੂਤਰਾਂ ਮੁਤਾਬਕ ਕੇਂਦਰ ਸਰਕਾਰ ਨੇ ਰਾਜ ਸਰਕਾਰ ਨੂੰ 960 ਕਰੋੜ ਰੁਪਏ ਮੁਆਵਜ਼ਾ ਦਿੱਤਾ ਹੈ। ਕੇਂਦਰ ਸਰਕਾਰ ਨੇ ਜੀ.ਐਸ.ਟੀ. ਲਾਗੂ ਕਰਨ ਤੋਂ ਪਹਿਲਾਂ ਰਾਜ ਸਰਕਾਰ ਨੂੰ ਭਰੋਸਾ ਦਿੱਤਾ ਸੀ ਕਿ ਵੈਟ ਖਤਮ ਕਰਨ ਬਦਲੇ ਮੁਆਵਜ਼ਾ ਦਿੱਤਾ ਜਾਵੇਗਾ। ਜੁਲਾਈ ਤੋਂ 30 ਨਵੰਬਰ ਤੱਕ ਪੰਜਾਬ ਸਰਕਾਰ ਦੇ ਮੁਆਵਜ਼ੇ ਦੀ ਰਕਮ 960 ਕਰੋੜ ਰੁਪਏ ਬਣਦੀ ਸੀ।

ਜੀ.ਐਸ.ਟੀ. ਲਾਗੂ ਹੋਣ ਬਾਅਦ ਕੇਂਦਰ ਸਰਕਾਰ ਤੋਂ ਕਰਾਂ ਦੇ ਬਕਾਏ ਵਜੋਂ 522 ਕਰੋੜ ਰੁਪਏ ਮਿਲੇ ਹਨ। ਆਈ.ਜੀ.ਐਸ.ਟੀ. ਦੇ ਰੂਪ ਵਿਚ 488 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਮਿਲੇ ਹਨ। ਇਸ ਤਰ੍ਹਾਂ ਨਾਲ ਕੇਂਦਰ ਸਰਕਾਰ ਨੇ 30 ਨਵੰਬਰ ਤੱਕ ਦਾ ਲੇਖਾ ਜੋਖਾ ਕਰਦਿਆਂ 1980 ਕਰੋੜ ਰੁਪਏ ਅਦਾ ਕੀਤੇ ਹਨ।

ਪੰਜਾਬ ਸਰਕਾਰ ਦੀਆਂ ਦੇਣਦਾਰੀਆਂ ਦੀ ਗੱਲ ਕਰੀਏ ਤਾਂ ਦਸੰਬਰ ਮਹੀਨਾ ਬੇਹੱਦ ਸੰਕਟ ਭਰਿਆ ਦਿਖਾਈ ਦੇ ਰਿਹਾ ਹੈ। ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ ਹਰ ਮਹੀਨੇ ਦੋ ਹਜ਼ਾਰ ਕਰੋੜ ਰੁਪਏ ਚਾਹੀਦੇ ਹਨ। ਇਸੇ ਤਰ੍ਹਾਂ 8 ਹਜ਼ਾਰ ਕਰੋੜ ਰੁਪਏ ਪੈਨਸ਼ਨਾਂ ਅਤੇ ਇਸ ਮਹੀਨੇ 2300 ਕਰੋੜ ਰੁਪਏ ਕਰਜ਼ੇ ਦੀਆਂ ਕਿਸ਼ਤਾਂ ਅਤੇ ਵਿਆਜ ਦੇ ਰੂਪ 'ਚ ਅਦਾ ਕਰਨੇ ਹਨ।

## ਪ੍ਰਭਾਵਸ਼ਾਲੀ ਹਸਤੀਆਂ ਦੀ ਸੂਚੀ 'ਚ ਜਯਾਪਾਲ ਸ਼ਾਮਲ

**ਵਾਸ਼ਿੰਗਟਨ:** ਭਾਰਤੀ-ਅਮਰੀਕੀ ਕਾਂਗਰਸ ਮੈਂਬਰ ਪ੍ਰਮਿਲਾ ਜਯਾਪਾਲ ਨੂੰ ਰਸਾਲੇ 'ਪੌਲੀਟਿਸੀਓ' ਦੀ ਸਾਲ 2018 ਦੀ 'ਪਾਵਰ ਲਿਸਟ' ਵਿਚ 18ਵਾਂ ਸਥਾਨ ਮਿਲਿਆ ਹੈ। ਉਨ੍ਹਾਂ ਨੂੰ ਇਹ ਮਾਣ ਸਦਨ ਵਿਚ ਵਿਰੋਧ ਦੀ ਅਗਵਾਈ ਕਰਨ ਉਤੇ ਮਿਲਿਆ।

# ਹਾਫਿਜ਼ ਨੇ ਸਿਆਸੀ ਸਰਗਰਮੀ ਵਧਾਈ

**ਲਾਹੌਰ:** ਮੁੰਬਈ ਹਮਲਿਆਂ ਦੇ ਮੁੱਖ ਸਾਜ਼ਿਸ਼ਘਾੜੇ ਤੇ ਜਮਾਤ-ਉਦ-ਦਾਵਾ ਦੇ ਮੁਖੀ ਹਾਫ਼ਿਜ਼ ਸਈਦ ਨੇ ਨਜ਼ਰਬੰਦੀ ਤੋਂ ਰਿਹਾਅ ਹੋਣ ਪਿੱਛੋਂ ਸਰਗਰਮੀਆਂ ਵਧਾ ਦਿੱਤੀਆਂ ਹਨ।


ਹਾਫ਼ਿਜ਼ ਸਈਦ ਨੇ ਲਾਹੌਰ ਦੇ ਚਾਬੁਰਗੀ 'ਚ ਸੀਨੀਅਰ ਪੱਤਰਕਾਰਾਂ ਲਈ ਸ਼ਾਨਦਾਰ ਦਾਅਵਤ ਦਿੱਤੀ ਜਿਸ ਤੋਂ ਬਾਅਦ ਉਸ ਨੇ ਐਲਾਨ ਕੀਤਾ ਕਿ ਉਹ ਪਾਕਿਸਤਾਨ 'ਚ ਸਾਲ 2018 ਵਿਚ ਆਮ ਚੋਣਾਂ ਲੜੇਗਾ। ਜ਼ਿਕਰਯੋਗ ਹੈ ਕਿ ਹਾਫ਼ਿਜ਼ ਸਈਦ ਨੇ ਇਸੇ ਸਾਲ ਅਗਸਤ 'ਚ ਰਾਜਨੀਤਕ ਸੰਗਠਨ ਮਿੱਲੀ ਮੁਸਲਿਮ ਲੀਗ (ਐਮ.ਐਮ.ਐਲ.) ਦਾ ਗਠਨ ਕੀਤਾ ਹੈ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*





*Contact:*
Dr. Baljit Jammu
*Doctor of Chiropractic*
Ph: 510-940-8236
40000 Fremont Blvd., Suite H
Fremont, CA 94538




PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

# ਬਾਦਲਾਂ ਦੇ ਹਲਕਿਆਂ 'ਚ ਖ਼ੂਬ ਵਧਿਆ ਫੁਲਿਆ ਨਸ਼ਿਆਂ ਦਾ ਕਾਰੋਬਾਰ



**ਬਠਿੰਡਾ:** ਬਾਦਲ ਪਰਿਵਾਰ ਦੇ ਹਲਕਿਆਂ ਨਾਲ ਸਬੰਧਤ ਦੋ ਦਰਜਨ ਤੋਂ ਵੱਧ ਪਿੰਡ ਬੀਤੇ ਦਸ ਵਰ੍ਹਿਆਂ ਦੌਰਾਨ ਨਸ਼ਾ ਤਸਕਰੀ ਦੀ ਮਾਰ ਹੇਠ ਆਏ ਹਨ। ਪੁਲਿਸ ਤੇ ਤਸਕਰਾਂ ਦਰਮਿਆਨ ਇਨ੍ਹਾਂ ਪਿੰਡਾਂ ਵਿਚ ਸਾਬਕਾ ਗੱਠਜੋੜ ਸਰਕਾਰ ਵੇਲੇ ਖੁੱਲ੍ਹ ਕੇ 'ਚੋਰ ਸਿਪਾਹੀ' ਦੀ ਖੇਡ ਚੱਲੀ। ਭਾਵੇਂ ਇਨ੍ਹਾਂ ਪਿੰਡਾਂ ਵਿਚ ਵਿਕਾਸ ਦੀ ਗੱਡੀ ਵੀ ਚੱਲੀ ਪਰ ਤਸਕਰੀ ਦੇ ਕੇਸਾਂ ਨੇ ਇਨ੍ਹਾਂ ਪਿੰਡਾਂ ਨੂੰ ਸ਼ਰਮਸਾਰ ਕਰ ਦਿੱਤਾ ਹੈ।

ਜ਼ਿਲ੍ਹਾ ਮੋਗਾ ਦਾ ਪਿੰਡ ਦੌਲੇਵਾਲਾ ਤਸਕਰਾਂ ਦਾ ਘਰ ਮੰਨਿਆ ਜਾਣ ਲੱਗਾ ਹੈ। ਇਸ ਪਿੰਡ ਦੇ ਤਕਰੀਬਨ 100 ਤੋਂ ਵੱਧ ਵਿਅਕਤੀ ਤਾਂ ਜੇਲ੍ਹਾਂ ਵਿਚ ਹੀ ਬੈਠੇ ਹਨ। ਪਹਿਲਾਂ ਭੁੱਕੀ ਅਤੇ ਹੁਣ ਸਮੈਕ ਦੀ ਤਸਕਰੀ ਲਈ ਇਹ ਪਿੰਡ ਬਦਨਾਮ ਹੈ। ਲੰਘੇ ਇਕ ਦਹਾਕੇ ਦੌਰਾਨ ਥਾਣਾ ਮਲੋਟ ਦੇ ਪਿੰਡ ਰੱਥੜੀਆਂ ਨੂੰ ਕਾਫੀ ਨਮੋਸ਼ੀ ਝੱਲਣੀ ਪਈ ਹੈ। ਇਸ ਪਿੰਡ ਦੇ ਵਸਨੀਕਾਂ ਉਤੇ ਤਕਰੀਬਨ 100 ਪੁਲਿਸ ਕੇਸ ਇਕੱਲੇ ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਹੋਏ ਹਨ, ਜਿਨ੍ਹਾਂ ਵਿਚ 120 ਮੁਲਜ਼ਮ ਸ਼ਾਮਲ ਸਨ। ਇਸੇ ਪਿੰਡ ਦੇ ਵਸਨੀਕਾਂ ਉਤੇ ਐਕਸਾਈਜ਼ ਐਕਟ ਤਹਿਤ ਤਿੰਨ ਕੇਸ ਦਰਜ ਹੋਏ ਹਨ। ਬਠਿੰਡਾ ਜ਼ਿਲ੍ਹੇ ਦੇ ਪਿੰਡ ਚਾਉਕੇ ਦੇ ਵਸਨੀਕਾਂ ਖਿਲਾਫ਼ ਲੰਘੇ ਦਸ ਵਰ੍ਹਿਆਂ ਵਿਚ ਨਸ਼ਿਆਂ ਦੇ 89 ਕੇਸ ਦਰਜ ਹੋਏ, ਜਿਨ੍ਹਾਂ ਵਿਚੋਂ 30 ਕੇਸ ਐਨ.ਡੀ.ਪੀ.ਐਸ ਅਤੇ 59 ਕੇਸ ਐਕਸਾਈਜ਼ ਐਕਟ ਦੇ ਹਨ। ਪਹਿਲਾਂ ਇਹ ਪਿੰਡ ਦੇਸੀ ਸ਼ਰਾਬ ਕਰ ਕੇ ਬਦਨਾਮ ਰਿਹਾ ਹੈ। ਬਠਿੰਡਾ ਪੁਲਿਸ ਨੇ ਇਸ ਪਿੰਡ ਵਿਚ ਪੁਲਿਸ ਚੌਕੀ ਵੀ ਸਥਾਪਤ ਕੀਤੀ ਹੋਈ ਹੈ। ਪਿੰਡ ਜੇਠੂਕੇ ਵਿਚ ਵੀ ਕਾਫੀ ਕੇਸ ਤਸਕਰਾਂ ਖਿਲਾਫ਼ ਦਰਜ ਹੋਏ ਹਨ। ਮੁਕਤਸਰ ਦੇ ਪਿੰਡ ਥਾਂਦੇਵਾਲਾ ਦੇ ਲੋਕਾਂ ਖਿਲਾਫ਼ 70 ਕੇਸ ਨਸ਼ਾ ਤਸਕਰੀ ਦੇ ਦਰਜ ਹੋਏ ਹਨ, ਜਿਨ੍ਹਾਂ ਵਿਚ 72 ਵਿਅਕਤੀ ਸ਼ਾਮਲ ਸਨ। ਗਿੱਦੜਬਾਹਾ ਦੇ ਪਿੰਡ ਫਕਰਸਰ ਦੇ ਲੋਕਾਂ ਉਤੇ ਦਸ ਵਰ੍ਹਿਆਂ ਦੌਰਾਨ 160 ਕੇਸ ਦਰਜ ਹੋਏ, ਜਿਨ੍ਹਾਂ ਵਿਚ 47 ਕੇਸ ਐਨ.ਡੀ.ਪੀ.ਐਸ ਐਕਟ ਅਤੇ 113 ਕੇਸ ਸ਼ਰਾਬ ਤਸਕਰੀ ਦੇ ਹਨ। ਇਨ੍ਹਾਂ ਕੇਸਾਂ ਵਿਚ 166 ਵਿਅਕਤੀ ਉਲਝੇ ਰਹੇ ਹਨ। ਹਾਲਾਂਕਿ ਇਨ੍ਹਾਂ ਪਿੰਡਾਂ ਨੇ ਪਹਿਲਾਂ ਸੇਮ ਦੀ ਮਾਰ ਝੱਲੀ ਤੇ ਹੁਣ ਇਨ੍ਹਾਂ ਨੂੰ ਨਸ਼ਿਆਂ ਦੀ ਮਾਰ ਪੈ ਰਹੀ ਹੈ। ਭਲਾਈਆਣਾ ਪਿੰਡ ਸਿਆਸੀ ਤੌਰ ਉਤੇ ਕਾਫੀ ਤਾਕਤ ਰੱਖਦਾ ਹੈ ਪਰ ਇਸ ਪਿੰਡ ਦੇ ਵਸਨੀਕਾਂ ਉਤੇ ਦਸ ਵਰ੍ਹਿਆਂ ਵਿਚ 173 ਪੁਲਿਸ ਕੇਸ ਇਕੱਲੇ ਸ਼ਰਾਬ ਤਸਕਰੀ ਦੇ ਦਰਜ ਹੋਏ ਹਨ, ਜਿਨ੍ਹਾਂ ਵਿਚ 213 ਵਿਅਕਤੀ ਸ਼ਾਮਲ ਸਨ।

ਫਰੀਦਕੋਟ ਦੇ ਪਿੰਡ ਅਰਾਈਆਂ ਵਾਲਾ ਦੇ ਵਸਨੀਕਾਂ ਖਿਲਾਫ਼ 47 ਕੇਸ ਦਰਜ ਹੋਏ, ਜਿਨ੍ਹਾਂ ਵਿਚੋਂ 33 ਕੇਸ ਨਸ਼ਾ ਤਸਕਰੀ ਦੇ ਹਨ। ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਨਿਹੰਗਾ ਵਾਲ, ਗੱਟੀ ਰਾਜੋਕੀ, ਬਾਰੇਕੇ ਅਤੇ ਆਲੀਕੇ ਦੇ ਲੋਕਾਂ ਖਿਲਾਫ਼ 550 ਪੁਲਿਸ ਕੇਸ ਇਕੱਲੇ ਸ਼ਰਾਬ ਤਸਕਰੀ ਦੇ ਦਰਜ ਹਨ।

ਫਾਜ਼ਿਲਕਾ ਅਤੇ ਫਿਰੋਜ਼ਪੁਰ ਦੀ ਹੱਦ ਵਾਲਾ ਇਲਾਕਾ ਸ਼ਰਾਬ ਤਸਕਰੀ ਲਈ ਬਦਨਾਮ ਹੈ। ਪਿੰਡ ਸ਼ਾਮਖੇੜਾ ਦੇ ਲੋਕਾਂ ਖਿਲਾਫ਼ 46 ਕੇਸ ਨਸ਼ਾ ਤਸਕਰੀ ਦੇ ਦਰਜ ਹੋਏ ਹਨ ਜਦਕਿ ਪਿੰਡ ਛਾਂਗਾ ਖੁਰਦ ਦੇ ਲੋਕਾਂ ਖਿਲਾਫ਼ 316 ਕੇਸ ਦਸ ਵਰ੍ਹਿਆਂ ਵਿਚ ਸ਼ਰਾਬ ਤਸਕਰੀ ਦੇ ਦਰਜ ਹੋਏ ਹਨ। ਪਿੰਡ ਭੁੱਲਰ ਦੇ ਲੋਕਾਂ ਉਤੇ ਸ਼ਰਾਬ ਤਸਕਰੀ ਦੇ 270 ਕੇਸ ਦਰਜ ਹੋਏ ਹਨ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਹੁਣ ਆਬਕਾਰੀ ਐਕਟ ਵਿਚ ਸੋਧ ਕੀਤੀ ਗਈ ਹੈ। ਇਸ ਨਾਲ ਸ਼ਰਾਬ ਤਸਕਰੀ ਨੂੰ ਵੱਡੀ ਠੱਲ੍ਹ ਪਵੇਗੀ। ਦੱਸਣਯੋਗ ਹੈ ਕਿ ਬਠਿੰਡਾ ਪੁਲਿਸ ਨੇ ਪਹਿਲੀ ਅਪਰੈਲ ਤੋਂ ਹੁਣ ਤੱਕ ਤਕਰੀਬਨ 1050 ਕੇਸ ਇਕੱਲੀ ਸ਼ਰਾਬ ਤਸਕਰੀ ਦੇ ਦਰਜ ਕੀਤੇ ਹਨ।

# ਸਰਕਾਰ ਵੱਲੋਂ ਸੇਵਾ ਕੇਂਦਰਾਂ ਨੂੰ ਤਾਲੇ ਲਾਉਣ ਦੀ ਤਿਆਰੀ




**ਲੁਧਿਆਣਾ:** ਅਕਾਲੀ- ਭਾਜਪਾ ਗੱਠਜੋੜ ਸਰਕਾਰ ਦੇ ਸੁਪਨਮਈ ਸੇਵਾ ਕੇਂਦਰ ਪ੍ਰੋਜੈਕਟ ਨੂੰ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਬ੍ਰੇਕ ਲਾਉਣ ਦੀ ਤਿਆਰੀ ਹੈ। ਕੈਪਟਨ ਸਰਕਾਰ ਨੇ ਸੇਵਾ ਕੇਂਦਰ ਚਲਾਉਣ ਵਾਲੀ ਬੀ.ਐਲ.ਐਸ. ਇੰਟਰਨੈਸ਼ਨਲ ਸਰਵਿਸ ਨੂੰ ਹਾਲੇ ਤੱਕ 150 ਕਰੋੜ ਰੁਪਏ ਦਾ ਬਕਾਇਆ ਰਕਮ ਅਦਾ ਨਹੀਂ ਕੀਤੀ ਗਈ।

ਬਾਦਲ ਸਰਕਾਰ ਨੇ ਸੇਵਾ ਕੇਂਦਰਾਂ ਦੀ ਇਮਾਰਤ ਬਣਾ ਕੇ ਦਿੱਤੀ ਸੀ ਜਦ ਕਿ ਬਾਕੀ ਪ੍ਰਬੰਧ ਚਲਾਉਣ ਦੀ ਜ਼ਿੰਮੇਵਾਰੀ ਬੀ.ਐਲ.ਐਸ. ਕੰਪਨੀ ਦੀ ਸੀ, ਜਿਸ ਨੇ ਸਟਾਫ, ਬਿਜਲੀ ਦਾ ਬਿੱਲ ਅਤੇ ਹੋਰ ਬੁਨਿਆਦੀ ਖਰਚੇ ਕਰਨੇ ਸਨ, ਜਿਸ ਲਈ ਸਰਕਾਰ ਵੱਲੋਂ ਕੰਪਨੀ ਨੂੰ ਕੁਝ ਅਦਾਇਗੀ ਕਰਨ ਦਾ ਫੈਸਲਾ ਕੀਤਾ ਗਿਆ ਸੀ। ਕੰਪਨੀ ਵੱਲੋਂ 200 ਕਰੋੜ ਰੁਪਏ ਨਿਵੇਸ਼ ਕਰ ਕੇ 5 ਸਾਲਾਂ ਵਿਚ 1300 ਕਰੋੜ ਰੁਪਏ ਦਾ ਮਾਲੀਆ ਇਕੱਠਾ ਕਰਨ ਦਾ ਟੀਚਾ ਮਿਥਿਆ ਗਿਆ ਸੀ, ਪਰ ਬਹੁਤੇ ਸੇਵਾ ਕੇਂਦਰਾਂ ਨੂੰ ਭਰਵਾਂ ਹੁੰਗਾਰਾ ਨਾ ਮਿਲਣ ਕਰ ਕੇ ਕੰਪਨੀ ਦੀਆਂ ਆਸਾਂ ਨੂੰ ਬੂਰ ਨਹੀਂ ਪਿਆ। ਕੰਪਨੀ ਨੂੰ ਪੈਸੇ ਬਚਣ ਦੀ ਬਜਾਏ ਇਸ ਪ੍ਰੋਜੈਕਟ ਤੋਂ ਘਾਟਾ ਪੈਣ ਲੱਗ ਪਿਆ, ਜਿਸ ਕਰ ਕੇ ਪਿਛਲੀ ਸਰਕਾਰ ਨੇ ਸੇਵਾ ਕੇਂਦਰਾਂ ਨੂੰ ਚਾਲੂ ਰੱਖਣ ਦੀ ਹਦਾਇਤ ਕਰ ਕੇ ਕੰਪਨੀ ਨੂੰ ਪੈਣ ਵਾਲੇ ਘਾਟੇ ਤੇ ਹੋਰ ਸਹਾਇਕ ਸਰਕਾਰ ਵੱਲੋਂ ਦੇਣ ਦਾ ਫੈਸਲਾ ਕੀਤਾ ਸੀ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਸੱਤਾਹੀਣ ਹੋਣ ਪਿੱਛੋਂ ਨਵੀਂ ਸਰਕਾਰ ਵੱਲੋਂ ਸੇਵਾ ਕੇਂਦਰ ਚਲਾਉਣ ਵਾਲੀ ਕੰਪਨੀ ਨੂੰ ਨਾ ਮਾਤਰ ਅਦਾਇਗੀ ਕੀਤੀ ਜਾ ਰਹੀ ਹੈ, ਜਿਸ ਕਰ ਕੇ ਕੰਪਨੀ ਵੱਲੋਂ ਆਪਣੇ ਮੁਲਾਜ਼ਮਾਂ ਨੂੰ ਪਿਛਲੇ ਤਿੰਨ ਮਹੀਨੇ ਤੋਂ ਤਨਖਾਹ ਜਾਰੀ ਨਹੀਂ ਕੀਤੀ ਗਈ। ਇਹ ਵੀ ਪਤਾ ਲੱਗਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਜਿਹੜੇ ਸੇਵਾ ਕੇਂਦਰ ਚਿੱਟੇ ਹਾਥੀ ਬਣੇ ਹੋਏ ਹਨ, ਨੂੰ ਬੰਦ ਕਰਨ ਦੀ ਯੋਜਨਾ ਤਿਆਰ ਕੀਤੀ ਜਾ ਰਹੀ ਹੈ।

# ਸ਼ਰਾਬ ਵੇਚਣ ਲਈ ਕੇਰਲ ਦੀ ਰਣਨੀਤੀ 'ਤੇ ਚੱਲੇਗਾ ਪੰਜਾਬ

**ਚੰਡੀਗੜ੍ਹ:** ਕੈਪਟਨ ਸਰਕਾਰ ਦੱਖਣੀ ਸੂਬਿਆਂ ਦੀ ਸ਼ਰਾਬ ਨੀਤੀ ਅਪਨਾ ਕੇ ਸ਼ਰਾਬ ਦੀ ਵਿਕਰੀ ਤੋਂ ਆਪਣੀ ਆਮਦਨ ਦੁੱਗਣੀ ਕਰਨੀ ਚਾਹੁੰਦੀ ਹੈ। ਕੇਰਲਾ ਵਿਚ ਪੰਜਾਬ ਨਾਲੋਂ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਅੱਧੀ ਹੈ ਪਰ ਆਮਦਨ ਦੁੱਗਣੀ ਹੈ। ਇਸ ਲਈ ਰਾਜ ਸਰਕਾਰ ਨੇ ਕੇਰਲਾ ਦੇ ਆਬਕਾਰੀ ਮਾਡਲ ਦਾ ਅਧਿਐਨ ਕਰਨ ਲਈ ਇਕ ਟੀਮ ਉਥੇ ਭੇਜੀ ਹੈ।




ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਸੂਬੇ ਦੀ ਵਿੱਤੀ ਹਾਲਤ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤੀ ਤੇ ਸੂਬਾ ਬੁਰੀ ਤਰ੍ਹਾਂ ਕਰਜ਼ੇ ਦੇ ਬੋਝ ਹੇਠ ਦੱਬਿਆ ਹੋਇਆ ਹੈ। ਇਸ ਨੂੰ ਚਲਾਉਣ ਲਈ ਕੁਝ ਨਾ ਕੁਝ ਕਦਮ ਚੁੱਕਣੇ ਪੈਣਗੇ। ਦੱਖਣੀ ਸੂਬਿਆਂ ਦੀ ਆਬਕਾਰੀ ਨੀਤੀ ਦਾ ਅਧਿਐਨ ਕੀਤਾ ਜਾ ਰਿਹਾ ਹੈ ਤੇ ਇਕ ਟੀਮ ਕੇਰਲਾ ਭੇਜੀ ਗਈ ਹੈ। ਉਸ ਟੀਮ ਦੀ ਰਿਪੋਰਟ ਆ ਜਾਣ ਉਤੇ ਅਗਲੀ ਕਾਰਵਾਈ ਕੀਤੀ ਜਾਵੇਗੀ। ਤਾਮਿਲਨਾਡੂ ਸਮੇਤ ਕਿਸੇ ਹੋਰ ਦੱਖਣੀ ਸੂਬੇ ਦੀ ਆਬਕਾਰੀ ਨੀਤੀ ਦਾ ਜਾਇਜ਼ਾ ਵੀ ਲਿਆ ਜਾ ਸਕਦਾ ਹੈ। ਸਰਕਾਰ ਨੂੰ ਆਸ ਹੈ ਕਿ ਦੱਖਣੀ ਭਾਰਤ ਦੇ ਸੂਬਿਆਂ ਦੀ ਆਬਕਾਰੀ ਨੀਤੀ ਲਾਗੂ ਕੀਤੇ ਜਾਣ ਨਾਲ ਜਿਥੇ ਮਾਲੀਏ ਵਿਚ ਕਾਫੀ ਵਾਧਾ ਹੋਵੇਗਾ, ਉਥੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿਚ ਵੀ ਕੁਝ ਮਦਦ ਮਿਲ ਸਕਦੀ ਹੈ। ਇਸ ਵੇਲੇ ਰਾਜ ਸਰਕਾਰ ਨੂੰ ਸ਼ਰਾਬ ਦੇ ਕਾਰੋਬਾਰ ਤੋਂ ਚਾਰ ਹਜ਼ਾਰ ਕਰੋੜ ਦਾ ਮਾਲੀਆ ਆਉਂਦਾ ਹੈ ਤੇ ਰਾਜ ਸਰਕਾਰ ਇਸ ਨੂੰ ਦੁੱਗਣਾ ਕਰਨਾ ਚਾਹੁੰਦੀ ਹੈ।

# ਕੈਨੇਡਾ ਦੇ ਕਿਰਤੀਆਂ 'ਚ ਪਾੜ੍ਹਿਆਂ ਦੀ ਗਿਣਤੀ ਵਧੀ

**ਟੋਰਾਂਟੋ:** ਕੈਨੇਡਾ ਦੇ ਕਿਰਤੀਆਂ 'ਚ ਪਾੜ੍ਹਿਆਂ ਦੀ ਗਿਣਤੀ ਵਧੀ ਹੈ। ਇਨ੍ਹਾਂ ਵਿਚ ਜ਼ਿਆਦਾਤਰ ਨੌਜਵਾਨ ਉਚ ਡਿਗਰੀਆਂ ਵਾਲੇ ਹਨ ਅਤੇ ਆਵਾਸੀਆਂ ਦਾ ਸਭ ਤੋਂ ਵੱਡਾ ਯੋਗਦਾਨ ਹੈ। ਟੋਰਾਂਟੋ, ਉਂਟਾਰੀਓ ਵਿਚ ਕੁੱਲ ਕਿਰਤੀਆਂ ਦਾ ਅੱਧਾ ਹਿੱਸਾ ਅਤੇ ਪੂਰੇ ਮੁਲਕ ਦੇ ਕਾਮਿਆਂ ਦਾ 25 ਫੀਸਦੀ ਆਵਾਸੀ ਲੋਕ ਹਨ। 10 ਵਿਚੋਂ 4 ਕੋਲ ਬੀਏ ਜਾਂ ਇਸ ਤੋਂ ਵੱਡੀ ਡਿਗਰੀ ਹੈ।




ਹਾਲ ਹੀ ਵਿਚ ਜਾਰੀ ਅੰਕੜੇ ਦੱਸਦੇ ਹਨ ਕਿ ਪਿਛਲੇ ਦਹਾਕੇ ਦੌਰਾਨ 25 ਤੋਂ 64 ਸਾਲ ਦੇ ਪੜ੍ਹੇ-ਲਿਖੇ ਕਾਮੇ ਵਧੇ ਹਨ ਜੋ ਕਿਸੇ ਵੀ ਸਨਅਤੀ ਮੁਲਕ ਵਿਚ ਵੱਡਾ ਅਨੁਪਾਤ ਹੈ। ਬਿਜ਼ਨਸ, ਸਿਹਤ, ਕਲਾ, ਸਮਾਜੀ ਸਾਇੰਸ ਦੀਆਂ ਡਿਗਰੀਆਂ ਵਾਲਿਆਂ ਨਾਲੋਂ ਸਾਇੰਸ, ਤਕਨਾਲੋਜੀ, ਇੰਜੀਨੀਅਰਿੰਗ ਦੇ ਖੇਤਰ 'ਚ ਵਿਦਿਆ ਪ੍ਰਾਪਤ ਲੋਕ ਜ਼ਿਆਦਾ ਹਨ। ਅੰਕੜਿਆਂ ਮੁਤਾਬਕ ਤੀਜਾ ਹਿੱਸਾ ਰਿਫ਼ਿਊਜੀ ਇਥੇ ਆਉਣ ਤੋਂ ਬਾਅਦ ਅਗਲੀ ਪੜ੍ਹਾਈ ਕਰਦੇ ਹਨ। ਔਰਤਾਂ ਦੇ ਪ੍ਰਮੁੱਖ ਕਿੱਤੇ- ਨਰਸਿੰਗ, ਸੇਲਜ਼ ਪਰਸਨ, ਕੈਸ਼ੀਅਰ ਅਤੇ ਮਰਦ ਜ਼ਿਆਦਾਤਰ ਟਰੱਕ ਡਰਾਈਵਿੰਗ, ਸੇਲਜ਼ਮੈਨ, ਪਰਚੂਨ ਅਤੇ ਥੋਕ ਵਪਾਰ ਦੇ ਕਾਰੋਬਾਰ ਵਿਚ ਹਨ।

# ਕੇਂਦਰ ਨੇ ਸੁੱਕਣੇ ਪਾਈ ਪੰਜਾਬ ਸਰਕਾਰ



**ਚੰਡੀਗੜ੍ਹ:** ਆਰਥਿਕ ਮੰਦੀ ਨਾਲ ਦੋ-ਦੋ ਹੱਥ ਕਰ ਰਹੀ ਪੰਜਾਬ ਸਰਕਾਰ ਸਿਰ ਕੇਂਦਰ ਨੇ ਹੋਰ ਭਾਰ ਪਾ ਦਿੱਤਾ ਹੈ। ਕੇਂਦਰ ਸਰਕਾਰ ਨੇ ਸੱਤਵੇਂ ਤਨਖਾਹ ਕਮਿਸ਼ਨ ਤੋਂ ਬਾਅਦ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਅਧਿਆਪਕਾਂ ਦੀ ਵਧੀ ਤਨਖਾਹ ਦਾ ਭਾਰ ਚੁੱਕਣ ਤੋਂ ਹੱਥ ਪਿੱਛੇ ਖਿੱਚ ਲਿਆ ਹੈ ਤੇ ਬਕਾਏ ਦੀ ਰਕਮ ਵਿਚ ਪੰਜਾਬ ਦਾ ਹਿੱਸਾ ਵੀਹ ਤੋਂ ਵਧਾ ਕੇ ਪੰਜਾਹ ਫੀਸਦੀ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕੇਂਦਰ ਨੇ ਪੰਜਾਬ ਨੂੰ ਵਧੀ ਤਨਖਾਹ ਲਈ ਆਪਣਾ ਹਿੱਸਾ ਪੰਜ ਸਾਲ ਦੀ ਥਾਂ ਪੌਣੇ ਸੱਤ ਸਾਲ ਲਈ ਪਾਉਣ ਵਾਸਤੇ ਕਹਿ ਦਿੱਤਾ ਹੈ। ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਦੇ ਇਸ ਫੈਸਲੇ ਖਿਲਾਫ਼ ਪੰਜਾਬ ਅਤੇ ਚੰਡੀਗੜ੍ਹ ਦੇ ਸਰਕਾਰੀ ਅਤੇ ਪ੍ਰਾਈਵੇਟ ਕਾਲਜਾਂ ਦੇ ਅਧਿਆਪਕਾਂ ਨੇ ਕਾਲੇ ਬਿੱਲੇ ਲਾ ਕੇ ਦੋ ਘੰਟੇ ਹੜਤਾਲ ਕੀਤੀ।

ਕੇਂਦਰ ਸਰਕਾਰ ਵੱਲੋਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਅਧਿਆਪਕਾਂ ਵਾਸਤੇ ਵੱਖਰਾ ਤਨਖਾਹ ਕਮਿਸ਼ਨ ਬਣਾਇਆ ਜਾਂਦਾ ਹੈ। ਸਰਕਾਰ ਨੇ ਸੱਤਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਵਿਚ ਵਧੀ ਤਨਖਾਹ ਅਤੇ ਬਕਾਏ ਦਾ ਵਧੇਰੇ ਭਾਰ ਰਾਜ ਸਰਕਾਰਾਂ ਦੇ ਮੋਢਿਆਂ ਉਤੇ ਪਾ ਦਿੱਤਾ ਗਿਆ ਹੈ। ਛੇਵੇਂ ਤਨਖਾਹ ਕਮਿਸ਼ਨ ਤੱਕ ਵਧੀ ਤਨਖਾਹ ਦੇ ਬਕਾਏ ਦਾ ਵੀਹ ਫੀਸਦੀ ਹਿੱਸਾ ਪੰਜਾਬ ਸਰਕਾਰ ਨੂੰ ਪਾਉਣ ਲਈ ਕਿਹਾ ਜਾਂਦਾ ਰਿਹਾ ਹੈ ਅਤੇ ਅੱਸੀ ਫੀਸਦੀ ਕੇਂਦਰ ਸਰਕਾਰ ਆਪਣੇ ਖਜ਼ਾਨੇ ਵਿਚੋਂ ਦਿੰਦੀ ਸੀ। ਇਸ ਵਾਰ ਕੇਂਦਰ ਸਰਕਾਰ ਨੇ ਇਹ ਅਨੁਪਾਤ ਪੰਜਾਹ-ਪੰਜਾਹ ਕਰ ਦਿੱਤਾ ਹੈ। ਅਧਿਆਪਕਾਂ ਦੀ ਵਧੀ ਤਨਖਾਹ ਦੀ ਆਪਣੇ ਹਿੱਸੇ ਦੀ ਰਕਮ ਪੰਜ ਸਾਲਾਂ ਵਾਸਤੇ ਕੇਂਦਰ ਸਰਕਾਰ ਅਦਾ ਕਰਦੀ ਸੀ ਅਤੇ ਪੰਜ ਸਾਲਾਂ ਲਈ ਰਾਜ ਸਰਕਾਰਾਂ ਆਪਣੇ ਪੱਲਿਓਂ ਭਰਦੀਆਂ ਸਨ। ਇਸ ਵਾਰ ਸਰਕਾਰ ਨੇ ਰਾਜਾਂ ਨੂੰ ਇਹ ਰਕਮ ਪੰਜ ਸਾਲ ਦੀ ਥਾਂ ਪੌਣੇ ਸੱਤ ਸਾਲ ਵਾਸਤੇ ਭਰਨ ਲਈ ਕਹਿ ਦਿੱਤਾ ਹੈ।

ਨਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਵਿਚ ਐਮ.ਫਿਲ ਅਤੇ ਪੀ.ਐਚ.ਡੀ. ਅਧਿਆਪਕਾਂ ਲਈ ਤਰੱਕੀ ਦੀਆਂ ਸ਼ਰਤਾਂ ਵੀ ਸਖਤ ਕਰ ਦਿੱਤੀਆਂ ਗਈਆਂ ਹਨ। ਇਕ ਹੋਰ ਫੈਸਲੇ ਰਾਹੀਂ ਕੇਂਦਰ ਸਰਕਾਰ, ਰਾਜ ਸਰਕਾਰਾਂ ਨੂੰ ਸਰਕਾਰੀ ਅਤੇ ਪ੍ਰਾਈਵੇਟ ਕਾਲਜਾਂ ਵਿਚ ਮਨਜ਼ੂਰਸ਼ੁਦਾ ਅਸਾਮੀਆਂ ਲਈ ਆਪਣੇ ਹਿੱਸੇ ਦੀ ਰਕਮ ਨਹੀਂ ਦੇਵੇਗੀ ਸਗੋਂ ਭਰੀਆਂ ਅਸਾਮੀਆਂ ਲਈ ਹੀ ਆਪਣੇ ਹਿੱਸੇ ਦੀ ਰਕਮ ਅਦਾ ਕਰੇਗੀ।

# 100 ਸਾਲ ਦਾ ਹੋਇਆ ਇਕ ਰੁਪਏ ਦਾ ਨੋਟ

**ਨਵੀਂ ਦਿੱਲੀ:** ਇਕ ਰੁਪਏ ਦਾ ਨੋਟ 100 ਸਾਲ ਦਾ ਹੋ ਚੁੱਕਾ ਹੈ। ਠੀਕ 100 ਸਾਲ ਪਹਿਲਾਂ 30 ਨਵੰਬਰ 1917 ਨੂੰ ਇਹ ਨੋਟ ਸਾਹਮਣੇ ਆਇਆ ਸੀ, ਜਿਸ ਉਤੇ ਬਰਤਾਨੀਆ ਦੇ ਰਾਜਾ ਜਾਰਜ ਪੰਚਮ ਦੀ ਤਸਵੀਰ ਛਪੀ ਸੀ।

ਨੋਟ ਤੋਂ ਪਹਿਲਾਂ ਚਾਂਦੀ ਦਾ ਸਿੱਕਾ ਚਲਿਆ ਸੀ, ਪਰ ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਅੰਗਰੇਜ਼ੀ ਸਰਕਾਰ ਚਾਂਦੀ ਦਾ ਸਿੱਕਾ ਢਾਲਣ ਦੀ ਸਥਿਤੀ 'ਚ ਨਹੀਂ ਸੀ। ਇਸ ਨੂੰ ਦੇਖਦੇ ਹੋਏ ਇਕ ਰੁਪਏ ਦਾ ਨੋਟ ਲਿਆਂਦਾ ਗਿਆ, ਹਾਲਾਂਕਿ 1926 'ਚ ਇਸ ਦੀ ਛਪਾਈ ਬੰਦ ਵੀ ਕਰ ਦਿੱਤੀ ਗਈ ਸੀ, ਪਰ ਇਸ ਨੂੰ 1940 'ਚ ਦੁਬਾਰਾ ਸ਼ੁਰੂ ਕੀਤਾ ਗਿਆ।



# ਧਾਰਮਿਕ ਆਗੂਆਂ ਦੀ ਘਾਟ ਪੂਰੀ ਕਰਨ ਲਈ ਅਕਾਲੀ ਦਲ ਸਰਗਰਮ

**ਅੰਮ੍ਰਿਤਸਰ:** ਇਸ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਵਿਚ ਧਾਰਮਿਕ ਲੀਡਰਸ਼ਿਪ ਦੀ ਘਾਟ ਅਕਾਲੀ ਦਲ ਬਾਦਲ ਲਈ ਵੱਡੀ ਚੁਣੌਤੀ ਬਣੀ ਰਹੀ। ਬਾਦਲ ਦਲ ਨੇ ਇਸ ਮਸਲੇ ਨੂੰ ਹੁਣ ਤੋਂ ਹੀ ਧਿਆਨ ਵਿਚ ਰੱਖ ਕੇ ਚੱਲਣ ਦਾ ਫੈਸਲਾ ਲਿਆ ਹੈ। ਇਸੇ ਮੰਤਵ ਨਾਲ ਆਪਣੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਹਰ ਵਰ੍ਹੇ ਅੰਤ੍ਰਿੰਗ ਕਮੇਟੀ ਵਿਚ ਕੰਮ ਕਰਨ ਦਾ ਮੌਕਾ ਦਿੱਤਾ ਜਾਵੇਗਾ। ਇਸੇ ਤਹਿਤ ਜਨਰਲ ਇਜਲਾਸ ਦੌਰਾਨ ਅੰਤ੍ਰਿੰਗ ਕਮੇਟੀ ਵਿਚ ਸਾਰੇ ਨਵੇਂ ਮੈਂਬਰ ਸ਼ਾਮਲ ਕੀਤੇ ਗਏ ਹਨ। ਜਨਰਲ ਇਜਲਾਸ ਦੌਰਾਨ ਪ੍ਰਧਾਨ ਤੋਂ ਲੈ ਕੇ ਅੰਤ੍ਰਿੰਗ ਕਮੇਟੀ ਤੱਕ ਸਾਰੀ ਟੀਮ ਨੂੰ ਬਦਲ ਦਿੱਤਾ ਗਿਆ ਹੈ।



ਅਹੁਦੇਦਾਰਾਂ ਵਿਚ ਸਿਰਫ ਦੋ ਪੁਰਾਣੇ ਮੈਂਬਰਾਂ ਨੂੰ ਦੁਬਾਰਾ ਮੌਕਾ ਦਿੱਤਾ ਗਿਆ ਹੈ, ਜਿਨ੍ਹਾਂ ਵਿਚ ਗੁਰਬਚਨ ਸਿੰਘ ਕਰਮੂਵਾਲ ਸ਼ਾਮਲ ਹਨ। ਉਹ ਪਹਿਲਾਂ ਅੰਤ੍ਰਿੰਗ ਕਮੇਟੀ ਮੈਂਬਰ ਸਨ ਤੇ ਹੁਣ ਉਨ੍ਹਾਂ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਸੀਨੀਅਰ ਮੀਤ ਪ੍ਰਧਾਨ ਵਜੋਂ ਰਘੁਜੀਤ ਸਿੰਘ ਵਿਰਕ (ਕਰਨਾਲ) ਨੂੰ ਮੁੜ ਮੌਕਾ ਦਿੱਤਾ ਗਿਆ ਹੈ। ਉਹ 2010 ਵਾਲੇ ਅਹੁਦੇਦਾਰਾਂ ਵਿਚ ਬਤੌਰ ਸੀਨੀਅਰ ਮੀਤ ਪ੍ਰਧਾਨ ਰਹਿ ਚੁੱਕੇ ਹਨ। 2010 ਵਾਲੇ ਅਹੁਦੇਦਾਰਾਂ ਅਤੇ ਅੰਤ੍ਰਿੰਗ ਕਮੇਟੀ ਨੂੰ ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਕਮੇਟੀ ਦਾ ਕੰਮਕਾਜ ਚਲਾਉਣ ਲਈ ਜ਼ਿੰਮੇਵਾਰੀ ਸੌਂਪੀ ਗਈ ਸੀ।

ਸ਼੍ਰੋਮਣੀ ਕਮੇਟੀ ਦੀ ਸਮੁੱਚੀ ਟੀਮ ਵਿਚ ਨਵੇਂ ਮੈਂਬਰਾਂ ਨੂੰ ਮੌਕਾ ਦੇਣ ਅਤੇ ਪੁਰਾਣਿਆਂ ਨੂੰ ਜ਼ਿੰਮੇਵਾਰੀ ਤੋਂ ਫਾਰਗ ਕਰਨ ਦੇ ਫੈਸਲੇ ਨਾਲ ਪੰਥਕ ਹਲਕਿਆਂ ਵਿਚ ਹੈਰਾਨੀ ਹੈ ਪਰ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਇਹ ਫੈਸਲਾ ਨਵੀਂ ਧਾਰਮਿਕ ਲੀਡਰਸ਼ਿਪ ਨੂੰ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਮੈਂਬਰਾਂ ਵਿਚ ਵੀ ਵਧੇਰੇ ਰੁਝਾਨ ਸਿਆਸੀ ਪਾਰਟੀ ਵਿਚ ਕੰਮ ਕਰਨ ਦਾ ਹੈ। ਇਹੀ ਕਾਰਨ ਹੈ ਕਿ ਸ਼੍ਰੋਮਣੀ ਕਮੇਟੀ ਵਿਚ ਹਾਕਮ ਧਿਰ ਨੂੰ ਧਾਰਮਿਕ ਲੀਡਰਸ਼ਿਪ ਦੀ ਘਾਟ ਮਹਿਸੂਸ ਹੋ ਰਹੀ ਹੈ। ਇਸ ਘਾਟ ਨੂੰ ਖਤਮ ਕਰਨ ਦੇ ਮੰਤਵ ਨਾਲ ਹੁਣ ਚੰਗੇ ਕਿਰਦਾਰ ਵਾਲੇ ਮੈਂਬਰਾਂ ਨੂੰ ਅੰਤ੍ਰਿੰਗ ਕਮੇਟੀ ਵਿਚ ਸ਼ਾਮਲ ਕਰ ਕੇ ਮੌਕਾ ਦਿੱਤਾ ਜਾਵੇਗਾ ਤਾਂ ਜੋ ਉਹ ਸੰਸਥਾ ਦੇ ਕੰਮਕਾਜ ਤੋਂ ਜਾਣੂ ਹੋ ਸਕਣ।

ਸ਼੍ਰੋਮਣੀ ਕਮੇਟੀ ਵਿਚ ਲੰਮੇ ਸਮੇਂ ਤੋਂ ਕੁਝ ਮੈਂਬਰਾਂ ਵੱਲੋਂ ਹੀ ਅਹੁਦੇਦਾਰ ਅਤੇ ਅੰਤ੍ਰਿੰਗ ਕਮੇਟੀ ਮੈਂਬਰਾਂ ਵਜੋਂ ਕੰਮ ਕਰਨ ਕਾਰਨ ਬਣੀ ਖੜੋਤ ਨੂੰ ਵੀ ਤੋੜਿਆ ਗਿਆ ਹੈ। ਹਾਕਮ ਧਿਰ ਇਹ ਵੀ ਮਹਿਸੂਸ ਕਰਦੀ ਹੈ ਕਿ ਇਸ ਨਾਲ ਮੁਲਾਜ਼ਮਾਂ ਵਿਚ ਬਣੀ ਧੜੇਬੰਦੀ ਵੀ ਖਤਮ ਹੋਵੇਗੀ। ਨਵੀਂ ਟੀਮ ਆਉਣ ਨਾਲ ਨਵਾਂ ਜੋਸ਼ ਵੀ ਪੈਦਾ ਹੋਵੇਗਾ, ਜਿਸ ਦੀ ਸ਼੍ਰੋਮਣੀ ਅਕਾਲੀ ਦਲ 'ਚ ਇਸ ਵੇਲੇ ਬੇਹੱਦ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਵਿਧਾਨ ਸਭਾ ਚੋਣਾਂ ਵਿਚ ਹੋਈ ਹਾਰ ਤੋਂ ਬਾਅਦ ਹੁਣ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਰਾਹੀਂ ਸਰਗਰਮੀਆਂ ਤੇਜ਼ ਕਰਨਾ ਚਾਹੁੰਦਾ ਹੈ। ਇਸ ਤੋਂ ਇਲਾਵਾ ਮਰਹੂਮ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਨਾਂ ਨਾਲ ਜੁੜਨ ਨਾਲ ਵੀ ਹਾਕਮ ਧਿਰ ਨੂੰ ਲਾਹਾ ਮਿਲਣ ਦੀ ਆਸ ਹੈ। ਇਸੇ ਲਈ ਸੰਤ ਲੌਂਗੋਵਾਲ ਦੇ ਕਰੀਬੀ ਗੋਬਿੰਦ ਸਿੰਘ ਲੌਂਗੋਵਾਲ ਨੂੰ ਸੰਸਥਾ ਦੇ ਪ੍ਰਧਾਨ ਵਜੋਂ ਜ਼ਿੰਮੇਵਾਰੀ ਸੌਂਪੀ ਗਈ ਹੈ। ਪਾਰਟੀ ਸੂਤਰਾਂ ਮੁਤਾਬਕ ਭਾਈ ਲੌਂਗੋਵਾਲ ਦੀ ਸ਼ਖਸੀਅਤ ਇਕ ਧਾਰਮਿਕ, ਇਮਾਨਦਾਰ ਅਤੇ ਪਾਰਟੀ ਪ੍ਰਤੀ ਵਫ਼ਾਦਾਰ ਆਗੂ ਦੀ ਹੈ।

ਪਾਰਟੀ ਹਲਕਿਆਂ ਵਿਚ ਇਹ ਵੀ ਚਰਚਾ ਹੈ ਕਿ ਪ੍ਰੋ. ਬਡੂੰਗਰ ਦੀ ਸਿਹਤ ਪਿਛਲੇ ਸਮੇਂ ਦੌਰਾਨ ਠੀਕ ਨਹੀਂ ਰਹੀ ਅਤੇ ਭਵਿੱਖ ਵਿਚ ਇਸ ਕਾਰਨ ਸੰਸਥਾ ਅਤੇ ਪਾਰਟੀ ਨੂੰ ਨੁਕਸਾਨ ਹੋ ਸਕਦਾ ਹੈ। ਇਸ ਲਈ ਨਵੇਂ ਵਿਅਕਤੀ ਨੂੰ ਪ੍ਰਧਾਨ ਵਜੋਂ ਮੌਕਾ ਦਿੱਤਾ ਗਿਆ ਹੈ। ਪ੍ਰਧਾਨ ਸਮੇਤ ਅਹੁਦੇਦਾਰਾਂ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਨੂੰ ਬਦਲ ਕੇ ਇਹ ਸੰਕੇਤ ਦੇਣ ਦਾ ਯਤਨ ਵੀ ਕੀਤਾ ਗਿਆ ਹੈ ਕਿ ਭਵਿੱਖ ਵਿਚ ਚੰਗੀ ਕਾਰਗੁਜ਼ਾਰੀ ਵਾਲੀਆਂ ਸ਼ਖਸੀਅਤਾਂ ਨੂੰ ਹੀ ਮੌਕਾ ਮਿਲੇਗਾ। ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੁਝ ਦਿਨ ਪਹਿਲਾਂ ਚੰਡੀਗੜ੍ਹ ਵਿਚ ਹਰ ਜ਼ਿਲ੍ਹੇ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਇਕ-ਇਕ ਕਰ ਕੇ ਮੀਟਿੰਗ ਕੀਤੀ ਸੀ, ਜਿਸ ਵਿਚ ਮੌਜੂਦਾ ਨਿਜ਼ਾਮ ਬਾਰੇ ਸ਼ਿਕਾਇਤਾਂ ਵੀ ਮਿਲੀਆਂ ਸਨ।

## ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ ਲਈ ਚੁਣੌਤੀਆਂ

ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ ਨੇ ਭਾਵੇਂ ਕਿਹਾ ਹੈ ਕਿ ਉਨ੍ਹਾਂ ਦੀ ਪਹਿਲ ਧਰਮ ਪ੍ਰਚਾਰ ਕਰਨਾ, ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਤੇ ਸ਼੍ਰੋਮਣੀ ਕਮੇਟੀ ਦਾ ਸਤਿਕਾਰ ਬਹਾਲ ਕਰਵਾਉਣ ਦੀ ਹੋਵੇਗੀ। ਉਹ ਸਾਰੀਆਂ ਸੰਪਰਦਾਵਾਂ ਅਤੇ ਮਹਾਂਪੁਰਸ਼ਾਂ ਨੂੰ ਨਾਲ ਲੈ ਕੇ ਚੱਲਣਗੇ। ਵਿੱਦਿਅਕ ਅਦਾਰਿਆਂ ਦੇ ਕੰਮ ਵਿਚ ਸੁਧਾਰ ਨੂੰ ਪਹਿਲ ਦੇਣਗੇ ਅਤੇ ਸ਼੍ਰੋਮਣੀ ਕਮੇਟੀ ਦੇ ਕੰਮਾਂ ਵਿਚ ਪਾਰਦਰਸ਼ਿਤਾ ਲਿਆਉਣਗੇ। ਪਰ ਫਿਰ ਵੀ ਉਨ੍ਹਾਂ ਸਾਹਮਣੇ ਚੁਣੌਤੀਆਂ ਦੀ ਭਰਮਾਰ ਹੈ। ਜਿਨ੍ਹਾਂ ਵਿਚ ਸਭ ਤੋਂ ਪਹਿਲਾ ਨਾਨਕਸ਼ਾਹੀ ਕੈਲੰਡਰ ਦਾ ਮਸਲਾ ਹੈ। ਸਿੱਖਾਂ ਵਿਚ 'ਸ਼ੀਆ ਤੇ ਸੁੰਨੀ' ਵਾਂਗ ਦੋ ਧੜੇ ਬਣਨ ਤੋਂ ਰੋਕਣ ਲਈ ਸਰਬਸੰਮਤ ਨਾਨਕਸ਼ਾਹੀ ਕੈਲੰਡਰ ਦਾ ਫੈਸਲਾ ਕਰਵਾਉਣਾ ਸਭ ਤੋਂ ਵੱਡੀ ਚੁਣੌਤੀ ਹੈ।



ਅਕਾਲੀ ਦਲ ਦੇ ਪ੍ਰਧਾਨ ਦੀ ਨਾਰਾਜ਼ਗੀ ਲਏ ਬਿਨਾਂ ਇਹ ਪ੍ਰਭਾਵ ਬਣਾਉਣਾ ਵੀ ਜ਼ਰੂਰੀ ਹੋਵੇਗਾ ਕਿ ਸ਼੍ਰੋਮਣੀ ਕਮੇਟੀ ਸਿਰਫ ਇਕ ਪਰਿਵਾਰ ਦੀ ਹਦਾਇਤ 'ਤੇ ਨਹੀਂ ਚੱਲਦੀ, ਸਗੋਂ ਸਮੁੱਚੇ ਪੰਥ ਦੀ ਤਰਜਮਾਨੀ ਕਰਦੀ ਹੈ। ਤਖਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਸਾਖ ਵੀ ਕੌਮ ਵਿਚ ਸਰਬ ਪ੍ਰਵਾਨਿਤ ਜਥੇਦਾਰਾਂ ਵਜੋਂ ਬਹਾਲ ਕਰਵਾਉਣਾ ਉਨ੍ਹਾਂ ਲਈ ਦਰਪੇਸ਼ ਚੁਣੌਤੀਆਂ ਵਿਚ ਸ਼ਾਮਲ ਹੈ। ਦੇਸ਼ ਵਿਚ ਬਣੇ ਹਾਲਾਤ ਵਿਚ ਆਉਣ ਵਾਲੇ ਸਮੇਂ ਵਿਚ ਘੱਟ-ਗਿਣਤੀਆਂ ਲਈ ਖੜ੍ਹੀਆਂ ਹੋ ਸਕਣ ਵਾਲੀਆਂ ਚੁਣੌਤੀਆਂ ਨਾਲ ਨਿਪਟਣ ਲਈ ਅਗਾਊਂ ਰਣਨੀਤੀ ਬਣਾਉਣਾ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਹੀ ਜ਼ਿੰਮੇਵਾਰੀ ਹੈ। ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰਿਆਂ ਵਿਚ ਧਰਮ ਦੀ ਪੜ੍ਹਾਈ, ਹਿਸਾਬ-ਕਿਤਾਬ ਵਿਚ ਪਾਰਦਰਸ਼ਿਤਾ, ਪਤਿਤਪੁਣੇ ਨੂੰ ਠੱਲ੍ਹ ਪਾਉਣ ਦੀ ਰਣਨੀਤੀ, ਸਿੱਖਾਂ ਵਿਚ ਕੁਝ ਥਾਵਾਂ 'ਤੇ ਧਰਮ ਪਰਿਵਰਤਨ ਦੀ ਉੱਭਰ ਰਹੀ ਰੁਚੀ ਨੂੰ ਰੋਕਣਾ ਤੇ ਸਭ ਤੋਂ ਵੱਧ ਸ਼੍ਰੋਮਣੀ ਕਮੇਟੀ ਦੇ ਫੰਡਾਂ ਦੀ ਵਰਤੋਂ 'ਗੁਰੂ ਦੀ ਗੋਲਕ ਗਰੀਬ ਦਾ ਮੂੰਹ' ਦੇ ਹਿਸਾਬ ਨਾਲ ਕਰਨਾ ਵੀ ਵੱਡੀਆਂ ਚੁਣੌਤੀਆਂ ਹਨ।

# ਨਹੀਂ ਰਹੇ ਅਦਾਕਾਰ ਸ਼ਸ਼ੀ ਕਪੂਰ

**ਮੁੰਬਈ:** ਇਸ਼ਕ ਤੇ ਸੁਹਜ ਦਾ ਪ੍ਰਤੱਖ ਰੂਪ ਕਹੇ ਜਾਂਦੇ ਅਦਾਕਾਰ ਸ਼ਸ਼ੀ ਕਪੂਰ, ਜਿਨ੍ਹਾਂ ਨੂੰ 70ਵਿਆਂ ਤੇ 80ਵਿਆਂ 'ਚ ਫਿਲਮ ਇੰਡਸਟਰੀ ਦੀਆਂ ਸਿਖਰਲੀਆਂ ਅਦਾਕਾਰਾਂ ਨਾਲ ਕੰਮ ਕਰਨ ਦਾ ਮਾਣ ਹਾਸਲ ਹੈ, ਦਾ 79 ਸਾਲ ਦੀ ਉਮਰੇ ਦੇਹਾਂਤ ਹੋ ਗਿਆ। ਬਜ਼ੁਰਗ ਅਦਾਕਾਰ ਨੂੰ ਗੁਰਦੇ ਦੀ ਸਮੱਸਿਆ ਸੀ।



ਰਾਸ਼ਟਰਪਤੀ ਰਾਮ ਨਾਥ ਕੋਵਿੰਦ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਕਬੂਲ ਅਦਾਕਾਰ ਦੀ ਮੌਤ ਉਤੇ ਦੁੱਖ ਜਤਾਇਆ। 18 ਮਾਰਚ 1938 ਨੂੰ ਥੀਏਟਰ ਤੇ ਫਿਲਮ ਅਦਾਕਾਰ ਪ੍ਰਿਥਵੀ ਰਾਜ ਕਪੂਰ ਦੇ ਘਰ ਜੰਮੇ ਸ਼ਸ਼ੀ ਕਪੂਰ ਨੇ ਚਾਰ ਸਾਲ ਦੀ ਨਿੱਕੀ ਉਮਰੇ ਆਪਣੇ ਪਿਤਾ ਵੱਲੋਂ ਨਿਰਮਤ ਤੇ ਨਿਰਦੇਸ਼ਿਤ ਨਾਟਕਾਂ 'ਚ ਕੰਮ ਸ਼ੁਰੂ ਕੀਤਾ। ਅਦਾਕਾਰ ਨੇ ਫਿਲਮਾਂ ਆਗ (1948) ਤੇ ਅਵਾਰਾ (1951) ਵਿਚ ਬਾਲ ਕਲਾਕਾਰ ਵਜੋਂ ਹਾਜ਼ਰੀ ਲਵਾਈ। ਉਨ੍ਹਾਂ 50ਵਿਆਂ 'ਚ ਸਹਾਇਕ ਡਾਇਰੈਕਟਰ ਵਜੋਂ ਵੀ ਕੰਮ ਕੀਤਾ। ਅਦਾਕਾਰ ਵਜੋਂ ਉਨ੍ਹਾਂ ਦੀ ਪਹਿਲੀ ਫਿਲਮ 'ਧਰਮਪੁੱਤਰ' (1961) ਸੀ। ਉਨ੍ਹਾਂ ਆਪਣੇ ਕਰੀਅਰ ਦੌਰਾਨ 116 ਤੋਂ ਵਧ ਫਿਲਮਾਂ ਕੀਤੀਆਂ। ਉਨ੍ਹਾਂ ਦੀਆਂ ਕੁਝ ਯਾਦਗਾਰ ਫਿਲਮਾਂ ਵਿਚ 'ਦੀਵਾਰ', 'ਕਭੀ ਕਭੀ', 'ਨਮਕ ਹਲਾਲ' ਤੇ 'ਕਾਲਾ ਪੱਥਰ' ਸ਼ਾਮਲ ਹਨ। ਉਨ੍ਹਾਂ ਨੂੰ 2011 ਵਿੱਚ ਪਦਮ ਭੂਸ਼ਨ ਤੇ ਸਾਲ 2015 ਵਿਚ ਭਾਰਤੀ ਸਿਨੇਮਾ ਦੇ ਸਭ ਤੋਂ ਵੱਡੇ ਸਨਮਾਨ ਦਾਦਾ ਸਾਹਿਬ ਫਾਲਕੇ ਐਵਾਰਡ ਨਾਲ ਨਿਵਾਜਿਆ ਗਿਆ ਸੀ।

## ਕੁਚੀਭੋਤਲਾ ਦੇ ਕਾਤਲ ਵੱਲੋਂ ਦੋਸ਼ ਮੰਨਣ ਤੋਂ ਨਾਂਹ

**ਵਾਸ਼ਿੰਗਟਨ:** ਸਾਲ ਦੇ ਸ਼ੁਰੂ ਵਿਚ ਕਾਂਸਸ ਸ਼ਹਿਰ ਦੇ ਇਕ ਬਾਰ ਵਿਚ ਗੋਲੀਆਂ ਚਲਾ ਕੇ ਭਾਰਤੀ ਤਕਨੀਕੀ ਕਾਮੇ ਸ੍ਰੀਨਿਵਾਸ ਕੁਚੀਭੋਤਲਾ ਨੂੰ ਕਤਲ ਅਤੇ ਦੋ ਹੋਰਨਾਂ ਨੂੰ ਜ਼ਖਮੀ ਕਰਨ ਵਾਲੇ ਅਮਰੀਕਾ ਦੇ ਸਾਬਕਾ ਜਲ ਸੈਨਿਕ ਐਡਮ ਪੂਰਿੰਟਨ (52) ਨੇ ਦੋਸ਼ ਮੰਨਣ ਤੋਂ ਨਾਂਹ ਕਰ ਦਿੱਤੀ ਹੈ। ਓਲਾਥ ਵਿਚ ਫਰਵਰੀ 'ਚ ਹੋਈ ਗੋਲੀਬਾਰੀ ਦੀ ਇਸ ਘਟਨਾ ਲਈ ਪੁਰਿੰਟਨ ਉਤੇ ਪਹਿਲਾ ਦਰਜਾ ਕਤਲ ਦੇ ਦੋਸ਼ ਆਇਦ ਕੀਤੇ ਗਏ ਸਨ। ਕੇਸ ਦੀ ਮੁਢਲੀ ਸੁਣਵਾਈ ਦੌਰਾਨ ਪੂਰਿੰਟਨ ਨੇ ਦੋਸ਼ ਮੰਨਣ ਤੋਂ ਨਾਂਹ ਕਰਦਿਆਂ ਖੁਦ ਨੂੰ ਬੇਕਸੂਰ ਦੱਸਿਆ ਹੈ। ਕੇਸ ਦੀ ਅਗਲੀ ਸੁਣਵਾਈ ਅੱਠ ਮਈ ਨੂੰ ਹੋਵੇਗੀ। ਦੋਸ਼ ਸਾਬਤ ਹੋਣ ਦੀ ਸੂਰਤ ਵਿਚ ਪੂਰਿੰਟਨ ਨੂੰ ਮੌਤ ਦੀ ਸਜ਼ਾ ਜਾਂ ਫਿਰ ਉਮਰ ਕੈਦ ਹੋ ਸਕਦੀ ਹੈ।

# ਦਿੱਲੀ 'ਚ ਪੰਜਾਬੀ ਭਾਸ਼ਾ ਨਾਲ ਧੱਕਾ

**ਨਵੀਂ ਦਿੱਲੀ:** ਦਿੱਲੀ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨੂੰ ਭਾਵੇਂ ਦੂਜਾ ਦਰਜਾ ਦਿੱਤਾ ਗਿਆ ਹੈ ਪਰ ਵਿਹਾਰਕ ਤੌਰ ਉਤੇ ਇਸ ਭਾਸ਼ਾ ਨਾਲ ਪੂਰੀ ਤਰ੍ਹਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਦਿੱਲੀ ਵਿਚ ਲੱਗੇ ਸਾਈਨ ਬੋਰਡਾਂ ਉਤੇ ਇਸ ਨੂੰ ਤੀਜੀ ਥਾਂ ਦਿੱਤੀ ਗਈ ਹੈ। ਦਿੱਲੀ ਸਰਕਾਰ ਜਿਸ ਵਿਚ ਚਾਰ ਸਿੱਖ ਵਿਧਾਇਕ ਅਤੇ ਪੰਜਾਬੀ ਵਿਧਾਇਕਾਂ ਦੀ ਭਰਮਾਰ ਹੋਵੇ, ਇਸ ਦੇ ਬਾਵਜੂਦ ਦਿੱਲੀ ਵਿਚ ਪੰਜਾਬੀ ਨਾਲ ਧੱਕਾ ਹੁੰਦਾ ਵੇਖ ਕੇ ਪੰਜਾਬੀ ਪ੍ਰੇਮੀਆਂ ਵਿਚ ਰੋਸ ਪਾਇਆ ਜਾ ਰਿਹਾ ਹੈ।




ਦਿੱਲੀ ਸਰਕਾਰ ਵੱਲੋਂ ਇਹ ਬੋਰਡ ਨੀਲੇ ਅਤੇ ਚਿੱਟੇ ਰੰਗ ਵਿਚ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਲਗਾਏ ਗਏ ਹਨ ਪਰ ਪੰਜਾਬੀ ਵਿਚ ਇਹ ਬੋਰਡ ਥਾਂ-ਥਾਂ ਉਤੇ ਗਲਤ ਲੱਗੇ ਹੋਣ ਕਰ ਕੇ ਪੰਜਾਬੀ ਭਾਸ਼ਾ ਦਾ ਮਜ਼ਾਕ ਉਡਾਉਂਦੇ ਨਜ਼ਰ ਆ ਰਹੇ ਹਨ। ਸ਼ੱਕਰ ਪੁਰ ਤੋਂ ਝੀਲ ਵੱਲ ਜਾਂਦੇ ਰੋਡ ਉਤੇ ਮਾਰਗ ਦਰਸ਼ਕ ਬੋਰਡ 'ਪੜਪੜਗੰਜ ਰੋਡ' ਦੀ ਥਾਂ ਤੇ 'ਪਤਪਾਰਗੰਜ ਰੋਡ' ਪੰਜਾਬੀ ਵਿਚ ਲਿਖ ਕੇ ਸਿੱਧੇ ਢੰਗ ਨਾਲ ਪੰਜਾਬੀ ਲੋਕਾਂ ਦਾ ਮੌਜੂ ਬਣਾਇਆ ਗਿਆ ਹੈ। ਇਥੋਂ ਦੇ ਇਲਾਕੇ ਦਾ ਵਿਧਾਇਕ ਪੰਜਾਬੀ ਹੈ, ਜੋ ਦਿੱਲੀ ਸਰਕਾਰ ਦੀ ਨੁਮਾਇੰਦਗੀ ਕਰ ਰਿਹਾ ਹੈ। ਸਿੱਖਾਂ ਦੀ ਚੁਣੀ ਹੋਈ ਜਮਾਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਜੋ ਪੰਜਾਬੀ ਭਾਸ਼ਾ ਦੀ ਕਸਟੋਡੀਅਨ ਮੰਨੀ ਜਾਂਦੀ ਹੈ, ਉਸ ਦੇ ਨੁਮਾਇੰਦਿਆਂ ਵੱਲੋਂ ਵੀ ਇਸ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਇਸੇ ਹੀ ਰੋਡ ਉਤੇ ਚਲਾਏ ਜਾ ਰਹੇ ਸਰਕਾਰੀ ਸਕੂਲ ਅਤੇ ਦੋ ਖਾਲਸਾ ਸਕੂਲਾਂ, ਜਿਥੇ ਪੰਜਾਬੀ ਪੜ੍ਹਾਈ ਜਾਂਦੀ ਹੈ, ਉਥੋਂ ਦੇ ਅਧਿਆਪਕ ਤੇ ਵਿਦਿਆਰਥੀ ਇਸ ਵਰਤਾਰੇ ਪ੍ਰਤੀ ਉਦਾਸ ਹਨ।

# ਕਿਸਾਨੀ ਸੰਕਟ ਦੀ ਖੇਤ ਮਜ਼ਦੂਰਾਂ ਉਤੇ ਵੱਧ ਮਾਰ

**ਚੰਡੀਗੜ੍ਹ:** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਸਰਵੇਖਣ ਰਿਪੋਰਟ 'ਚ ਸਾਹਮਣੇ ਆਇਆ ਹੈ ਕਿ ਕਿਸਾਨਾਂ ਤੋਂ ਵਧ ਖੇਤ ਮਜ਼ਦੂਰਾਂ ਨੇ ਕਰਜ਼ਿਆਂ ਕਰ ਕੇ ਖੁਦਕੁਸ਼ੀਆਂ ਕੀਤੀਆਂ ਹਨ ਪਰ ਪੰਜਾਬ ਸਰਕਾਰ ਦੀ ਕਰਜ਼ਾ ਰਾਹਤ ਯੋਜਨਾ 'ਚ ਉਨ੍ਹਾਂ ਨੂੰ ਕੋਈ ਰਾਹਤ ਨਹੀਂ। ਸੰਗਰੂਰ, ਬਠਿੰਡਾ, ਮਾਨਸਾ, ਬਰਨਾਲਾ, ਲੁਧਿਆਣਾ ਅਤੇ ਮੋਗਾ ਜ਼ਿਲ੍ਹਿਆਂ 'ਚ ਘਰ-ਘਰ ਜਾ ਕੇ ਤਿਆਰ ਕੀਤੀ ਗਈ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਖੇਤ ਮਜ਼ਦੂਰ ਕਿਤੇ ਵਧ ਸੰਕਟ ਵਿਚ ਹਨ।



ਰਿਪੋਰਟ ਮੁਤਾਬਕ ਸਾਲ 2000 ਤੋਂ 2015 ਦੌਰਾਨ ਪਿੰਡਾਂ 'ਚ ਹੋਈਆਂ ਕੁਲ 14667 ਖੁਦਕੁਸ਼ੀਆਂ ਵਿਚੋਂ 44 ਫੀਸਦੀ ਖੇਤ ਮਜ਼ਦੂਰ ਸਨ ਜਦਕਿ ਛੇ ਜ਼ਿਲ੍ਹਿਆਂ ਵਿਚ 6373 ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀ। ਤਾਜ਼ਾ ਅੰਕੜਿਆਂ ਮੁਤਾਬਕ ਪੰਜਾਬ ਵਿਚ 20 ਲੱਖ ਕਿਸਾਨ ਅਤੇ 15 ਲੱਖ ਖੇਤ ਮਜ਼ਦੂਰ ਹਨ। ਇਕ ਲੱਖ ਖੇਤ ਮਜ਼ਦੂਰਾਂ ਅਤੇ ਇਕ ਲੱਖ ਕਿਸਾਨਾਂ ਪਿੱਛੇ ਹਰ ਸਾਲ 26-26 ਖੇਤ ਮਜ਼ਦੂਰ ਤੇ ਕਿਸਾਨ ਖੁਦਕੁਸ਼ੀਆਂ ਕਰਦੇ ਹਨ ਜਦਕਿ ਦੋਹਾਂ ਦੀ ਆਬਾਦੀ ਦੇ ਅਨੁਪਾਤ ਅਨੁਸਾਰ ਖੇਤ ਮਜ਼ਦੂਰ ਵੱਲੋਂ ਖੁਦਕੁਸ਼ੀਆਂ ਦੀ ਤਾਦਾਦ ਕਿਤੇ ਵਧ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਤਿਆਰ ਰਿਪੋਰਟ, ਜੋ ਇਸੇ ਪ੍ਰੋਜੈਕਟ ਦਾ ਹਿੱਸਾ ਹੈ, ਵਿਚ ਹੋਰ ਸੱਤ ਜ਼ਿਲ੍ਹਿਆਂ 'ਚ ਪਾਇਆ ਗਿਆ ਕਿ ਕੁੱਲ ਖੁਦਕੁਸ਼ੀਆਂ 'ਚੋਂ 53.87 ਫੀਸਦੀ ਖੇਤ ਮਜ਼ਦੂਰ ਨੇ ਕੀਤੀਆਂ। ਸਰਵੇਖਣ ਮੁਤਾਬਕ 77 ਫੀਸਦੀ ਖੇਤ ਮਜ਼ਦੂਰਾਂ ਵੱਲੋਂ ਖੁਦਕੁਸ਼ੀਆਂ ਕਰਨ ਦਾ ਮੁੱਖ ਕਾਰਨ ਕਰਜ਼ਾ ਹੈ। ਖੇਤ ਮਜ਼ਦੂਰ ਯੂਨੀਅਨਾਂ ਦੇ ਕਮਜ਼ੋਰ ਹੋਣ ਕਰ ਕੇ ਵੀ ਉਨ੍ਹਾਂ ਦੀ ਆਵਾਜ਼ ਦੱਬ ਕੇ ਰਹਿ ਜਾਂਦੀ ਹੈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਲਛਮਣ ਸੇਵੇਵਾਲਾ ਨੇ ਕਿਹਾ ਕਿ ਪਿਛਲੀ ਸਰਕਾਰ ਨੇ ਆਪਣੇ 10 ਸਾਲਾਂ ਦੇ ਸ਼ਾਸਨ ਦੌਰਾਨ ਅਜਿਹਾ ਵਤੀਰਾ ਅਪਣਾਇਆ ਜਿਵੇਂ ਉਹ ਜ਼ਿਮੀਦਾਰਾਂ ਦੇ ਨੁਮਾਇੰਦੇ ਹਨ।

# ਹਸਪਤਾਲ ਨੇ ਜਿਊਂਦੇ ਬੱਚੇ ਨੂੰ ਲਿਫਾਫੇ ਵਿਚ ਲਪੇਟ ਵਾਰਸਾਂ ਨੂੰ ਸੌਂਪਿਆ

**ਨਵੀਂ ਦਿੱਲੀ:** ਦਿੱਲੀ ਦੇ ਮੈਕਸ ਹਸਪਤਾਲ ਵਿਚ ਡਾਕਟਰਾਂ ਦੀ ਲਾਪਰਵਾਹੀ ਦਾ ਮਾਮਲਾ ਸਾਹਮਣੇ ਆਇਆ ਹੈ ਜਦੋਂ ਉਨ੍ਹਾਂ ਨਵਜੰਮੇ ਜੌੜੇ ਬੱਚਿਆਂ ਨੂੰ ਮ੍ਰਿਤਕ ਐਲਾਨ ਦਿੱਤਾ ਤੇ ਲਿਫਾਫੇ ਵਿਚ ਬੰਦ ਕਰ ਕੇ ਵਾਰਸਾਂ ਨੂੰ ਸੌਂਪ ਦਿੱਤਾ ਜਦਕਿ ਉਨ੍ਹਾਂ ਵਿਚੋਂ ਇਕ ਜਿਊਂਦਾ ਸੀ।



ਮਾਪਿਆਂ ਨੂੰ ਬੱਚੇ ਦੇ ਜਿਊਂਦੇ ਹੋਣ ਦਾ ਪਤਾ ਉਦੋਂ ਲੱਗਾ ਜਦੋਂ ਆਖਰੀ ਰਸਮਾਂ ਲਈ ਉਹ ਸ਼ਮਸ਼ਾਨ ਘਾਟ ਜਾ ਰਹੇ ਸਨ। ਇਕ ਲਿਫਾਫੇ ਵਿਚ ਹਿਲਜੁਲ ਵੇਖ ਕੇ ਉਸ ਨੂੰ ਖੋਲ੍ਹਿਆ ਗਿਆ ਤਾਂ ਬੱਚੇ ਦੇ ਸਾਹ ਚੱਲ ਰਹੇ ਸਨ। ਉਸ ਨੂੰ ਤੁਰਤ ਹਸਪਤਾਲ ਦਾਖਲ ਕਰਵਾਇਆ ਗਿਆ। ਵਰਸ਼ਾ ਨਾਂ ਦੀ ਔਰਤ ਨੂੰ 28 ਨਵੰਬਰ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ। ਉਸ ਨੇ ਸਮੇਂ ਤੋਂ ਪਹਿਲਾਂ 30 ਨਵੰਬਰ ਨੂੰ ਦੋ ਬੱਚਿਆਂ ਨੂੰ ਜਨਮ ਦਿੱਤਾ। ਕੁੜੀ ਦੀ ਮੌਕੇ ਉਤੇ ਹੀ ਮੌਤ ਹੋ ਗਈ ਜਦਕਿ ਦੂਜੇ ਬੱਚੇ ਨੂੰ ਕੁਝ ਸਮੇਂ ਮਗਰੋਂ ਮ੍ਰਿਤਕ ਐਲਾਨ ਦਿੱਤਾ। ਉਧਰ, ਕੇਂਦਰ ਸਰਕਾਰ ਨੇ ਦਿੱਲੀ ਸਰਕਾਰ ਤੋਂ ਰਿਪੋਰਟ ਮੰਗ ਲਈ ਹੈ।

**Punjab Times**
**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨੰਨ੍ਹੀ ਛਾਂ ਨੇ ਮੁੜ ਫੜੀ ਸਰਗਰਮੀ

**ਅੰਮ੍ਰਿਤਸਰ:** ਨੰਨ੍ਹੀ ਛਾਂ ਮੁਹਿੰਮ ਤਹਿਤ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਧਾਮਾਂ ਤੋਂ ਵੰਡੇ ਜਾ ਰਹੇ ਬੂਟਾ ਪ੍ਰਸ਼ਾਦ ਵਾਸਤੇ ਸ਼੍ਰੋਮਣੀ ਕਮੇਟੀ ਅਤੇ ਜੰਗਲਾਤ ਵਿਭਾਗ ਵਿਚਾਲੇ ਨਵਾਂ ਸਮਝੌਤਾ ਹੋ ਗਿਆ ਹੈ। ਨੰਨ੍ਹੀ ਛਾਂ ਮੁਹਿੰਮ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਚਲਾਈ ਜਾ ਰਹੀ ਹੈ। ਜੰਗਲਾਤ ਵਿਭਾਗ ਵੱਲੋਂ ਇਸ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਸੂਚਿਤ ਕੀਤਾ ਗਿਆ ਸੀ ਕਿ ਵਿਭਾਗ ਅਤੇ ਸ਼੍ਰੋਮਣੀ ਕਮੇਟੀ ਵਿਚਾਲੇ ਚਾਰ ਸਾਲਾਂ ਵਾਸਤੇ ਹੋਇਆ ਸਮਝੌਤਾ ਸਤੰਬਰ ਮਹੀਨੇ ਵਿਚ ਖਤਮ ਹੋ ਚੁੱਕਾ ਹੈ। ਇਹ ਸਮਝੌਤਾ 2013 ਤੋਂ 2017 ਵਾਸਤੇ ਹੋਇਆ ਸੀ। ਪੱਤਰ ਵਿਚ ਸ਼੍ਰੋਮਣੀ ਕਮੇਟੀ ਨੂੰ ਨਵੇਂ ਸਮਝੌਤੇ ਉਤੇ ਸਹੀ ਪਾਉਣ ਵਾਸਤੇ ਆਖਿਆ ਗਿਆ ਸੀ।



ਇਥੇ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਇਹ ਸਮਝੌਤਾ ਉਸ ਵੇਲੇ ਟੁੱਟ ਗਿਆ ਸੀ ਜਦੋਂ 2012 ਵਿਚ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਰਕਮ ਦੀ ਅਦਾਇਗੀ ਰੋਕ ਦਿੱਤੀ ਗਈ ਸੀ। ਪਹਿਲਾਂ ਇਹ ਬੂਟੇ ਪੰਜ ਰੁਪਏ ਪ੍ਰਤੀ ਬੂਟਾ ਖਰੀਦਿਆ ਜਾਂਦਾ ਸੀ, ਜੋ ਹੁਣ 3.50 ਰੁਪਏ ਪ੍ਰਤੀ ਬੂਟਾ ਖਰੀਦਿਆ ਜਾ ਰਿਹਾ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਆਪਣੀਆਂ ਨਰਸਰੀਆਂ ਉਤੇ ਵੀ ਬੂਟਿਆਂ ਦੀ ਪਨੀਰੀ ਤਿਆਰ ਕਰਨੀ ਸ਼ੁਰੂ ਕੀਤੀ ਗਈ ਸੀ। ਇਸ ਸਬੰਧੀ ਹੁਣ ਤੱਕ ਅੰਮ੍ਰਿਤਸਰ ਤੇ ਤਲਵੰਡੀ ਸਾਬੋ ਵਿਚ 20 ਲੱਖ ਬੂਟੇ ਵੰਡੇ ਜਾ ਚੁੱਕੇ ਹਨ।

## ਵਸੁੰਧਰਾ ਦਾ ਵਿਵਾਦਤ ਆਰਡੀਨੈਂਸ ਖਤਮ

**ਜੈਪੁਰ:** ਵਸੁੰਧਰਾ ਰਾਜੇ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵੱਲੋਂ ਸਰਕਾਰੀ ਅਫਸਰਾਂ ਨੂੰ ਜਾਂਚ ਤੋਂ ਬਚਾਉਣ ਲਈ ਲਿਆਂਦਾ ਅਪਰਾਧਕ ਕਾਨੂੰਨ (ਰਾਜਸਥਾਨ ਸੋਧ) ਆਰਡੀਨੈਂਸ 2017 ਖਤਮ ਹੋ ਗਿਆ ਹੈ। ਇਸ ਵਿਵਾਦਤ ਆਰਡੀਨੈਂਸ ਦੀ ਕੌਮੀ ਪੱਧਰ 'ਤੇ ਆਲੋਚਨਾ ਬਾਅਦ ਸੂਬਾਈ ਸਰਕਾਰ ਨੇ 24 ਅਕਤੂਬਰ ਨੂੰ ਇਸ ਨੂੰ ਸਮੀਖਿਆ ਲਈ ਸਦਨ ਦੀ ਸਿਲੈਕਟ ਕਮੇਟੀ ਕੋਲ ਭੇਜ ਦਿੱਤਾ ਸੀ।

## ਠੰਢਾ ਖਾਣਾ ਪਰੋਸਣ 'ਤੇ ਪਤਨੀ ਦੀ ਹੱਤਿਆ

**ਲਾਹੌਰ:** ਲਹਿੰਦੇ ਪੰਜਾਬ ਵਿਚ ਠੰਢਾ ਖਾਣਾ ਪਰੋਸਣ ਕਾਰਨ ਹੋਏ ਝਗੜੇ ਦੌਰਾਨ ਇਕ ਵਿਅਕਤੀ ਨੇ ਪਤਨੀ ਦੀ ਹੱਤਿਆ ਕਰ ਦਿੱਤੀ। 'ਦਿ ਐਕਸਪ੍ਰੈੱਸ ਟ੍ਰਿਬਿਊਨ' ਦੀ ਰਿਪੋਰਟ ਮੁਤਾਬਕ ਲਾਹੌਰ ਦੇ ਫੈਕਟਰੀ ਖੇਤਰ ਦੇ ਫਿਰੋਜ਼ ਖਾਨ ਦਾ ਆਪਣੀ ਪਤਨੀ ਰੌਸ਼ਨ ਬੀਬੀ ਨਾਲ ਠੰਢਾ ਖਾਣਾ ਪਰੋਸਣ ਦੇ ਮਾਮਲੇ ਤੋਂ ਤਕਰਾਰ ਹੋ ਗਿਆ। ਇਹ ਝਗੜਾ ਇੰਨਾ ਵਧ ਗਿਆ ਕਿ ਫਿਰੋਜ਼ ਖਾਨ ਨੇ ਆਪਣੀ ਪਤਨੀ ਦਾ ਕਤਲ ਕਰ ਦਿੱਤਾ ਤੇ ਮੌਕੇ ਤੋਂ ਫਰਾਰ ਹੋ ਗਿਆ।

# ਵਿਵਾਦਾਂ ਵਿਚ ਘਿਰੇ ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ

*(ਸਫਾ ਇਕ ਦੀ ਬਾਕੀ)*

ਵੱਲੋਂ 17 ਮਈ 2007 ਵਿਚ ਜਾਰੀ ਹੁਕਮਨਾਮੇ ਦੀ ਉਲੰਘਣਾ ਕਰ ਕੇ ਡੇਰਾ ਸਿਰਸਾ ਜਾ ਕੇ ਵੋਟਾਂ ਮੰਗਣ ਦੇ ਮਾਮਲੇ ਦੀ ਜਾਂਚ ਲਈ ਬਕਾਇਦਾ ਕਮੇਟੀ ਬਣਾਈ ਸੀ। ਇਸ ਕਮੇਟੀ ਨੇ ਲੌਂਗੋਵਾਲ ਅਤੇ ਸਿਕੰਦਰ ਸਿੰਘ ਮਲੂਕਾ ਸਮੇਤ ਵੱਖ-ਵੱਖ ਸਿਆਸੀ ਪਾਰਟੀਆਂ ਦੇ 29 ਸਿੱਖਾਂ ਸਮੇਤ ਕੁੱਲ 44 ਆਗੂਆਂ ਨੂੰ ਦੋਸ਼ੀ ਠਹਿਰਾਇਆ ਸੀ ਜਿਨ੍ਹਾਂ ਨੂੰ ਧਾਰਮਿਕ ਸਜ਼ਾ ਲਾਈ ਗਈ ਸੀ। ਹਾਲਾਂਕਿ ਅਕਾਲੀ ਆਗੂ ਮਨਪ੍ਰੀਤ ਸਿੰਘ ਇਯਾਲੀ ਵੱਲੋਂ ਸਪਸ਼ਟੀਕਰਨ ਦੇਣ 'ਤੇ ਉਸ ਨੂੰ ਦੋਸ਼ ਮੁਕਤ ਕਰਾਰ ਦੇ ਦਿੱਤਾ ਗਿਆ ਸੀ, ਪਰ ਲੌਂਗੋਵਾਲ ਕੋਈ ਜਵਾਬ ਨਾ ਦੇ ਸਕੇ ਤੇ ਸਜ਼ਾ ਭੁਗਤੀ।

ਨਵੇਂ ਪ੍ਰਧਾਨ ਲੌਂਗੋਵਾਲ ਉਤੇ ਇਹ ਦੋਸ਼ ਵੀ ਹੈ ਕਿ ਉਨ੍ਹਾਂ 2004 ਵਿਚ ਗੁਰਦੁਆਰਾ ਕੈਂਬੋਵਾਲ ਨੂੰ ਕਿਸੇ ਦਾਨੀ ਸੱਜਣ ਵੱਲੋਂ ਦਿੱਤੀ ਚਾਰ ਏਕੜ ਜ਼ਮੀਨ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਾ ਚੁੱਲੇ (ਲੋਹ ਲੰਗਰ) ਬਾਬਾ ਆਲਾ ਸਿੰਘ ਦੀ ਮਹਿੰਗੇ ਭਾਅ ਜ਼ਮੀਨ ਨਾਲ ਤਬਦੀਲ ਕਰ ਕੇ ਲਾਹਾ ਲੈਣ ਦਾ ਯਤਨ ਕੀਤਾ। ਇਨ੍ਹਾਂ ਖੁਲਾਸਿਆਂ ਪਿੱਛੋਂ ਭਾਵੇਂ ਅਕਾਲੀ ਦਲ ਬਾਦਲ ਲੌਂਗੋਵਾਲ ਦਾ ਬਚਾਅ ਕਰਨ ਵਿਚ ਲੱਗਾ ਹੋਇਆ ਹੈ, ਪਰ ਸਿੱਖ ਜਥੇਬੰਦੀਆਂ ਉਨ੍ਹਾਂ ਨੂੰ ਅਹੁਦੇ ਤੋਂ ਲਾਂਭੇ ਕਰਨ ਉਤੇ ਅੜੀਆਂ ਹੋਈਆਂ ਹਨ। ਇਹ ਆਵਾਜ਼ ਭਾਰਤ ਸਮੇਤ ਵਿਦੇਸ਼ਾਂ ਵਿਚ ਵੀ ਗੂੰਜਣ ਲੱਗੀ ਹੈ। ਸਿੱਖ ਜਥੇਬੰਦੀਆਂ ਨੇ ਨਵੇਂ ਪ੍ਰਧਾਨ ਦਾ ਸਮਾਗਮਾਂ ਵਿਚ ਬਾਈਕਾਟ ਕਰਨ ਦਾ ਸੱਦਾ ਦਿੱਤਾ ਹੈ। ਲੌਂਗੋਵਾਲ ਦੀ ਚੋਣ 'ਤੇ ਸਭ ਤੋਂ ਵੱਧ ਨੁਕਤਾਚੀਨੀ ਅਕਾਲੀ ਦਲ ਬਾਦਲ ਦੀ ਹੋ ਰਹੀ ਹੈ। ਸਵਾਲ ਕੀਤਾ ਜਾ ਰਿਹਾ ਹੈ ਕਿ ਅੱਠ ਮਹੀਨੇ ਪਹਿਲਾਂ ਅਕਾਲ ਤਖਤ ਦੇ ਹੁਕਮਨਾਮੇ ਦੀ ਉਲੰਘਣਾ ਕਰਨ ਵਾਲੇ ਸ਼ਖਸ ਨੂੰ ਕਿਸ ਅਧਾਰ 'ਤੇ ਐਡੇ ਵੱਡੇ ਅਹੁਦੇ ਦਾ ਮੁਖੀ ਚੁਣ ਲਿਆ ਗਿਆ। ਦੱਸ ਦਈਏ ਕਿ ਲੌਂਗੋਵਾਲ, ਨਾ ਬਾਦਲ ਪਰਿਵਾਰ ਦੇ ਬੇਹੱਦ ਕਰੀਬੀਆਂ ਵਿਚੋਂ ਹਨ ਤੇ ਨਾ ਹੀ ਅਕਾਲੀ ਦਲ 'ਚ ਉਨ੍ਹਾਂ ਦਾ ਕੋਈ ਬਹੁਤਾ ਵੱਡਾ ਕੱਦ ਹੈ। ਇਥੋਂ ਤੱਕ ਕਿ ਚੋਣ ਸਮੇਂ ਨਵੇਂ ਪ੍ਰਧਾਨਾਂ ਦੀ ਚਰਚਾ 'ਚ ਵੀ ਉਨ੍ਹਾਂ ਦਾ ਨਾਂ ਸ਼ੁਮਾਰ ਨਹੀਂ ਸੀ। ਸਵਾਲ ਇਹ ਹੈ ਕਿ ਫਿਰ ਲੌਂਗੋਵਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਉਂ ਤੇ ਕਿਵੇਂ ਬਣੇ? ਦਰਅਸਲ, ਪਿਛਲੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਬਹੁਤ ਵੱਡਾ ਝਟਕਾ ਲੱਗਿਆ ਸੀ। ਉਸ ਨੂੰ ਹੁਣ ਤੱਕ ਦੀਆਂ ਸਭ ਤੋਂ ਘੱਟ 15 ਸੀਟਾਂ ਮਿਲੀਆਂ ਸਨ। ਚੋਣਾਂ ਤੋਂ ਬਾਅਦ ਬਾਦਲ ਪਰਿਵਾਰ ਨੂੰ ਇਹ ਗੱਲ ਸਮਝ ਆਈ ਕਿ ਉਨ੍ਹਾਂ ਦੇ ਪਰਿਵਾਰ ਖਿਲਾਫ ਰੋਹ ਵੀ ਇਕ ਵੱਡਾ ਮੁੱਦਾ ਸੀ। ਵਿਰੋਧੀਆਂ ਤੇ ਲੋਕਾਂ ਦੇ ਨਿਸ਼ਾਨੇ ਉਤੇ ਅਕਾਲੀ ਦਲ ਦੀ ਥਾਂ ਬਾਦਲ ਪਰਿਵਾਰ ਸੀ। ਅਕਾਲੀ ਦਲ ਕੋਈ ਜਗੀਰ ਕੌਰ ਜਾਂ ਤੋਤਾ ਸਿੰਘ ਜਿਹਾ ਵਿਵਾਦਤ ਨਾਂ ਨਹੀਂ ਚਾਹੁੰਦਾ ਸੀ। ਬਾਦਲਾਂ ਨੂੰ ਉਮੀਦ ਸੀ ਕਿ ਅੱਠ ਮਹੀਨੇ ਪਹਿਲਾਂ ਲੌਂਗੋਵਾਲ ਵੱਲੋਂ ਕੀਤੇ ਗੁਨਾਹ ਨੂੰ ਸਿੱਖ ਸੰਗਤ ਭੁੱਲ ਚੁੱਕੀ ਹੈ, ਪਰ ਹੋਇਆ ਇਸ ਦੇ ਉਲਟ।

## ਸ਼ਰਦ ਯਾਦਵ ਰਾਜ ਸਭਾ ਤੋਂ ਅਯੋਗ ਕਰਾਰ

**ਨਵੀਂ ਦਿੱਲੀ:** ਜਨਤਾ ਦਲ (ਯੂ) ਦੇ ਸੰਸਦ ਮੈਂਬਰ ਸ਼ਰਦ ਯਾਦਵ ਤੇ ਅਲੀ ਅਨਵਰ ਨੂੰ ਰਾਜ ਸਭਾ ਤੋਂ ਅਯੋਗ ਕਰਾਰ ਦੇ ਦਿੱਤਾ ਗਿਆ ਹੈ। ਜਨਤਾ ਦਲ (ਯੂ) ਵੱਲੋਂ ਪਾਰਟੀ ਦੇ ਜਨਰਲ ਸਕੱਤਰ ਆਰ.ਸੀ.ਪੀ. ਸਿੰਘ ਨੇ ਰਾਜ ਸਭਾ ਦੇ ਸਭਾਪਤੀ ਨੂੰ ਭੇਜੇ ਪੱਤਰ ਵਿਚ ਕਿਹਾ ਸੀ ਕਿ ਦੋਹਾਂ ਨੇਤਾਵਾਂ ਨੇ ਪਾਰਟੀ ਦਾ ਅਨੁਸ਼ਾਸਨ ਭੰਗ ਕੀਤਾ ਹੈ ਜਿਸ ਕਰ ਕੇ ਇਨ੍ਹਾਂ ਨੂੰ ਰਾਜ ਸਭਾ ਤੋਂ ਅਯੋਗ ਕਰਾਰ ਦਿੱਤਾ ਜਾਵੇ।

## ਸੁਪਰੀਮ ਕੋਰਟ ਨੇ ਫੈਸਲੇ 'ਚ ਦੇਰੀ ਲਈ ਮੰਗੀ ਮੁਆਫੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਸ ਵਿਚ 13 ਸਾਲਾਂ ਦੀ ਦੇਰੀ ਲਈ ਸ਼ਿਕਾਇਤਕਰਤਾ ਤੋਂ ਮੁਆਫੀ ਮੰਗੀ ਹੈ। ਉਂਜ, ਸੁਪਰੀਮ ਕੋਰਟ ਨੇ ਕਿਹਾ ਹੈ ਕਿ ਹਾਈ ਕੋਰਟ ਵੱਲੋਂ ਇਕੋ ਦਿਨ ਦੋ ਵੱਖੋ ਵੱਖਰੇ ਫੈਸਲੇ ਸੁਣਾਏ ਜਾਣ ਨਾਲ ਕਾਨੂੰਨੀ ਅੜਿੱਕਾ ਪਿਆ। ਇਕ ਹੁਕਮ 'ਚ ਕੇਸ ਦੀ ਅੱਗੇ ਜਾਂਚ ਤੋਂ ਇਨਕਾਰ ਕਰ ਦਿੱਤਾ ਗਿਆ ਜਦਕਿ ਦੂਜੇ 'ਚ ਇਸ ਦੀ ਮਨਜ਼ੂਰੀ ਦੇ ਦਿੱਤੀ ਗਈ। 2004 ਦਾ ਇਹ ਮਾਮਲਾ ਉਤਰਾਖੰਡ ਦੀ ਵਸਨੀਕ ਸ਼ਿਆਮ ਲਤਾ ਨਾਲ ਸਬੰਧਤ ਹੈ ਜਿਸ ਦੇ ਫਰਜ਼ੀ ਦਸਤਖਤਾਂ ਨਾਲ ਦਾਅਵਾ ਕੀਤਾ ਗਿਆ ਕਿ ਉਸ ਦੇ ਭਰਾਵਾਂ ਨੇ ਦੁਕਾਨ ਉਨ੍ਹਾਂ ਨੂੰ ਕਿਰਾਏ ਉਤੇ ਦਿੱਤੀ ਹੈ।

## ਸ਼ਹਿਰੀ ਚੋਣਾਂ: ਕੈਪਟਨ ਦਾ ਇਕ ਹੋਰ ਇਮਤਿਹਾਨ

*(ਸਫਾ ਇਕ ਦੀ ਬਾਕੀ)*

ਤੇ ਨਾ ਹੀ ਹੀ ਪਾਰਟੀ ਵਿਚ ਕੋਈ ਅਹੁਦਾ ਦਿੱਤਾ ਜਾਵੇਗਾ।ਦੂਜਾ ਕਾਰਨ ਇਸ ਵਾਰ ਆਪ ਦੀਆਂ ਸਰਗਰਮੀਆਂ ਕਾਰਨ ਵੀ ਅਕਾਲੀ ਭਾਜਪਾ ਗੱਠਜੋੜ ਫਿਕਰਾਂ ਵਿਚ ਹੈ। ਵਿਧਾਨ ਸਭਾ ਚੋਣਾਂ ਵਿਚ ਇਹ ਦੋਵੇਂ ਰਵਾਇਤੀ ਧਿਰਾਂ ਪੰਜਾਬ ਵਿਚ ਤੀਜੇ ਨੰਬਰ 'ਤੇ ਆ ਗਈਆਂ ਸਨ। ਪਹਿਲੀ ਵਾਰ ਚੋਣ ਲੜੀ ਆਮ ਆਦਮੀ ਪਾਰਟੀ ਵਿਰੋਧੀ ਧਿਰ ਦਾ ਦਰਜਾ ਲੈਣ ਵਿਚ ਸਫਲ ਰਹੀ। ਇਸ ਵਾਰ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਵਿਚ ਵੀ ਨਵੀਂ ਧਿਰ ਵਧ ਚੜ੍ਹ ਕੇ ਹਿੱਸਾ ਲੈ ਰਹੀ ਹੈ।

ਲੋਕ ਮਨਾਂ ਦੇ ਨੇੜੇ ਹੋਣ ਕਾਰਨ ਹਾਕਮ ਧਿਰ ਕਾਂਗਰਸ ਨੂੰ ਵੀ ਇਹੀ ਡਰ ਹੈ। ਇਕ ਹੋਰ ਕਾਰਨ ਇਸ ਵਾਰ ਡੇਰਾ ਸਿਰਸਾ ਦੇ ਵੋਟਰ ਵੀ ਹਨ। ਡੇਰਾ ਸਿਰਸਾ ਮੁਖੀ ਨੂੰ 20 ਸਾਲ ਦੀ ਜੇਲ੍ਹ ਹੋ ਚੁੱਕੀ ਹੈ। ਮਾਲਵਾ ਖਿੱਤੇ ਵਿਚ ਡੇਰਾ ਦੇ ਪੈਰੋਕਾਰਾਂ ਦਾ ਵੋਟ ਬੈਂਕ ਨਗਰ ਨਿਗਮ ਪਟਿਆਲਾ ਦੀ ਚੋਣ ਨੂੰ ਪ੍ਰਭਾਵਿਤ ਕਰਨ ਜੋਗਾ ਹੈ। ਪਟਿਆਲਾ ਸ਼ਹਿਰ ਵਿਚ ਤਕਰੀਬਨ 10 ਹਜ਼ਾਰ ਡੇਰਾ ਪੈਰੋਕਾਰ ਹਨ। ਡੇਰਾ ਪ੍ਰੇਮੀ ਬਾਬੇ ਨੂੰ ਜੇਲ੍ਹ ਪਹੁੰਚਾਉਣ ਵਿਚ ਕਾਂਗਰਸ ਤੇ ਭਾਜਪਾ ਨੂੰ ਬਰਾਬਰ ਦਾ ਦੋਸ਼ੀ ਮੰਨਦੇ ਹਨ। ਇਸ ਲਈ ਇਨ੍ਹਾਂ ਦੇ ਆਪ ਵੱਲ ਝੁਕਣ ਦੇ ਆਸਾਰ ਲੱਗ ਰਹੇ ਹਨ।

# ਕੈਪਟਨ ਅਮਰਿੰਦਰ ਨੂੰ ਗਰਮਖਿਆਲੀਆਂ ਦਾ ਡਰ?

**ਚੰਡੀਗੜ੍ਹ:** ਜਦੋਂ ਕਿਸੇ ਸੂਬੇ ਵਿਚ ਸਰਕਾਰ ਦਾ ਮੁਖੀ (ਮੁੱਖ ਮੰਤਰੀ) ਹੀ ਖਤਰਾ ਮਹਿਸੂਸ ਕਰਦਾ ਹੈ ਤਾਂ ਉਥੇ ਆਮ ਲੋਕਾਂ ਨੂੰ ਸੁਰੱਖਿਆ ਦੀ ਕੀ ਉਮੀਦ ਰੱਖਣੀ ਚਾਹੀਦੀ ਹੈ। ਇਹ ਸੂਬਾ ਪੰਜਾਬ ਹੈ ਤੇ ਮੁੱਖ ਮੰਤਰੀ ਹਨ ਕੈਪਟਨ ਅਮਰਿੰਦਰ ਸਿੰਘ। ਇਸ ਡਰ ਨੂੰ ਸਾਹਮਣੇ ਲਿਆਉਣ ਵਾਲਾ ਹੋਰ ਕੋਈ ਨਹੀਂ, ਸਗੋਂ ਪੰਜਾਬ ਕਾਂਗਰਸ ਦਾ ਪ੍ਰਧਾਨ ਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਨੀਲ ਜਾਖੜ ਹੈ।

ਸ੍ਰੀ ਜਾਖੜ ਨੇ ਯੂ.ਕੇ. ਨਾਲ ਸਬੰਧਤ ਕੁਝ ਗਰਮਖਿਆਲੀਆਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਸਮੇਤ ਕੁਝ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਮਿਲ ਰਹੀਆਂ ਧਮਕੀਆਂ ਦਾ ਮੁੱਦਾ ਚੁੱਕਦੇ ਹੋਏ ਪ੍ਰਧਾਨ ਮੰਤਰੀ ਨੂੰ ਇਸ ਮਸਲੇ 'ਤੇ ਬ੍ਰਿਟਿਸ਼ ਸਰਕਾਰ ਨਾਲ ਗੱਲ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਧਮਕੀਆਂ ਯੂ.ਕੇ. ਨਾਲ ਸਬੰਧਤ ਖਾੜਕੂਆਂ ਵੱਲੋਂ ਦਿੱਤੀਆਂ ਜਾ ਰਹੀਆਂ ਹਨ। ਇਥੇ ਜ਼ਿਕਰਯੋਗ ਗੱਲ ਇਹ ਹੈ ਕਿ ਜਾਖੜ ਨੇ ਇਹ ਖੁਲਾਸਾ ਉਸ ਸਮੇਂ ਕੀਤਾ, ਜਦੋਂ ਪਿਛਲੇ ਦੋ ਸਾਲਾਂ ਵਿਚ ਪੰਜਾਬ ਵਿਚ ਮਿਥ ਕੇ ਕੀਤੇ ਕਤਲਾਂ ਦੀ ਜਾਂਚ, ਕੇਂਦਰੀ ਜਾਂਚ ਏਜੰਸੀ ਨੇ ਆਪਣੇ ਹੱਥਾਂ ਵਿਚ ਲੈ ਲਈ ਹੈ। ਦੱਸ ਦਈਏ ਕਿ ਅਜੇ ਕੁਝ ਦਿਨ ਪਹਿਲਾਂ ਹੀ ਪੁਲਿਸ ਨੇ ਗਰਮਖਿਆਲੀ ਜਥੇਬੰਦੀ ਦਲ ਖਾਲਸਾ ਦੇ ਮੁਖੀ ਹਰਪਾਲ ਸਿੰਘ ਚੀਮਾ ਦਾ ਇੰਦਰਾ ਗਾਂਧੀ ਹਵਾਈ ਅੱਡੇ ਤੋਂ ਪਾਸਪੋਰਟ ਜ਼ਬਤ ਕੀਤਾ ਸੀ। ਉਹ ਬੈਂਕਾਕ ਤੋਂ ਕਾਨਫਰੰਸ ਵਿਚ ਹਿੱਸਾ ਲੈ ਵਾਪਸ ਪਰਤਿਆ ਸੀ। ਪੰਜਾਬ ਪੁਲਿਸ ਦਾਅਵਾ ਕਰ ਰਹੀ ਹੈ ਕਿ ਉਸ ਨੇ ਮਿਥ ਕੇ ਕੀਤੇ ਕਤਲਾਂ ਦਾ ਮਾਮਲਾ ਸੁਲਝਾ ਲਿਆ ਹੈ। ਪੁਲਿਸ ਨੇ ਕਤਲਾਂ ਦੇ ਦੋਸ਼ ਵਿਚ ਯੂ.ਕੇ. ਨਾਲ ਸਬੰਧਤ ਜਗਤਾਰ ਸਿੰਘ ਜੱਗੀ ਜੌਹਲ ਸਮੇਤ ਕਈ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਗ੍ਰਿਫਤਾਰੀਆਂ 'ਤੇ ਉਂਗਲ ਵੀ ਉਠੀ ਸੀ ਜਿਸ ਦੇ ਰੋਸ ਵਿਚ ਵਿਦੇਸ਼ਾਂ ਵਿਚ ਰੋਸ ਮੁਜ਼ਾਹਰੇ ਹੋਏ ਸਨ। ਪੰਜਾਬ ਨੂੰ ਕਾਫੀ ਸਮਾਂ ਖਾੜਕੂਵਾਦ ਦਾ ਸਾਹਮਣਾ ਕਰਨਾ ਪਿਆ ਹੈ ਤੇ 1978 ਵਿਚ ਧਾਰਮਿਕ ਤੇ ਸਿਆਸੀ ਹਾਲਾਤ ਨੇ ਇਸ ਨੂੰ ਹਵਾ ਦਿੱਤੀ। ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਨ। ਬੱਬਰ ਖਾਲਸਾ ਨਾਲ ਸਬੰਧਤ ਖਾੜਕੂਆਂ ਵੱਲੋਂ ਪੰਜਾਬ ਸਿਵਲ ਸਕੱਤਰੇਤ ਦੇ ਸਾਹਮਣੇ 31 ਅਗਸਤ 1995 ਨੂੰ ਮੌਜੂਦਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਨੇ ਸੂਬੇ ਦੇ ਮਾੜੇ ਹਾਲਾਤ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਇਸ ਪਿੱਛੋਂ ਭਾਵੇਂ ਪੰਜਾਬ ਵਿਚ ਹਾਲਾਤ ਨੇ ਕੁਝ ਮੋੜਾ ਖਾਧਾ, ਪਰ ਛੋਟੀਆਂ ਮੋਟੀਆਂ ਘਟਨਾਵਾਂ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਰਹੀਆਂ। 2015 ਵਿਚ ਆਰ.ਐਸ.ਐਸ. ਆਗੂ ਜਗਦੀਸ਼ ਗਗਨੇਜਾ ਦੀ ਜਲੰਧਰ ਵਿਚ ਹੱਤਿਆ ਨਾਲ ਮਾਹੌਲ ਮੁੜ ਭਖ ਗਿਆ।

ਜਾਖੜ ਨੇ ਪ੍ਰਧਾਨ ਮੰਤਰੀ ਨੂੰ ਆਪਣੀ ਅਪੀਲ ਵਿਚ ਨਿੱਜੀ ਦਖਲ ਦੀ ਮੰਗ ਕਰਦੇ ਹੋਏ ਆਖਿਆ ਹੈ ਕਿ ਬਰਤਾਨੀਆ ਸਰਕਾਰ ਨਾਲ ਸੰਪਰਕ ਕਰ ਕੇ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ਾਂ ਵਿਚ ਲੱਗੇ ਅਨਸਰਾਂ ਨੂੰ ਨੱਥ ਪਾਈ ਜਾਵੇ। ਜਾਖੜ ਦੀ ਇਸ ਅਪੀਲ ਤੋਂ ਇਹ ਸਾਬਤ ਹੁੰਦਾ ਹੈ ਕਿ ਕਾਂਗਰਸ ਨੂੰ ਪੰਜਾਬ ਵਿਚ ਖਾੜਕੂਵਾਦ ਦੇ ਪਰਤਣ ਦਾ ਡਰ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਹਰਪਾਲ ਸਿੰਘ ਚੀਮਾ ਦਾ ਪਾਸਪੋਰਟ ਜ਼ਬਤ ਕਰਨ ਦੀ ਨਿਖੇਧੀ

**ਨਿਊ ਯਾਰਕ (ਬਿਊਰੋ):** ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂਐਸਏ) ਨੇ ਦਲ ਖਾਲਸਾ ਦੇ ਪ੍ਰਧਾਨ ਸ. ਹਰਪਾਲ ਸਿੰਘ ਚੀਮਾ ਨੂੰ ਦਿੱਲੀ ਹਵਾਈ ਅੱਡੇ 'ਤੇ ਰੋਕ ਕੇ ਭਾਰਤ ਸਰਕਾਰ ਵੱਲੋਂ ਪਾਸਪੋਰਟ ਜਬਤ ਕੀਤੇ ਜਾਣ ਨੂੰ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕਰਾਰ ਦਿੰਦਿਆਂ ਕਿਹਾ ਹੈ ਕਿ ਭਾਰਤ ਸਰਕਾਰ ਹਮੇਸ਼ਾ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਾਉਂਦੀ ਰਹਿੰਦੀ ਹੈ।

ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਇਥੇ ਇਕ ਬਿਆਨ ਵਿਚ ਕਿਹਾ ਕਿ ਭਾਈ ਚੀਮਾ ਥਾਈਲੈਂਡ ਵਿਚ ਸਾਊਥ ਏਸ਼ੀਆ ਵਿਚ ਨਸਲਕੁਸ਼ੀ ਦੀ ਰੋਕਥਾਮ ਵਿਚ ਧਾਰਮਿਕ ਆਗੂਆਂ ਦੇ ਰੋਲ ਦੇ ਵਿਸ਼ੇ 'ਤੇ ਕਰਵਾਏ ਗਏ ਸਮਾਗਮ ਤੋਂ ਵਾਪਸ ਪਰਤ ਰਹੇ ਸਨ। ਉਨ੍ਹਾਂ ਦਾ ਪਾਸਪੋਰਟ ਜ਼ਬਤ ਕਰਨ ਤੋਂ ਭਾਵ ਹੈ ਕਿ ਭਾਰਤ ਸਰਕਾਰ ਸਿੱਖਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਤੋਂ ਰੋਕ ਰਹੀ ਹੈ।

ਸ. ਹਿੰਮਤ ਸਿੰਘ ਨੇ ਭਾਰਤ ਸਰਕਾਰ ਦੀ ਕਾਰਜਪ੍ਰਣਾਲੀ ਤੇ ਸਵਾਲ ਉਠਾਉਂਦਿਆਂ ਕਿਹਾ ਕਿ ਆਪਣੇ ਆਪ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤਾਂਤਰਿਕ ਮੁਲਕ ਕਹਿਣ ਵਾਲੇ ਭਾਰਤ ਦੀਆਂ ਸਰਕਾਰਾਂ ਨੇ ਹੀ ਜਮਹੂਰੀਅਤ ਦਾ ਘਾਣ ਕਰਨ ਦਾ ਠੇਕਾ ਲੈ ਰੱਖਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨਾਂ ਤੋਂ ਜਿਸ ਤਰ੍ਹਾਂ ਭਾਰਤ ਵਿਚ ਸਿੱਖਾਂ ਦੇ ਪੱਖ ਵਿਚ ਆਵਾਜ਼ ਬੁਲੰਦ ਕਰਨ ਵਾਲਿਆਂ ਨੂੰ ਨਿਸ਼ਾਨਾ ਬਣਾ ਕੇ ਝੂਠੇ ਕੇਸਾਂ ਵਿਚ ਉਲਝਾਇਆ ਜਾ ਰਿਹਾ ਹੈ, ਇਸ ਤੋਂ ਲਗਦਾ ਹੈ ਕਿ ਭਾਰਤ ਵਿਚ ਘੱਟ ਗਿਣਤੀਆਂ ਲਈ ਕੋਈ ਥਾਂ ਨਹੀਂ ਹੈ।

## ਟਰੰਪ ਦੇ ਯਾਤਰਾ ਪਾਬੰਦੀ ਬਾਰੇ ਹੁਕਮਾਂ ਨੂੰ ਹਰੀ ਝੰਡੀ

**ਵਾਸ਼ਿੰਗਟਨ:** ਸੁਪਰੀਮ ਕੋਰਟ ਨੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਮੁਸਲਮਾਨਾਂ ਦੀ ਬਹੁ-ਗਿਣਤੀ ਵਾਲੇ ਛੇ ਮੁਲਕਾਂ ਦੇ ਨਾਗਰਿਕਾਂ ਉਤੇ ਲਾਈ ਯਾਤਰਾ ਪਾਬੰਦੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਆਗਿਆ ਦੇ ਦਿੱਤੀ ਹੈ। ਹਾਲਾਂਕਿ ਰਾਸ਼ਟਰਪਤੀ ਦੇ ਇਸ ਵਿਵਾਦਤ ਹੁਕਮ ਖਿਲਾਫ਼ ਅਪੀਲਾਂ ਪੈਂਡਿੰਗ ਹਨ।

ਸੁਪਰੀਮ ਕੋਰਟ ਦੇ ਇਸ ਹੁਕਮ ਪਿੱਛੋਂ ਇਰਾਨ, ਲਿਬੀਆ, ਸੀਰੀਆ, ਯਮਨ, ਸੋਮਾਲੀਆ ਅਤੇ ਚਾਡ ਦੇ ਲੋਕਾਂ ਦੇ ਅਮਰੀਕਾ ਦੇ ਮੂਲ ਵਾਸੀਆਂ ਨਾਲ ਸਬੰਧ ਹੋਣ ਬਗੈਰ ਇਸ ਮੁਲਕ ਦੀ ਯਾਤਰਾ ਉਤੇ ਰੋਕ ਲੱਗ ਜਾਵੇਗੀ। ਨੌਂ ਵਿਚੋਂ ਸੱਤ ਜੱਜਾਂ ਨੇ ਹੇਠਲੀਆਂ ਅਦਾਲਤਾਂ ਵੱਲੋਂ ਯਾਤਰਾ ਉਤੇ ਪਾਬੰਦੀ ਬਾਰੇ ਹੁਕਮਾਂ ਉਤੇ ਲਾਈਆਂ ਰੋਕਾਂ ਹਟਾਉਣ ਦਾ ਹੁਕਮ ਦਿੱਤਾ।

# ਟ੍ਰੈਵਲ ਏਜੰਟਾਂ ਦੇ ਧੱਕੇ ਚੜ੍ਹੇ ਨੌਜਵਾਨਾਂ ਦੀ ਹੋਣੀ ਬਾਰੇ ਫਿਕਰਮੰਦੀ

**ਜਲੰਧਰ:** ਅਮਰੀਕਾ ਜਾਣ ਲਈ ਚਾਰ ਮਹੀਨੇ ਪਹਿਲਾਂ ਘਰੋਂ ਗਏ ਨੌਜਵਾਨਾਂ ਦੇ ਲਾਪਤਾ ਹੋਣ ਉਤੇ ਮਾਪਿਆਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਉਨ੍ਹਾਂ ਦੇ ਲੜਕਿਆਂ ਦਾ ਪਤਾ ਲਾਉਣ ਤੇ ਦੋਸ਼ੀ ਟ੍ਰੈਵਲ ਏਜੰਟਾਂ ਵਿਰੁੱਧ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਅਮਰੀਕਾ ਜਾਣ ਲਈ ਕਪੂਰਥਲਾ ਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ 6 ਨੌਜਵਾਨ ਦੋ ਟਰੈਵਲ ਏਜੰਟਾਂ ਰਣਜੀਤ ਸਿੰਘ ਰਾਣਾ ਅਤੇ ਸੁਖਵਿੰਦਰ ਸਿੰਘ ਰਾਹੀਂ ਗਏ ਸਨ।

ਸਿੱਖ ਰੈਜਮੈਂਟ ਦੀ 22ਵੀਂ ਬਟਾਲੀਅਨ ਦੇ ਸੂਬੇਦਾਰ ਸ਼ਮਸ਼ੇਰ ਸਿੰਘ, ਜਿਸ ਦਾ ਪੁੱਤਰ ਇੰਦਰਜੀਤ ਸਿੰਘ ਅਮਰੀਕਾ ਜਾਣ ਲਈ ਘਰੋਂ ਗਿਆ ਸੀ, ਦਾ ਕਹਿਣਾ ਹੈ ਕਿ ਦੋ ਅਗਸਤ ਤੋਂ ਉਨ੍ਹਾਂ ਦੀ ਆਪਣੇ ਪੁੱਤਰ ਨਾਲ ਗੱਲ ਨਹੀਂ ਹੋਈ। ਉਹ ਟਰੈਵਲ ਏਜੰਟ ਖਿਲਾਫ਼ ਕਾਰਵਾਈ ਲਈ ਐਸ.ਐਸ.ਪੀ. ਹੁਸ਼ਿਆਰਪੁਰ ਨੂੰ ਵੀ ਮਿਲੇ ਸਨ। ਉਨ੍ਹਾਂ ਦੱਸਿਆ ਕਿ ਸੁਖਵਿੰਦਰ ਸਿੰਘ ਨਾਂ ਦਾ ਟਰੈਵਲ ਏਜੰਟ, ਜੋ ਕਿ ਪੰਜਾਬ ਪੁਲਿਸ ਪੀ.ਏ.ਪੀ. ਵਿਚ ਏ.ਐਸ.ਆਈ. ਹੈ, ਨਾਲ ਇੰਦਰਜੀਤ ਨੂੰ ਵਿਦੇਸ਼ ਭੇਜਣ ਲਈ 35 ਲੱਖ ਰੁਪਏ ਵਿੱਚ ਸੌਦਾ ਤੈਅ ਹੋਇਆ ਸੀ। ਟਰੈਵਲ ਏਜੰਟ ਨੂੰ 12 ਲੱਖ ਰੁਪਏ ਪਹਿਲਾਂ ਤੇ ਬਾਕੀ ਬਾਅਦ ਵਿਚ ਦਿੱਤੇ ਗਏ।

ਪਿੰਡ ਪੁਰੀਕਾ ਦੇ ਰਹਿਣ ਵਾਲੇ ਜਰਨੈਲ ਸਿੰਘ ਤੇ ਉਨ੍ਹਾਂ ਦੀ ਪਤਨੀ ਸਤਪਾਲ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਪੁੱਤਰ ਸਰਬਜੀਤ ਨੂੰ ਅਮਰੀਕਾ ਭੇਜਣ ਲਈ 35 ਲੱਖ ਰੁਪਏ ਏਜੰਟ ਸੁਖਵਿੰਦਰ ਸਿੰਘ ਨੂੰ ਦਿੱਤੇ ਸਨ। ਸਰਬਜੀਤ ਨਾਲ ਆਖਰੀ ਵਾਰ ਦੋ ਅਗਸਤ ਨੂੰ ਗੱਲ ਹੋਈ ਸੀ। ਉਸ ਨੇ ਵੀਜ਼ੇ ਦੀਆਂ ਤਸਵੀਰਾਂ ਵੀ ਮੋਬਾਈਲ ਉਤੇ ਭੇਜੀਆਂ ਸਨ। ਸੁਖਵਿੰਦਰ ਨੇ ਉਨ੍ਹਾਂ ਦੇ ਘਰ ਆ ਕੇ ਵਧਾਈਆਂ ਵੀ ਦਿੱਤੀਆਂ ਸਨ ਕਿ ਸਰਬਜੀਤ ਅਮਰੀਕਾ ਪਹੁੰਚ ਗਿਆ ਹੈ। ਮਗਰੋਂ ਜਦੋਂ ਉਨ੍ਹਾਂ ਦੇ ਪੁੱਤਰ ਦਾ ਕੋਈ ਪਤਾ ਨਾ ਲੱਗਾ ਤਾਂ ਟਰੈਵਲ ਏਜੰਟ ਉਨ੍ਹਾਂ ਨੂੰ ਧਮਕੀਆਂ ਦੇਣ ਲੱਗ ਪਿਆ। ਇਸੇ ਤਰ੍ਹਾਂ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਮਾਨਾ ਤਲਵੰਡੀ ਦੇ ਨਵਦੀਪ ਸਿੰਘ (19) ਤੇ ਭੰਡਾਲ ਦੋਨੇ ਦੇ ਰਹਿਣ ਵਾਲੇ ਉਸ ਦੇ ਰਿਸ਼ਤੇਦਾਰ ਜਸਪ੍ਰੀਤ ਸਿੰਘ ਨੇ ਟਰੈਵਲ ਏਜੰਟ ਰਣਜੀਤ ਸਿੰਘ ਰਾਣਾ ਵਾਸੀ ਖੱਸਣ ਨੂੰ 52 ਲੱਖ ਰੁਪਏ ਦਿੱਤੇ ਸਨ। ਨਵਦੀਪ ਸਿੰਘ ਦੇ ਪਿਤਾ ਪ੍ਰਗਟ ਸਿੰਘ ਨੇ ਦੱਸਿਆ ਕਿ ਰਣਜੀਤ ਸਿੰਘ ਰਾਣਾ ਨੇ ਸਾਰੇ ਪੈਸੇ ਲੈਣ ਮਗਰੋਂ ਦੋਵਾਂ ਨੌਜਵਾਨਾਂ ਨੂੰ ਅਮਰੀਕਾ ਲਈ ਰਵਾਨਾ ਕੀਤਾ ਸੀ। ਤਿੰਨ ਮਹੀਨੇ ਪਹਿਲਾਂ ਮੁੰਡਿਆਂ ਨਾਲ ਗੱਲ ਹੋਈ ਸੀ ਪਰ ਹੁਣ ਕੁਝ ਪਤਾ ਨਹੀਂ ਲੱਗ ਰਿਹਾ। ਉਨ੍ਹਾਂ ਦੇ ਲੜਕੇ ਨਾਲ ਅੰਮ੍ਰਿਤਸਰ ਦਾ ਰਹਿਣ ਵਾਲਾ ਜਸਵਿੰਦਰ ਸਿੰਘ ਵੀ ਗਿਆ ਸੀ, ਜਿਸ ਨੇ 32 ਲੱਖ ਰੁਪਏ ਏਜੰਟ ਨੂੰ ਦਿੱਤੇ ਸਨ। ਪੀੜਤ ਮਾਪਿਆਂ ਨੇ ਦੱਸਿਆ ਕਿ ਉਨ੍ਹਾਂ ਦੇ ਬੱਚਿਆਂ ਨੂੰ ਪਹਿਲਾਂ ਦੁਬਈ ਲਿਜਾਇਆ ਗਿਆ ਸੀ, ਉਥੋਂ ਮਾਸਕੋ ਤੇ ਫਿਰ ਬਾਹਮਾਸ ਲੈ ਗਏ। ਮਗਰੋਂ ਲੜਕਿਆਂ ਦਾ ਕੋਈ ਥਹੁ-ਪਤਾ ਨਾ ਲੱਗਾ।

## ਮਾਂ ਨੂੰ ਹਵਾਈ ਅੱਡੇ ਲੈਣ ਗਿਆ ਪੁੱਤ ਹਾਦਸੇ ਦਾ ਸ਼ਿਕਾਰ

**ਲੁਧਿਆਣਾ:** ਦੋਰਾਹਾ ਵਿਚ ਦਿਲ ਦਹਿਲਾਉਣ ਵਾਲਾ ਸੜਕ ਹਾਦਸਾ ਵਾਪਰਿਆ, ਜਿਸ ਨੂੰ ਵੇਖ ਕੇ ਹਰ ਕੋਈ ਕਾਰ ਤੇਜ਼ ਭਜਾਉਣ ਤੋਂ ਸਹਿਮ ਜਾਵੇਗਾ। ਇਹ ਹਾਦਸਾ ਉਦੋਂ ਵਾਪਰਿਆ ਜਦੋਂ ਮਨਵੀਰ ਸਿੰਘ ਨਾਂ ਦਾ ਨੌਜਵਾਨ ਆਪਣੇ ਦੋਸਤ ਨਾਲ ਆਪਣੀ ਕੈਨੇਡਾ ਤੋਂ ਆਈ ਮਾਂ ਭਗਵੰਤ ਕੌਰ ਨੂੰ ਏਅਰਪੋਰਟ ਤੋਂ ਲੈਣ ਗਿਆ ਸੀ।



ਜਦ ਉਹ ਮੁੱਲਾਂਪੁਰ ਜਾ ਰਹੇ ਸਨ ਤਾਂ ਵਾਪਸੀ ਸਮੇਂ ਉਨ੍ਹਾਂ ਦੀ ਕਾਰ ਸੜਕ ਉਤੇ ਖੜ੍ਹੇ ਟਰੱਕ ਪਿੱਛੇ ਜਾ ਵੱਜੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਪੂਰੀ ਤਰ੍ਹਾਂ ਚਕਨਾਚੂਰ ਹੋ ਗਈ। ਹਾਦਸੇ ਵਿਚ ਮਾਂ-ਪੁੱਤ ਦੀ ਥਾਏਂ ਮੌਤ ਹੋ ਗਈ ਜਦਕਿ ਮਨਵੀਰ ਦਾ ਦੋਸਤ ਹਸਪਤਾਲ ਵਿਚ ਭਰਤੀ ਹੈ, ਜਿਸ ਦੀ ਹਾਲਤ ਵੀ ਗੰਭੀਰ ਦੱਸੀ ਜਾ ਰਹੀ ਹੈ। ਹਾਦਸੇ ਤੋਂ ਬਾਅਦ ਟਰੱਕ ਦਾ ਚਾਲਕ ਟਰੱਕ ਸਮੇਤ ਮੌਕੇ ਤੋਂ ਤੁਰਤ ਫਰਾਰ ਹੋ ਗਿਆ।


# Matrimonials

### ਲੜਕੇ ਦੀ ਲੋੜ ਹੈ

Wanted well qualified US citizen or Green Card holder boy for Hindu Khatri girl 28, 5'-2", Registered Nurse. Contact: Ph: 317-712-7190 49-52

Well educated (Midwest US based) Saini Sikh family seeks professionally qualified match for their Indian citizen beautiful, slim, 27/5'-1" daughter. B. Tech in Computer Science (CSE). Working as Software developer in Mohali, India. Contact at 765-570-0149 46-49

Wanted suitable boy for Sikh Ahluwalia beautiful girl, 30, 5'-1", B.Com, MBA from a reputed family, working as an assistant professor. Upper caste no bar. Contact, Ph: 91-98141-09225 or e-mail: Paulsangeeta@yahoo.co.in 49-

### ਜੀਵਨ ਸਾਥਣ ਦੀ ਲੋੜ ਹੈ

ਯੂ. ਐਸ. ਸਿਟੀਜ਼ਨ, 73 ਸਾਲਾ ਵਿਧੁਰ, ਸੇਵਾਮੁਕਤ ਵਿਅਕਤੀ ਲਈ ਭਾਰਤ ਜਾਂ ਅਮਰੀਕਾ-ਕੈਨੇਡਾ ਰਹਿੰਦੀ ਜੀਵਨ ਸਾਥਣ ਦੀ ਲੋੜ ਹੈ ਜਿਸ ਦਾ ਪਹਿਲਾਂ ਵਿਆਹ ਨਾ ਹੋਇਆ ਹੋਵੇ। ਭਾਰਤ/ਪੰਜਾਬ ਤੋਂ ਲਿਆਉਣ ਦੀ ਜ਼ਿੰਮੇਵਾਰੀ। ਸੋਸ਼ਲ ਸਿਕਿਉਰਿਟੀ ਅਤੇ ਪ੍ਰਾਈਵੇਟ ਪੈਨਸ਼ਨ ਤੋਂ ਚੰਗੀ ਆਮਦਨ। ਸੰਪਰਕ ਕਰੋ, ਫੋਨ: 845-664-1301 46-49

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 31 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892 49-50

Wanted suitable girl for clean shaven Sikh Rajput (Rathore) boy 29, 5'-9", B.E., MBA (USA). Working in Chicago on H1B visa. Both sisters married and settled in the USA. Contact, Ph: 91-98150-34814 or singhmatri8@gmail.com 47-50

Saini Sikh clean shave boy, 27, 6', M.Sc. Bio Technology doing BDS in Chandigarh, seeks suitable Saini/Jatt Sikh girl in medical field. Family well settled in the USA. Please contact, Ph: 516-503-9541 44-51

Wanted suitable US citizen or green card holder girl for Jatt Sikh boy, 32, 6'-3'', PhD (Weed Science), Post-Doctoral research associate at University of Missouri, Columbia, USA. Contact, Ph: 573-529-8325 or 510-209-5298 47-50


## ਬਾਬਰੀ ਕੇਸ

# ਸੁਣਵਾਈ ਮੁਲਤਵੀ ਕਰਨ ਦੀ ਅਪੀਲ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸੁੰਨੀ ਵਕਫ ਬੋਰਡ ਅਤੇ ਹੋਰਨਾਂ ਵੱਲੋਂ ਰਾਮ ਜਨਮ ਭੂਮੀ-ਬਾਬਰੀ ਮਸਜਿਦ ਕੇਸ ਦੀ ਸੁਣਵਾਈ ਆਮ ਚੋਣਾਂ ਤੋਂ ਬਾਅਦ ਜੁਲਾਈ 2019 ਨੂੰ ਕਰਨ ਦੀ ਅਪੀਲ ਖਾਰਜ ਕਰ ਦਿੱਤੀ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਲਈ ਅੱਠ ਫਰਵਰੀ ਦੀ ਤਰੀਕ ਤੈਅ ਕੀਤੀ ਹੈ।

ਬੈਂਚ ਨੇ ਪਹਿਲੀ ਨਜ਼ਰ ਵਿਚ ਹੀ ਇਹ ਮੰਗ ਕਿ ਮਾਮਲਾ ਸੁਣਵਾਈ ਲਈ ਪੰਜ ਜਾਂ ਸੱਤ ਮੈਂਬਰ ਜੱਜਾਂ ਦੇ ਬੈਂਚ ਕੋਲ ਭੇਜਿਆ ਜਾਵੇ, ਨੂੰ ਖਾਰਜ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਜ਼ਮੀਨ ਵਿਵਾਦ ਮਾਮਲੇ ਵਿਚ 2010 ਨੂੰ ਆਏ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਖਿਲਾਫ਼ ਦਾਖਲ 14 ਸਿਵਲ ਪਟੀਸ਼ਨਾਂ ਦੇ ਮਾਮਲੇ 'ਤੇ ਉਹ ਇਕੱਠੇ ਬੈਠ ਕੇ ਗੱਲਬਾਤ ਕਰਨ ਤੇ ਇਹ ਨਿਸ਼ਚਿਤ ਕਰਨ ਕਿ ਇਸ ਮਾਮਲੇ ਸਬੰਧੀ ਲੋੜੀਂਦੇ ਦਸਤਾਵੇਜ਼ ਤਰਜਮੇ ਤੋਂ ਬਾਅਦ ਉਚ ਅਦਾਲਤ ਦੀ ਰਜਿਸਟਰੀ ਵਿਚ ਨੰਬਰ ਲਗਵਾ ਕੇ ਦਰਜ ਕਰਵਾ ਦਿੱਤੇ ਜਾਣ। ਅਦਾਲਤ ਨੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਆਉਣ 'ਤੇ ਰਜਿਸਟਰੀ ਨਾਲ ਸਲਾਹ ਕਰਨ ਦੀ ਹਦਾਇਤ ਕੀਤੀ ਗਈ ਹੈ।

## ਮਹਿਬੂਬਾ ਛੇਵੀਂ ਵਾਰ ਬਣੀ ਪੀ.ਡੀ.ਪੀ. ਪ੍ਰਧਾਨ

**ਜੰਮੂ:** ਜੰਮੂ ਕਸ਼ਮੀਰ ਦੀ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ (57) ਅਗਲੇ ਤਿੰਨ ਸਾਲਾਂ ਲਈ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ.ਡੀ.ਪੀ.) ਦੀ ਮੁੜ ਪ੍ਰਧਾਨ ਚੁਣੀ ਗਈ। ਮਹਿਬੂਬਾ ਲਗਾਤਾਰ ਛੇਵੀਂ ਵਾਰ ਸਰਬਸੰਮਤੀ ਨਾਲ ਪਾਰਟੀ ਪ੍ਰਧਾਨ ਬਣੀ ਹੈ।

Punjab Times


# ਸ਼ੈਫ/ਤੰਦੂਰੀਏ, ਕੱਰੀ ਕੁੱਕ ਅਤੇ ਵੇਟਰ ਦੀ ਲੋੜ ਹੈ

ਰੋਮ, ਨਿਊ ਯਾਰਕ ਵਿਚ ਇੰਡੀਅਨ ਰੈਸਟੋਰੈਂਟ ਲਈ ਵੇਟਰ ਅਤੇ ਸ਼ੈਫ/ਤੰਦੂਰੀਏ ਤੇ ਕੱਰੀ ਕੁੱਕ ਦੀ ਲੋੜ ਹੈ ਜੋ ਹਰ ਤਰ੍ਹਾਂ ਦਾ ਵੈਸ਼ਨੂੰ ਤੇ ਗੈਰ ਵੈਸ਼ਨੂੰ ਤੰਦੂਰੀ ਖਾਣਾ ਤਿਆਰ ਕਰ ਸਕਦਾ ਹੋਵੇ।

ਵਿਜ਼ਿਟਰ ਵੀਜ਼ੇ 'ਤੇ ਆਏ ਢੁਕਵੇਂ ਸ਼ਖਸ ਨੂੰ ਸਪਾਂਸਰ ਵੀ ਕੀਤਾ ਜਾ ਸਕਦਾ ਹੈ।

ਵਧੀਆ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਫੋਨ: 315-832-0496

ranjitlubana39@gmail.com

# ਸਟੋਰ ਵਿਕਾਊ ਹੈ

ਗਰੋਸਰੀ, ਬੀਅਰ-ਵਾਈਨ ਅਤੇ ਲਾਟੋ ਸਮੇਤ

ਸੰਪਰਕ ਕਰੋ: ਰਣਜੀਤ ਸਿੰਘ ਲੁਬਾਣਾ 315-371-0141

47-50

# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

***Live on Jas TV***

**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# ਲੋਕਾਂ ਦੇ ਮੂੰਹੋਂ ਰੋਟੀ ਖੋਹ ਕੇ ਲੈ ਗਿਆ ਡੇਰਾ ਸਿਰਸਾ ਮੁਖੀ ਦਾ ਗੁਨਾਹ

**ਸਿਰਸਾ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਾਧਵੀਆਂ ਨਾਲ ਜਬਰ ਜਨਾਹ ਦੇ ਦੋਸ਼ ਵਿਚ 20 ਸਾਲ ਲਈ ਜੇਲ੍ਹ ਵਿਚ ਬੰਦ ਹੈ। ਡੇਰਾ ਮੁਖੀ ਦੇ ਇਸ ਗੁਨਾਹ ਨੇ ਹਜ਼ਾਰਾਂ ਲੋਕਾਂ ਨੂੰ ਬੇਰੁਜ਼ਗਾਰ ਕਰ ਦਿੱਤਾ ਹੈ। ਡੇਰੇ ਨਾਲ ਜੁੜੇ ਕਾਰਖਾਨੇ, ਜੋ ਐਮ.ਐਸ.ਜੀ. ਦੇ ਨਾਂ ਹੇਠ ਖੁਰਾਕ ਪਦਾਰਥ ਤੇ ਹੋਰ ਘਰੇਲੂ ਸਾਮਾਨ ਦੀ ਸਮੱਗਰੀ ਤਿਆਰ ਕਰਦੇ ਸਨ, ਨੂੰ ਹੁਣ ਤਾਲੇ ਲੱਗੇ ਹੋਏ ਹਨ। ਡੇਰੇ ਦੀ ਬੇਕਰੀ ਵੀ ਬੰਦ ਪਈ ਹੈ। ਡੇਰੇ ਦੀ ਆਈਸਕਰੀਮ ਬਣਾਉਣ ਵਾਲੀ ਫੈਕਟਰੀ ਵੀ ਬੰਦ ਹੈ ਤੇ ਆਈਸਕਰੀਮ ਵੇਚਣ ਲਈ ਤਿਆਰ ਕੀਤੀਆਂ ਰੇਹੜੀਆਂ ਡੇਰੇ ਦੇ ਰੈਸਟੋਰੈਂਟ ਵਿਚ ਧੂੜ ਫੱਕ ਰਹੀਆਂ ਹਨ।

ਸਭ ਤੋਂ ਜ਼ਿਆਦਾ ਗਹਿਮਾ-ਗਹਿਮੀ ਡੇਰੇ ਦੇ ਸ਼ਾਪਿੰਗ ਮਾਲ ਤੇ ਸਿਨੇਮਾ ਘਰ 'ਚ ਹੁੰਦੀ ਸੀ, ਪਰ ਹੁਣ ਇਥੇ ਤਾਲੇ ਲੱਗ ਗਏ ਹਨ। ਸਿਨੇਮੇ ਦੇ ਬਾਹਰ ਡੇਰਾ ਮੁਖੀ ਦੀ ਫਿਲਮ 'ਜੱਟੂ ਇੰਜੀਨੀਅਰ' ਦੇ ਪੋਸਟਰ ਤਾਂ ਲੱਗੇ ਹੋਏ ਹਨ, ਪਰ ਇਥੇ ਕੋਈ ਪਰਿੰਦਾ ਤੱਕ ਨਜ਼ਰ ਨਹੀਂ ਆਉਂਦਾ। ਇਥੇ ਬਣੇ ਰੈਸਟੋਰੈਂਟ 'ਚ ਪਹਿਲਾਂ ਕਤਾਰਾਂ ਲੱਗੀਆਂ ਰਹਿੰਦੀਆਂ ਸਨ, ਪਰ ਹੁਣ ਬੰਦ ਹੋਣ ਕਾਰਨ ਚਾਰੇ ਪਾਸੇ ਮਿੱਟੀ ਹੀ ਮਿੱਟੀ ਨਜ਼ਰ ਆਉਂਦੀ ਹੈ।

ਡੇਰਾ ਮੁਖੀ ਦੀ ਫਿਲਮ 'ਜੱਟੂ ਇੰਜੀਨੀਅਰ' ਦੇ ਪੋਸਟਰ ਸਿਨੇਮੇ ਤੋਂ ਇਲਾਵਾ ਡੇਰੇ ਦੇ ਹੋਰ ਸੰਸਥਾਨਾਂ ਉਤੇ ਵੀ ਲੱਗੇ ਹੋਏ ਹਨ, ਪਰ ਸਿਨੇਮਾ ਬੰਦ ਹੋਣ ਕਾਰਨ ਹੁਣ ਇਸ ਨੂੰ ਵੇਖਣ ਜਾਂ ਚਲਾਉਣ ਵਾਲਾ ਕੋਈ ਨਹੀਂ। ਡੇਰੇ ਦਾ ਸ਼ਾਹ ਸਤਨਾਮ ਜੀ ਪੈਸ਼ਲਿਟੀ ਹਸਪਤਾਲ ਖੁੱਲ੍ਹਾ ਤਾਂ ਗਿਆ ਹੈ, ਪਰ ਹੁਣ ਇਥੇ ਕੁਝ ਕੁ ਲੋਕਾਂ ਨੂੰ ਛੱਡ ਕੇ ਪਹਿਲਾਂ ਵਾਂਗ ਕੋਈ ਮਰੀਜ਼ ਵਿਖਾਈ ਨਹੀਂ ਦਿੰਦਾ। ਹਸਪਤਾਲ ਦੀ ਵੱਡੀ ਆਲੀਸ਼ਾਨ ਇਮਾਰਤ ਨੂੰ ਡੇਰਾ ਪ੍ਰਬੰਧਕ ਮੈਡੀਕਲ ਕਾਲਜ ਦਾ ਦਰਜਾ ਦਿਵਾਉਣਾ ਚਾਹੁੰਦੇ ਸਨ ਤੇ ਮੈਡੀਕਲ ਕਾਲਜ ਲਈ ਹਰਿਆਣਾ ਸਰਕਾਰ ਨੇ ਹਾਮੀ ਵੀ ਭਰ ਦਿੱਤੀ ਸੀ, ਪਰ ਡੇਰਾ ਮੁਖੀ ਦੇ ਜੇਲ੍ਹ ਜਾਂਦੇ ਹੀ ਸਾਰੀ ਖੇਡ ਖਤਮ ਹੋ ਗਈ। ਡੇਰੇ ਵਿਚ ਕੰਮ ਕਰਨ ਵਾਲੇ ਜਿਹੜੇ ਲੋਕ ਆਪਣੇ ਜੱਦੀ-ਪੁਸ਼ਤੀ ਸਥਾਨਾਂ ਤੋਂ ਸਭ ਕੁਝ ਵੇਚ ਕੇ ਡੇਰੇ 'ਚ ਸਥਾਈ ਤੌਰ ਉਤੇ ਆ ਕੇ ਵਸੇ ਸਨ, ਹੁਣ ਉਨ੍ਹਾਂ ਨੂੰ ਆਪਣਾ ਭਵਿੱਖ ਹਨੇਰੇ 'ਚ ਨਜ਼ਰ ਆ ਰਿਹਾ ਹੈ। ਉਨ੍ਹਾਂ ਦੇ ਸਾਹਮਣੇ ਆਪਣਾ ਜੀਵਨ ਮੁੜ ਸ਼ੁਰੂ ਕਰਨ ਦਾ ਸੰਕਟ ਖੜ੍ਹਾ ਹੋ ਗਿਆ ਹੈ। ਡੇਰੇ ਦੀ ਕਾਲੋਨੀ ਵਿਚ ਫਲੈਟ ਤੇ ਕੋਠੀਆਂ ਵੀ ਅੱਜ-ਕੱਲ੍ਹ ਅੱਧੀਆਂ ਤੋਂ ਵੱਧ ਖਾਲੀ ਨਜ਼ਰ ਆ ਰਹੀਆਂ ਹਨ। ਜਿਹੜੀਆਂ ਦੁਕਾਨਾਂ ਜਾਂ ਸੰਸਥਾਨ ਖੁੱਲ੍ਹ ਵੀ ਗਏ ਹਨ ਉਥੇ ਵੀ 80 ਫੀਸਦੀ ਕਰਮਚਾਰੀਆਂ ਦੀ ਛੁੱਟੀ ਕਰ ਦਿੱਤੀ ਗਈ ਹੈ। ਹੁਣ ਜ਼ਿਆਦਾਤਰ ਸੰਸਥਾਨ ਬੰਦ ਹੋਣ ਤੇ ਡੇਰੇ 'ਚ ਪ੍ਰੇਮੀਆਂ ਦੇ ਨਾ ਆਉਣ ਨਾਲ ਸੜਕ ਉਤੇ ਆ ਚੁੱਕੇ ਹਜ਼ਾਰਾਂ ਲੋਕ ਆਪਣਾ ਘਰ ਚਲਾਉਣ ਲਈ ਰੁਜ਼ਗਾਰ ਦੀ ਤਲਾਸ਼ 'ਚ ਭਟਕ ਰਹੇ ਹਨ।

ਡੇਰੇ ਦੀਆਂ ਦੁਕਾਨਾਂ ਤੇ ਕਈ ਸੰਸਥਾਨ ਡੇਰੇ ਦੇ ਪੁਰਾਣੇ ਪ੍ਰੇਮੀਆਂ ਨੂੰ ਹਿੱਸੇਦਾਰੀ ਉਤੇ ਦਿੱਤੇ ਗਏ ਸਨ। ਮਤਲਬ, ਦੁਕਾਨਾਂ ਤੇ ਸੰਸਥਾਨ ਡੇਰੇ ਦੇ ਸਨ ਤੇ ਉਨ੍ਹਾਂ 'ਚ ਸਾਮਾਨ ਪਾਉਣ ਤੇ ਚਲਾਉਣ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਪ੍ਰੇਮੀਆਂ ਨੂੰ ਦਿੱਤੀ ਗਈ ਸੀ। ਮੁਨਾਫੇ ਵਿਚ ਦੁਕਾਨਾਂ ਤੇ ਸੰਸਥਾਨ ਚਲਾਉਣ ਵਾਲੇ ਪ੍ਰੇਮੀਆਂ ਨੂੰ ਕੁਝ ਫੀਸਦੀ ਮੁਨਾਫਾ ਦੇਣ ਤੋਂ ਬਾਅਦ ਬਾਕੀ ਦਾ ਸਾਰਾ ਮੁਨਾਫਾ ਡੇਰਾ ਪ੍ਰਬੰਧਕਾਂ ਕੋਲ ਜਾਂਦਾ ਸੀ। ਹੁਣ ਇਨ੍ਹਾਂ ਸੰਸਥਾਨਾਂ 'ਚ ਕੰਮ ਕਰਨ ਵਾਲੇ ਇਕਾ-ਦੁੱਕਾ ਕਰਮਚਾਰੀਆਂ ਦੀ ਤਨਖਾਹ ਤੇ ਬਿਜਲੀ ਦੇ ਬਿੱਲਾਂ ਦਾ ਖਰਚਾ ਕੱਢਣਾ ਵੀ ਮੁਸ਼ਕਲ ਹੋ ਗਿਆ ਹੈ। ਡੇਰਾ ਮੁਖੀ ਪਿਛਲੇ ਕਈ ਸਾਲਾਂ ਤੋਂ ਇਕ ਤੋਂ ਬਾਅਦ ਇਕ ਫਿਲਮ ਦਾ ਨਿਰਮਾਣ ਕਰਨ 'ਚ ਲੱਗਾ ਹੋਇਆ ਸੀ ਜਿਸ ਲਈ ਉਸ ਨੇ ਦੱਖਣੀ ਸੂਬਿਆਂ ਤੋਂ ਪੱਕੇ ਤੌਰ ਉਤੇ ਇਥੇ ਲਿਆ ਕੇ ਇਕ ਪ੍ਰੋਡਕਸ਼ਨ ਯੂਨਿਟ ਵੀ ਤਿਆਰ ਕੀਤੀ ਸੀ ਜਿਸ 'ਚ ਤਕਨੀਕੀ ਮਾਹਰਾਂ ਦੀ ਟੀਮ ਵੀ ਸ਼ਾਮਲ ਸੀ ਤੇ ਡੇਰੇ ਦੇ ਨਾਲ ਹੀ ਵਿਸ਼ਾਲ ਸਟੂਡੀਓ ਦਾ ਵੀ ਇੰਤਜ਼ਾਮ ਕੀਤਾ ਗਿਆ ਸੀ। ਰਾਮ ਰਹੀਮ ਦੇ ਜੇਲ੍ਹ ਜਾਂਦਿਆਂ ਹੀ ਨਾ ਸਿਰਫ ਡੇਰੇ ਦੀ ਰੌਣਕ ਗਾਇਬ ਹੋ ਗਈ, ਸਗੋਂ ਡੇਰੇ ਦੇ ਜ਼ਿਆਦਾਤਰ ਸੰਸਥਾਨਾਂ, ਬੇਕਰੀ, ਫੈਕਟਰੀ, ਕਾਰਖਾਨੇ, ਪ੍ਰਿੰਟਿੰਗ ਪ੍ਰੈੱਸ, ਫਿਲਮ ਪ੍ਰੋਡਕਸ਼ਨ ਯੂਨਿਟ, ਫਾਰਮੇਸੀ, ਸ਼ਾਪਿੰਗ ਮਾਲ, ਸਿਨੇਮਾ, ਬਾਜ਼ਾਰ ਦੀਆਂ ਜ਼ਿਆਦਾਤਰ ਦੁਕਾਨਾਂ ਤੇ ਡੇਰੇ ਨਾਲ ਜੁੜੇ ਸੰਸਥਾਨ ਬੰਦ ਹੋ ਗਏ, ਜਿਸ ਕਾਰਨ ਤਕਨੀਕੀ ਸਟਾਫ ਤੇ ਸਹਾਇਕ ਕਲਾਕਾਰ ਬੇਰੁਜ਼ਗਾਰ ਹੁੰਦੇ ਹੀ ਵਾਪਸ ਆਪਣੇ ਘਰਾਂ ਨੂੰ ਚਲੇ ਗਏ ਹਨ।

### ਡੇਰਾ ਮੁਖੀ ਦੇ ਜੇਲ੍ਹ ਜਾਣ ਪਿੱਛੋਂ ਡੇਰੇ ਦਾ ਕਾਰੋਬਾਰ ਠੱਪ





### ਰਾਮ ਰਹੀਮ ਨੂੰ ਭਜਾਉਣ ਦੀ ਸੀ ਤਿਆਰੀ



**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਦੋ ਸਾਧਵੀਆਂ ਨਾਲ ਬਲਾਤਕਾਰ ਦੇ ਮਾਮਲੇ ਵਿਚ 25 ਅਗਸਤ ਨੂੰ ਦੋਸ਼ੀ ਕਰਾਰ ਦੇਣ ਮਗਰੋਂ ਪੰਚਕੂਲਾ ਵਿਚ ਹਨੀਪ੍ਰੀਤ ਤੇ ਉਸ ਦੇ ਸਾਥੀਆਂ ਨੇ ਦੰਗਿਆਂ ਦੀ ਆੜ ਵਿਚ ਬਾਬੇ ਨੂੰ ਫਰਾਰ ਕਰ ਕੇ ਹਰਿਆਣਾ ਸਰਕਾਰ ਦਾ ਤਖਤਾ ਪਲਟਣ ਦੀ ਕੋਸ਼ਿਸ਼ ਕੀਤੀ ਸੀ। ਇਹ ਖੁਲਾਸਾ ਹਰਿਆਣਾ ਪੁਲਿਸ ਨੇ ਹਨੀਪ੍ਰੀਤ ਖਿਲਾਫ ਦਾਇਰ ਚਾਰਜਸ਼ੀਟ ਵਿਚ ਕੀਤਾ ਹੈ। ਇਸ ਵਿਚ ਹਨੀਪ੍ਰੀਤ ਤੇ ਉਸ ਦੇ ਸਾਥੀਆਂ ਖਿਲਾਫ ਦੇਸ਼ ਧ੍ਰੋਹ ਤੇ ਪੰਚਕੂਲਾ ਵਿਚ ਹੋਏ ਦੰਗਿਆਂ ਦੀ ਸਾਜ਼ਿਸ਼ ਦੇ ਦੋਸ਼ ਲੱਗੇ ਸਨ। ਇਹ ਸਾਜ਼ਿਸ਼ ਹਨੀਪ੍ਰੀਤ, ਆਦਿੱਤਿਆ ਇੰਸਾ, ਪਵਨ ਇੰਸਾ, ਦਾਨ ਸਿੰਘ, ਰਾਕੇਸ਼, ਦਿਲਾਵਰ ਇੰਸਾ, ਚਮਕੌਰ ਸਿੰਘ, ਮਹਿੰਦਰ ਸਿੰਘ, ਗੋਬੀ ਰਾਮ, ਜਸਪਾਲ, ਗੋਪਾਲ, ਸੁਰਿੰਦਰ, ਅਰਸ਼ ਅਰੋੜਾ ਤੇ ਹੋਰ ਕਈ ਸਾਥੀਆਂ ਨੇ 17 ਅਗਸਤ, 2017 ਨੂੰ ਹੀ ਰਚ ਲਈ ਸੀ। ਪੁਲਿਸ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਰਾਮ ਰਹੀਮ ਨੂੰ ਪੁਲਿਸ ਹਿਰਾਸਤ ਵਿਚੋਂ ਭਜਾਉਣ ਦਾ ਪਹਿਲਾ ਇਸ਼ਾਰਾ ਹਨੀਪ੍ਰੀਤ ਨੇ ਹੀ ਦਿੱਤਾ ਸੀ। ਪੰਚਕੂਲਾ ਵਿਚ ਦੰਗੇ ਕਰਾਉਣ ਵਾਸਤੇ ਹਨੀਪ੍ਰੀਤ ਨੇ ਆਦਿੱਤਿਆ ਇੰਸਾ, ਪਵਨ ਇੰਸਾ ਤੇ ਗੋਬੀ ਰਾਮ ਨੂੰ 25-25 ਲੱਖ ਦਿੱਤੇ ਸੀ ਤੇ ਰਾਮ ਸਿੰਘ ਚੇਅਰਮੈਨ ਨੂੰ 18 ਲੱਖ ਦਿੱਤੇ ਸੀ। ਦੰਗੇ ਕਰਾਉਣ ਲਈ ਡੇਰੇ ਵਿਚੋਂ ਆਏ ਪੈਸੇ ਦਾ ਇਕ ਹਿੱਸਾ 24 ਲੱਖ 80 ਹਜ਼ਾਰ 500 ਰੁਪਏ ਪੁਲਿਸ ਨੇ ਸੈਕਟਰ 12 ਪੰਚਕੂਲਾ ਦੀ ਇਕ ਕੋਠੀ ਦੀ ਬੇਸਮੈਂਟ ਵਿਚੋਂ ਬਰਾਮਦ ਕੀਤੇ ਸੀ।

## ਕੈਨੇਡਾ 'ਚ ਗੁਰਦੁਆਰੇ ਦਾ ਸਾਬਕਾ ਮੁਖੀ ਪਤਨੀ ਦੀ ਹੱਤਿਆ ਦਾ ਦੋਸ਼ੀ ਕਰਾਰ



**ਟੋਰਾਂਟੋ:** ਸਰੀ ਦੇ ਬਰੁੱਕਸਾਈਡ ਗੁਰਦੁਆਰੇ ਦੇ ਸਾਬਕਾ ਪ੍ਰਧਾਨ ਬਲਦੇਵ ਸਿੰਘ ਕਲਸੀ ਨੂੰ ਪਤਨੀ ਨਰਿੰਦਰ ਕੌਰ ਦੀ ਹੱਤਿਆ ਲਈ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਹੈ। ਕਲਸੀ ਨੇ ਜੁਰਮ ਕਬੂਲਦਿਆਂ ਕਿਹਾ ਹੈ ਕਿ ਉਸ ਦੀ ਮਾਰਕੁੱਟ ਕਰ ਕੇ ਹੀ 2014 'ਚ ਪਤਨੀ ਦੀ ਮੌਤ ਹੋਈ ਸੀ। ਅਦਾਲਤ 'ਚ ਪੇਸ਼ ਹੋਏ ਕਲਸੀ ਨੇ ਆਪਣਾ ਜੁਰਮ ਕਬੂਲ ਕਰ ਲਿਆ। ਉਸ ਨੂੰ ਅਗਲੇ ਸਾਲ 22 ਫਰਵਰੀ ਨੂੰ ਸਜ਼ਾ ਸੁਣਾਈ ਜਾਵੇਗੀ। ਕਲਸੀ ਦੀ ਪਤਨੀ ਨਰਿੰਦਰ ਕੌਰ 13 ਜੁਲਾਈ 2014 ਨੂੰ ਘਰ 'ਚ ਜ਼ਖ਼ਮੀ ਮਿਲੀ ਸੀ।

ਉਸ ਨੂੰ ਨਾਜ਼ੁਕ ਹਾਲਤ 'ਚ ਹਸਪਤਾਲ ਦਾਖਲ ਕਰਵਾਇਆ ਗਿਆ ਸੀ ਜਿਥੇ ਕੁਝ ਦਿਨਾਂ ਮਗਰੋਂ ਉਸ ਦੀ ਮੌਤ ਹੋ ਗਈ। ਕਲਸੀ ਨੂੰ ਗ੍ਰਿਫਤਾਰ ਕਰ ਕੇ ਉਸ ਉਤੇ ਮਾਰਕੁੱਟ ਕਰਨ ਅਤੇ ਫਿਰ ਕਤਲ ਦੀ ਕੋਸ਼ਿਸ਼ ਦੀ ਧਾਰਾ ਜੋੜੀ ਗਈ। ਸੀ.ਬੀ.ਸੀ. ਨਿਊਜ਼ ਦੀ ਰਿਪੋਰਟ ਮੁਤਾਬਕ ਪਤਨੀ ਦੀ ਮੌਤ ਮਗਰੋਂ ਉਸ 'ਤੇ ਹੱਤਿਆ ਦਾ ਮੁਕੱਦਮਾ ਦਰਜ ਕੀਤਾ ਗਿਆ। ਪਿਛਲੇ ਸਾਲ ਸਰੀ ਦੀ ਅਦਾਲਤ ਵਿਚ ਉਸ ਨੇ ਆਪਣੇ ਆਪ ਨੂੰ ਬੇਕਸੂਰ ਦੱਸਿਆ ਸੀ।

## ਅਪਰਾਧੀ ਨੇ ਜੱਜਾਂ ਸਾਹਮਣੇ ਜ਼ਹਿਰ ਪੀ ਕੇ ਦਿੱਤੀ ਜਾਨ

**ਹੇਗ:** ਬੋਸਨੀਆ ਦੇ ਸਾਬਕਾ ਫੌਜੀ ਕਮਾਂਡਰ ਅਤੇ ਜੰਗੀ ਅਪਰਾਧੀ ਸਲੋਬੋਦਾਨ ਪ੍ਰਾਲਿਏਕ ਨੇ ਕੌਮਾਂਤਰੀ ਅਦਾਲਤ 'ਚ ਸੁਣਵਾਈ ਦੌਰਾਨ ਜ਼ਹਿਰ ਪੀ ਲਿਆ। ਇਸ ਪਿੱਛੋਂ ਉਸ ਨੂੰ ਹਸਪਤਾਲ ਲਿਆਂਦਾ ਗਿਆ ਜਿਥੇ ਉਸ ਦੀ ਮੌਤ ਹੋ ਗਈ। ਨੀਦਰਲੈਂਡ ਦੀ ਪੁਲਿਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸੁਣਵਾਈ ਦਾ ਸਿੱਧਾ ਪ੍ਰਸਾਰਣ ਕੀਤਾ ਜਾ ਰਿਹਾ ਸੀ।



ਪ੍ਰਾਲਿਏਕ ਬੋਸਨੀਆ ਯੋਏਸ਼ੀਆ ਦੇ ਉਨ੍ਹਾਂ ਛੇ ਸਿਆਸਤਦਾਨਾਂ ਅਤੇ ਫੌਜੀ ਅਧਿਕਾਰੀਆਂ ਵਿਚ ਸ਼ਾਮਲ ਸੀ ਜਿਨ੍ਹਾਂ ਦਾ ਮਾਮਲਾ ਕੌਮਾਂਤਰੀ ਅਪਰਾਧ ਅਦਾਲਤ 'ਚ ਚੱਲ ਰਿਹਾ ਸੀ। ਸਲੋਬੋਦਾਨ ਨੂੰ ਬੋਸਨੀਆ ਖਾਨਾਜੰਗੀ ਅਪਰਾਧਾਂ ਲਈ 2013 'ਚ 20 ਸਾਲ ਦੀ ਸਜ਼ਾ ਸੁਣਾਈ ਗਈ ਸੀ। ਸਜ਼ਾ ਖਿਲਾਫ ਆਖਰੀ ਅਪੀਲ 'ਤੇ ਸੁਣਵਾਈ ਹੋ ਰਹੀ ਸੀ। ਅਦਾਲਤ ਵੱਲੋਂ ਸਜ਼ਾ ਬਰਕਰਾਰ ਦੇ ਫੈਸਲੇ ਤੋਂ ਬਾਅਦ ਸਲੋਬੋਦਾਨ ਨੇ ਸ਼ੀਸ਼ੀ ਵਿਚੋਂ ਕੋਈ ਤਰਲ ਪਦਾਰਥ ਮੂੰਹ 'ਚ ਪਾ ਲਿਆ ਅਤੇ ਕਿਹਾ ਕਿ ਉਸ ਨੇ ਜ਼ਹਿਰ ਪੀ ਲਈ ਹੈ।

## ਮਹਿਲਾ ਯਾਤਰੀ ਤੇ ਏਅਰ ਇੰਡੀਆ ਦੀ ਮੁਲਾਜ਼ਮ ਹੋਏ ਹੱਥੋ-ਪਾਈ


**ਨਵੀਂ ਦਿੱਲੀ:** ਰਾਜਧਾਨੀ ਦਿੱਲੀ ਦੇ ਇੰਦਰਾ ਗਾਂਧੀ ਅੰਤਰ-ਰਾਸ਼ਟਰੀ ਹਵਾਈ ਅੱਡੇ ਉਤੇ ਇਕ ਮਹਿਲਾ ਯਾਤਰੀ ਤੇ ਏਅਰ ਇੰਡੀਆ ਦੀ ਡਿਊਟੀ ਮੈਨੇਜਰ ਨੇ ਇਕ ਦੂਜੇ ਨੂੰ ਥੱਪੜ ਮਾਰੇ। ਮਹਿਲਾ ਯਾਤਰੀ ਨੂੰ ਦੇਰ ਨਾਲ ਆਉਣ ਉਤੇ ਬੋਰਡਿੰਗ ਤੋਂ ਮਨ੍ਹਾਂ ਕਰ ਦਿੱਤਾ ਗਿਆ ਸੀ, ਜਿਸ ਕਾਰਨ ਇਹ ਘਟਨਾ ਵਾਪਰੀ।

ਏਅਰ ਇੰਡੀਆ ਦੇ ਬੁਲਾਰੇ ਨੇ ਕਿਹਾ ਕਿ ਕਾਊਂਟਰ ਉਤੇ ਇਕ ਕਰਮਚਾਰੀ ਨੇ ਮਹਿਲਾ ਯਾਤਰੀ ਨੂੰ ਦੱਸਿਆ ਕਿ ਉਹ ਚੈਕ-ਇਨ ਨਹੀਂ ਕਰ ਸਕਦੀ, ਕਿਉਂਕਿ ਉਹ ਉਡਾਣ ਲਈ ਦੇਰੀ ਨਾਲ ਪੁੱਜੀ ਹੈ। ਇਸ ਦੇ ਬਾਅਦ ਦੋਵਾਂ ਵਿਚ ਬਹਿਸ ਹੋ ਗਈ ਅਤੇ ਕਰਮਚਾਰੀ ਨੇ ਮਹਿਲਾ ਨੂੰ ਡਿਊਟੀ ਮੈਨੇਜਰ ਕੋਲ ਜਾਣ ਨੂੰ ਕਿਹਾ ਅਤੇ ਫਿਰ ਬਹਿਸ ਝਗੜੇ ਵਿਚ ਬਦਲ ਗਈ।

ਏਅਰ ਲਾਈਨ ਦੇ ਸੂਤਰਾਂ ਨੇ ਕਿਹਾ ਕਿ ਯਾਤਰੀ ਨੇ ਡਿਊਟੀ ਮੈਨੇਜਰ ਨੂੰ ਥੱਪੜ ਮਾਰ ਦਿੱਤਾ। ਡਿਊਟੀ ਮੈਨੇਜਰ ਨੇ ਬਦਲੇ ਵਿਚ ਥੱਪੜ ਮਾਰਿਆ। ਬਾਅਦ ਵਿਚ ਯਾਤਰੀ ਅਤੇ ਏਅਰ ਇੰਡੀਆ ਦੀ ਕਰਮਚਾਰੀ ਦੋਵਾਂ ਨੇ ਇਕ ਦੂਜੇ ਤੋਂ ਮੁਆਫੀ ਮੰਗੀ ਅਤੇ ਮੁੱਦੇ ਦਾ ਦੋਸਤਾਨਾ ਤਰੀਕੇ ਨਾਲ ਹੱਲ ਕੱਢਿਆ।

## ਯੂਬਾ ਸਿਟੀ 'ਚ ਪਹਿਲੀ ਸਿੱਖ ਔਰਤ ਬਣੀ ਮੇਅਰ

**ਯੂਬਾ ਸਿਟੀ:** ਪ੍ਰੀਤ ਡਿਡਬਾਲ ਪਹਿਲੀ ਸਿੱਖ ਔਰਤ ਹੈ ਜੋ ਯੂਬਾ ਸਿਟੀ ਦੀ ਮੇਅਰ ਚੁਣੀ ਗਈ ਹੈ। ਉਹ ਮੌਜੂਦਾ ਸਮੇਂ ਵਾਈਸ ਮੇਅਰ ਵਜੋਂ ਸੇਵਾਵਾਂ ਨਿਭਾ ਰਹੀ ਹੈ। ਪ੍ਰੀਤ ਡਿਡਬਾਲ ਕਾਲਜ ਤੋਂ ਗ੍ਰੈਜੂਏਸ਼ਨ ਕਰਨ ਵਾਲੀ ਪਰਿਵਾਰ ਦੀ ਪਹਿਲੀ ਮੈਂਬਰ ਹੈ। ਪ੍ਰੀਤ ਦੀ ਪ੍ਰਾਪਤੀ ਉਤੇ ਅਮਰੀਕਾ ਵਿਚ ਸਿੱਖ ਭਾਈਚਾਰੇ ਤੇ ਸਿੱਖ



ਜਥੇਬੰਦੀਆਂ ਵਿਚ ਖੁਸ਼ੀ ਦੀ ਲਹਿਰ ਹੈ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਕਈ ਸਿੱਖ ਨੌਜਵਾਨ ਅਮਰੀਕਾ ਵਿਚ ਅਹਿਮ ਪ੍ਰਾਪਤੀਆਂ ਕਰ ਚੁੱਕੇ ਹਨ। ਇਨ੍ਹਾਂ ਵਿਚ ਰਵੀ ਭੱਲਾ ਦਾ ਨਾਮ ਅਹਿਮ ਹੈ, ਜੋ ਇਸ ਮਹੀਨੇ ਦੇ ਸ਼ੁਰੂ ਵਿਚ ਹੀ ਮੇਅਰ ਬਣੇ ਹਨ।

## ਅਪਰਾਧਾਂ ਦੀ ਗਿਣਤੀ ਪੱਖੋਂ ਉਤਰ ਪ੍ਰਦੇਸ਼ ਤੇ ਦਿੱਲੀ ਸਿਖਰ ਉਤੇ

**ਚੰਡੀਗੜ੍ਹ:** ਕੌਮੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੀ ਸਾਲ 2016 ਦੀ ਰਿਪੋਰਟ ਜਾਰੀ ਹੋ ਗਈ ਹੈ। ਅਪਰਾਧਾਂ ਦੀ ਗਿਣਤੀ ਪੱਖੋਂ ਉਤਰ ਪ੍ਰਦੇਸ਼ ਤੇ ਦਿੱਲੀ ਸਿਖਰ ਉਤੇ ਹਨ। ਬਲਾਤਕਾਰ ਦੇ 40 ਫੀਸਦੀ ਕੇਸ ਇਕੱਲੇ ਦਿੱਲੀ ਵਿਚ ਸਾਹਮਣੇ ਆਏ ਹਨ। ਚੰਡੀਗੜ੍ਹ ਦੇਸ਼ ਦਾ ਸਭ ਤੋਂ ਖ਼ੂਬਸੂਰਤ ਸ਼ਹਿਰ ਹੋਣ ਦਾ ਦਾਅਵਾ ਕਰਦਾ ਹੈ, ਪਰ ਬਿਰਧਾਂ ਲਈ ਇਹ ਕੇਂਦਰੀ ਪ੍ਰਦੇਸ਼ ਬਹੁਤ ਸੁਖਾਵੀਂ ਥਾਂ ਨਹੀਂ। ਭ੍ਰਿਸ਼ਟਾਚਾਰ ਨਾਲ ਸਬੰਧਤ ਮਾਮਲਿਆਂ ਪੱਖੋਂ ਮਹਾਰਾਸ਼ਟਰ ਮੋਹਰੀ ਹੈ ਜਦੋਂਕਿ ਦਲਿਤਾਂ ਉਤੇ ਜ਼ਿਆਦਤੀਆਂ ਪੱਖੋਂ ਉਤਰ ਪ੍ਰਦੇਸ਼ ਹੋਰਨਾਂ ਸਾਰੇ ਰਾਜਾਂ ਨੂੰ ਪਿੱਛੇ ਛੱਡ ਚੁੱਕਾ ਹੈ।





ਹਰਿਆਣਾ ਵਿਚ ਬੱਚੀਆਂ, ਕਿਸ਼ੋਰੀਆਂ, ਮੁਟਿਆਰਾਂ ਤੇ ਵਿਆਹੁਤਾ ਔਰਤਾਂ ਲਈ ਸਭ ਤੋਂ ਵੱਧ ਭਲਾਈ ਸਕੀਮਾਂ ਚੱਲ ਰਹੀਆਂ ਹਨ, ਪਰ ਇਸਤਰੀਆਂ ਖਿਲਾਫ ਅਪਰਾਧਾਂ ਪੱਖੋਂ ਇਹ ਰਾਜ ਛੇਵੇਂ ਸਥਾਨ ਉਤੇ ਹੈ। 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਦੇ ਆਗਾਜ਼ ਵਾਲੇ ਇਸ ਰਾਜ ਵਿਚ ਬੇਟੀਆਂ ਨਾਲ ਅਪਰਾਧਾਂ ਦੇ 9839 ਕੇਸ, ਦਾਅਵਿਆਂ ਤੇ ਅਸਲੀਅਤ ਦਰਮਿਆਨ ਅੰਤਰ ਦਾ ਸਿੱਧਾ ਸਬੂਤ ਹਨ।

ਪੰਜਾਬ ਅੰਦਰ ਬਲਾਤਕਾਰ ਦੇ 838 ਕੇਸ ਅਤੇ ਔਰਤਾਂ ਨਾਲ ਅਪਰਾਧਾਂ ਦੇ 5106 ਮਾਮਲੇ ਸਾਹਮਣੇ ਆਏ ਹਨ। ਉਂਜ, ਰਾਜ ਲਈ ਚੰਗੇਰਾ ਪੱਖ ਸਿਰਫ ਇਹ ਹੈ ਕਿ ਇਸਤਰੀਆਂ ਨਾਲ ਅਪਰਾਧਾਂ ਦੇ 24.3 ਕੇਸਾਂ ਵਿਚ ਮੁਲਜ਼ਮਾਂ ਨੂੰ ਅਦਾਲਤਾਂ ਨੇ ਦੋਸ਼ੀ ਠਹਿਰਾਇਆ ਅਤੇ ਸਜ਼ਾਵਾਂ ਦਿੱਤੀਆਂ ਜਦੋਂਕਿ ਕੌਮੀ ਪੱਧਰ ਉਤੇ ਇਹ ਦਰ 14.7 ਫੀਸਦੀ ਹੈ।

## ਮੰਗਲ 'ਤੇ ਜੀਵਨ ਵਿਕਸਤ ਕਰਨ ਦੀ ਆਸ ਜਾਗੀ

**ਲੰਡਨ:** ਵਿਗਿਆਨੀਆਂ ਦੀ ਨਵੀਂ ਖੋਜ ਨਾਲ ਮੰਗਲ ਗ੍ਰਹਿ ਉਤੇ ਮਾਨਵ ਜੀਵਨ ਦੇ ਵਿਕਸਤ ਹੋਣ ਦੀ ਆਸ ਜਾਗੀ ਹੈ। ਅਸਲ ਵਿਚ ਇਨਸਾਨਾਂ ਨਾਲ ਰਹਿਣ ਵਾਲੇ ਜੀਵ ਮੰਗਲ ਦੀ ਮਿੱਟੀ 'ਚ ਜ਼ਿੰਦਾ ਰਹਿਣ ਵਿਚ ਕਾਮਯਾਬ ਰਹੇ। ਹਾਲੈਂਡ ਦੀ ਵੇਗਨਿੰਗਨ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਨਾਸਾ ਵੱਲੋਂ ਉਪਲਬਧ ਕਰਾਈ ਗਈ ਮੰਗਲ ਗ੍ਰਹਿ ਦੀ ਮਿੱਟੀ ਵਿਚ ਰੁਕੋਲਾ ਨਾਂ ਦੇ ਬੂਟੇ ਨੂੰ ਫੁੱਟਦੇ ਦੇਖਿਆ।



ਇਸ ਦੇ ਬਾਅਦ ਮਿੱਟੀ 'ਚ ਖਾਦ ਪਾਈ ਗਈ। ਤਜਰਬੇ ਦੇ ਅਖੀਰ 'ਚ ਵਿਗਿਆਨੀਆਂ ਨੇ ਪਾਇਆ ਕਿ ਮਿੱਟੀ 'ਚ ਦੋ ਹੋਰ ਗਡੋਏ ਪੈਦਾ ਹੋਏ। ਇਸ ਤੋਂ ਸਾਫ ਹੋ ਗਿਆ ਕਿ ਲਾਲ ਗ੍ਰਹਿ 'ਤੇ ਵੀ ਮਾਨਵ ਜੀਵਨ ਲਈ ਸਭ ਤੋਂ ਜ਼ਰੂਰੀ ਅਨਾਜ ਉਗਾਇਆ ਜਾ ਸਕਦਾ ਹੈ। ਖੇਤੀ ਕਰਨ ਲਈ ਗਡੋਇਆਂ ਦਾ ਹੋਣਾ ਜ਼ਰੂਰੀ ਹੈ ਕਿਉਂਕਿ ਇਹ ਜੈਵਿਕ ਰਹਿੰਦ ਖੂੰਹਦ ਨੂੰ ਖਾਦ ਵਿਚ ਬਦਲਦੇ ਹਨ। ਉਹ ਮਿੱਟੀ ਦੇ ਅੰਦਰ ਟੋਏ ਬਣਾ ਕੇ ਇਸ ਨੂੰ ਉਪਜਾਊ ਬਣਾਉਂਦੇ ਹਨ।

ਇਸ ਨਾਲ ਦਰਖਤ-ਬੂਟਿਆਂ ਤੱਕ ਪਾਣੀ ਵੀ ਪਹੁੰਚ ਜਾਂਦਾ ਹੈ। ਗਿਆਨੀਆਂ ਮੁਤਾਬਕ, ਉਨ੍ਹਾਂ ਨੇ ਪੁਰਾਣੀ ਖੋਜ ਵਿਚ ਪਾਇਆ ਸੀ ਕਿ ਮੰਗਲ ਗ੍ਰਹਿ ਦੀ ਮਿੱਟੀ ਪਾਣੀ ਨੂੰ ਸੁਕਾਉਣ ਵਿਚ ਉਨੀ ਸਮਰੱਥ ਨਹੀਂ ਹੈ। ਗਡੋਏ ਦੇ ਵਿਕਾਸ ਨਾਲ ਇਸ ਸਮੱਸਿਆ ਦਾ ਨਿਪਟਾਰਾ ਹੋ ਗਿਆ ਹੈ। ਹੁਣ ਮੰਗਲ ਗ੍ਰਹਿ 'ਤੇ ਕਾਇਮ ਗੁਰੂਤਾ ਆਕਰਸ਼ਨ ਵਾਲੀ ਸਥਿਤੀ 'ਚ ਗਡੋਏ ਸਮੇਤ ਹੋਰ ਜੀਵਾਂ ਨੂੰ ਵਿਕਸਿਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

# ਗੁਜਰਾਤ ਚੋਣਾਂ ਨੂੰ ਚੜ੍ਹਿਆ ਜਾਤੀ ਰੰਗ

**ਅਹਿਮਦਾਬਾਦ:** ਜਾਤ ਆਧਾਰ ਉਤੇ ਵੱਡੀਆਂ ਲਹਿਰਾਂ ਉਠਣ ਮਗਰੋਂ ਸਿਆਸੀ ਪਾਰਟੀਆਂ ਵੱਲੋਂ ਇਸੇ ਆਧਾਰ ਉਤੇ ਟਿਕਟਾਂ ਵੰਡਣ ਨਾਲ ਇਹ ਮੁੱਦਾ ਇਸ ਵਾਰ ਵੀ ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਕੇਂਦਰ ਬਿੰਦੂ ਬਣਿਆ ਰਹੇਗਾ।

ਭਾਜਪਾ ਤੇ ਕਾਂਗਰਸ ਦੋਵਾਂ ਨੇ ਚੋਣਾਂ ਲਈ ਟਿਕਟਾਂ ਦੀ ਵੰਡ ਕਰਦਿਆਂ ਜਾਤ ਗਣਿਤ ਨੂੰ ਧਿਆਨ ਵਿਚ ਰੱਖਿਆ। ਭਾਜਪਾ ਨੇ ਇਸ ਵਾਰ 50 ਪਾਟੀਦਾਰ ਮੈਦਾਨ ਵਿਚ ਉਤਾਰੇ ਹਨ, ਜਦੋਂ ਕਿ ਕਾਂਗਰਸ ਨੇ ਇਸ ਭਾਈਚਾਰੇ ਦੇ 41 ਮੈਂਬਰਾਂ ਉਤੇ ਦਾਅ ਖੇਡਿਆ ਹੈ। ਸੱਤਾਧਾਰੀ ਪਾਰਟੀ ਨੇ ਹੋਰ ਪਛੜੀਆਂ ਸ਼੍ਰੇਣੀਆਂ ਦੇ 58 ਉਮੀਦਵਾਰਾਂ ਨੂੰ ਟਿਕਟ ਦਿੱਤੀ, ਜਦੋਂ ਕਿ ਮੁੱਖ ਵਿਰੋਧੀ ਧਿਰ ਨੇ ਇਨ੍ਹਾਂ ਸ਼੍ਰੇਣੀਆਂ ਦੇ 62 ਉਮੀਦਵਾਰਾਂ ਨੂੰ ਨਾਮਜ਼ਦ ਕੀਤਾ ਹੈ। ਕਾਂਗਰਸ ਨੇ 14 ਦਲਿਤਾਂ ਨੂੰ ਕਿਸਮਤ ਅਜ਼ਮਾਉਣ ਦਾ ਮੌਕਾ ਦਿੱਤਾ, ਜਦੋਂ ਕਿ ਭਾਜਪਾ ਨੇ 13 ਦਲਿਤਾਂ ਉਤੇ ਦਾਅ ਖੇਡਿਆ ਹੈ।

ਸਿਆਸੀ ਪੰਡਤਾਂ ਮੁਤਾਬਕ ਇਹ ਵਿਧਾਨ ਸਭਾ ਚੋਣ ਚਾਰ ਤੋਂ ਪੰਜ ਫੀਸਦੀ ਵੱਧ ਵੋਟ ਹਿੱਸਾ ਹਾਸਲ ਕਰਨ ਦੀ ਲੜਾਈ ਹੈ। ਸਿਆਸੀ ਵਿਸ਼ਲੇਸ਼ਕ ਅਛੂਤ ਯਾਗਨਿਕ ਅਨੁਸਾਰ ਸਿਰਫ ਚਾਰ ਤੋਂ ਪੰਜ ਫੀਸਦੀ ਵੋਟਾਂ ਇਧਰ-ਉਧਰ ਹੋਣਾ ਕਾਂਗਰਸ ਲਈ ਮੈਦਾਨ ਮਾਰਨ ਦਾ ਸਬੱਬ ਬਣੇਗਾ। ਯਾਗਨਿਕ ਨੇ ਕਿਹਾ ਕਿ "ਜੇ ਤੁਸੀਂ 2002, 2007 ਅਤੇ 2012 ਦਾ ਵੋਟ ਹਿੱਸਾ ਦੇਖੋ ਤਾਂ ਕਾਂਗਰਸ ਨੂੰ ਤਕਰੀਬਨ 40 ਫੀਸਦੀ ਵੋਟਾਂ ਪਈਆਂ, ਜਦੋਂ ਕਿ ਭਾਜਪਾ ਨੂੰ ਹਰ ਵਾਰ 49 ਫੀਸਦੀ ਵੋਟਾਂ ਮਿਲੀਆਂ। ਹੁਣ ਸਿਰਫ ਚਾਰ ਜਾਂ ਪੰਜ ਫੀਸਦੀ ਵੋਟਾਂ ਇਧਰ-ਉਧਰ ਹੋਣੀਆਂ ਕਾਂਗਰਸ ਲਈ ਖਾਸ ਤੌਰ ਉਤੇ ਲਾਹੇਵੰਦ ਹੋਣਗੀਆਂ।

## ਮਾਲਿਆ ਹਵਾਲਗੀ ਮਾਮਲੇ 'ਚ ਮੁਕੱਦਮਾ ਸ਼ੁਰੂ

**ਲੰਡਨ:** ਕਾਲੇ ਧਨ ਨੂੰ ਚਿੱਟਾ ਕਰਨ ਤੇ ਨੌਂ ਹਜ਼ਾਰ ਕਰੋੜ ਰੁਪਏ ਦੇ ਗਬਨ ਦੇ ਦੋਸ਼ 'ਚ ਭਾਰਤ ਨੂੰ ਲੋੜੀਂਦੇ ਸ਼ਰਾਬ ਕਾਰੋਬਾਰੀ ਵਿਜੈ ਮਾਲਿਆ ਦੀ ਹਵਾਲਗੀ ਮਾਮਲੇ ਵਿਚ ਯੂਕੇ ਦੀ ਅਦਾਲਤ 'ਚ ਸੁਣਵਾਈ ਸ਼ੁਰੂ ਹੋ ਗਈ। ਅਦਾਲਤੀ ਕਾਰਵਾਈ 14 ਦਸੰਬਰ ਤੱਕ ਮੁਕੰਮਲ ਹੋਣ ਦਾ ਅਨੁਮਾਨ ਹੈ।

# ਵਿਦੇਸ਼ ਜਾਣ ਦੇ ਸੁਪਨੇ ਨੇ ਦੋ ਨੌਜਵਾਨ ਜੇਲ੍ਹ ਪਹੁੰਚਾਏ



**ਮਾਛੀਵਾੜਾ:** ਵਿਦੇਸ਼ ਜਾਣ ਦੇ ਸੁਪਨੇ ਨੇ ਦੋ ਪੰਜਾਬੀ ਨੌਜਵਾਨਾਂ ਨੂੰ ਜੇਲ੍ਹ ਪਹੁੰਚਾ ਦਿੱਤਾ। ਪਿੰਡ ਮਾਣੇਵਾਲ ਦੇ ਨੌਜਵਾਨ ਪ੍ਰਗਟ ਸਿੰਘ ਤੇ ਦੋਬੁਰਜੀ ਵਾਸੀ ਹਰਪ੍ਰੀਤ ਸਿੰਘ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਇਕ ਟਰੈਵਲ ਏਜੰਟ ਨੇ ਦੋ ਲੱਖ 60 ਹਜ਼ਾਰ ਲੈ ਕੇ ਉਨ੍ਹਾਂ ਨੂੰ ਰੁਜ਼ਗਾਰ ਲਈ ਮਲੇਸ਼ੀਆ ਭੇਜਿਆ ਸੀ, ਪਰ ਉਥੇ ਉਨ੍ਹਾਂ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ। ਉਹ ਬਹੁਤ ਮੁਸ਼ਕਲ ਨਾਲ ਵਤਨ ਪਰਤੇ ਹਨ।

ਪਿੰਡ ਮਾਣੇਵਾਲ ਦਾ ਵਸਨੀਕ ਜਿਹੜਾ ਕਿ ਇਕ ਧਾਰਮਿਕ ਸਥਾਨ ਉਤੇ ਸੇਵਾ ਕਰਦਾ ਹੈ, ਨੇ ਉਨ੍ਹਾਂ ਨੂੰ ਪਿੰਡ ਰਾਣਵਾਂ ਦੇ ਇਕ ਵਿਅਕਤੀ ਨਾਲ ਮਿਲਾਇਆ, ਜਿਹੜਾ ਖੁਦ ਨੂੰ ਟਰੈਵਲ ਏਜੰਟ ਦੱਸਦਾ ਸੀ। ਉਸ ਨੇ ਮਲੇਸ਼ੀਆ 'ਚ ਰੁਜ਼ਗਾਰ ਦਿਵਾਉਣ ਦਾ ਭਰੋਸਾ ਦਿੱਤਾ ਸੀ ਤੇ 1 ਲੱਖ 30 ਹਜ਼ਾਰ ਰੁਪਏ ਪ੍ਰਤੀ ਨੌਜਵਾਨ ਉਸ ਏਜੰਟ ਨੂੰ ਦੇਣੇ ਤੈਅ ਹੋਏ ਸਨ। ਉਸ ਨੇ 50-50 ਹਜ਼ਾਰ ਰੁਪਏ ਉਨ੍ਹਾਂ ਤੋਂ ਪਹਿਲਾਂ ਵਸੂਲ ਕਰ ਲਏ ਅਤੇ 15 ਦਿਨਾਂ ਦੇ ਅੰਦਰ-ਅੰਦਰ ਮਲੇਸ਼ੀਆ ਪਹੁੰਚਾਉਣ ਦਾ ਵਾਅਦਾ ਕੀਤਾ। ਵਾਅਦੇ ਮੁਤਾਬਕ ਬਾਕੀ 80 ਹਜ਼ਾਰ ਰੁਪਏ ਵੀ ਉਨ੍ਹਾਂ ਨੇ ਪਿੰਡ ਮਾਣੇਵਾਲ ਵਾਲੇ ਵਿਅਕਤੀ ਨੂੰ ਦੇ ਦਿੱਤੇ ਤੇ ਇਕ ਇਕਰਾਰਨਾਮਾ ਵੀ ਤਿਆਰ ਕੀਤਾ ਗਿਆ। ਇਕਰਾਰਨਾਮੇ ਮੁਤਾਬਕ ਜੇ ਦੋਵਾਂ ਨੌਜਵਾਨਾਂ ਨੂੰ ਮਲੇਸ਼ੀਆ ਵਿਚ ਰੁਜ਼ਗਾਰ ਨਾ ਦਿਵਾਇਆ ਗਿਆ ਤਾਂ ਪੈਸੇ ਵਾਪਸ ਕੀਤੇ ਜਾਣਗੇ।

17 ਨਵੰਬਰ 2017 ਨੂੰ ਮਲੇਸ਼ੀਆ ਪੁੱਜ ਗਏ ਅਤੇ ਟਰੈਵਲ ਏਜੰਟ 'ਕੱਲਾ ਹੀ ਬਾਹਰ ਨਿਕਲ ਗਿਆ ਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਦੋਵੇਂ ਨੌਜਵਾਨਾਂ ਨੂੰ ਰੋਕ ਲਿਆ। ਪੁਲਿਸ ਨੇ ਉਨ੍ਹਾਂ ਦੇ ਬੈਗ, ਫੋਨ, ਪਰਸ ਸਮੇਤ ਸਾਰਾ ਸਾਮਾਨ ਜ਼ਬਤ ਕਰ ਲਿਆ ਅਤੇ ਉਨ੍ਹਾਂ ਜੇਲ੍ਹ 'ਚ ਡੱਕ ਦਿੱਤਾ ਗਿਆ। ਨੌਜਵਾਨਾਂ ਨੇ ਦੱਸਿਆ ਕਿ ਉਹ ਬਹੁਤ ਮੁਸ਼ਕਲ ਨਾਲ ਉਥੋਂ ਦੇ ਕਰਮਚਾਰੀਆਂ ਨੂੰ ਪੈਸੇ ਦੇ ਕੇ ਜੇਲ੍ਹ ਵਿਚੋਂ ਛੁੱਟੇ ਅਤੇ 22 ਨਵੰਬਰ 2017 ਨੂੰ ਵਾਪਸ ਆਪਣੇ ਘਰ ਪੁੱਜੇ। ਇਥੇ ਆ ਕੇ ਉਨ੍ਹਾਂ ਨੂੰ ਪਤਾ ਲੱਗਿਆ ਕਿ ਟਰੈਵਲ ਏਜੰਟ ਤਾਂ 2 ਦਿਨ ਪਹਿਲਾਂ ਹੀ ਵਾਪਸ ਭਾਰਤ ਆ ਗਿਆ ਸੀ। ਜਦੋਂ ਉਨ੍ਹਾਂ ਨੇ ਟਰੈਵਲ ਏਜੰਟ ਤੇ ਸੌਦਾ ਕਰਵਾਉਣ ਵਾਲੇ ਤੋਂ ਪੈਸੇ ਵਾਪਸ ਮੰਗੇ ਤਾਂ ਉਨ੍ਹਾਂ ਨੇ ਨੌਜਵਾਨਾਂ ਨੂੰ ਧਮਕੀਆਂ ਦਿੱਤੀਆਂ।

## ਮਾਤਾ ਭੁਪਿੰਦਰ ਕੌਰ ਸੁਰਗਵਾਸ

**ਫਰਿਜ਼ਨੋ (ਬਿਊਰੋ):** ਮਾਤਾ ਭੁਪਿੰਦਰ ਕੌਰ (ਪਤਨੀ ਸ. ਬਰਜਿੰਦਰ ਸਿੰਘ) ਬੀਤੀ 28 ਨਵੰਬਰ ਨੂੰ ਅਕਾਲ ਚਲਾਣਾ ਕਰ ਗਏ। ਉਹ 80 ਸਾਲਾਂ ਦੇ ਸਨ ਅਤੇ ਪਿਛਲੇ 15 ਸਾਲ ਤੋਂ



ਅਮਰੀਕਾ ਰਹਿ ਰਹੇ ਸਨ। ਉਹ ਪਿਛੋਂ ਪਿੰਡ ਸਦੋਵਾਲ, ਜਿਲ੍ਹਾ ਬਰਨਾਲਾ ਤੋਂ ਸਨ। ਉਹ ਕ੍ਰਦਰਜ਼ ਵਾਸੀ ਸ. ਪਰਦਮਨ ਸਿੰਘ ਦੇ ਭੈਣ ਅਤੇ ਸ. ਬਲਜਿੰਦਰ ਸਿੰਘ ਗਰੇਵਾਲ ਦੇ ਭੂਆ ਜੀ ਸਨ।

ਸਵਰਗੀ ਭੁਪਿੰਦਰ ਕੌਰ ਦਾ ਅੰਤਿਮ ਸੰਸਕਾਰ 9 ਦਸੰਬਰ ਨੂੰ ਸਵੇਰੇ 11 ਤੋਂ ਇਕ ਵਜੇ ਦਰਮਿਆਨ ਇਥੇ ਸ਼ਾਂਤ ਭਵਨ ਫਿਊਨਰਲ ਹੋਮ ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਇਥੇ ਗੁਰਦੁਆਰਾ ਨਾਨਕਸਰ, ਚੈਰੀ ਐਵਨਿਊ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਕੁਲਦੀਪ ਸਿੰਘ ਗਿੱਲ ਫੋਨ: 559-916-2781 ਜਾਂ ਸਤਪਿੰਦਰ ਸਿੰਘ ਗਿੱਲ ਨਾਲ ਫੋਨ: 661-377-6688 ਰਾਹੀਂ ਕੀਤਾ ਜਾ ਸਕਦਾ ਹੈ।


RJ Cargo Inc.

ਡਰਾਈਵਰ, ਓਨਰ ਆਪਰੇਟਰ ਅਤੇ ਟੀਮ ਡਰਾਈਵਰ ਚਾਹੀਦੇ ਹਨ

IN, OH, KY To NJ, NY, PA
Pays .44 Cents/Mile
IN, OH, KY To CA, AZ, TX, CO, KS, MO, AR, FL, GA
And Back Pays .42 Cents/Mile



ਟਰੱਕ ਚਲਾਉਣ ਦਾ ਘੱਟ ਤੋਂ ਘੱਟ ਡੇਢ ਸਾਲ ਦਾ ਤਜਰਬਾ ਹੋਵੇ

ਇੰਡੀਆਨਾ ਤੋਂ ਲੋਡ ਚੁੱਕ ਕੇ ਇੰਡੀਆਨਾ, ਮਿਸ਼ੀਗਨ, ਕੈਨਟੱਕੀ ਤੇ ਓਹਾਇਓ ਛੱਡ ਕੇ ਆਉਣ ਤੇ ਵਾਪਸ ਚੁੱਕ ਕੇ ਲਿਆਉਣ ਲਈ ਡਰਾਈਵਰ ਚਾਹੀਦੇ ਹਨ। .50 ਸੈਂਟ ਪ੍ਰਤੀ ਮੀਲ
ਅਸੀਂ ਹਰ ਸ਼ੁੱਕਰਵਾਰ ਅਦਾਇਗੀ ਕਰਦੇ ਹਾਂ ਅਤੇ ਸਾਲ ਦੇ ਅਖੀਰ ਵਿਚ 1099 ਦਿੰਦੇ ਹਾਂ। ਕੋਈ ਪੈਸਾ ਰੋਕ ਕੇ ਨਹੀਂ ਰੱਖਦੇ

ਸੰਪਰਕ ਕਰੋ: ਸੁਰਜੀਤ ਸਿੰਘ
ਫੋਨ: 317-702-2803 ਜਾਂ 317-215-4536

49-52



Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com





ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਓਬਾਮਾ ਵੱਲੋਂ ਮੋਦੀ ਨੂੰ ਮੁੜ ਧਾਰਮਿਕ ਸਹਿਣਸ਼ੀਲਤਾ ਦੀ ਨਸੀਹਤ

## ਮੁਲਕ ਵਿਚ ਮੁਸਲਮਾਨਾਂ ਦੀ ਕਦਰ ਕਰਨ ਲਈ ਆਖਿਆ



**ਨਵੀਂ ਦਿੱਲੀ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਮੋਦੀ ਸਰਕਾਰ ਨੂੰ ਨਸੀਹਤ ਦਿੱਤੀ ਹੈ ਕਿ ਉਹ ਮੁਲਕ ਦੇ ਮੁਸਲਮਾਨਾਂ ਦੀ ਕਦਰ ਕਰੇ ਅਤੇ ਉਨ੍ਹਾਂ ਦਾ ਧਿਆਨ ਰੱਖੇ ਜਿਹੜੇ ਆਪਣੇ ਆਪ ਨੂੰ ਮੁਲਕ ਨਾਲ ਜੁੜਿਆ ਹੋਇਆ ਅਤੇ ਭਾਰਤੀ ਮੰਨਦੇ ਹਨ। ਹਿੰਦੁਸਤਾਨ ਟਾਈਮਜ਼ ਲੀਡਰਸ਼ਿਪ ਸਮਿੱਟ 'ਚ ਸਾਬਕਾ ਰਾਸ਼ਟਰਪਤੀ ਨੇ ਕਿਹਾ ਕਿ ਇਹ ਇਕ ਵਿਚਾਰ ਹੈ ਜਿਸ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

ਸ੍ਰੀ ਓਬਾਮਾ ਨੇ ਕਿਹਾ ਕਿ 2015 ਵਿਚ ਭਾਰਤ ਦੌਰੇ ਮੌਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਬੰਦ ਕਮਰੇ 'ਚ ਉਨ੍ਹਾਂ ਧਾਰਮਿਕ ਸਹਿਣਸ਼ੀਲਤਾ ਅਤੇ ਧਰਮ ਦੀ ਆਜ਼ਾਦੀ ਦੇ ਹੱਕ ਉਤੇ ਜ਼ੋਰ ਦਿੱਤਾ ਸੀ। ਸਾਲ 2009 ਤੋਂ 2017 ਦਰਮਿਆਨ ਅਮਰੀਕਾ ਦੇ 44ਵੇਂ ਰਾਸ਼ਟਰਪਤੀ ਰਹੇ ਓਬਾਮਾ ਨੇ ਆਪਣੇ ਦੌਰੇ ਦੇ ਆਖਰੀ ਦਿਨ ਲੋਕਾਂ ਨਾਲ ਗੱਲਬਾਤ ਦੌਰਾਨ ਅਜਿਹੇ ਹੀ ਵਿਚਾਰ ਪ੍ਰਗਟਾਏ ਸਨ। ਭਾਰਤ ਨਾਲ ਜੁੜੇ ਇਕ ਸਵਾਲ ਦੇ ਜਵਾਬ ਵਿਚ ਸ੍ਰੀ ਓਬਾਮਾ ਨੇ ਮੁਲਕ ਦੀ ਵੱਡੀ ਮੁਸਲਿਮ ਆਬਾਦੀ ਦਾ ਜ਼ਿਕਰ ਕੀਤਾ, ਜੋ ਸਫਲ, ਜੁੜੀ ਹੋਈ ਅਤੇ ਆਪਣੇ ਆਪ ਨੂੰ ਭਾਰਤੀ ਮੰਨਦੀ ਹੈ।ਉਨ੍ਹਾਂ ਕਿਹਾ ਕਿ ਕੁਝ ਹੋਰ ਮੁਲਕਾਂ 'ਚ ਅਜਿਹਾ ਨਹੀਂ ਹੈ। ਸਾਬਕਾ ਰਾਸ਼ਟਰਪਤੀ ਨੇ ਲੋਕਾਂ ਨਾਲ ਮੁਖਾਤਬ ਹੁੰਦਿਆਂ ਕਈ ਮੁੱਦਿਆਂ ਉਤੇ ਆਪਣੀ ਗੱਲ ਰੱਖੀ। ਇਸ ਦੌਰਾਨ ਨਰੇਂਦਰ ਮੋਦੀ ਤੇ ਮਨਮੋਹਨ ਸਿੰਘ ਨਾਲ ਆਪਣੇ ਸਬੰਧਾਂ ਬਾਰੇ, ਅਤਿਵਾਦ, ਪਾਕਿਸਤਾਨ, ਓਸਾਮਾ ਦੀ ਤਲਾਸ਼ ਤੇ ਭਾਰਤ ਦੀ ਦਾਲ ਤੇ ਕੀਮੇ ਬਾਰੇ ਵੀ ਗੱਲ ਕੀਤੀ। ਓਬਾਮਾ ਅਮਰੀਕਾ ਦੇ ਪਹਿਲੇ ਅਸ਼ਵੇਤ ਰਾਸ਼ਟਰਪਤੀ ਹਨ। ਓਬਾਮਾ ਨੇ ਕਿਹਾ ਕਿ ਉਨ੍ਹਾਂ ਸਾਲ 2015 ਵਿਚ ਬਤੌਰ ਰਾਸ਼ਟਰਪਤੀ ਭਾਰਤ ਦੀ ਆਪਣੀ ਆਖਰੀ ਫੇਰੀ ਦੌਰਾਨ ਪ੍ਰਧਾਨ ਮੰਤਰੀ ਮੋਦੀ ਨਾਲ ਬੰਦ ਕਮਰੇ 'ਚ ਹੋਈ ਗੱਲਬਾਤ ਦੌਰਾਨ ਧਾਰਮਿਕ ਸਹਿਣਸ਼ੀਲਤਾ ਦੀ ਜ਼ਰੂਰਤ ਤੇ ਕਿਸੇ ਵੀ ਪੰਥ ਨੂੰ ਨਾ ਮੰਨਣ ਦੇ ਅਧਿਕਾਰ ਉਤੇ ਜ਼ੋਰ ਦਿੱਤਾ ਸੀ। ਭਾਰਤ ਨਾਲ ਜੁੜੇ ਇਕ ਸਵਾਲ 'ਚ ਓਬਾਮਾ ਨੇ ਮੁਲਕ ਦੀ ਵੱਡੀ ਮੁਸਲਿਮ ਅਬਾਦੀ ਦਾ ਜ਼ਿਕਰ ਕੀਤਾ ਹੈ, ਜਿਹੜੀ ਖੁਦ ਨੂੰ ਦੇਸ਼ ਦੇ ਨਾਲ ਜੁੜਿਆ ਹੋਇਆ ਤੇ ਭਾਰਤੀ ਮੰਨਦੀ ਹੈ। ਓਬਾਮਾ ਨੇ ਕਿਹਾ ਕਿ ਕਈ ਮੁਲਕਾਂ ਵਿਚ ਅਜਿਹਾ ਨਹੀਂ ਹੈ।

### ਡਾ. ਮਨਮੋਹਨ ਸਿੰਘ ਦਾ ਮੁਰੀਦ ਹੈ ਓਬਾਮਾ



ਬਰਾਕ ਓਬਾਮਾ ਨੇ ਸਾਬਕਾ ਪ੍ਰਧਾਨ ਮੰਤਰੀ ਅਤੇ ਅਰਥ ਸ਼ਾਸਤਰੀ ਡਾ. ਮਨਮੋਹਨ ਸਿੰਘ ਦੀਆਂ ਆਰਥਿਕ ਨੀਤੀਆਂ ਨੂੰ ਕਾਰਗਰ ਕਰਾਰ ਦਿੰਦਿਆਂ ਉਨ੍ਹਾਂ ਦੀ ਖੂਬ ਸ਼ਲਾਘਾ ਕੀਤੀ। ਓਬਾਮਾ ਨੇ ਡਾ. ਮਨਮੋਹਨ ਸਿੰਘ ਦੀਆਂ ਨੀਤੀਆਂ ਨੂੰ ਉਸ ਸਮੇਂ ਲਈ ਢੁਕਵਾਂ ਦੱਸਿਆ ਜਦੋਂ ਪੂਰਾ ਵਿਸ਼ਵ ਹੀ ਇਕ ਮੁਸ਼ਕਿਲ ਭਾਵ ਸਾਲ 2008 ਦੀ ਆਰਥਿਕ ਮੰਦੀ ਦੇ ਦੌਰ ਵਿਚੋਂ ਲੰਘ ਰਿਹਾ ਸੀ। ਓਬਾਮਾ ਨੇ ਲੀਡਰਸ਼ਿਪ ਸੰਮੇਲਨ ਵਿਚ ਆਪਣੇ 'ਬਹੁਤ ਅੱਛੇ ਦੋਸਤ' ਡਾ. ਸਿੰਘ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਆਧੁਨਿਕ ਭਾਰਤੀ ਅਰਥਚਾਰੇ ਦਾ ਮੋਢੀ ਕਰਾਰ ਦਿੱਤਾ।

## ਭੋਪਾਲ ਗੈਸ ਹਾਦਸਾ: ਇਨਸਾਫ ਲਈ ਉਡੀਕ ਹੋਈ ਲੰਮੀ




**ਭੋਪਾਲ:** ਭੋਪਾਲ ਗੈਸ ਹਾਦਸੇ ਦੇ 33 ਸਾਲਾਂ ਮਗਰੋਂ ਵੀ ਪੀੜਤਾਂ ਨੂੰ ਯੋਗ ਮੁਆਵਜ਼ੇ ਦੀ ਉਡੀਕ ਹੈ। ਜ਼ਹਿਰੀਲੀ ਗੈਸ ਦੀ ਮਾਰ ਹੇਠ ਆ ਕੇ ਰੋਗਾਂ ਨਾਲ ਗ੍ਰਸੇ ਲੋਕਾਂ ਨੂੰ ਅੱਜ ਵੀ ਵਾਜਬ ਇਲਾਜ ਤੇ ਯੋਗ ਮੁਆਵਜ਼ੇ ਲਈ ਲੜਨਾ ਪੈ ਰਿਹਾ ਹੈ। ਸਨਅਤੀ ਆਫਤ ਦਾ ਬੱਟ ਸਹਿਣ ਵਾਲੇ ਲੋਕਾਂ ਤੇ ਮ੍ਰਿਤਕਾਂ ਦੇ ਪੀੜਤ ਪਰਿਵਾਰਾਂ ਨੇ ਇਕ ਪਟੀਸ਼ਨ ਸਾਈਨ ਕਰ ਕੇ ਸੁਪਰੀਮ ਕੋਰਟ ਵਿਚ ਦਾਖਲ ਕਰਨ ਦਾ ਫੈਸਲਾ ਕੀਤਾ ਹੈ। ਪਟੀਸ਼ਨ ਵਿਚ ਵੱਧ ਮੁਆਵਜ਼ੇ ਦੀ ਮੰਗ ਲਈ ਦਸੰਬਰ 2010 ਵਿਚ ਸਰਕਾਰ ਵੱਲੋਂ ਦਾਇਰ ਕਿਊਰੇਟਿਵ ਪਟੀਸ਼ਨ ਉਤੇ ਸੁਣਵਾਈ ਸ਼ੁਰੂ ਕਰਨ ਦੀ ਮੰਗ ਕੀਤੀ ਗਈ ਹੈ।

ਰਾਜ ਦੇ ਭੋਪਾਲ ਗੈਸ ਹਾਦਸਾ ਰਾਹਤ ਤੇ ਮੁੜ ਵਸੇਬਾ ਮੰਤਰੀ ਵਿਸ਼ਵਾਸ ਸਾਰੰਗ ਦਾ ਕਹਿਣਾ ਹੈ ਕਿ 'ਵਿਸ਼ਵ ਦੇ ਸਭ ਤੋਂ ਵੱਡੇ ਸਨਅਤੀ ਹਾਦਸੇ' ਦੇ ਪੀੜਤਾਂ ਨੂੰ ਅਮਰੀਕਾ ਅਧਾਰਿਤ ਯੂਨੀਅਨ ਕਾਰਬਾਈਡ ਕਾਰਪੋਰੇਸ਼ਨ (ਯੂ.ਸੀ.ਸੀ.) ਨੇ ਅਜੇ ਤੱਕ ਯੋਗ ਮੁਆਵਜ਼ਾ ਨਹੀਂ ਦਿੱਤਾ। ਅੱਜ ਕੱਲ੍ਹ ਇਸ ਕੈਮੀਕਲ ਪਲਾਂਟ ਉਤੇ ਡੋਅ ਕੈਮੀਕਲਜ਼ ਦਾ ਕਬਜ਼ਾ ਹੈ। ਮੰਤਰੀ ਨੇ ਦਾਅਵਾ ਕੀਤਾ ਕਿ ਕਾਂਗਰਸ ਦੀ ਅਗਵਾਈ ਵਾਲੀ ਤਤਕਾਲੀਨ ਕੇਂਦਰ ਸਰਕਾਰ ਦੀ ਦਿਲਚਸਪੀ ਬਹੁਕੌਮੀ ਕੰਪਨੀ ਦੇ ਮਾਲਕ ਵਾਰੈੱਨ ਐਂਡਰਸਨ ਦਾ ਗਿਰੇਬਾਨ ਫੜਨ ਦੀ ਥਾਂ ਉਸ ਨੂੰ ਮੁਲਕ ਵਿਚੋਂ ਬਾਹਰ ਕੱਢਣ ਵੱਲ ਵਧੇਰੇ ਸੀ। ਸਾਰੰਗ ਨੇ ਕਿਹਾ ਕਿ ਕਿਊਰੇਟਿਵ ਪਟੀਸ਼ਨ 'ਚ ਯੂ.ਸੀ.ਸੀ. ਤੋਂ ਪੀੜਤਾਂ ਦੀ ਭਲਾਈ ਲਈ 1000 ਕਰੋੜ ਰੁਪਏ ਦਾ ਮੁਆਵਜ਼ਾ ਮੰਗਿਆ ਗਿਆ ਹੈ।

ਭੋਪਾਲ ਗੈਸ ਪੀੜਤ ਮਹਿਲਾ ਉਦਯੋਗ ਸੰਗਠਨ ਦੇ ਕਨਵੀਨਰ ਅਬਦੁਲ ਜੱਬਾਰ, ਜੋ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਗੈਸ ਪੀੜਤਾਂ ਲਈ ਕੰਮ ਕਰ ਰਹੇ ਹਨ, ਨੇ ਕਿਹਾ ਕਿ 2 ਤੇ 3 ਦਸੰਬਰ 1984 ਦੀ ਵਿਚਕਾਰਲੀ ਰਾਤ ਨੂੰ ਗੈਸ ਲੀਕ ਹੋਣ ਕਰ ਕੇ ਵਾਪਰੇ ਭਾਣੇ ਮਗਰੋਂ ਯੂ.ਸੀ.ਸੀ. ਨੇ 715 ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ ਸੀ। ਇਸ ਹਾਦਸੇ ਵਿਚ ਤਿੰਨ ਹਜ਼ਾਰ ਲੋਕ ਫੌਤ ਜਦਕਿ 1.02 ਲੱਖ ਲੋਕ ਅਸਿੱਧੇ ਤੌਰ ਉਤੇ ਅਸਰ ਅੰਦਾਜ਼ ਹੋਏ ਸੀ।

ਜੱਬਾਰ ਨੇ ਕਿਹਾ ਉਨ੍ਹਾਂ ਇਸ ਨਿਗੂਣੇ ਮੁਆਵਜ਼ੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਹੈ। ਯਾਦ ਰਹੇ ਕਿ ਭੋਪਾਲ ਦੀ ਅਦਾਲਤ ਨੇ ਯੂ.ਸੀ.ਸੀ. ਦੇ ਮਾਲਕ ਐਂਡਰਸਨ ਖਿਲਾਫ਼ 1992 ਤੇ 2009 ਵਿਚ ਗੈਰ ਜ਼ਮਾਨਤੀ ਵਰੰਟ ਕੱਢੇ ਸਨ। ਐਂਡਰਸਨ ਨੂੰ ਪਹਿਲੀ ਫਰਵਰੀ 1992 ਨੂੰ ਭਗੌੜਾ ਐਲਾਨਿਆ ਗਿਆ ਸੀ। ਐਂਡਰਸਨ ਦੀ ਸਤੰਬਰ 2014 ਵਿਚ ਮੌਤ ਹੋ ਚੁੱਕੀ ਹੈ।

## ਇਸ ਵਰ੍ਹੇ ਭਾਰਤ ਤੇ ਪਾਕਿ ਨੇ ਸਭ ਤੋਂ ਵੱਧ ਕੀਤੀ ਜੰਗਬੰਦੀ ਦੀ ਉਲੰਘਣਾ

**ਨਵੀਂ ਦਿੱਲੀ:** ਪਾਕਿਸਤਾਨ ਨੇ ਇਸ ਸਾਲ ਜੰਮੂ-ਕਸ਼ਮੀਰ ਵਿਚ ਕੌਮਾਂਤਰੀ ਸਰਹੱਦ ਅਤੇ ਕੰਟਰੋਲ ਰੇਖਾ ਕੋਲ 700 ਤੋਂ ਜ਼ਿਆਦਾ ਵਾਰ ਜੰਗਬੰਦੀ ਦੀ ਉਲੰਘਣਾ ਕੀਤੀ ਹੈ। ਜੰਗਬੰਦੀ ਦੀ ਉਲੰਘਣਾ ਦਾ ਇਹ ਅੰਕੜਾ ਪਿਛਲੇ ਸੱਤ ਸਾਲਾਂ ਵਿਚ ਸਭ ਤੋਂ ਵੱਧ ਹੈ।

ਕੇਂਦਰੀ ਗ੍ਰਿਹਿ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਪਾਕਿਸਤਾਨੀ ਸੁਰੱਖਿਆ ਬਲਾਂ ਨੇ ਇਸ ਸਾਲ ਅਕਤੂਬਰ ਤੱਕ ਅੰਤਰਰਾਸ਼ਟਰੀ ਸਰਹੱਦ ਅਤੇ ਕੰਟਰੋਲ ਰੇਖਾ ਕੋਲ 720 ਵਾਰ ਜੰਗਬੰਦੀ ਦੀ ਉਲੰਘਣਾ ਕੀਤੀ ਜਦਕਿ ਸਾਲ 2016 'ਚ ਇਹ ਗਿਣਤੀ 449 ਸੀ। ਇਸ ਸਾਲ ਗੋਲਾਬਾਰੀ ਵਿਚ 12 ਸਥਾਨਕ ਨਾਗਰਿਕ ਅਤੇ 17 ਸੁਰੱਖਿਆ ਮੁਲਾਜ਼ਮ ਮਾਰੇ ਗਏ।

ਇਸ ਦੇ ਇਲਾਵਾ 79 ਸਥਾਨਕ ਨਾਗਰਿਕ ਅਤੇ 67 ਸੁਰੱਖਿਆ ਮੁਲਾਜ਼ਮ ਜ਼ਖ਼ਮੀ ਹੋਏ। ਪਿਛਲੇ ਸਾਲ ਜੰਗਬੰਦੀ ਉਲੰਘਣਾ ਦੀਆਂ 449 ਘਟਨਾਵਾਂ ਵਿਚ 13 ਸਥਾਨਕ ਨਾਗਰਿਕ ਅਤੇ 13 ਸੁਰੱਖਿਆ ਮੁਲਾਜ਼ਮ ਮਾਰੇ ਗਏ ਸਨ। ਇਸ ਦੇ ਇਲਾਵਾ 83 ਨਾਗਰਿਕ ਅਤੇ 99 ਸੁਰੱਖਿਆ ਮੁਲਾਜ਼ਮ ਜ਼ਖ਼ਮੀ ਹੋ ਗਏ ਸਨ।

ਅੰਤਰਰਾਸ਼ਟਰੀ ਸਰਹੱਦ, ਕੰਟਰੋਲ ਰੇਖਾ ਅਤੇ ਜੰਮੂ-ਕਸ਼ਮੀਰ ਵਿਚ ਵਾਸਤਵਿਕ ਜ਼ਮੀਨੀ ਸਥਿਤੀ ਰੇਖਾ (ਏ.ਜੀ.ਪੀ.ਐਲ.) ਕੋਲ ਦੋਹਾਂ ਦੇਸ਼ਾਂ ਵਿਚਕਾਰ ਜੰਗਬੰਦੀ ਨਵੰਬਰ 2003 ਤੋਂ ਹੋਂਦ ਵਿਚ ਆਈ ਸੀ।

ਪਾਕਿਸਤਾਨ ਨਾਲ ਭਾਰਤ ਦੀ 3,323 ਕਿਲੋਮੀਟਰ ਲੰਬੀ ਸਰਹੱਦ ਹੈ। ਇਸ ਵਿਚ ਜੰਮੂ-ਕਸ਼ਮੀਰ ਵਿਚ 221 ਕਿਲੋਮੀਟਰ ਅੰਤਰਰਾਸ਼ਟਰੀ ਸਰਹੱਦ ਅਤੇ 740 ਕਿਲੋਮੀਟਰ ਕੰਟਰੋਲ ਰੇਖਾ ਹੈ।

### ਜਦੋਂ ਮਰੇ ਅਫਸਰ ਦਾ ਹੀ ਕਰ ਦਿੱਤਾ ਤਬਾਦਲਾ

**ਲੁਧਿਆਣਾ:** ਪਿਛਲੇ ਮਹੀਨੇ ਪਲਾਸਟਿਕ ਫੈਕਟਰੀ ਵਿਚ ਅੱਗ ਲੱਗਣ ਕਾਰਨ ਮਾਰੇ ਗਏ ਚੀਫ ਸੈਨੇਟਰੀ ਇੰਸਪੈਕਟਰ ਲਕਸ਼ਮਣ ਦ੍ਰਾਵਿੜ ਦਾ ਸਥਾਨਕ ਸਰਕਾਰਾਂ ਵਿਭਾਗ, ਪੰਜਾਬ ਨੇ ਪਠਾਨਕੋਟ ਤੋਂ ਜਲੰਧਰ ਤਬਾਦਲਾ ਕਰ ਦਿੱਤਾ ਹੈ।

ਤਬਾਦਲੇ ਦੇ ਹੁਕਮ 30 ਨਵੰਬਰ ਨੂੰ ਜਾਰੀ ਕੀਤੇ ਗਏ ਹਨ। ਸਥਾਨਕ ਸਰਕਾਰਾਂ ਵਿਭਾਗ ਦੇ ਡਾਇਰੈਕਟਰ ਕਰਨੇਸ਼ ਸ਼ਰਮਾ ਦਾ ਕਹਿਣਾ ਹੈ ਕਿ ਇਹ ਕਲਰਕੀ ਗਲਤੀ ਹੈ ਅਤੇ ਇਹ ਹੁਕਮ ਪਹਿਲੀ ਦਸੰਬਰ ਤੋਂ ਸੋਧੇ ਜਾ ਚੁੱਕੇ ਹਨ।

## ਦਹਿਸ਼ਤੀਆਂ ਨੇ ਮੁੜ ਬਣਾਇਆ ਪਿਸ਼ਾਵਰ ਵਿਚ ਵਿਦਿਆਰਥੀਆਂ ਨੂੰ ਨਿਸ਼ਾਨਾ

**ਪਿਸ਼ਾਵਰ:** ਬੁਰਕਾ ਪਾ ਕੇ ਆਏ ਤਾਲਿਬਾਨ ਦਹਿਸ਼ਤਗਰਦਾਂ ਨੇ ਪਿਸ਼ਾਵਰ ਵਿਚ ਖੇਤੀ ਸਿਖਲਾਈ ਇੰਸਟੀਚਿਊਟ ਅੰਦਰ ਅੰਨ੍ਹੇਵਾਹ ਗੋਲੀਆਂ ਚਲਾ ਕੇ 12 ਵਿਅਕਤੀਆਂ ਨੂੰ ਮਾਰ ਦਿੱਤਾ ਜਿਨ੍ਹਾਂ ਵਿਚੋਂ ਅੱਧੇ ਵਿਦਿਆਰਥੀ ਹਨ।

ਹਮਲੇ 'ਚ 32 ਹੋਰ ਵਿਅਕਤੀ ਜ਼ਖ਼ਮੀ ਹੋਏ ਹਨ। ਬਾਅਦ 'ਚ ਸੁਰੱਖਿਆ ਬਲਾਂ ਨੇ ਤਿੰਨ ਦਹਿਸ਼ਤਗਰਦਾਂ ਨੂੰ ਮਾਰ ਮੁਕਾਇਆ। ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਨੇ ਹਮਲੇ ਦੀ ਜ਼ਿੰਮੇਵਾਰੀ ਕਬੂਲੀ ਹੈ। ਆਟੋ ਰਿਕਸ਼ਾ 'ਚ ਆਏ ਤਿੰਨ ਦਹਿਸ਼ਤਗਰਦਾਂ ਕੋਲ ਵੱਡੀ ਗਿਣਤੀ 'ਚ ਅਸਲਾ ਸੀ ਅਤੇ ਉਨ੍ਹਾਂ ਆਉਂਦੇ ਸਾਰ ਯੂਨੀਵਰਸਿਟੀ ਰੋਡ ਉਤੇ ਪੈਂਦੇ ਖੇਤੀ ਪਸਾਰ ਡਾਇਰੈਕਟੋਰੇਟ ਦੇ ਹੋਸਟਲ 'ਚ ਵਿਦਿਆਰਥੀਆਂ ਉਤੇ ਹਮਲਾ ਕਰ ਦਿੱਤਾ। ਈਦ-ਏ-ਮਿਲਾਦ ਦੀ ਛੁੱਟੀ ਹੋਣ ਕਰ ਕੇ ਇੰਸਟੀਚਿਊਟ ਬੰਦ ਪਿਆ ਸੀ ਪਰ ਫਿਰ ਵੀ ਹੋਸਟਲ ਵਿਚ ਤਕਰੀਬਨ 70 ਵਿਦਿਆਰਥੀ ਮੌਜੂਦ ਸਨ।

## ਵਤਨ ਪਰਤਣ ਵਾਲਿਆਂ ਲਈ ਜਰਮਨ ਸਰਕਾਰ ਵੱਲੋਂ ਵੱਡੀ ਪੇਸ਼ਕਸ਼

**ਬਰਲਿਨ:** ਸ਼ਰਨ ਲਈ ਜਰਮਨੀ ਆਏ ਜਿਨ੍ਹਾਂ ਲੋਕਾਂ ਦੇ ਕੇਸ ਰੱਦ ਕਰ ਦਿੱਤੇ ਗਏ, ਉਨ੍ਹਾਂ ਵਾਸਤੇ ਸਰਕਾਰ ਨੇ ਵਧੀਆ ਪੇਸ਼ਕਸ਼ ਰੱਖੀ ਹੈ। ਸਰਕਾਰ ਨੇ ਐਲਾਨ ਕੀਤਾ ਹੈ ਕਿ ਜੇ ਉਹ ਆਪਣੀ ਇੱਛਾ ਨਾਲ ਆਪਣੇ ਵਤਨਾਂ ਨੂੰ ਪਰਤਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ 3000 ਯੂਰੋ ਭਾਵ 4,527 ਡਾਲਰ ਦਿੱਤੇ ਜਾਣਗੇ।

ਗ੍ਰਿਹਿ ਮੰਤਰੀ ਦਾ ਕਹਿਣਾ ਹੈ ਕਿ ਲੋਕ 28 ਫਰਵਰੀ ਤੱਕ ਅਰਜ਼ੀ ਦੇ ਸਕਦੇ ਹਨ ਤੇ ਉਨ੍ਹਾਂ ਨੂੰ ਘਰ ਪਰਤਣ ਉਤੇ ਇਹ ਰਕਮ ਮਿਲ ਜਾਵੇਗੀ। ਜਿਹੜੇ ਲੋਕ ਆਪਣੀ ਪਨਾਹ ਲੈਣ ਸਬੰਧੀ ਅਰਜ਼ੀ ਰੱਦ ਹੋਣ ਤੋਂ ਪਹਿਲਾਂ ਹੀ ਵਾਪਸ ਜਾਣ ਲਈ ਰਾਜ਼ੀ ਹੋ ਗਏ, ਉਨ੍ਹਾਂ ਨੂੰ ਇਕ ਸਾਲ ਲਈ ਵੱਖ-ਵੱਖ ਪ੍ਰੋਗਰਾਮਾਂ ਤਹਿਤ ਪ੍ਰਤੀ ਬਾਲਗ 1200 ਯੂਰ ਤੇ ਪ੍ਰਤੀ ਬੱਚੇ ਦੇ ਹਿਸਾਬ ਨਾਲ 600 ਯੂਰੋ ਦੇਣ ਦੀ ਪੇਸ਼ਕਸ਼ ਕੀਤੀ ਗਈ।

ਹੁਣ ਉਹ ਦੋਵਾਂ ਪ੍ਰੋਗਰਾਮਾਂ ਲਈ ਅਰਜ਼ੀ ਦੇਣ ਦੇ ਯੋਗ ਹੋ ਗਏ ਹਨ ਪਰ ਸਥਾਨਕ ਬਾਈਲਡ ਐਮ. ਸੌਨਟੈਗ ਅਖਬਾਰ ਵੱਲੋਂ ਦਿੱਤੀ ਰਿਪੋਰਟ ਅਨੁਸਾਰ 8,639 ਮਾਈਗ੍ਰੈਂਟਸ ਨੇ ਫਰਵਰੀ ਤੇ ਅਕਤੂਬਰ ਦਰਮਿਆਨ ਵਾਪਸੀ ਪ੍ਰੋਗਰਾਮ ਵਿਚ ਹਿੱਸਾ ਲਿਆ। ਹਾਲਾਂਕਿ ਜਰਮਨੀ ਵਿਚ 115,000 ਅਜਿਹੇ ਪਨਾਹ ਦੇ ਚਾਹਵਾਨ ਹਨ ਜਿਨ੍ਹਾਂ ਦੀਆਂ ਅਰਜ਼ੀਆਂ ਰੱਦ ਹੋ ਚੁੱਕੀਆਂ ਹਨ।

## ਫੌਜ ਪਈ ਪਾਕਿਸਤਾਨੀ ਹਕੂਮਤ ਉਤੇ ਭਾਰੀ



**ਲਾਹੌਰ:** ਪਾਕਿਸਤਾਨੀ ਹਕੂਮਤ ਤੇ ਕੱਟੜਪੰਥੀਆਂ ਦਰਮਿਆਨ ਹੋਏ ਸਮਝੌਤੇ ਨੇ ਸਰਕਾਰ ਦੇ ਵਕਾਰ ਨੂੰ ਵੱਡੀ ਸੱਟ ਮਾਰੀ ਹੈ। ਛੇ ਨੁਕਤਿਆਂ ਉਤੇ ਆਧਾਰਤ ਇਹ ਸਮਝੌਤਾ ਇਹ ਪ੍ਰਭਾਵ ਦਿੰਦਾ ਹੈ ਕਿ ਪਾਕਿਸਤਾਨ ਵਿਚ ਫੌਜ ਤੇ ਮੁਲਾਣਿਆਂ ਦਾ ਗੱਠਜੋੜ, ਹਕੂਮਤ ਉਤੇ ਭਾਰੀ ਪੈ ਰਿਹਾ ਹੈ। ਦੱਸ ਦਈਏ ਕਿ ਬਰੇਲਵੀ ਸੁੰਨੀ ਕੱਟੜਪੰਥੀਆਂ ਨੇ ਇਸਲਾਮਾਬਾਦ ਤੇ ਰਾਵਲਪਿੰਡੀ ਨੂੰ ਜੋੜਨ ਵਾਲੇ ਅਤਿਅੰਤ ਅਹਿਮ ਫਲਾਈਓਵਰ ਉਤੇ ਧਰਨਾ ਲਾਇਆ ਹੋਇਆ ਸੀ। ਇਸ ਧਰਨੇ ਨੂੰ ਉਠਵਾਉਣ ਅਤੇ ਜਨਤਕ ਜੀਵਨ ਲੀਹ ਉਤੇ ਲਿਆਉਣ ਲਈ ਫੌਜ ਨੇ ਆਪਣੀ ਤਾਕਤ ਦੀ ਵਰਤੋਂ ਕਰਨ ਦੀ ਥਾਂ ਦੋਵਾਂ ਧਿਰਾਂ ਉਤੇ ਸਮਝੌਤੇ ਲਈ ਦਬਾਅ ਪਾਇਆ। ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਪ੍ਰਧਾਨ ਮੰਤਰੀ ਸ਼ਾਹਿਦ ਖਾਕਨ ਅੱਬਾਸੀ ਦੀ ਅਗਵਾਈ ਵਾਲੀ ਪੀ.ਐਮ.ਐਲ. (ਐਨ) ਸਰਕਾਰ ਦੇਸ਼ ਦੇ ਚੋਣ ਕਾਨੂੰਨਾਂ ਵਿਚ ਅਹਿਮਦੀ ਭਾਈਚਾਰੇ ਉਤੇ ਲੱਗੀਆਂ ਬੰਦਸ਼ਾਂ ਨੂੰ ਕੁਝ ਨਰਮ ਬਣਾਉਣ ਬਾਰੇ ਸੋਚ ਰਹੀ ਸੀ। ਅਜਿਹੀ ਸੋਚ ਖਿਲਾਫ਼ ਸੁੰਨੀ ਸੰਗਠਨਾਂ ਨੇ ਝੰਡਾ ਚੁੱਕ ਲਿਆ।

ਉਨ੍ਹਾਂ ਨੇ ਕੌਮੀ ਰਾਜਧਾਨੀ ਇਸਲਾਮਾਬਾਦ ਦੀ ਨਾਕਾਬੰਦੀ ਕਰ ਦਿੱਤੀ। ਸਰਕਾਰ ਨੇ ਇਸ ਨਾਕਾਬੰਦੀ ਪ੍ਰਤੀ ਪਹਿਲਾਂ ਤਾਂ ਨਰਮ ਰੁਖ ਅਪਣਾਇਆ, ਫਿਰ ਜਨਤਕ ਜਾਇਦਾਦ ਨੂੰ ਹੋ ਰਹੇ ਨੁਕਸਾਨ ਦੇ ਮੱਦੇਨਜ਼ਰ ਨੀਮ ਫੌਜੀ ਬਲਾਂ ਦੀ ਮਦਦ ਨਾਲ ਨਾਕਾਬੰਦੀ ਜਬਰੀ ਚੁਕਵਾਉਣ ਦਾ ਯਤਨ ਕੀਤਾ। ਇਸ ਦੇ ਨਤੀਜੇ ਵਜੋਂ ਛੇ ਮੌਤਾਂ ਹੋਣ ਤੇ ਦਰਜਨਾਂ ਹੋਰ ਲੋਕ ਜਖ਼ਮੀ ਹੋਣ ਤੋਂ ਸਰਕਾਰ ਡਰ ਗਈ। ਉਸ ਨੇ ਫੌਜ ਤੋਂ ਮਦਦ ਮੰਗੀ, ਪਰ ਫੌਜ ਨੇ ਮਦਦ ਦੇਣ ਦੀ ਥਾਂ ਨਾ ਸਿਰਫ ਸਮਝੌਤਾ-ਵਾਰਤਾ ਉਤੇ ਜ਼ੋਰ ਦਿੱਤਾ ਸਗੋਂ ਸਾਲਸੀਆਂ ਵਾਲਾ ਵਿਹਾਰ ਕੀਤਾ। ਇਸੇ ਸਮਝੌਤੇ ਦੇ ਤਹਿਤ ਦੇਸ਼ ਦੇ ਕਾਨੂੰਨ ਮੰਤਰੀ ਜ਼ਾਹਿਦ ਹਮੀਦ ਨੂੰ ਅਸਤੀਫਾ ਦੇਣਾ ਪਿਆ, ਸਰਕਾਰ ਨੂੰ ਸਪਸ਼ਟ ਕਰਨਾ ਪਿਆ ਕਿ ਦੇਸ਼ ਦੇ ਚੋਣ ਕਾਨੂੰਨਾਂ ਵਿਚ ਅਹਿਮਦੀਆਂ ਦੇ ਹੱਕ ਵਿਚ ਕੋਈ ਤਰਮੀਮ ਨਹੀਂ ਕੀਤੀ ਜਾਵੇਗੀ। ਤਿੰਨ ਸੁੰਨੀ ਸੰਗਠਨਾਂ- ਤਹਿਰੀਕ-ਏ-ਲਬਾਇਕ ਯਾ ਰਸੂਲ ਅੱਲ੍ਹਾ (ਟੀਐੱਲਵਾਈ), ਸੁੰਨੀ ਤਹਿਰੀਕ ਅਤੇ ਤਹਿਰੀਕ-ਏ-ਖਾਤਮੇ ਨਬੁੱਵਤ ਨਾਲ ਅਜਿਹਾ ਸਮਝੌਤਾ ਕਰਨ ਮਗਰੋਂ ਪਾਕਿਸਤਾਨੀ ਸਰਕਾਰ ਦੀ ਹਾਲਤ ਪਤਲੀ ਹੋ ਗਈ ਹੈ।

### ਅਮਰੀਕਾ ਵੱਲੋਂ ਪਾਕਿਸਤਾਨ ਸਰਕਾਰ ਕਮਜ਼ੋਰ ਕਰਾਰ

**ਵਾਸ਼ਿੰਗਟਨ:** ਪਾਕਿਸਤਾਨ ਵਿਚ ਕੱਟੜਪੰਥੀਆਂ ਵੱਲੋਂ ਪਿਛਲੇ ਦਿਨੀਂ ਕੀਤੇ ਗਏ ਪ੍ਰਦਰਸ਼ਨਾਂ ਤੋਂ ਬਾਅਦ ਬਣੇ ਹਾਲਾਤ ਨੂੰ ਦੇਖਦਿਆਂ ਅਮਰੀਕਾ ਦਾ ਮੰਨਣਾ ਹੈ ਕਿ ਉਥੋਂ ਦੀ ਸਰਕਾਰ ਕਮਜ਼ੋਰ ਹੈ ਅਤੇ ਜਿਸ ਢੰਗ ਨਾਲ ਫੌਜ ਨੂੰ ਕੱਟੜਪੰਥੀਆਂ ਦੇ ਪ੍ਰਦਰਸ਼ਨਾਂ ਨੂੰ ਖਤਮ ਕਰਾਉਣਾ ਪਿਆ ਹੈ, ਉਸ ਨਾਲ ਉਨ੍ਹਾਂ (ਕੱਟੜਪੰਥੀਆਂ) ਦੇ ਹੌਸਲੇ ਬੁਲੰਦ ਹੋਏ ਹਨ। ਵ੍ਹਾਈਟ ਹਾਊਸ ਦੇ ਅਧਿਕਾਰੀ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਇਸ ਦੇ ਨਤੀਜੇ ਵਜੋਂ ਪਾਕਿਸਤਾਨ ਵਿਚ ਫੌਜ ਵੱਲੋਂ ਤਖਤਾ ਪਲਟ ਕੀਤਾ ਜਾ ਸਕਦਾ ਹੈ।

# ਯੂ.ਕੇ. ਵਿਚ ਸਿੱਖ ਟੈਕਸੀ ਡਰਾਈਵਰ ਨੇ ਨਾਬਾਲਗ ਨੂੰ ਅਗਵਾ ਹੋਣੋਂ ਬਚਾਇਆ




**ਲੰਡਨ:** ਯੂ.ਕੇ. ਵਿਚ 13 ਵਰ੍ਹਿਆਂ ਦੀ ਵਿਦਿਆਰਥਣ ਨੂੰ ਸਿੱਖ ਟੈਕਸੀ ਡਰਾਈਵਰ ਨੇ ਜਿਨਸੀ ਸ਼ੋਸ਼ਣ ਅਤੇ ਅਗਵਾ ਹੋਣ ਤੋਂ ਬਚਾਅ ਲਿਆ ਜਿਸ ਕਰ ਕੇ ਉਸ ਦੀ ਨਾਇਕ ਵਜੋਂ ਵਾਹ-ਵਾਹ ਹੋ ਰਹੀ ਹੈ। ਸਤਬੀਰ ਅਰੋੜਾ ਨੇ ਸਕੂਲ ਵਰਦੀ ਵਿਚ ਇਕ ਲੜਕੀ ਨੂੰ ਉਸ ਦੇ ਘਰੋਂ ਆਕਸਫੋਰਡਸ਼ਾਇਰ ਤੋਂ ਗਲੌਸਟਰ ਰੇਲਵੇ ਸਟੇਸ਼ਨ ਪਹੁੰਚਾਇਆ।

ਮੈਟਰੋ.ਕੋ.ਯੂਕੇ ਦੀ ਰਿਪੋਰਟ ਮੁਤਾਬਕ ਇਹ ਲੜਕੀ 24 ਵਰ੍ਹਿਆਂ ਦੇ ਸੈਮ ਹੇਵਿੰਗਜ਼ ਦੀ ਉਡੀਕ ਕਰ ਰਹੀ ਸੀ ਜਿਸ ਨੇ ਲੜਕੀ ਨੂੰ ਅਗਵਾ ਕਰਨ ਦੀ ਯੋਜਨਾ ਬਣਾਈ ਹੋਈ ਸੀ। ਉਸ ਨੇ ਆਨ ਲਾਈਨ ਸਾਈਟਾਂ ਉਤੇ ਪੀੜਤਾ ਨੂੰ ਅਗਵਾ ਕਰਨ, ਨਸ਼ੀਲੀਆਂ ਦਵਾਈਆਂ ਦੇਣ ਅਤੇ ਬਲਾਤਕਾਰ ਕਰਨ ਦੇ ਤਰੀਕਿਆਂ ਬਾਰੇ ਚਰਚਾ ਕੀਤੀ ਹੋਈ ਸੀ। ਲੜਕੀ ਨੂੰ ਵਿਅਕਤੀ ਨਾਲ ਦੇਖ ਕੇ ਅਗਵਾਕਾਰ ਉਸ ਦੇ ਨੇੜੇ ਨਹੀਂ ਆਇਆ। ਜਦੋਂ ਸਟੇਸ਼ਨ ਉਤੇ ਲੜਕੀ ਨੂੰ ਮਿਲਣ ਲਈ ਕੋਈ ਨਹੀਂ ਆਇਆ ਤਾਂ ਟੈਕਸੀ ਡਰਾਈਵਰ ਨੇ ਫਿਕਰ ਜਤਾਉਂਦਿਆਂ ਉਸ ਤੋਂ ਜਾਣਕਾਰੀ ਮੰਗੀ। ਜਦੋਂ ਉਸ ਦੀ ਵਾਹ ਨਾ ਚੱਲੀ ਤਾਂ ਸਤਬੀਰ ਨੇ ਆਪਣੀ ਪਤਨੀ ਨਾਲ ਲੜਕੀ ਦੀ ਫੋਨ ਉਤੇ ਗੱਲ ਕਰਵਾਈ। ਇਸ ਮਗਰੋਂ ਪੁਲਿਸ ਨੂੰ ਸੱਦਿਆ ਗਿਆ।

ਸਤਬੀਰ ਅਰੋੜਾ ਨੂੰ ਲੜਕੀ ਨੂੰ ਬਚਾਉਣ ਲਈ ਸਨਮਾਨਤ ਕੀਤਾ ਗਿਆ। ਚੇਰਵੈੱਲ ਡਿਸਟ੍ਰਿਕਟ ਕੌਂਸਲ ਦੇ ਤਰਜਮਾਨ ਨੇ ਕਿਹਾ ਕਿ ਸਤਬੀਰ ਅਰੋੜਾ ਨੂੰ ਕੌਂਸਲਰ ਕੀਰੋਨ ਮੈਲੋਨ ਵੱਲੋਂ ਲੜਕੀ ਦੀ ਅਜ਼ਮਤ ਦੀ ਰਾਖੀ ਲਈ ਸਰਟੀਫਿਕੇਟ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਤਬੀਰ ਅਰੋੜਾ ਵੱਲੋਂ ਵਿਖਾਈ ਗਈ ਸਿਆਣਪ ਦੀ ਸ਼ਲਾਘਾ ਕਰਨ ਲਈ ਉਨ੍ਹਾਂ ਕੋਲ ਸ਼ਬਦ ਨਹੀਂ ਹਨ।

# ਆਸਟਰੇਲੀਆ ਨੇ ਫੜੀ ਪਰਵਾਸੀਆਂ ਦੀ ਬਾਂਹ

**ਸਿਡਨੀ:** ਆਸਟਰੇਲੀਆ ਵਿਚ ਪਰਵਾਸੀ ਕਾਮਿਆਂ ਦਾ ਸ਼ੋਸ਼ਣ ਰੋਕਣ ਲਈ ਨਵਾਂ ਕਾਨੂੰਨ ਬਣ ਰਿਹਾ ਹੈ, ਜਿਸ ਤਹਿਤ ਸ਼ੋਸ਼ਣ ਕਰਨ ਵਾਲੇ ਨੂੰ ਤਿੰਨ ਸਾਲ ਦੀ ਜੇਲ੍ਹ ਹੋਵੇਗੀ। ਫਿਲਹਾਲ ਇਹ ਕਾਨੂੰਨ ਸਾਊਥ ਆਸਟਰੇਲੀਆ ਵਿਚ ਬਣਨ ਜਾ ਰਿਹਾ ਹੈ। ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ ਆਸਟਰੇਲੀਆ ਦੇ ਪ੍ਰਧਾਨ ਡਾ. ਯਾਦੂ ਸਿੰਘ ਨੇ ਵਿਕਟੋਰੀਆ ਤੇ ਨਿਊ ਸਾਊਥ ਵੇਲਜ਼ (ਜਿਥੇ ਸ਼ੋਸ਼ਣ ਦੇ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ ਹਨ) ਵਿਚ ਇਹ ਕਾਨੂੰਨ ਬਣਾਉਣ ਲਈ ਪ੍ਰਧਾਨ ਮੰਤਰੀ ਤੇ ਸੂਬਾ ਸਰਕਾਰਾਂ ਨੂੰ ਪੱਤਰ ਲਿਖਿਆ ਹੋਇਆ ਹੈ।

ਨਵਾਂ ਕਾਨੂੰਨ ਵੱਖ-ਵੱਖ ਦੇਸ਼ਾਂ ਤੋਂ ਆਏ ਪਰਵਾਸੀਆਂ ਖਾਸ ਕਰ ਕੇ ਭਾਰਤੀ ਲੜਕੇ-ਲੜਕੀਆਂ ਦੇ ਆਰਥਿਕ ਤੇ ਮਾਨਸਿਕ ਸ਼ੋਸ਼ਣ ਦੀਆਂ ਆਈਆਂ ਰਿਪੋਰਟਾਂ ਦਾ ਸਿੱਟਾ ਹੋਵੇਗਾ। ਸ਼ੋਸ਼ਣ ਦਾ ਵਧੇਰੇ ਸ਼ਿਕਾਰ ਬਾਹਰੋਂ ਆਏ ਵਿਦਿਆਰਥੀ ਤੇ 457 ਵੀਜ਼ਾ ਸ਼੍ਰੇਣੀ ਧਾਰਕ ਬਣੇ ਹਨ। ਵੀਜ਼ਾ 457 ਆਸਟਰੇਲਿਆਈ ਕਾਰੋਬਾਰੀਆਂ ਨੂੰ ਵਿਦੇਸ਼ ਤੋਂ ਪਰਵਾਸੀ ਕਾਮੇ ਸੱਦਣ ਤੇ ਆਪਣੇ ਕੰਮ ਉਤੇ ਰੱਖਣ ਦੀ ਇਜਾਜ਼ਤ ਦਿੰਦਾ ਹੈ। ਵੀਜ਼ੇ ਉਤੇ ਕੁਝ ਸਾਲ ਕੰਮ ਕਰਨ ਬਾਅਦ ਪਰਵਾਸੀ ਆਸਟਰੇਲੀਆ ਵਿਚ ਪੱਕੀ



ਰਿਹਾਇਸ਼ ਲਈ ਅਰਜ਼ੀ ਦਾਖਲ ਕਰ ਦਿੰਦੇ ਸਨ, ਪਰ ਸਰਕਾਰ ਨੇ ਵੀਜ਼ੇ ਦੀ ਵੱਡੇ ਪੱਧਰ ਉਤੇ ਹੋਈ ਦੁਰਵਰਤੋਂ ਅਤੇ ਕੁਝ ਹੋਰ ਕਾਰਨਾਂ ਕਰ ਕੇ ਪੀਆਰ ਦੀ ਅਰਜ਼ੀ ਦਾਖਲ ਕਰਨ ਦੀ ਪ੍ਰਕਿਰਿਆ ਗੁੰਝਲਦਾਰ ਕਰ ਦਿੱਤੀ ਹੈ। ਫੇਅਰਫੈਕਸ ਮੀਡੀਆ ਰਿਪੋਰਟ ਅਨੁਸਾਰ ਭਾਰਤ ਤੋਂ ਆਈ ਪਵਨਜੀਤ ਕੌਰ ਦੀ ਦਰਦ ਭਰੀ ਦਾਸਤਾ ਨੇ ਰੌਂਗਟੇ ਖੜ੍ਹੇ ਕਰ ਦਿੱਤੇ ਹਨ। ਤਕਰੀਬਨ ਦੋ ਸਾਲ ਪਹਿਲਾਂ ਉਸ ਨੇ 457 ਵੀਜ਼ੇ ਉਤੇ ਸਾਊਥ ਆਸਟਰੇਲੀਆ ਵਿਚ ਇਕ ਭਾਰਤੀ ਰੈਸਤਰਾਂ ਵਿਚ ਕੰਮ ਕੀਤਾ। ਉਸ ਕੋਲੋਂ ਹਜ਼ਾਰਾਂ ਡਾਲਰ ਨਗਦ ਲੈ ਕੇ ਮੁਫਤ ਵਿਚ ਕੰਮ ਲਿਆ ਗਿਆ। ਉਸ ਦੀ ਤਬੀਅਤ ਵਿਗੜਨ ਉਤੇ ਉਸ ਨੂੰ ਡਾਕਟਰ ਕੋਲ ਵੀ ਛੇਤੀ ਨਹੀਂ ਜਾਣ ਦਿੱਤਾ ਗਿਆ। ਉਸ ਨੇ ਰੈਸਤਰਾਂ ਮਾਲਕ ਕੋਲੋਂ ਇਲਾਜ ਲਈ ਤਨਖਾਹ ਮੰਗੀ ਤਾਂ ਦੇਸ਼ 'ਚੋਂ ਕੱਢਣ ਦੀ ਧਮਕੀ ਮਿਲੀ। ਨਵਾਂ ਕਾਨੂੰਨ ਬਣਨ ਤੋਂ ਬਾਅਦ ਪਰਵਾਸੀਆਂ ਨੂੰ ਰਾਹਤ ਮਿਲੇਗੀ। ਦੱਸਣਯੋਗ ਹੈ ਕਿ ਪਿਛਲੇ ਸਾਲ ਮਾਰਚ ਵਿਚ ਇਕ ਸੈਨੇਟ ਕਮੇਟੀ ਨੇ ਵਿਦੇਸ਼ੀ ਕਾਮਿਆਂ ਲਈ ਅਸਥਾਈ ਵੀਜ਼ਾ ਪ੍ਰਣਾਲੀ ਦੀ ਦੁਰਵਰਤੋਂ ਦੀ ਰਿਪੋਰਟ ਵੀ ਜਾਰੀ ਕੀਤੀ ਸੀ।

# ਕਤਲ ਹੋਏ ਪੁੱਤ ਦੇ ਸਦਮੇ ਵਿਚ ਮਾਂ ਨੇ ਵੀ ਦਮ ਤੋੜਿਆ

**ਬੇਕਰਜ਼ਫੀਲਡ:** ਇਥੇ ਰਹਿੰਦੇ ਸਿੱਖ ਟਰੱਕ ਡਰਾਈਵਰ 30 ਸਾਲਾ ਹਰਦੀਪ ਸਿੰਘ ਨੂੰ ਕਿਸੇ ਅਣਪਛਾਤੇ ਵਿਅਕਤੀ ਨੇ ਪਿਛਲੇ ਦਿਨੀਂ ਸਿਰ 'ਚ ਗੋਲੀ ਮਾਰ ਕੇ ਮਾਰ ਦਿੱਤਾ। ਪੁਲਿਸ ਅਜੇ ਤੱਕ ਇਸ ਕਤਲ ਕੇਸ ਦੇ ਦੋਸ਼ੀ ਦਾ ਪਤਾ ਨਹੀਂ ਲਾ ਸਕੀ ਅਤੇ ਤਫਤੀਸ਼ ਜਾਰੀ ਹੈ। ਉਹ ਪਿਛਲੇ 8 ਸਾਲਾਂ ਤੋਂ ਅਮਰੀਕਾ ਰਹਿੰਦਾ ਸੀ। ਨਾਭਾ ਦੇ ਪਿੰਡ ਦਿੱਤੂਪਰ ਜੱਟਾਂ ਦੇ ਰਹਿਣ ਵਾਲੇ ਹਰਦੀਪ ਸਿੰਘ ਦੀ ਬਿਮਾਰ ਮਾਂ ਸਦਮੇ ਕਾਰਨ ਅਕਾਲ ਚਲਾਣਾ ਕਰ ਗਈ।

ਹਰਦੀਪ ਸਿੰਘ ਦੀ ਲਾਸ਼ ਇਥੋਂ ਦੇ ਕੈਂਬਰਿਜ ਅਪਾਰਟਮੈਂਟ ਕੰਪਲੈਕਸ ਵਿਚੋਂ ਮਿਲੀ ਸੀ। ਉਸ ਦੇ ਸਿਰ ਵਿਚ ਗੋਲੀ ਮਾਰੀ ਗਈ ਸੀ।

ਹਰਦੀਪ ਦੀ ਮੌਤ ਦੀ ਜਾਣਕਾਰੀ ਪਿੰਡ ਵਾਸੀਆਂ ਨੂੰ ਸੋਸ਼ਲ ਮੀਡੀਆ ਰਾਹੀਂ ਮਿਲੀ। ਮ੍ਰਿਤਕ ਦੇ ਪਿਤਾ ਮਨਮੋਹਨ ਸਿੰਘ ਨੇ ਦੱਸਿਆ ਕਿ ਉਸ ਦੇ ਪੁੱਤਰ ਦੀ ਮੌਤ ਸਬੰਧੀ ਕਿਸੇ ਸਰਕਾਰ ਪਾਸੋਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਹਫਤੇ ਤੋਂ ਆਪਣੇ ਪੁੱਤਰ ਨਾਲ ਕੋਈ ਗੱਲਬਾਤ ਨਾ ਹੋਣ ਕਾਰਨ ਉਸ ਦੀ ਬਿਮਾਰ ਮਾਂ ਪਰਮਜੀਤ ਕੌਰ ਦੀ ਵੀ ਮੌਤ ਹੋ ਗਈ। ਉਧਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਅਮਰੀਕਾ ਵਿਚ ਪੰਜਾਬੀ ਟਰੱਕ ਡਰਾਈਵਰ ਦੀ ਹੱਤਿਆ ਨੂੰ ਮੰਦਭਾਗਾ ਕਰਾਰ ਦਿੰਦਿਆਂ ਇਸ ਘਟਨਾ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ।


ਲੌਂਗੋਵਾਲ ਨੇ ਕਿਹਾ ਕਿ ਦੇਸ਼ ਦੁਨੀਆਂ ਅੰਦਰ ਜਿਥੇ ਪੰਜਾਬੀਆਂ ਨੇ ਸਖਤ ਮਿਹਨਤ ਨਾਲ ਆਪਣਾ ਸਥਾਨ ਬਣਾਇਆ ਹੈ, ਉਥੇ ਹੀ ਵੱਖ-ਵੱਖ ਮੁਲਕਾਂ ਦੀ ਤਰੱਕੀ ਵਿਚ ਵੀ ਇਨ੍ਹਾਂ ਦਾ ਅਹਿਮ ਯੋਗਦਾਨ ਹੈ। ਦੁਖਦ ਪਹਿਲੂ ਇਹ ਹੈ ਕਿ ਅਮਨ ਪਸੰਦ ਪੰਜਾਬੀਆਂ ਅਤੇ ਖਾਸਕਰ ਸਿੱਖਾਂ ਨਾਲ ਨਸਲੀ ਵਿਤਕਰਿਆਂ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਹਾਲੀਆ ਵਾਪਰੀ ਘਟਨਾ ਨੂੰ ਵੀ ਉਨ੍ਹਾਂ ਨੇ ਨਸਲੀ ਵਿਤਕਰੇ ਨਾਲ ਜੁੜੀ ਹੋਣ ਦਾ ਖਦਸ਼ਾ ਪ੍ਰਗਟ ਕੀਤਾ ਹੈ।

## ਵਿਕਟੋਰੀਆ ਵਿਚ 'ਇੱਛੁਕ ਮੌਤ' ਕਾਨੂੰਨ ਨੂੰ ਪ੍ਰਵਾਨਗੀ

**ਬ੍ਰਿਸਬੇਨ:** ਵਿਕਟੋਰੀਆ ਸੂਬੇ ਦੀ ਸੰਸਦ ਵਿਚ ਲੰਮੀ ਬਹਿਸ ਤੋਂ ਬਾਅਦ 'ਇੱਛੁਕ ਮੌਤ' ਦਾ ਕਾਨੂੰਨ ਪਾਸ ਕਰ ਦਿੱਤਾ ਗਿਆ ਹੈ। ਨਵਾਂ ਕਾਨੂੰਨ ਸ਼ਾਹੀ ਮਨਜ਼ੂਰੀ ਮਿਲਣ ਤੋਂ ਬਾਅਦ 2019 ਦੇ ਮੱਧ ਵਿਚ ਲਾਗੂ ਹੋ ਜਾਵੇਗਾ। ਜ਼ਿਕਰਯੋਗ ਹੈ ਕਿ ਨਵੇਂ ਕਾਨੂੰਨ ਤਹਿਤ ਗੰਭੀਰ ਬਿਮਾਰੀ ਵਾਲੇ ਮਰੀਜ਼ ਆਪਣੇ ਜੀਵਨ ਨੂੰ ਖਤਮ ਕਰਨ ਲਈ ਹੁਣ ਖਤਰਨਾਕ ਦਵਾਈ ਦੀ ਮੰਗ ਕਰ ਸਕਣਗੇ।

ਸੂਬਾ ਮੰਤਰੀ ਡੇਨੀਅਲ ਐਂਡਰਜ਼ ਨੇ ਨਵੇਂ ਕਾਨੂੰਨ ਲਈ ਆਪਣੇ ਸਾਰੇ ਅਮਲੇ ਅਤੇ ਵਿਸ਼ੇਸ਼ ਤੌਰ ਉਤੇ ਸਿਹਤ ਮੰਤਰੀ ਜਿਲ ਹੇਨੇਸੀ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਨਵਾਂ ਕਾਨੂੰਨ ਮਨੁੱਖਤਾ ਦੇ ਬਹੁਤ ਨੇੜੇ ਹੈ ਕਿਉਂਕਿ ਆਖਰੀ ਸਮੇਂ 'ਚ ਗੰਭੀਰ ਬਿਮਾਰੀ ਦੀ ਪੀੜਾ ਹਰ ਵਿਅਕਤੀ ਲਈ ਅਸਹਿ ਤੇ ਕਸ਼ਟਦਾਈ ਹੋ ਨਿੱਬੜਦੀ ਹੈ। ਇਸ ਲਈ ਉਸ ਮਨੁੱਖ ਕੋਲ ਇੱਛੁਕ ਮੌਤ ਦਾ ਅਧਿਕਾਰ ਹੋਣਾ ਸਮੇਂ ਦੀ ਲੋੜ ਹੈ।


ਰੈਸਟੋਰੈਂਟ ਲਈ ਲੋੜ ਹੈ



ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ 'ਹਵੇਲੀ' ਲਈ ਅਨੁਭਵੀ ਤੰਦੂਰੀਏ, ਹੈਲਪਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 262-391-7666

48-49

WEBSITE - DHOLRADIO.CO

DHOL RADIO

DHOL RADIO

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

REQUEST SONG
MUSIC 24/7
LISTEN ON PHONE



ਹੁਣ ਸ਼ਿਕਾਗੋ ਤੋਂ

Application For Android and iPhone - Dhol Radio

LIVE CALLS ➡ USA 951-824-6365

skype - DHOLRADIO.ORG

LISTEN BY CALL ➡ USA 702-489-0211

Sukhpal Gill
10 pm to 12 am (IST)

Puran singh waraich
2:30 pm to 4 pm (IST)

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 9 ਦਸੰਬਰ 2017*

## ਨਵੇਂ ਮੁਹਾਜ਼, ਨਵੇਂ ਮੁਹਾਵਰੇ

ਉਤਰ ਪ੍ਰਦੇਸ਼ ਵਿਚ ਨਿਗਮ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਭਾਵੇਂ ਭਾਰਤੀ ਜਨਤਾ ਪਾਰਟੀ (ਭਾਜਪਾ) ਕੱਛਾਂ ਵਜਾ ਰਹੀ ਹੈ ਅਤੇ ਆਪਣੀ ਇਸ ਜਿੱਤ ਨੂੰ ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਵੀ ਪ੍ਰਚਾਰਨ ਲੱਗ ਪਈ ਹੈ, ਪਰ ਇਸ ਪ੍ਰਸੰਗ ਵਿਚ ਹਕੀਕਤ ਕੁਝ ਹੋਰ ਹੈ। ਇਸ ਵਾਰ ਇਸ ਨੇ 16 ਵਿਚੋਂ 14 ਥਾਂਵਾਂ ਉਤੇ ਮੇਅਰ ਦੀ ਚੋਣ ਜਿੱਤੀ ਹੈ। ਪਿਛਲੀ ਵਾਰ ਇਸ ਨੇ 10 ਥਾਂਵਾਂ ਉਤੇ ਇਹ ਜਿੱਤ ਹਾਸਲ ਕੀਤੀ ਸੀ ਅਤੇ ਉਸ ਵੇਲੇ ਸੂਬੇ ਵਿਚ ਚੜ੍ਹਤ ਸੱਤਾਧਾਰੀ ਸਮਾਜਵਾਦੀ ਪਾਰਟੀ ਦੀ ਸੀ। ਇਸ ਲਈ ਅੰਕੜਿਆਂ ਅਨੁਸਾਰ, ਇਸ ਨੂੰ ਸਿਰਫ 4 ਥਾਂਈਂ ਹੀ ਜਿੱਤ ਮਿਲੀ ਹੈ। ਇਨ੍ਹਾਂ ਚੋਣਾਂ ਵਿਚ ਅਸਲ ਜਿੱਤ ਬਹੁਜਨ ਸਮਾਜ ਪਾਰਟੀ ਦੀ ਗਿਣੀ ਜਾ ਰਹੀ ਹੈ ਜਿਸ ਦੇ ਦੋ ਆਗੂ ਮੇਰਠ ਤੇ ਅਲੀਗੜ੍ਹ ਵਿਚ ਮੇਅਰ ਦੀ ਕੁਰਸੀ ਤੱਕ ਪੁੱਜਣ ਵਿਚ ਕਾਮਯਾਬ ਰਹੇ। ਤਿੰਨ ਥਾਂਈਂ-ਝਾਂਸੀ, ਆਗਰਾ ਤੇ ਸਹਾਰਨਪੁਰ ਵਿਚ ਇਸ ਦੇ ਉਮੀਦਵਾਰ ਬਹੁਤ ਘੱਟ ਫਰਕ ਨਾਲ ਹਾਰੇ ਹਨ। ਇਸ ਤੋਂ ਵੱਧ ਤਸੱਲੀ ਵਾਲਾ ਨੁਕਤਾ ਇਹ ਹੈ ਕਿ ਸ਼ਹਿਰੀ ਵੋਟਾਂ ਵੀ ਇਸੇ ਪਾਰਟੀ ਨੂੰ ਵਧੇਰੇ ਮਿਲੀਆਂ ਹਨ, ਜਦਕਿ ਭਾਰਤੀ ਜਨਤਾ ਪਾਰਟੀ ਨੂੰ ਸ਼ਹਿਰੀ ਖੇਤਰਾਂ ਵਿਚ ਖੋਰਾ ਲੱਗਣ ਦੀਆਂ ਸੂਹਾਂ ਹਨ। ਹੁਣ ਇਸ ਸੂਬੇ ਦਾ ਸਿਆਸੀ ਹਿਸਾਬ ਇਹ ਲੱਗ ਰਿਹਾ ਹੈ ਕਿ ਜੇ ਬਹੁਜਨ ਸਮਾਜ ਪਾਰਟੀ, ਸਮਾਜਵਾਦੀ ਪਾਰਟੀ ਤੇ ਕਾਂਗਰਸ ਚੋਣ-ਸੁਰ ਆਪਸ ਵਿਚ ਮਿਲਾ ਲੈਣ ਤਾਂ ਅਗਲੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦਾ ਜੇਤੂ ਰੱਥ ਘੱਟੋ ਘੱਟ ਉਤਰ ਪ੍ਰਦੇਸ਼ ਵਿਚ ਤਾਂ ਡੱਕਿਆ ਹੀ ਜਾ ਸਕਦਾ ਹੈ ਅਤੇ ਮੌਕੇ ਦੀ ਸਿਆਸੀ ਲੋੜ ਮੁਤਾਬਕ, ਇਸ ਪਾਸੇ ਗੱਲ ਤੁਰ ਵੀ ਰਹੀ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਤਿੰਨਾਂ ਪਾਰਟੀਆਂ ਦਾ ਜੋ ਹਸ਼ਰ ਹੋਇਆ ਹੈ, ਉਸ ਨੇ ਇਨ੍ਹਾਂ ਪਾਰਟੀਆਂ ਦੇ ਆਗੂਆਂ ਨੂੰ ਇਹ ਸਬਕ ਜ਼ਰੂਰ ਦਿੱਤਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਕਾਂਗ ਨੂੰ ਰਲ-ਮਿਲ ਕੇ ਹੀ ਰੋਕਿਆ ਜਾ ਸਕਦਾ ਹੈ।

ਰਲ-ਮਿਲ ਕੇ ਚੱਲਣ ਵਾਲੀ ਇਸ ਸਿਆਸਤ ਨੂੰ ਗੁਜਰਾਤ ਵਿਚ ਵੀ ਹੁੰਗਾਰਾ ਮਿਲਣ ਦੀਆਂ ਖਬਰਾਂ ਹਨ ਜਿਥੇ ਭਾਰਤੀ ਜਨਤਾ ਪਾਰਟੀ 22 ਸਾਲ ਤੋਂ ਸੱਤਾ ਵਿਚ ਹੈ। ਗੁਜਰਾਤ ਵਿਚ ਇਸ ਪਾਰਟੀ ਦੀ ਵਾਰ ਵਾਰ ਜਿੱਤ ਇਸ ਕਰ ਕੇ ਹੀ ਸੰਭਵ ਹੋ ਸਕੀ, ਕਿਉਂਕਿ ਉਥੇ ਬੱਝਵੀਂ ਵਿਰੋਧੀ ਧਿਰ ਨਹੀਂ ਸੀ। ਪਿਛਲੇ ਕੁਝ ਸਮੇਂ ਦੌਰਾਨ ਗੁਜਰਾਤ ਵਿਚ ਜੋ ਸਿਆਸੀ ਸਫਬੰਦੀ ਹੋਈ ਹੈ, ਉਸ ਨੇ ਭਾਰਤੀ ਜਨਤਾ ਪਾਰਟੀ ਨੂੰ ਫਿਕਰਾਂ ਵਿਚ ਪਾਇਆ ਹੋਇਆ ਹੈ। ਇਹ ਫਿਕਰ ਇਸ ਪਾਰਟੀ ਦੇ ਆਗੂਆਂ ਦੇ ਚੋਣ ਜਲਸਿਆਂ ਵਿਚੋਂ ਸਾਫ ਝਲਕਾਂ ਮਾਰ ਰਿਹਾ ਹੈ। ਆ ਰਹੇ ਨਵੇਂ ਸਰਵੇਖਣਾਂ ਨੇ ਇਸ ਉਤੇ ਇਕ ਤਰ੍ਹਾਂ ਨਾਲ ਮੋਹਰ ਲਾ ਦਿੱਤੀ ਹੈ। ਇਸ ਫਿਕਰ ਕਰ ਕੇ ਹੀ ਰਾਹੁਲ ਗਾਂਧੀ ਦੇ ਕਾਂਗਰਸ ਮੁਖੀ ਬਣਨ ਦੀ ਪ੍ਰਕ੍ਰਿਆ ਸ਼ੁਰੂ ਹੋਣ 'ਤੇ ਉਸ ਨੂੰ ਵਧਾਈ ਦੇਣ ਦੀ ਥਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਸ ਨੂੰ ਮੁਗਲ ਬਾਦਸ਼ਾਹਾਂ ਦੀ ਤਾਜਪੋਸ਼ੀ ਨਾਲ ਜੋੜਨ ਲੱਗ ਪਏ। ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਕਾਂਗਰਸ ਦੀ ਕਮਾਨ ਆਖਰਕਾਰ ਰਾਹੁਲ ਦੇ ਹੱਥ ਹੀ ਫੜ੍ਹਾਈ ਜਾਣੀ ਸੀ। ਉਂਜ, ਇਹ ਗੱਲ ਉਕਾ ਹੀ ਵੱਖਰੀ ਹੈ ਕਿ ਰਾਹੁਲ ਗਾਂਧੀ ਆਪਣੀ ਪਾਰਟੀ ਦਾ ਕੁਝ ਸੰਵਾਰ ਵੀ ਸਕਦਾ ਹੈ ਜਾਂ ਨਹੀਂ! ਹੁਣ ਸਿਆਸੀ ਪਿੜ ਦਾ ਹਾਲ ਇਹ ਹੈ ਕਿ ਮੋਦੀ ਕੁਝ ਹੀ ਸਾਲਾਂ ਦੌਰਾਨ ਕੱਦਾਵਰ ਆਗੂ ਬਣ ਕੇ ਉਭਰਿਆ ਹੈ ਅਤੇ ਉਸ ਦੀਆਂ ਅਣਗਿਣਤ ਆਪ-ਹੁਦਰੀਆਂ ਦੇ ਬਾਵਜੂਦ ਅਜੇ ਤੱਕ ਉਸ ਦਾ ਤਲਿੱਸਮ ਟੁੱਟਿਆ ਨਹੀਂ ਹੈ। ਉਸ ਦੇ ਮੁਕਾਬਲੇ ਰਾਹੁਲ ਗਾਂਧੀ ਦਾ ਪ੍ਰਭਾਵ ਬਹੁਤ ਵਿਚਾਰੇ ਜਿਹੇ ਆਗੂ ਵਾਲਾ ਹੈ। ਬਹੁਤੇ ਮੌਕਿਆਂ 'ਤੇ ਤਾਂ ਉਹ ਸਗੋਂ ਮਜ਼ਾਕ ਦਾ ਪਾਤਰ ਵੀ ਬਣਦਾ ਰਿਹਾ ਹੈ। ਇਸ ਤੋਂ ਵੱਡੀ ਗੱਲ ਕਾਂਗਰਸ ਪਾਰਟੀ ਵਿਰੋਧੀ ਧਿਰ ਨੂੰ ਇਕ ਮੰਚ 'ਤੇ ਲਿਆਉਣ ਵਿਚ ਵੀ ਨਾਕਾਮ ਰਹੀ ਹੈ। ਇਸ ਦਾ ਇਕ ਹੀ ਕਾਰਨ ਹੈ ਕਿ ਕੋਈ ਅਜਿਹਾ ਕੱਦਾਵਰ ਲੀਡਰ ਨਹੀਂ ਜਿਹੜਾ ਸਾਰੀਆਂ ਵਿਰੋਧੀ ਧਿਰਾਂ ਨੂੰ ਆਪਣੇ ਬਲਬੂਤੇ ਇਕ ਮੰਚ ਉਤੇ ਲਿਆ ਸਕੇ। ਘੱਟੋ ਘੱਟ ਰਾਹੁਲ ਗਾਂਧੀ ਵਿਚ ਤਾਂ ਅਜਿਹਾ ਕੋਈ ਕ੍ਰਿਸ਼ਮਾ ਨਹੀਂ ਹੈ। ਯੂ.ਪੀ.ਏ. ਦੇ ਰਾਜਭਾਗ ਦੌਰਾਨ ਉਹਨੇ ਜੋ ਕੁਝ ਆਪਣੇ ਹੀ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨਾਲ ਕੀਤਾ ਸੀ, ਅਜੇ ਤੱਕ ਲੋਕਾਂ ਨੂੰ ਯਾਦ ਹੈ।

ਇਸ ਦੇ ਬਾਵਜੂਦ ਗੁਜਰਾਤ ਵਾਲੀ ਸਾਂਝੀ ਸਿਆਸਤ ਫਿਲਹਾਲ ਧਿਆਨ ਖਿੱਚ ਰਹੀ ਹੈ। ਉਥੇ ਕਾਂਗਰਸ ਨੇ ਪਾਟੀਦਾਰ ਆਗੂ ਹਾਰਦਿਕ ਪਟੇਲ, ਦਲਿਤ ਆਗੂ ਜਿਗਨੇਸ਼ ਮੇਵਾਨੀ ਅਤੇ ਓ.ਬੀ.ਸੀ. ਆਗੂ ਅਲਪੇਸ਼ ਠਾਕੁਰ ਨਾਲ ਤਾਲਮੇਲ ਬਿਠਾਇਆ ਹੈ। ਇਹ ਸਾਂਝੀ ਸਿਆਸਤ ਇਨ੍ਹਾਂ ਸਾਂਝੀਦਾਰਾਂ ਲਈ ਕਿੰਨੀਆਂ ਕੁ ਵੋਟਾਂ ਹੂੰਝ ਸਕਦੀ ਹੈ, ਇਹ ਤਾਂ 18 ਦਸੰਬਰ ਨੂੰ ਨਤੀਜੇ ਆਉਣ ਤੋਂ ਬਾਅਦ ਹੀ ਸਪਸ਼ਟ ਹੋਣਾ ਹੈ, ਪਰ ਬਿਨਾ ਸ਼ੱਕ ਇਸ ਸਿਆਸਤ ਨੇ ਖੁਦ ਨੂੰ ਅਜੇਤੂ ਦੱਸ ਰਹੀ ਭਾਰਤੀ ਜਨਤਾ ਪਾਰਟੀ ਦੇ ਪੈਰਾਂ ਹੇਠੋਂ ਜ਼ਮੀਨ ਜ਼ਰੂਰ ਖਿੱਚ ਲਈ ਹੈ। ਪੰਜਾਬ ਵਿਚ ਵੀ ਅਜਿਹੀ ਹਲਕੀ ਜਿਹੀ ਲਿਸ਼ਕੋਰ ਪਈ ਹੈ। ਐਤਕੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੌਰਾਨ ਬਾਦਲਾਂ ਖਿਲਾਫ ਇਕ ਅਜਿਹਾ ਮੁਹਾਜ਼ ਬਣ ਗਿਆ ਜੋ ਅਖੀਰ ਤੱਕ ਡਟਿਆ ਰਿਹਾ ਅਤੇ ਪ੍ਰਧਾਨ ਦੀ ਚੋਣ ਐਤਕੀਂ ਵੋਟਾਂ ਰਾਹੀਂ ਹੀ ਸੰਭਵ ਹੋ ਸਕੀ। ਇਸ ਨਿੱਕੀ ਜਿਹੀ ਜਿੱਤ ਵਿਚ ਵੱਡੀ ਜਿੱਤ ਦੀ ਕਨਸੋਆਂ ਲੁਕੀਆਂ ਹੋ ਸਕਦੀਆਂ ਹਨ, ਬਸ਼ਰਤੇ ਇਕਜੁੱਟ ਹੋਈਆਂ ਧਿਰਾਂ ਲਗਾਤਾਰ ਸਾਂਝੀ ਸਿਆਸਤ ਕਰ ਕੇ ਦਿਖਾਉਣ। ਚੋਣਾਂ ਮੌਕੇ ਬਣਦੇ ਗਠਜੋੜਾਂ ਦੀ ਆਪਣੀ ਸੀਮਾ ਹੁੰਦੀ ਹੈ, ਪਰ ਅਸਲ ਸੰਭਾਵਨਾਵਾਂ ਇਸ ਤੋਂ ਬਾਅਦ ਕੀਤੀ ਜਾਣ ਵਾਲੀ ਸਿਆਸਤ ਵਿਚੋਂ ਹੀ ਉਜਾਗਰ ਹੋਣੀਆਂ ਹੁੰਦੀਆਂ ਹਨ। ਹੁਣ ਦੇਖਣਾ ਇਹ ਬਾਕੀ ਹੈ ਕਿ ਜਿਸ ਤਰ੍ਹਾਂ ਸਾਂਝੀ ਸਿਆਸਤ ਨੇ ਭਾਰਤੀ ਜਨਤਾ ਪਾਰਟੀ ਨੂੰ ਫਿਕਰਾਂ ਵਿਚ ਪਾਇਆ ਹੈ, ਸਿੱਖ ਸਿਆਸਤ ਵਿਚ ਕਿਹੜੀਆਂ ਧਿਰਾਂ ਬਾਦਲਕਿਆਂ ਨੂੰ ਫਿਕਰਾਂ ਵਿਚ ਪਾਉਂਦੀਆਂ ਹਨ। ਇਸ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ। ਜਿੰਨਾ ਚਿਰ ਇਹ ਜਕੜ ਨਹੀਂ ਟੁੱਟਦੀ, ਅਗਾਂਹ ਭਵਿੱਖ ਨਾਲ ਅੱਖਾਂ ਮਿਲਾਉਣ ਵਾਲੀ ਸਿੱਖ ਸਿਆਸਤ ਲਈ ਰਾਹ ਬਣਨਾ ਜੇ ਅਸੰਭਵ ਨਹੀਂ ਤਾਂ ਫਿਲਹਾਲ ਮੁਸ਼ਕਿਲ ਜ਼ਰੂਰ ਜਾਪਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਚੋਰ ਡਾਂਟੇ ਕੋਤਵਾਲ ਨੂੰ!*

ਲੋਕ ਰਾਜ ਦੇ ਬਾਗ ਦਾ ਹਾਲ ਦੇਖੋ, ਫਿਰਦੇ ਗਧੇ ਨੇ ਵਾਂਗ ਰਖਵਾਲਿਆਂ ਦੇ।
ਕਾਰੇ ਦੇਖ ਕੇ ਲੋਕ ਪਛਤਾਉਣ ਲੱਗਦੇ, ਵੋਟਾਂ ਪਾਇ ਕੇ ਸਿਰੀਂ ਬਹਾਲਿਆਂ ਦੇ।
ਉਹ ਧੀਆਂ ਦੀ ਅਜ਼ਮਤ ਦਾ 'ਫਿਕਰ' ਦੱਸੇ, ਬਣੇ ਜਿਹਦੇ 'ਤੇ ਕੇਸ ਉਧਾਲਿਆਂ ਦੇ।
ਸੱਤਾ ਪੱਖ ਦੇ ਅੱਖਾਂ 'ਚ ਰੜਕਦਾ ਏ, ਕੱਢੇ ਕਾਂਡ ਜੋ ਘਾਲਿਆਂ-ਮਾਲਿਆਂ ਦੇ।
ਰਿਸ਼ਵਤਖੋਰੀ ਦੀ ਕਰੇ ਸ਼ਿਕਾਇਤ ਜਿਹੜਾ, ਹਾਕਮ ਉਹਦੇ 'ਤੇ ਰੋਹਬ ਹੁਣ ਛਾਂਟਦਾ ਏ।
ਰਿਹਾ ਠੱਗਾਂ ਨੂੰ ਖੌਫ ਨਾ ਪੁਲਿਸ ਵਾਲਾ, ਕਿਉਂਕਿ ਚੋਰ ਕੋਤਵਾਲ ਨੂੰ ਡਾਂਟਦਾ ਏ!

# ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ ਦਾ ਰਾਹ ਔਖਾ

*ਐਤਕੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਬੜੀ ਦਿਲਚਸਪ ਰਹੀ। ਬਾਦਲ ਦਲ ਦਾ ਉਮੀਦਵਾਰ ਗੋਬਿੰਦ ਸਿੰਘ ਲੌਂਗੋਵਾਲ ਭਾਵੇਂ ਵੱਡੇ ਫਰਕ ਨਾਲ ਜੇਤੂ ਰਿਹਾ, ਪਰ ਜਿਸ ਢੰਗ ਨਾਲ ਵੰਗਾਰ ਪਾਈ ਗਈ, ਉਸ ਤੋਂ ਕਿਸੇ ਨਵੀਂ ਸਿਆਸਤ ਦੀ ਸੂਹ ਜ਼ਰੂਰ ਪੈਂਦੀ ਹੈ। ਇਸ ਸਫਬੰਦੀ ਵਿਚੋਂ ਅਗਾਂਹ ਕੋਈ ਨਿੱਗਰ ਸਿਆਸਤ ਦੀ ਲੜੀ ਨਿਕਲਦੀ ਹੈ ਜਾਂ ਨਹੀਂ, ਇਹ ਤਾਂ ਆਉਣ ਵਾਲਾ ਵਕਤ ਹੀ ਦੱਸੇਗਾ, ਪਰ ਇਕ ਗੱਲ ਸਾਫ ਹੋ ਗਈ ਹੈ ਕਿ ਬਾਦਲਾਂ ਨੂੰ ਇਉਂ ਵੀ ਵੰਗਾਰਿਆ ਜਾ ਸਕਦਾ ਹੈ।*

ਭਾਈ ਗੋਬਿੰਦ ਸਿੰਘ ਲੌਂਗੋਵਾਲ, ਜਿਹੜੇ ਬਾਦਲਾਂ ਦੀ ਮਿਹਰਬਾਨੀ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ ਹਨ, ਸਾਹਮਣੇ ਵੱਡੀਆਂ ਵੰਗਾਰਾਂ ਹਨ। ਸਿੱਖ ਬੁੱਧੀਜੀਵੀ ਤੇ ਆਗੂ ਮਹਿਸੂਸ ਕਰਦੇ ਹਨ ਕਿ ਉਹ ਸਮੁੱਚੇ ਤੌਰ 'ਤੇ ਸ਼ਾਇਦ ਸਿੱਖਾਂ ਦੀਆਂ ਆਸਾਂ ਉਪਰ ਖ਼ਰੇ ਨਾ ਉਤਰ ਸਕਣ। ਸੰਤ ਹਰਚੰਦ ਸਿੰਘ ਲੌਂਗੋਵਾਲ ਵੱਲੋਂ ਉਨ੍ਹਾਂ ਨੂੰ ਮੁਤਬੰਨਾ ਬਣਾਏ ਜਾਣ ਦੇ ਬਾਵਜੂਦ ਹੁਣ ਉਨ੍ਹਾਂ ਨੂੰ ਬਾਦਲਾਂ ਦਾ ਪਿਛਲੱਗ ਬਣਨਾ ਪਏਗਾ। ਸੰਤ ਹਰਚੰਦ ਸਿੰਘ ਲੌਂਗੋਵਾਲ, ਜਿਨ੍ਹਾਂ ਨੂੰ ਪੰਜਾਬ ਵਿਚ ਅਮਨ ਬਹਾਲੀ ਖ਼ਾਤਰ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਸਮਝੌਤਾ ਕਰਨ ਤੋਂ ਖ਼ਫਾ

**ਕੇ.ਐਸ. ਚਾਵਲਾ**
ਫੋਨ: +91-99886-44244

ਖਾੜਕੂਆਂ ਨੇ ਗੋਲੀਆਂ ਮਾਰ ਕੇ ਸਦਾ ਦੀ ਨੀਂਦ ਸੁਲਾ ਦਿੱਤਾ ਸੀ, ਦੇ ਗੋਬਿੰਦ ਸਿੰਘ ਲੌਂਗੋਵਾਲ ਡਰਾਈਵਰ ਵੀ ਰਹੇ ਅਤੇ ਤਬਲਚੀ ਵੀ।

ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ ਅੱਗੇ ਤੁਰੰਤ ਤੇ ਸਭ ਤੋਂ ਮੁਸ਼ਕਿਲ ਕਾਰਜ ਸਿੱਖਾਂ ਦੀ ਸਰਵਉਚ ਸੰਸਥਾ ਸ੍ਰੀ ਅਕਾਲ ਤਖ਼ਤ ਦੀ ਭਰੋਸੇਯੋਗਤਾ ਬਹਾਲ ਕਰਨਾ ਹੈ। ਅਕਾਲ ਤਖ਼ਤ ਦੀ ਭਰੋਸੇਯੋਗਤਾ ਨੂੰ ਬਾਦਲਾਂ, ਖਾਸ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੱਡੇ ਪੱਧਰ 'ਤੇ ਦਖਲਅੰਦਾਜ਼ੀ ਕਰਦਿਆਂ ਉਸ ਸਮੇਂ ਭਾਰੀ ਢਾਹ ਲਾਈ ਸੀ ਜਦੋਂ ਅਕਾਲੀ ਦਲ-ਭਾਜਪਾ ਗੱਠਜੋੜ ਦੇ ਪੰਜਾਬ ਵਿਚ ਦਸ ਸਾਲਾ ਸ਼ਾਸਨ ਦੌਰਾਨ ਉਹ ਤਾਨਾਸ਼ਾਹ ਸ਼ਾਸਕ ਵਾਂਗ ਵਿਚਰੇ। ਸਿੱਖ ਤਖ਼ਤਾਂ ਦੇ ਜਥੇਦਾਰ ਆਮ ਕਰ ਕੇ, ਅਕਾਲ ਤਖ਼ਤ ਦੇ ਜਥੇਦਾਰ ਖਾਸ ਕਰ ਕੇ ਉਸ ਸਮੇਂ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤੇ ਜਾ ਰਹੇ ਹੁਕਮਾਂ ਦਾ ਵਿਰੋਧ ਨਹੀਂ ਕਰ ਸਕੇ ਅਤੇ ਉਹ ਉਨ੍ਹਾਂ ਦੇ ਅਧੀਨ ਅਫਸਰਸ਼ਾਹਾਂ ਵਾਂਗ ਹਰ ਨਿਰਦੇਸ਼ ਮੰਨਦੇ ਰਹੇ। ਤਖ਼ਤਾਂ ਦੇ ਜਥੇਦਾਰ ਉਸ ਸਮੇਂ ਸੁਖਬੀਰ ਸਿੰਘ ਬਾਦਲ ਅੱਗੇ ਝੁਕ ਗਏ ਜਦੋਂ ਅਕਾਲ ਤਖ਼ਤ ਦੇ ਜਥੇਦਾਰ ਨੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਉਸ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਵਰਗਾ ਪਹਿਰਾਵਾ ਪਹਿਨ ਕੇ ਉਨ੍ਹਾਂ ਵਾਂਗ ਅੰਮ੍ਰਿਤ ਤਿਆਰ ਕਰਨ ਦੇ ਦੋਸ਼ ਤੋਂ ਮੁਆਫ਼ ਕਰ ਦਿੱਤਾ। ਬਾਅਦ ਵਿਚ ਜਦੋਂ ਗਰਮਖਿਆਲ ਸਿੱਖਾਂ ਦੇ ਰੋਹ ਦਾ ਬਾਦਲ ਸਾਹਮਣਾ ਨਾ ਕਰ ਸਕੇ ਤਾਂ ਅਕਾਲ ਤਖ਼ਤ ਦੇ ਜਥੇਦਾਰ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਦਿੱਤੀ ਮੁਆਫ਼ੀ ਵਾਪਸ ਲੈ ਕੇ ਉਨ੍ਹਾਂ ਖ਼ਿਲਾਫ਼ ਪਹਿਲਾਂ ਜਾਰੀ ਹੁਕਮਨਾਮਾ ਬਹਾਲ ਕਰ ਦਿੱਤਾ। ਡੇਰਾ ਸਿਰਸਾ ਦਾ ਮੁਖੀ ਇਸ ਵੇਲੇ ਬਲਾਤਕਾਰ ਦੇ ਕੇਸ ਵਿਚ ਹਰਿਆਣਾ ਦੀ ਜੇਲ੍ਹ ਅੰਦਰ ਬੰਦ ਹੈ। ਸੀ.ਬੀ.ਆਈ. ਅਦਾਲਤ ਨੇ ਉਨ੍ਹਾਂ ਨੂੰ ਦੋਸ਼ੀ ਠਹਿਰਾਉਂਦਿਆਂ ਦਸ-ਦਸ ਸਾਲ ਦੀਆਂ ਦੋ ਸਜ਼ਾਵਾਂ ਦਿੱਤੀਆਂ ਹੋਈਆਂ ਹਨ, ਜੋ ਇਕ ਤੋਂ ਬਾਅਦ ਦੂਜੀ ਸਜ਼ਾ ਵਜੋਂ ਕੁਲ ਵੀਹ ਸਾਲ ਲਈ ਹਨ। ਅਕਾਲ ਤਖ਼ਤ ਦਾ ਇਸ ਤੋਂ ਵੱਧ ਵੱਕਾਰ ਹੋਰ ਨਹੀਂ ਗਿਰਾਇਆ ਜਾ ਸਕਦਾ।

ਪੰਜਾਬ ਵਿਚ ਅਕਤੂਬਰ, 2015 ਦੌਰਾਨ ਉਸ ਸਮੇਂ ਹਾਲਾਤ ਬੇਹਦ ਖਰਾਬ ਹੋ ਗਏ ਸਨ ਜਦੋਂ ਫਰੀਦਕੋਟ ਜ਼ਿਲ੍ਹੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਵਾਪਰਨ ਬਾਅਦ 20 ਨਵੰਬਰ, 2015 ਨੂੰ ਤਰਨ ਤਾਰਨ ਨੇੜੇ ਸਰਬੱਤ ਖਾਲਸਾ ਬੁਲਾਇਆ ਗਿਆ, ਜਿਸ ਵਿਚ ਪਾਸ ਕੀਤੇ ਮਤੇ ਤਹਿਤ ਸਿੱਖ ਤਖ਼ਤਾਂ ਦੇ ਸਾਰੇ ਪੰਜ ਜਥੇਦਾਰ ਬਰਖ਼ਾਸਤ ਕਰ ਦਿੱਤੇ ਗਏ ਅਤੇ ਮੁਤਵਾਜ਼ੀ ਜਥੇਦਾਰ ਨਿਯੁਕਤ ਕਰ ਦਿੱਤੇ। ਸਰਬੱਤ ਖਾਲਸਾ ਦੇ ਨਿਯੁਕਤ ਜਥੇਦਾਰਾਂ ਨੇ ਸਿੱਖ ਮੁੱਦੇ ਉਠਾਏ, ਪਰ ਇਨ੍ਹਾਂ ਵੱਲੋਂ ਬਰਖਾਸਤ ਕੀਤੇ ਤਖ਼ਤਾਂ ਦੇ ਜਥੇਦਾਰ, ਜੋ ਸ਼੍ਰੋਮਣੀ ਕਮੇਟੀ ਵੱਲੋਂ ਨਿਯੁਕਤ ਹਨ, ਨੇ ਇਨ੍ਹਾਂ ਦੇ ਫੈਸਲਿਆਂ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ। ਮੁਤਵਾਜ਼ੀ ਜਥੇਦਾਰ ਹੁਣ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੀ ਲੀਡਰਸ਼ਿਪ ਲਈ ਸਿਰਦਰਦੀ ਬਣੇ ਹੋਏ ਹਨ। ਕੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਸਿੱਖ ਪੰਥ ਦੀ ਇਸ ਵੱਡੀ ਸਿਰਦਰਦੀ ਦਾ ਢੁਕਵਾਂ ਹੱਲ ਕੱਢ ਸਕਣਗੇ? ਮੁਤਵਾਜ਼ੀ ਜਥੇਦਾਰਾਂ ਨੂੰ ਗਰਮਖਿਆਲੀਆਂ ਤੇ ਸਿੱਖਾਂ ਦੇ ਇਕ ਵਰਗ ਦੀ ਹਮਾਇਤ ਹਾਸਲ ਹੈ।

ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਅੱਗੇ ਇਕ ਹੋਰ ਵੱਡੀ ਵੰਗਾਰ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਅਤੇ ਭਾਜਪਾ ਵੱਲੋਂ ਆਈ ਹੈ। ਪੰਜਾਬ ਵਿਧਾਨ ਸਭਾ ਚੋਣਾਂ 2017 ਵਿਚ ਅਕਾਲੀ ਦਲ-ਭਾਜਪਾ ਗੱਠਜੋੜ ਦੀ ਹਾਰ ਹੋਣ ਬਾਅਦ ਆਰ.ਐਸ.ਐਸ. ਅਤੇ ਇਸ ਨਾਲ ਸਬੰਧਤ ਰਾਸ਼ਟਰੀ ਸਿੱਖ ਸੰਗਤ ਨੇ ਸਰਗਰਮ ਹੁੰਦਿਆਂ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਆਪਣੀਆਂ ਸ਼ਾਖਾਵਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਹੋਣ ਕਾਰਨ, ਇਸ ਦਾ ਹਮਾਇਤੀ ਹੋਣ ਨਾਤੇ ਸ਼੍ਰੋਮਣੀ ਅਕਾਲੀ ਦਲ ਇਸ ਮੁੱਦੇ 'ਤੇ ਕਮਜ਼ੋਰ ਮਹਿਸੂਸ ਕਰ ਰਿਹਾ ਹੈ। ਰਾਸ਼ਟਰੀ ਸਿੱਖ ਸੰਗਤ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਕਥਿਤ ਤੌਰ 'ਤੇ ਦਖ਼ਲ ਦਿੱਤਾ ਜਾ ਰਿਹਾ ਹੈ। ਥੋੜ੍ਹਾ ਚਿਰ ਪਹਿਲਾਂ ਰਾਸ਼ਟਰੀ ਸਿੱਖ ਸੰਗਤ ਨੇ ਦਿੱਲੀ ਵਿਚ ਸੰਮੇਲਨ ਬੁਲਾਇਆ ਜਿਸ ਲਈ ਅਕਾਲ ਤਖ਼ਤ ਦੇ ਜਥੇਦਾਰ ਨੂੰ ਵੀ ਸੱਦਾ ਭੇਜਿਆ ਗਿਆ ਸੀ, ਪਰ ਉਨ੍ਹਾਂ ਨੇ ਇਸ ਵਿਚ ਸ਼ਮੂਲੀਅਤ ਨਹੀਂ ਕੀਤੀ ਅਤੇ ਇਨ੍ਹਾਂ ਦੇ ਸਮਾਗਮਾਂ ਦੇ ਬਾਈਕਾਟ ਲਈ ਪਹਿਲਾਂ ਹੀ ਜਾਰੀ ਹੁਕਮਨਾਮੇ ਉਪਰ ਸਿੱਖਾਂ ਨੂੰ ਅਮਲ ਕਰਨ ਦਾ ਸੱਦਾ ਦਿੱਤਾ ਸੀ। ਆਰ.ਐਸ.ਐਸ. ਵੱਲੋਂ ਗੁਰੂ ਗੋਬਿੰਦ ਸਿੰਘ ਨੂੰ ਕੌਮੀ ਨਾਇਕ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਇਹ ਸੰਗਠਨ ਸਿੱਖਾਂ ਨੂੰ ਵਡੇਰੇ ਹਿੰਦ ਪਰਿਵਾਰ ਦਾ ਹੀ ਹਿੱਸਾ ਮੰਨਦੀ ਹੈ। ਇਥੋਂ ਤੱਕ ਕਿ ਆਰ.ਐਸ.ਐਸ. ਤੇ ਭਾਜਪਾ ਨੇ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸੀਟਾਂ ਦਾ ਹਿੱਸਾ ਮੰਗਣਾ ਸ਼ੁਰੂ ਕੀਤਾ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ, ਦੋਵਾਂ ਵਿਚ ਗੱਠਜੋੜ ਭਾਈਵਾਲੀ ਹੈ ਤੇ ਦੋਵੇਂ ਪੰਜਾਬ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਦੌਰਾਨ ਸੀਟਾਂ ਦੀ ਵੰਡ ਕਰ ਕੇ ਭਾਈਵਾਲੀ ਨਾਲ ਚੋਣਾਂ ਲੜਦੇ ਆ ਰਹੇ ਹਨ। ਆਰ.ਐਸ.ਐਸ. ਤੇ ਭਾਜਪਾ ਵੱਲੋਂ ਸਿੱਖ ਸੰਸਥਾਵਾਂ ਵਿਚ ਸੀਟਾਂ ਦੀ ਹਿੱਸੇਦਾਰੀ ਮੰਗਣ ਖ਼ਿਲਾਫ਼ ਸਿੱਖਾਂ ਵਿਚ ਰੋਹ ਉਪਜਦਾ ਰਿਹਾ ਹੈ। ਸਿੱਖ ਭਾਈਚਾਰਾ ਇਸ ਨੂੰ ਆਪਣੇ ਧਾਰਮਿਕ ਮਾਮਲਿਆਂ ਵਿਚ ਸਿੱਧੀ ਦਖਲਅੰਦਾਜ਼ੀ ਮੰਨਦਾ ਹੈ। ਸਿੱਖ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਉਤੇ ਕਾਬਜ਼ ਬਾਦਲਾਂ ਦੀ ਕਥਿਤ ਕਮਜ਼ੋਰ ਸਿਆਸਤ ਕਾਰਨ ਅਜਿਹੀ ਮੰਗ ਵਾਰ-ਵਾਰ ਜ਼ੋਰ ਫੜ ਰਹੀ ਹੈ।

ਸ਼੍ਰੋਮਣੀ ਕਮੇਟੀ ਦੀ ਰਿਕਾਰਡ ਸਤਾਈ ਸਾਲ ਅਗਵਾਈ ਕਰਨ ਵਾਲੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਦੇਹਾਂਤ ਬਾਅਦ ਇਸ ਦੀ ਲੀਡਰਸ਼ਿਪ ਪੂਰੀ ਤਰ੍ਹਾਂ ਕਮਜ਼ੋਰ ਪੈ ਚੁੱਕੀ ਹੈ। ਸੀਨੀਅਰ ਬਾਦਲ, ਜੋ ਉਨ੍ਹਾਂ ਦੇ ਸਮੇਂ ਵੀ ਪੰਜਾਬ ਦੇ ਮੁੱਖ ਮੰਤਰੀ ਬਣਦੇ ਰਹੇ, ਉਨ੍ਹਾਂ ਉਪਰ ਆਪਣਾ ਹਰ ਹੁਕਮ ਚਲਾ ਨਹੀਂ ਸਕੇ ਸਨ। ਜਥੇਦਾਰ ਟੌਹੜਾ ਦੇ ਅਕਾਲ ਚਲਾਣੇ ਬਾਅਦ, ਪ੍ਰਕਾਸ਼ ਸਿੰਘ ਬਾਦਲ ਨੂੰ ਮੌਕਾ ਮਿਲ ਗਿਆ ਕਿ ਉਹ ਉਨ੍ਹਾਂ ਦੇ ਵਫ਼ਾਦਾਰਾਂ ਨੂੰ ਸਿਆਸੀ ਤੌਰ 'ਤੇ ਖਤਮ ਕਰ ਸਕਣ ਅਤੇ ਉਹ ਇਸ ਮਿਸ਼ਨ ਵਿਚ ਕਾਮਯਾਬ ਵੀ ਰਹੇ। ਸਭ ਤੋਂ ਪਹਿਲਾਂ ਮਨਜੀਤ ਸਿੰਘ ਕਲਕੱਤਾ ਦੀ ਵਾਰੀ ਲੱਗੀ ਜਿਨ੍ਹਾਂ ਨੂੰ ਉਘੇ ਵਿਦਵਾਨ ਤੇ ਜਥੇਦਾਰ ਟੌਹੜਾ ਦੇ ਪੱਕੇ ਵਿਸ਼ਵਾਸਪਾਤਰ ਮੰਨਿਆ ਜਾਂਦਾ ਸੀ। ਉਨ੍ਹਾਂ ਵਿਚ ਕੀ ਨੁਕਸ ਸੀ? ਉਨ੍ਹਾਂ ਨੇ ਕਦੇ ਵੀ ਜਥੇਦਾਰ ਟੌਹੜਾ ਨੂੰ ਧੋਖਾ ਨਹੀਂ ਦਿੱਤਾ ਸੀ ਅਤੇ ਮੰਗ ਕੀਤੀ ਸੀ ਕਿ ਕੈਪਟਨ ਅਮਰਿੰਦਰ ਸਿੰਘ ਜਦੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਅੰਮ੍ਰਿਤਸਰ ਵਿਚ ਇਕ ਸਮਾਗਮ ਵਿਚ ਹਿੱਸਾ ਲੈਣ ਮੌਕੇ ਸ੍ਰੀ ਹਰਿਮੰਦਰ ਸਾਹਿਬ ਆਉਣ, ਉਨ੍ਹਾਂ ਨੂੰ ਵੀ ਸਿਰੋਪਾਓ ਦਿੱਤਾ ਜਾਵੇ। ਉਸ ਸਮੇਂ ਮਨਜੀਤ ਸਿੰਘ ਕਲਕੱਤਾ ਨੂੰ ਸ਼੍ਰੋਮਣੀ ਅਕਾਲੀ ਦਲ ਵਿਚੋਂ ਕੱਢ ਦਿੱਤਾ ਗਿਆ ਸੀ।

1999 ਦੌਰਾਨ ਜਦੋਂ ਜਥੇਦਾਰ ਟੌਹੜਾ ਤੇ ਪ੍ਰਕਾਸ਼ ਸਿੰਘ ਬਾਦਲ ਵੱਖ ਹੋ ਗਏ ਸਨ, ਜਥੇਦਾਰ ਜਗਦੇਵ ਸਿੰਘ ਤਲਵੰਡੀ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਦਾ ਚੇਅਰਮੈਨ ਲਾਇਆ ਗਿਆ। ਸ. ਬਾਦਲ ਨੇ ਜਥੇਦਾਰ ਤਲਵੰਡੀ ਰਾਹੀਂ ਜਥੇਦਾਰ ਟੌਹੜਾ ਨੂੰ ਸ਼੍ਰੋਮਣੀ ਅਕਾਲੀ ਦਲ ਵਿਚੋਂ ਕੱਢ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ ਵਿਚੋਂ ਜਥੇਦਾਰ ਟੌਹੜਾ ਨੂੰ ਕੱਢਣ ਦੇ ਇਨਾਮ ਵਜੋਂ ਸ. ਬਾਦਲ ਨੇ ਜਥੇਦਾਰ ਤਲਵੰਡੀ ਨੂੰ ਸ਼੍ਰੋਮਣੀ ਕਮੇਟੀ ਦਾ ਇਕ ਸਾਲ ਲਈ ਪ੍ਰਧਾਨ ਨਿਯੁਕਤ ਕਰ ਦਿੱਤਾ ਸੀ। ਇਸੇ ਤਰ੍ਹਾਂ ਜਥੇਦਾਰ ਟੌਹੜਾ ਦੇ ਜਵਾਈ ਹਰਮੇਲ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਛੱਡਣ ਲਈ ਮਜਬੂਰ ਕਰ ਦਿੱਤਾ ਗਿਆ ਸੀ। ਜਥੇਦਾਰ ਅਵਤਾਰ ਸਿੰਘ ਮੱਕੜ, ਜਿਨ੍ਹਾਂ ਨੂੰ ਜਥੇਦਾਰ ਟੌਹੜਾ ਵੱਲ ਝੁਕੇ ਸ਼ਹਿਰੀ ਸਿੱਖਾਂ ਨੂੰ ਪਾਰਟੀ ਵੱਲ ਰੱਖਣ ਲਈ ਬਾਦਲਾਂ ਨੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ ਸੀ, ਨੂੰ ਵੀ ਖੁੱਲ੍ਹ ਕੇ ਆਜ਼ਾਦਾਨਾ ਤੌਰ 'ਤੇ ਕੰਮ ਨਹੀਂ ਕਰਨ ਦਿੱਤਾ ਗਿਆ। ਸਹਿਜਧਾਰੀ ਸਿੱਖਾਂ ਦੇ ਮੁੱਦੇ ਉਪਰ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੋਣ ਸਦਕਾ ਉਹ ਦਸ ਸਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਸੇਵਾ ਕਰਦੇ ਰਹੇ। ਜੇ ਸੁਪਰੀਮ ਕੋਰਟ ਵਿਚ ਕੇਸ ਬਕਾਇਆ ਨਾ ਪਿਆ ਹੁੰਦਾ ਤਾਂ ਉਨ੍ਹਾਂ ਨੂੰ ਵੀ ਬਾਹਰ ਦਾ ਰਸਤਾ ਵਿਖਾਇਆ ਜਾ ਸਕਦਾ ਸੀ।

ਇਸ ਸਾਲ, ਭਾਵ ਪਿਛਲੇ ਹਫਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਸਮੇਂ ਵੱਡੀ ਤਬਦੀਲੀ ਵੇਖਣ ਵਿਚ ਆਈ ਹੈ। ਇਸ ਵਾਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਲਈ ਉਮੀਦਵਾਰ ਦੇ ਨਾਮ ਦਾ 'ਲਿਫਾਫਾ' ਨਹੀਂ ਸੀ। ਇਸ ਦਾ ਸਿਹਰਾ ਸੁਖਦੇਵ ਸਿੰਘ ਭੌਰ ਨੂੰ ਜਾਣਾ ਚਾਹੀਦਾ ਹੈ ਜਿਨ੍ਹਾਂ ਨੇ ਪੰਥਕ ਯੂਨਾਈਟਿਡ ਫਰੰਟ ਬਣਾ ਕੇ ਗੋਬਿੰਦ ਸਿੰਘ ਲੌਂਗੋਵਾਲ ਖ਼ਿਲਾਫ਼ ਉਮੀਦਵਾਰ ਮੈਦਾਨ ਵਿਚ ਉਤਾਰਿਆ, ਭਾਵੇਂ ਉਹ ਹਾਰ ਗਿਆ, ਪਰ ਪ੍ਰਧਾਨ ਦੀ ਚੋਣ ਸਰਬ ਸੰਮਤੀ ਜਾਂ ਬਗੈਰ ਮੁਕਾਬਲਾ ਨਹੀਂ ਹੋਈ।

ਸਿੱਖ ਬੁੱਧੀਜੀਵੀਆਂ ਨੂੰ ਇਹ ਚਿੰਤਾ ਹੈ ਕਿ ਸਿੱਖ ਧਾਰਮਿਕ ਆਗੂ ਉਸ ਪੱਧਰ ਦੇ ਨਹੀਂ, ਜੋ ਸਿੱਖਾਂ ਦੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਕਮੇਟੀ ਨੂੰ ਸਹੀ ਢੰਗ ਨਾਲ ਚਲਾ ਸਕਣ। ਮੀਡੀਆ ਦੇ ਕੁਝ ਹਿੱਸਿਆਂ ਵਿਚ ਇਹ ਦੋਸ਼ ਉਭਰ ਕੇ ਸਾਹਮਣੇ ਆਏ ਹਨ ਕਿ ਗੋਬਿੰਦ ਸਿੰਘ ਲੌਂਗੋਵਾਲ 2017 ਦੀਆਂ ਵਿਧਾਨ ਸਭਾ ਚੋਣਾਂ ਲਈ ਡੇਰਾ ਸਿਰਸਾ ਦੇ ਮੁਖੀ ਦਾ ਅਸ਼ੀਰਵਾਦ ਲੈਣ ਲਈ ਉਨ੍ਹਾਂ ਦੇ ਡੇਰੇ ਉਪਰ ਗਏ ਸਨ। ਉਨ੍ਹਾਂ ਨੂੰ ਇਸ ਦੋਸ਼ ਤਹਿਤ ਤਨਖਾਹੀਆ ਕਰਾਰ ਦਿੱਤਾ ਗਿਆ ਸੀ। ਦੂਜੇ ਪਾਸੇ, ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਦੋਸ਼ ਨੂੰ ਰੱਦ ਕਰਦਿਆਂ ਆਪਣਾ ਸਪਸ਼ਟੀਕਰਨ ਦਿੱਤਾ ਹੈ ਕਿ ਉਹ ਵੋਟਾਂ ਖ਼ਾਤਰ ਕਦੇ ਵੀ ਸਿਰਸਾ ਡੇਰੇ ਉਪਰ ਨਹੀਂ ਗਏ। ਉਨ੍ਹਾਂ ਕਿਹਾ ਹੈ ਕਿ ਨਿਮਰ ਸਿੱਖ ਹੋਣ ਨਾਤੇ ਉਨ੍ਹਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਲਾਈ ਤਨਖਾਹ ਪ੍ਰਵਾਨ ਕੀਤੀ ਸੀ ਅਤੇ ਆਪਣਾ ਪੱਖ ਸਪਸ਼ਟ ਕਰਦਿਆਂ ਅਕਾਲ ਤਖ਼ਤ ਨੂੰ ਚਿੱਠੀ ਵੀ ਭੇਜੀ ਸੀ।

ਅਜਿਹੇ ਵਿਵਾਦ ਦੇ ਬਾਵਜੂਦ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਚੋਣ, ਬਾਦਲਕਿਆਂ ਦੀ ਮਜਬੂਰੀ ਦਾ ਸਿੱਟਾ ਹੈ। ਹੁਣ ਤਕ ਜੋ ਕੁਝ ਵਾਪਰਦਾ ਆਇਆ ਹੈ, ਉਸ ਦੇ ਆਧਾਰ 'ਤੇ ਇਹੋ ਕਿਹਾ ਜਾ ਸਕਦਾ ਹੈ ਕਿ ਬਾਦਲ, ਭਾਈ ਲੌਂਗੋਵਾਲ ਨੂੰ ਆਪਣੀ ਮਰਜ਼ੀ ਮੁਤਾਬਿਕ ਕੰਮ ਨਹੀਂ ਕਰਨ ਦੇਣਗੇ। ਅਜਿਹੇ ਦਬਾਅ ਦੇ ਬਾਵਜੂਦ ਇਹ ਭਾਈ ਲੌਂਗੋਵਾਲ ਨੇ ਦੇਖਣਾ ਹੈ ਕਿ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਪ੍ਰਤੀ ਵਫ਼ਾਦਾਰੀ ਨਿਭਾਉਣੀ ਹੈ ਜਾਂ ਬਾਦਲਾਂ ਪ੍ਰਤੀ।

# ਕਿੱਸਾ ਪੰਜਾਬ ਦੀਆਂ ਵਿਗੜੀਆਂ ਤਰਜੀਹਾਂ ਦਾ

ਪੰਜਾਬ ਸਰਕਾਰ ਨੇ ਇਕ ਮਹੀਨੇ ਨਾਲੋਂ ਘੱਟ ਸਮੇਂ ਵਿਚ ਦੋ ਅਜਿਹੇ ਫੈਸਲੇ ਕੀਤੇ ਹਨ ਜਿਨ੍ਹਾਂ ਨੇ ਪੰਜਾਬੀਆਂ ਨੂੰ ਹੈਰਾਨ ਕੀਤਾ ਹੈ। ਇਨ੍ਹਾਂ ਦੋਵਾਂ ਫੈਸਲਿਆਂ ਦਾ ਸਖਤ ਵਿਰੋਧ ਕਰਨ ਦੀ ਲੋੜ ਹੈ। ਪਹਿਲਾ ਫ਼ੈਸਲਾ ਰਾਜ ਅੰਦਰ 800 ਪ੍ਰਾਇਮਰੀ ਸਕੂਲ ਬੰਦ ਕਰਨ ਬਾਰੇ ਹੈ। ਇਹ ਕੁਝ ਪੈਸੇ ਬਚਾਉਣ ਲਈ ਕੀਤਾ ਗਿਆ ਹੈ। ਦੂਜਾ ਫ਼ੈਸਲਾ ਸ਼ਰਾਬ ਦੇ ਵਪਾਰ ਵਿਚ ਦਾਖਲ ਹੋਣ ਦਾ ਹੈ। ਇਹ ਪੈਸੇ ਕਮਾਉਣ ਲਈ ਹੈ। ਸਰਕਾਰੀ ਬਿਆਨ ਵਿਚ 800 ਸਕੂਲਾਂ ਨੂੰ ਬੰਦ ਕਰਨਾ ਸਿੱਖਿਆ ਸੁਧਾਰ ਵਜੋਂ ਪੇਸ਼ ਕੀਤਾ ਗਿਆ ਹੈ। ਬਿਆਨ ਅਨੁਸਾਰ ਇਹ ਅਕਾਦਮਿਕ ਮਾਹੌਲ ਯਕੀਨੀ ਬਣਾਉਣ ਵਾਲੀ ਉਤਮ ਯੋਜਨਾ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ 800 ਪ੍ਰਾਇਮਰੀ

**ਨਿਰਮਲ ਸੰਧੂ**
ਫੋਨ: +91-98721-16633

ਸਕੂਲ ਬੰਦ ਹੋਣ ਨਾਲ ਬੱਚਿਆਂ ਦੀ ਮੁਫ਼ਤ ਤੇ ਲਾਜ਼ਮੀ ਸਿੱਖਿਆ ਦਾ ਕਾਨੂੰਨੀ ਅਧਿਕਾਰ ਪ੍ਰਭਾਵਿਤ ਨਹੀਂ ਹੋਵੇਗਾ। ਜੇ ਸਰਕਾਰ ਦੀ ਸੋਚ ਅਨੁਸਾਰ ਇਹ ਸੁਧਾਰ ਹਨ ਤਾਂ ਸਿੱਖਿਆ ਤੇ ਹੋਰ ਖੇਤਰ, ਜਿਨ੍ਹਾਂ ਵਿਚ ਉਸ ਨੇ ਸੁਧਾਰ ਕਰਨੇ ਤਜਵੀਜ਼ੇ ਹੋਏ ਹਨ, ਬਗ਼ੈਰ ਸੁਧਾਰਾਂ ਦੇ ਹੀ ਛੱਡ ਦੇਣੇ ਚਾਹੀਦੇ ਹਨ।

ਸਿੱਖਿਆ ਸੰਸਥਾਵਾਂ ਦੀ ਦਸ਼ਾ ਸੁਧਾਰਨ ਲਈ ਇਨ੍ਹਾਂ ਨੂੰ ਹੋਰ ਫੰਡ ਮੁਹੱਈਆ ਕਰਾਉਣ ਦੀ ਬਜਾਏ, ਕਾਂਗਰਸ ਸਰਕਾਰ ਨੇ ਇਨ੍ਹਾਂ ਨੂੰ ਬੰਦ ਕਰਨ ਦਾ ਆਸਾਨ ਰਸਤਾ ਇਸ ਆਧਾਰ ਉਪਰ ਚੁਣ ਲਿਆ ਕਿ ਇਨ੍ਹਾਂ ਸਕੂਲਾਂ ਵਿਚ ਵਿਦਿਆਰਥੀ ਬਹੁਤ ਘੱਟ ਹਨ। ਰਾਜ ਸਰਕਾਰ ਆਪਣੇ ਨਾਗਰਿਕਾਂ ਪ੍ਰਤੀ ਮੁੱਢਲੀ ਜ਼ਿੰਮੇਵਾਰੀ ਤੋਂ ਮੂੰਹ ਮੋੜ ਰਹੀ ਹੈ। ਸਕੂਲ ਬੰਦ ਕਰਨ ਦੇ ਫ਼ੈਸਲੇ ਲੈਣ ਵਾਲਿਆਂ ਨੂੰ ਚਿੰਤਨ ਕਰਨਾ ਚਾਹੀਦਾ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਕਿਉਂ ਨਹੀਂ ਭੇਜਦੇ।

ਪ੍ਰਸ਼ਾਸਕੀ ਲਾਪ੍ਰਵਾਹੀ ਅਤੇ ਵਰ੍ਹਿਆਂ ਤੋਂ ਫੰਡ ਦੇਣ ਤੋਂ ਕੀਤੀ ਜਾ ਰਹੀ ਨਾਂਹ-ਨੁੱਕਰ ਦਾ ਨਤੀਜਾ ਹੈ ਕਿ ਸਰਕਾਰੀ ਸਿੱਖਿਆ ਸੰਸਥਾਵਾਂ ਲਗਾਤਾਰ ਨਿਘਾਰ ਵੱਲ ਜਾ ਰਹੀਆਂ ਹਨ। ਪਿਛਲੇ ਪੰਦਰਾਂ ਸਾਲਾਂ ਤੋਂ ਸਰਕਾਰੀ ਕਾਲਜਾਂ ਨੂੰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਨਿਯੁਕਤ ਪੱਕੇ ਅਧਿਆਪਕ ਨਹੀਂ ਦਿੱਤੇ ਜਾ ਰਹੇ। ਸਾਲ 2002 ਦੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀ.ਪੀ.ਐਸ.ਸੀ.) ਘੁਟਾਲੇ (ਨੌਕਰੀਆਂ ਲਈ ਰਿਸ਼ਵਤ) ਸਾਹਮਣੇ ਆਉਣ ਬਾਅਦ, ਇਸ ਕਮਿਸ਼ਨ ਦੁਆਰਾ ਕੀਤੀ ਜਾਂਦੀ ਭਰਤੀ ਪ੍ਰਕਿਰਿਆ ਰੋਕ ਦਿੱਤੀ ਗਈ। ਇਹ ਘੁਟਾਲਾ ਉਦੋਂ ਸਾਹਮਣੇ ਆਇਆ ਸੀ ਜਦੋਂ ਉਸ ਵੇਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਸੀ ਕਿ ਭ੍ਰਿਸ਼ਟਾਚਾਰ ਕਿਸੇ ਵੀ ਕੀਮਤ ਉਪਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪੱਕੀ ਭਰਤੀ ਰੁਕਣ ਕਾਰਨ ਬਹੁਤ ਘੱਟ ਤਨਖਾਹਾਂ 'ਤੇ ਆਰਜ਼ੀ ਸਟਾਫ਼ ਭਰਤੀ ਕੀਤਾ ਗਿਆ ਜਿਸ ਦੇ ਨਤੀਜੇ ਵਜੋਂ ਸਿੱਖਿਆ ਦੇ ਮਿਆਰ ਵਿਚ ਨਿਘਾਰ ਆਇਆ ਹੈ।

ਵੀਰਾਨ ਹੋਈਆਂ ਸਿੱਖਿਆ ਸੰਸਥਾਵਾਂ ਦੇ ਨਿਰਾਸ਼ਾਜਨਕ ਮਾਹੌਲ ਕਾਰਨ ਰੱਜੇ-ਪੁੱਜੇ, ਅਤੇ ਘੱਟ ਰੱਜੇ-ਪੁੱਜੇ ਮਾਪਿਆਂ ਨੂੰ ਅਜਿਹੇ ਕਾਲਜਾਂ ਦਾ ਜਿਹੜਾ ਵੀ ਬਦਲ ਨਜ਼ਰ ਆਇਆ, ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਉਸ ਪਾਸੇ ਰੁਖ ਕਰ ਲਿਆ। ਨਤੀਜੇ ਵਜੋਂ ਪ੍ਰਾਈਵੇਟ ਸਿੱਖਿਆ ਖੇਤਰ ਦਾ ਕਾਰੋਬਾਰ ਖ਼ੂਬ ਪ੍ਰਫੁਲਿਤ ਹੋਇਆ। ਸਰਕਾਰੀ ਸਰੋਤ ਸੀਮਤ ਹੋਣ ਅਤੇ ਮੰਗ ਵਧਣ ਕਾਰਨ, ਸਿੱਖਿਆ ਤੇ ਸਿਹਤ ਖੇਤਰਾਂ ਵਿਚ ਪ੍ਰਾਈਵੇਟ ਖੇਤਰ ਦੀ ਭਾਈਵਾਲੀ ਨੂੰ ਟਾਲਿਆ ਨਹੀਂ ਜਾ ਸਕਦਾ, ਪਰ ਗੁਣਵੱਤਾ ਯਕੀਨੀ ਬਣਾਉਣ ਅਤੇ ਭ੍ਰਿਸ਼ਟ ਸਰਗਰਮੀਆਂ ਰੋਕਣ ਲਈ ਪ੍ਰਭਾਵੀ ਰੈਗੂਲੇਟਰੀ ਵਿਧੀ-ਵਿਧਾਨ ਦੀ ਲੋੜ ਹੈ। ਸਰਕਾਰ ਕਿਸੇ ਤਰ੍ਹਾਂ ਵੀ ਇਨ੍ਹਾਂ ਦੋਵਾਂ ਖੇਤਰਾਂ ਵਿਚੋਂ ਆਪਣੇ ਪੈਰ ਪੂਰੀ ਤਰ੍ਹਾਂ ਪਿਛਾਂਹ ਨਹੀਂ ਖਿੱਚ ਸਕਦੀ ਕਿਉਂਕਿ ਗ਼ਰੀਬ ਪਰਿਵਾਰ ਪ੍ਰਾਈਵੇਟ ਸੈਕਟਰ ਦੇ ਵੱਡੇ ਖਰਚੇ ਨਹੀਂ ਉਠਾ ਸਕਦੇ।

ਫੰਡਾਂ ਦੀ ਘਾਟ ਨੇ ਸਿੱਖਿਆ ਦੀ ਗੁਣਵੱਤਾ ਨੂੰ ਸੱਟ ਮਾਰੀ ਹੈ। ਇਸ ਘਾਟ ਨਾਲ ਗ਼ਰੀਬਾਂ ਨੂੰ ਨੁਕਸਾਨ ਪਹੁੰਚਿਆ ਹੈ, ਕਿਉਂਕਿ ਉਨ੍ਹਾਂ ਨੂੰ ਗ਼ਰੀਬੀ ਦੀ ਹਾਲਤ ਵਿਚੋਂ ਬਾਹਰ ਨਿਕਲਣ ਲਈ ਗੁਣਵੱਤਾ ਸਿੱਖਿਆ ਦੀ ਲੋੜ ਹੈ। ਗ਼ੈਰਮਿਆਰੀ ਸਿੱਖਿਆ ਨੇ ਪੰਜਾਬ ਦੇ ਨੌਜਵਾਨਾਂ ਨੂੰ ਆਪਣੇ ਸੁਪਨੇ ਸਾਕਾਰ ਕਰਨ ਵਿਚ ਸਫ਼ਲ ਨਹੀਂ ਹੋਣ ਦਿੱਤਾ। ਰਾਜ ਅੰਦਰ ਸਥਾਪਤ ਕੁਝ ਉਘੀਆਂ ਸਿੱਖਿਆ ਸੰਸਥਾਵਾਂ ਦਾ ਸਥਾਨਕ ਵਿਦਿਆਰਥੀ ਬਹੁਤਾ ਲਾਹਾ ਨਹੀਂ ਲੈ ਸਕੇ, ਕਿਉਂਕਿ ਉਹ ਦਾਖਲੇ ਲਈ ਕੌਮੀ ਪੱਧਰ 'ਤੇ ਮੁਕਾਬਲਾ ਨਹੀਂ ਕਰ ਸਕਦੇ ਸਨ। ਪੀ.ਜੀ.ਆਈ. ਚੰਡੀਗੜ੍ਹ, ਆਈ.ਆਈ.ਟੀ. ਰੋਪੜ, ਐਨ.ਆਈ.ਟੀ. ਜਲੰਧਰ, ਨਾਈਪਰ ਤੇ ਆਈ.ਆਈ.ਐਸ.ਈ.ਆਰ. ਮੁਹਾਲੀ ਅਤੇ ਕੇਂਦਰੀ ਯੂਨੀਵਰਸਿਟੀ ਬਠਿੰਡਾ ਵਿਚ ਦਾਖਲ ਪੰਜਾਬ ਦੇ ਵਿਦਿਆਰਥੀਆਂ ਦੀ ਗਿਣਤੀ 10 ਫ਼ੀਸਦੀ ਤੋਂ ਵੀ ਘੱਟ ਰਹਿ ਗਈ ਹੈ।

ਪੰਜਾਬ ਵਿਚ ਸਿੱਖਿਆ ਦੇ ਇਸ ਨਿਘਾਰ ਨੇ ਹੁਕਮਰਾਨ ਧਿਰ, ਵਿਰੋਧੀ ਧਿਰ, ਤੇ ਇਥੋਂ ਤਕ ਕਿ ਵੱਡੀ ਗਿਣਤੀ ਵਿਚ ਲੋਕਾਂ ਨੂੰ ਉਨਾ ਨਹੀਂ ਝੰਜੋੜਿਆ, ਜਿੰਨਾ ਝੰਜੋੜਨਾ ਚਾਹੀਦਾ ਸੀ। ਅੱਠ ਸੌ ਸਕੂਲਾਂ ਦੇ ਬੰਦ ਹੋਣ, ਜਿਹੜੇ ਜ਼ਿਆਦਾਤਰ ਹੁਸ਼ਿਆਰਪੁਰ, ਰੋਪੜ ਤੇ ਗੁਰਦਾਸਪੁਰ ਦੇ ਕੰਢੀ



ਖੇਤਰਾਂ ਵਿਚ ਹਨ, ਇਹ ਉਹ ਖੇਤਰ ਹਨ ਜਿਥੇ ਕੇਵਲ ਕਮਾਈ ਦੇ ਉਦੇਸ਼ ਵਾਲੇ ਪ੍ਰਾਈਵੇਟ ਸਕੂਲ ਵੀ ਨਹੀਂ ਜਾਂਦੇ, ਸਿਆਸੀ ਉਬਾਲ ਨਹੀਂ ਉਠਿਆ। ਸਿਆਸੀ ਪਾਰਟੀਆਂ ਹੋਰ ਮੁੱਦਿਆਂ ਵਿਚ ਉਲਝੀਆਂ ਹੋਈਆਂ ਹਨ। ਸਿਆਸੀ ਲੋਕ ਇਕ-ਦੂਜੇ ਨੂੰ ਨੀਵਾਂ ਦਿਖਾਉਣ ਵਿਚ ਲੱਗੇ ਹੋਏ ਹਨ। ਵਿਧਾਨ ਸਭਾ ਦਾ ਸਰਦ ਰੁੱਤ ਸੈਸ਼ਨ ਆਇਆ ਤੇ ਚਲਾ ਗਿਆ। ਉਸ ਵਿਚ ਇਸ ਮੁੱਦੇ ਅਤੇ ਹੋਰ ਅਹਿਮ ਮੁੱਦਿਆਂ ਦਾ ਨੋਟਿਸ ਲਿਆ ਜਾਣਾ ਵੀ ਮੁਨਾਸਿਬ ਨਹੀਂ ਸਮਝਿਆ ਗਿਆ।

ਪੰਜਾਬ ਸਰਕਾਰ ਦਾ ਦੂਜਾ ਅਹਿਮ ਐਲਾਨ, ਜਿਸ ਦਾ ਬਹੁਤਿਆਂ ਨੇ ਨੋਟਿਸ ਨਹੀਂ ਲਿਆ, ਉਹ ਮੁੱਖ ਮੰਤਰੀ ਦੀ ਅਗਵਾਈ ਹੇਠ ਵਿੱਤੀ ਮਾਮਲਿਆਂ ਬਾਰੇ ਬਣੀ ਸਬ ਕਮੇਟੀ ਦਾ ਫ਼ੈਸਲਾ, ਜਿਸ ਅਨੁਸਾਰ ਪੰਜਾਬ ਵਿਚ ਸ਼ਰਾਬ ਦੇ ਵਿਤਰਨ ਲਈ ਕਾਰਪੋਰੇਸ਼ਨ ਕਾਇਮ ਕਰਨ ਦੀਆਂ ਸੰਭਾਵਨਾਵਾਂ ਦਾ ਪਤਾ ਲਾਉਣਾ ਸੀ। ਇਹ ਉਸ ਮੁੱਖ ਮੰਤਰੀ ਦਾ ਫ਼ੈਸਲਾ ਸੀ ਜਿਸ ਨੇ ਇਕ ਵਾਰ ਵਿਸ਼ਾਲ ਰੈਲੀ ਅੰਦਰ, ਹੱਥ ਵਿਚ ਧਾਰਮਿਕ ਪੁਸਤਕ ਲੈ ਕੇ ਕਸਮ ਖਾਧੀ ਸੀ ਕਿ ਉਹ ਰਾਜ ਅੰਦਰੋਂ ਨਸ਼ਿਆਂ ਦਾ ਖ਼ਾਤਮਾ ਕਰ ਕੇ ਹੀ ਦਮ ਲਏਗਾ। ਸਿਆਣੇ ਬੰਦਿਆਂ ਦੀ ਇਸ ਕਮੇਟੀ, ਜਿਸ ਵਿਚ ਵਿਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਸ਼ਾਮਲ ਸਨ, ਨੇ ਕਰਜ਼ਿਆਂ ਹੇਠ ਦੱਬੇ ਪੰਜਾਬ ਲਈ ਪੈਸੇ ਜੁਟਾਉਣ ਵਾਲਾ ਇਹ 'ਸ਼ਾਨਦਾਰ' ਵਿਚਾਰ ਸਾਹਮਣੇ ਲਿਆਂਦਾ।

ਸਕੂਲ ਬੰਦ ਕਰਨ ਅਤੇ ਸ਼ਰਾਬ ਦੇ ਠੇਕੇ ਖੋਲ੍ਹਣ ਵਾਲਾ ਵਿਚਾਰ ਉਨ੍ਹਾਂ ਦੀ ਸੰਵੇਦਨਾ ਨੂੰ ਝੰਜੋੜਦਾ ਨਜ਼ਰ ਨਹੀਂ ਆਉਂਦਾ। ਬਗ਼ੈਰ ਸੋਚੇ ਸਮਝੇ ਚੋਣ ਵਾਅਦੇ ਕਰਨ ਵਾਲੇ ਕਾਂਗਰਸੀਆਂ ਦੇ ਹੱਥ ਬੱਝੇ ਹੋਏ ਹਨ। ਇਹ ਵਿਚਾਰਾਂ ਦੀ ਗ਼ਰੀਬੀ ਦੇ ਸ਼ਿਕਾਰ ਹਨ। ਪੰਜਾਬ ਕੋਲ ਪਹਿਲਾਂ ਹੀ ਬਹੁਤ ਸਾਰੇ ਬੋਰਡ ਤੇ ਨਿਗਮ ਹਨ ਜਿਨ੍ਹਾਂ ਬਾਰੇ ਇਨ੍ਹਾਂ ਨੂੰ ਪਤਾ ਨਹੀਂ ਲੱਗ ਰਿਹਾ ਕਿ ਇਨ੍ਹਾਂ ਦਾ ਕੀ ਕੀਤਾ ਜਾਵੇ। ਇਨ੍ਹਾਂ ਵਿਚੋਂ ਬਹੁਤ ਸਾਰੇ ਗ਼ੈਰਜ਼ਰੂਰੀ ਤੇ ਕਾਰਗੁਜ਼ਾਰੀ ਰਹਿਤ ਹਨ। ਇਨ੍ਹਾਂ ਨੂੰ ਬਗ਼ੈਰ ਲੋਕਾਂ ਦਾ ਕੋਈ ਨੁਕਸਾਨ ਕੀਤੇ ਸਮੇਟਿਆ ਜਾ ਸਕਦਾ ਹੈ। ਇਨ੍ਹਾਂ ਨੂੰ ਸਿਰਫ਼ ਆਪਣੇ ਸਿਆਸੀ ਵਫ਼ਾਦਾਰਾਂ ਨੂੰ ਲਾਭ ਪਹੁੰਚਾਉਣ ਲਈ ਚੱਲਦੇ ਰੱਖਿਆ ਜਾ ਰਿਹਾ ਹੈ।

ਜੇ ਸ਼ਰਾਬ ਨਿਗਮ ਬਣਾ ਦਿੱਤਾ ਜਾਂਦਾ ਹੈ ਤਾਂ ਉਹ ਸਿਰਫ਼ ਖ਼ਰਚੇ ਵਧਾਏਗਾ, ਭ੍ਰਿਸ਼ਟਾਚਾਰ ਦਾ ਬੋਲਬਾਲਾ ਰਹੇਗਾ ਤੇ ਜਾਂਚ ਕਮਿਸ਼ਨ ਦਾ ਦੌਰ ਚੱਲੇਗਾ। ਸਰਕਾਰ ਜਾਂ ਕਾਂਗਰਸ ਪਾਰਟੀ ਵਿਚ ਕੋਈ ਵੀ ਸਰਕਾਰੀ ਅਧਿਕਾਰੀਆਂ ਵੱਲੋਂ ਸ਼ਰਾਬ ਵੇਚਣ ਦੀ ਬੇਤੁਕੀ ਨੂੰ ਮਹਿਸੂਸ ਨਹੀਂ ਕਰ ਰਿਹਾ। ਕਿਸੇ ਨੇ ਵੀ ਇਸ ਖ਼ਿਲਾਫ਼ ਲੋਕਾਂ ਵਿਚ ਇਕ ਵੀ ਸ਼ਬਦ ਨਹੀਂ ਉਚਰਿਆ। ਆਈ.ਏ.ਐਸ. ਅਧਿਕਾਰੀ, ਜਿਹੜੇ ਇਸ ਬਾਰੇ ਵਧੀਆ ਜਾਣਦੇ ਹਨ, ਇਹ ਵੀ ਜਾਣਦੇ ਹਨ ਕਿ ਕਦੋਂ ਖ਼ਾਮੋਸ਼ ਰਹਿਣਾ ਹੈ। ਉਨ੍ਹਾਂ ਨੇ ਸਿਆਸੀ ਲੀਡਰਸ਼ਿਪ ਦੇ ਸਹੀ ਪਾਸੇ ਰਹਿਣ ਲਈ ਆਪਣੇ ਆਪ ਨੂੰ ਸਿਖਿਅਤ ਕੀਤਾ ਹੁੰਦਾ ਹੈ। ਕੁਝ ਹੋ ਸਕਦਾ ਸ਼ਰਾਬ ਨਿਗਮ ਵਿਚ ਲੁਭਾਉ ਨਿਯੁਕਤੀ ਵਜੋਂ ਇਕ ਹੋਰ ਮੌਕੇ ਦੇ ਰੂਪ 'ਚ ਲੈਂਦੇ ਹੋਣਗੇ।

ਵਿਧਾਨ ਸਭਾ ਵਿਚ ਨਿਯਮਾਂ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦੇਣ ਲਈ ਪਹਿਲੀ ਵਾਰ ਚੁਣ ਕੇ ਆਏ ਵਿਧਾਇਕਾਂ ਲਈ ਹੁਣੇ ਜਿਹੇ ਵਰਕਸ਼ਾਪ ਲਾਈ ਗਈ। ਇਹ ਮੰਤਰੀਆਂ ਤੇ ਵਿਧਾਇਕਾਂ ਦੇ ਹੱਕ ਵਿਚ ਅਤੇ ਸੂਬੇ ਦੀ ਬਿਹਤਰੀ ਵਾਲੀ ਗੱਲ ਹੋਵੇਗੀ ਜੇ ਵਿਕਾਸ, ਸ਼ਾਸਨ ਤੇ ਲੀਡਰਸ਼ਿਪ ਵਾਸਤੇ ਉਹ ਆਪਣੇ ਆਪ ਲਈ ਅਜਿਹੀਆਂ ਕਲਾਸਾਂ ਦਾ ਪ੍ਰਬੰਧ ਕਰਨ। ਮਾਹਿਰ ਵਿਅਕਤੀ ਉਨ੍ਹਾਂ ਨੂੰ ਇਹ ਸਿਖਾ ਸਕਦੇ ਹਨ ਕਿ ਉਨ੍ਹਾਂ ਦੀਆਂ ਕੀ ਡਿਊਟੀਆਂ ਅਤੇ ਜ਼ਿੰਮੇਵਾਰੀਆਂ ਹਨ, ਨਾ ਕਿ ਉਹ ਕਰਦਾਤਾਵਾਂ ਦੇ ਪੈਸਿਆਂ ਉਪਰ ਸ਼ਾਹੀ ਜ਼ਿੰਦਗੀ ਦਾ ਆਨੰਦ ਮਾਨਣ। ਇਹ ਵੀ ਪਤਾ ਲੱਗੇਗਾ ਕਿ ਰਾਜ ਕੀ ਰੋਲ ਅਦਾ ਕਰ ਸਕਦਾ ਹੈ ਤੇ ਕਿਹੜਾ ਨਹੀਂ, ਕਿਉਂਕਿ ਲੋਕਾਂ ਦੇ ਚੁਣੇ ਨੁਮਾਇੰਦੇ ਹੋਣ ਨਾਤੇ ਉਹ ਇਕ ਹੱਦ ਤਕ ਖ਼ਰਚੇ ਤੇ ਕਮਾਈਆਂ ਕਰ ਸਕਦੇ ਹਨ।

ਦੂਰ-ਦ੍ਰਿਸ਼ਟੀ ਦੀ ਘਾਟ ਵਾਲੀ ਲੀਡਰਸ਼ਿਪ ਕਾਰਨ, ਕਦੇ 'ਇਕ ਨੰਬਰ' ਰਿਹਾ ਸੂਬਾ ਇਸ ਵੇਲੇ ਅਜਿਹੀ ਮਾੜੀ ਦਸ਼ਾ ਹੰਢਾ ਰਿਹਾ ਹੈ ਜਿਸ ਵਿਚੋਂ ਬਚ ਕੇ ਨਿਕਲਣ ਦੀ ਆਸ ਨਹੀਂ ਬਚੀ। ਪੰਜਾਬ ਵਿਚ ਸਿਆਸਤਦਾਨ ਲੀਡਰਸ਼ਿਪ ਵਾਲਾ ਰੋਲ ਨਿਭਾਉਣ ਦੀ ਬਜਾਏ, ਵੋਟ ਬੈਂਕ ਨੂੰ ਆਪਣੇ ਆਪ ਉਪਰ ਭਾਰੂ ਹੋਣ ਦੇ ਰਹੇ ਹਨ। ਇਨ੍ਹਾਂ ਵਿਚ ਇਕ ਬਜ਼ੁਰਗ ਭੱਦਰਪੁਰਸ਼ ਵੀ ਹਨ ਜਿਹੜੇ ਸਿਆਸਤ ਵਿਚ ਪੀਐਚ. ਡੀ. ਹੋਣ ਦਾ ਦਾਅਵਾ ਕਰਦੇ ਹਨ, ਅਤੇ ਜਿਨ੍ਹਾਂ ਨੇ ਪੰਜਾਬ ਦੇ ਗੋਡਿਆਂ ਭਾਰ ਹੋਣ ਵਿਚ ਭਰਵਾਂ ਯੋਗਦਾਨ ਪਾਇਆ ਹੈ। ਵੋਟਾਂ ਲੈਣ ਖ਼ਾਤਰ ਖ਼ੁਸ਼ ਕਰਨ ਵਾਲੀ ਸਿਆਸਤ ਕਰਨ ਵਾਲਿਆਂ ਨੇ ਪੰਜਾਬ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ, ਖ਼ਾਸ ਕਰ ਕੇ ਸਿੱਖਿਆ, ਸਿਹਤ, ਬਿਜਲੀ ਤੇ ਨਿਆਂ ਦੇਣ ਵਾਲੀਆਂ ਸੰਸਥਾਵਾਂ ਨੂੰ ਢਾਹ ਲਾਈ ਹੈ। ਆਮਦਨ ਸਰੋਤਾਂ ਨੂੰ ਥੋੜ੍ਹ-ਚਿਰੇ ਸਿਆਸੀ ਲਾਭਾਂ ਵਾਸਤੇ ਵਰਤਿਆ। ਸਾਰੀਆਂ ਸਿਆਸੀ ਪਾਰਟੀਆਂ ਦੇ ਚੋਣ ਮੈਨੀਫੈਸਟੋ, ਢੁਕਵੇਂ ਤੇ ਅਢੁਕਵੇਂ ਵਰਗਾਂ ਲਈ ਮੁਫ਼ਤ ਸਹੂਲਤਾਂ ਦੇਣ ਦੇ ਵਾਅਦਿਆਂ ਨਾਲ ਭਰੇ ਹੁੰਦੇ ਹਨ। ਕਿਸੇ ਕੋਲ ਵੀ ਪੰਜਾਬ ਵਿਚ ਆ ਰਹੇ ਨਿਘਾਰ ਨੂੰ ਰੋਕਣ ਅਤੇ ਰਾਜ ਦੀ ਆਰਥਿਕਤਾ ਨੂੰ ਮੁੜ ਲੀਹ ਉਪਰ ਪਾਉਣ ਲਈ ਕੋਈ ਵੀ ਯੋਜਨਾ ਨਹੀਂ ਹੈ। ਕਿਤੇ ਵੀ, ਖ਼ਾਸ ਕਰ ਕੇ ਹਿਮਾਚਲ ਪ੍ਰਦੇਸ਼ ਤੇ ਕੇਰਲਾ ਵਿਚ, ਸਰਕਾਰ ਵੱਲੋਂ ਮਨੁੱਖੀ ਸਰੋਤ ਵਿਕਾਸ ਉਪਰ ਧਿਆਨ ਦੇਣ ਨਾਲ ਹੈਰਾਨੀਜਨਕ ਨਤੀਜੇ ਮਿਲੇ ਹਨ। ਹਰਿਆਣਾ ਖੇਡਾਂ ਵਿਚ ਸ਼ਾਨਦਾਰ ਹੈ ਅਤੇ ਸਿੱਖਿਆ ਹੱਬਾਂ ਕਾਇਮ ਕਰ ਰਿਹਾ ਹੈ। ਜੇ ਪੰਜਾਬ ਪਛੜ ਗਿਆ ਹੈ ਤਾਂ ਇਸ ਦਾ ਦੋਸ਼ ਸਿਆਸੀ ਲੀਡਰਸ਼ਿਪ ਉਪਰ ਜਾਂਦਾ ਹੈ। ਇਹ ਵਿਕਾਸ ਦੇ ਉਸ ਵਾਕਿਫ਼ ਮਾਰਗ ਤੋਂ ਭਟਕ ਗਈ ਹੈ ਜਿਹੜਾ ਦੇਸ਼ ਵਿਚ ਆਜ਼ਾਦੀ ਮਿਲਣ ਬਾਅਦ ਅਪਨਾਇਆ ਗਿਆ ਸੀ।

# ਮਜ਼ਦੂਰਾਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ

ਪੰਜਾਬ ਦੇ ਖੇਤੀਬਾੜੀ ਸੰਕਟ ਦਾ ਦੁਖਦਾਈ ਪੱਖ ਹੈ ਕਿ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਜਿਥੇ ਇਸ ਸਮੱਸਿਆ ਦੇ ਹੱਲ ਲਈ ਵਖ ਵਖ ਪਧਰਾਂ ਉਤੇ ਕੁਝ ਕੋਸ਼ਿਸ਼ਾਂ ਹੋ ਰਹੀਆਂ ਹਨ, ਉਥੇ ਕੁਝ ਲੋਕ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਵਿਰੁਧ ਕੂੜ ਪ੍ਰਚਾਰ ਵੀ ਕਰ ਰਹੇ ਹਨ। ਇਸ ਦੁਖਦਾਈ ਸਮੱਸਿਆ ਦੇ ਸਥਾਈ ਹੱਲ ਲਈ ਸੰਜੀਦਾ ਤੇ ਲਗਾਤਾਰ ਕੋਸ਼ਿਸ਼ਾਂ ਦੀ ਲੋੜ ਹੈ। ਨਾਮਵਰ ਅਰਥ ਸ਼ਾਸਤਰੀ ਡਾ. ਬਗੀਚਾ ਸਿੰਘ ਮਿਨਹਾਸ ਕੌਮੀ ਯੋਜਨਾ ਕਮਿਸ਼ਨ ਦੇ ਮੈਂਬਰ ਸਨ,

**ਡਾ. ਗਿਆਨ ਸਿੰਘ**
ਫੋਨ: +91-99156-82196

ਪਰ ਉਨ੍ਹਾਂ ਨੇ ਇਸ ਕਮਿਸ਼ਨ ਦੇ ਕੰਮ-ਢੰਗ ਤੋਂ ਨਾਖ਼ੁਸ਼ ਹੋ ਕੇ ਅਸਤੀਫ਼ਾ ਦੇ ਦਿੱਤਾ ਸੀ। ਉਸ ਤੋਂ ਬਾਅਦ ਉਨ੍ਹਾਂ ਪੁਸਤਕ 'ਪਲੈਨਿੰਗ ਐਂਡ ਦਿ ਪੂਅਰ' ਲਿਖੀ। ਇਸ ਪੁਸਤਕ ਵਿਚ ਉਨ੍ਹਾਂ ਬਿਆਨ ਕੀਤਾ ਹੈ ਕਿ ਗ਼ਰੀਬਾਂ ਦੀ ਭਲਾਈ ਲਈ ਯੋਜਨਾਵਾਂ ਏਅਰ ਕੰਡੀਸ਼ਿੰਡ ਕਮਰਿਆਂ ਵਿਚ ਬੈਠ ਕੇ ਤਿਆਰ ਕਰਨਾ ਸੰਭਵ ਨਹੀਂ। ਹੁਣ ਵੀ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦਾ ਮਸਲਾ ਏਅਰ ਕੰਡੀਸ਼ਿੰਡ ਕਮਰਿਆਂ ਵਿਚ ਹੀ ਵਿਚਾਰਿਆ ਜਾ ਰਿਹਾ ਹੈ, ਜ਼ਮੀਨੀ ਹਕੀਕਤਾਂ ਨਹੀਂ ਸਮਝੀਆਂ ਜਾ ਰਹੀਆਂ।

ਕੇਂਦਰੀ ਅੰਨ ਭੰਡਾਰ ਵਿਚ ਪੰਜਾਬ ਭਰਪੂਰ ਹਿੱਸਾ ਪਾਉਂਦਾ ਰਿਹਾ ਹੈ। ਇਸ ਨੇ ਇਕ ਸਮੇਂ ਮੁੱਖ ਅਨਾਜ ਜਿਣਸਾਂ ਦੇ ਸਬੰਧ ਵਿਚ 50 ਫ਼ੀਸਦ ਦੇ ਕਰੀਬ ਹਿੱਸਾ ਪਾਇਆ। ਕੇਂਦਰ ਸਰਕਾਰ ਵੱਲੋਂ ਭਾਵੇਂ ਦੂਜੇ ਸੂਬਿਆਂ ਦੇ ਖੇਤੀਬਾੜੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤੇ ਜਾਣ ਕਾਰਨ ਪੰਜਾਬ ਦਾ ਇਹ ਯੋਗਦਾਨ ਕੁਝ ਘਟਿਆ ਹੈ, ਫਿਰ ਵੀ 36 ਫ਼ੀਸਦ ਦੇ ਕਰੀਬ ਹੈ। ਇਸ ਸਬੰਧੀ ਵਿਸ਼ੇਸ਼ ਧਿਆਨ ਮੰਗਦਾ ਇਕ ਪੱਖ ਇਹ ਹੈ ਕਿ ਜਦੋਂ ਦੇਸ਼ ਕੁਦਰਤੀ ਆਫ਼ਤਾਂ ਦੀ ਮਾਰ ਝੱਲ ਰਿਹਾ ਹੁੰਦਾ ਹੈ ਤਾਂ ਪੰਜਾਬ ਦਾ ਇਹ ਯੋਗਦਾਨ ਮੁਕਾਬਲਤਨ ਵਧ ਜਾਂਦਾ ਹੈ। ਸੋਕੇ ਦੌਰਾਨ ਇਸ ਯੋਗਦਾਨ ਨੂੰ ਬਣਾਈ ਰੱਖਣ ਲਈ ਪੰਜਾਬ ਦੇ ਕਿਸਾਨਾਂ ਨੂੰ ਵਧੀ ਹੋਈ ਉਤਪਾਦਨ ਲਾਗਤ ਵੀ ਸਹਿਣੀ ਪੈਂਦੀ ਹੈ।

ਪੰਜਾਬ ਦੀਆਂ ਵਖ ਵਖ ਸੰਸਥਾਵਾਂ ਅਤੇ ਖੇਤ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਜਥੇਬੰਦੀਆਂ ਇਨ੍ਹਾਂ ਵਰਗਾਂ ਦੀਆਂ ਖ਼ੁਦਕੁਸ਼ੀਆਂ ਦੇ ਅੰਕੜੇ ਦਿੰਦੀਆਂ ਰਹਿੰਦੀਆਂ ਹਨ। ਇਨ੍ਹਾਂ ਅੰਕੜਿਆਂ ਤੋਂ ਇਲਾਵਾ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਉਹ ਖ਼ੁਦਕੁਸ਼ੀਆਂ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੇ ਕਾਨੂੰਨੀ ਅਤੇ ਸਮਾਜਿਕ ਉਲਝਣਾਂ ਤੋਂ ਬਚਣ ਲਈ ਕੁਦਰਤੀ ਜਾਂ ਹਾਦਸਾ ਮੌਤਾਂ ਵਜੋਂ ਦਰਜ ਕਰਵਾਇਆ ਹੈ। ਇਸ ਤੋਂ ਇਲਾਵਾ ਜਿਹੜੇ ਖੇਤ ਮਜ਼ਦੂਰ ਤੇ ਕਿਸਾਨ ਘਰੋਂ ਲਾਪਤਾ ਹੋਣ ਤੋਂ ਬਾਅਦ ਖ਼ੁਦਕੁਸ਼ੀਆਂ ਕਰ ਗਏ ਅਤੇ ਉਨ੍ਹਾਂ ਦੀਆਂ ਲਾਸ਼ਾਂ ਦਾ ਲਾਵਾਰਸ ਲਾਸ਼ਾਂ ਵਜੋਂ ਸਸਕਾਰ ਕਰ ਦਿੱਤਾ ਗਿਆ, ਉਨ੍ਹਾਂ ਨੂੰ ਵੀ ਇਨ੍ਹਾਂ ਅੰਕੜਿਆਂ ਵਿਚ ਨਹੀਂ ਲਿਆ ਜਾਂਦਾ। ਇਥੇ ਇਹ ਤੱਥ ਜਾਣਨਾ ਜ਼ਰੂਰੀ ਹੈ ਕਿ ਭਾਰਤ ਸਰਕਾਰ ਦਾ ਅਦਾਰਾ ਐਨ.ਐਸ.ਐਸ.ਓ. 1995 ਤੋਂ ਕਿਸਾਨਾਂ ਦੀਆਂ ਦਰਜ ਹੋਈਆਂ ਖ਼ੁਦਕੁਸ਼ੀਆਂ ਦੇ ਅੰਕੜੇ ਜਾਰੀ ਕਰਦਾ ਹੈ। ਇਨ੍ਹਾਂ ਅੰਕੜਿਆਂ ਵਿਚ ਅਨੇਕਾਂ ਖ਼ਾਮੀਆਂ ਹਨ, ਪਰ ਇਸ ਅਦਾਰੇ ਨੇ ਕਦੇ ਵੀ ਖੇਤੀਬਾੜੀ ਖੇਤਰ ਦੇ ਅਰਥਚਾਰੇ ਦੀ ਪੌੜੀ ਦੇ ਸਭ ਤੋਂ ਹੇਠਲੇ ਡੰਡੇ, ਜੋ ਘਸਦਾ ਵੀ ਜ਼ਿਆਦਾ ਅਤੇ ਟੁੱਟਦਾ ਵੀ ਜ਼ਿਆਦਾ ਹੈ, ਭਾਵ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਅੰਕੜੇ ਇਕੱਤਰ ਅਤੇ ਜਾਰੀ ਕਰਨ ਦੀ ਕੋਈ ਲੋੜ ਨਹੀਂ ਸਮਝੀ।

ਮਨੁੱਖਾਂ ਦੀਆਂ ਖ਼ੁਦਕੁਸ਼ੀਆਂ ਦੇ ਕਈ ਕਾਰਨ ਹੁੰਦੇ ਹਨ। ਉਹ ਆਰਥਿਕ, ਸਮਾਜਿਕ ਜਾਂ ਮਨੋਵਿਗਿਆਨਕ ਹੋ ਸਕਦੇ ਹਨ, ਪਰ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੇ ਮੁੱਖ ਕਾਰਨ ਕਰਜ਼ਾ ਅਤੇ ਗ਼ਰੀਬੀ ਹਨ। ਪੰਜਾਬ ਵਿਚ ਕੀਤੇ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਪੰਜਾਬ ਦੇ ਖੇਤੀਬਾੜੀ ਖੇਤਰ ਨਾਲ ਸਬੰਧਤ ਖ਼ੁਦਕੁਸ਼ੀਆਂ ਵਿਚੋਂ 40 ਫ਼ੀਸਦ ਦੇ ਕਰੀਬ ਖ਼ੁਦਕੁਸ਼ੀਆਂ ਇਕੱਲੇ ਖੇਤ ਮਜ਼ਦੂਰਾਂ ਦੀਆਂ ਹਨ। ਕਿਸਾਨਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਵਿਚੋਂ ਵੀ ਜ਼ਿਆਦਾ ਵੱਡੀ ਗਿਣਤੀ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਇਨ੍ਹਾਂ ਖ਼ੁਦਕੁਸ਼ੀਆਂ ਸਬੰਧੀ ਇਹ ਤੱਥ ਸਾਹਮਣੇ ਲਿਆਂਦਾ ਗਿਆ ਹੈ ਕਿ ਇਨ੍ਹਾਂ ਵਿਚੋਂ ਤਿੰਨ-ਚੌਥਾਈ (75 ਫ਼ੀਸਦ) ਖ਼ੁਦਕੁਸ਼ੀਆਂ ਸਮਾਜਿਕ ਅਤੇ ਮਨੋਵਿਗਿਆਨਕ ਕਾਰਨਾਂ ਜਿਵੇਂ ਪਰਿਵਾਰਕ ਝਗੜਿਆਂ, ਸਰੀਰਕ ਬਿਮਾਰੀਆਂ, ਮਾਨਸਿਕ ਸਿਹਤ ਦੇ ਵਿਗਾੜ, ਅਦਾਲਤੀ ਝਗੜਿਆਂ ਅਤੇ ਨਸ਼ਿਆਂ ਦੀ ਆਦਤ ਕਾਰਨ ਹੋ ਰਹੀਆਂ ਹਨ। ਇਸ ਲੇਖਕ ਦੀ ਸਮਾਜਿਕ ਸਮਾਗਮਾਂ ਉਤੇ ਹੁੰਦੇ ਵਾਧੂ ਖ਼ਰਚਿਆਂ ਬਾਰੇ ਅਸਹਿਮਤੀ ਹੈ, ਕਿਉਂਕਿ ਸਮਾਜ ਦੇ ਸਾਰੇ ਵਰਗਾਂ ਦਾ ਸਭਿਆਚਾਰਕ ਨਿਊਨਤਮ ਪੱਧਰ ਵੀ ਹੁੰਦਾ ਹੈ। ਜਿਹੜੇ ਵਰਗ ਸਿਰਫ਼ ਦੋ ਡੰਗਾਂ ਦੀ ਰੁੱਖੀ-ਸੁੱਕੀ ਰੋਟੀ ਲਈ ਸੰਘਰਸ਼ ਕਰਦੇ ਰਹਿੰਦੇ ਹਨ, ਉਹ ਵਾਧੂ ਖ਼ਰਚ ਕਿਥੋਂ ਅਤੇ ਕਿਵੇਂ ਕਰਨਗੇ? ਬਾਕੀ ਦੇ ਸਮਾਜਿਕ ਅਤੇ ਮਨੋਵਿਗਿਆਨਕ ਕਾਰਨਾਂ ਦੇ ਸਬੰਧ ਵਿਚ ਇਹ ਤੱਥ ਵੀ ਧਿਆਨ ਮੰਗਦੇ ਹਨ ਕਿ ਭਰੇ ਹੋਏ ਭਾਂਡੇ ਕਦੇ ਵੀ ਖੜਕਦੇ ਨਹੀਂ, ਸਗੋਂ ਖ਼ਾਲੀ ਭਾਂਡੇ ਹੀ ਖੜਕਦੇ ਰਹਿੰਦੇ ਹਨ। ਇਨ੍ਹਾਂ ਨੂੰ ਭਰਨ ਲਈ ਸਰਕਾਰ ਅਤੇ ਸਮਾਜ ਦੇ ਜਾਗਣ ਦਾ ਵੇਲਾ ਹੈ।

ਵਰਤਮਾਨ ਸਮਾਂ ਅਤੇ ਦੇਸ਼ ਦੀਆਂ ਲੋੜਾਂ ਮੰਗ ਕਰਦੀਆਂ ਹਨ ਕਿ ਵਿਦਵਾਨ ਏਅਰ ਕੰਡੀਸ਼ਿੰਡ ਕਮਰਿਆਂ ਤੋਂ ਬਾਹਰ ਨਿਕਲ ਕੇ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਕੋਲ ਜਾ ਕੇ ਉਨ੍ਹਾਂ ਨਾਲ ਉਠਣਾ-ਬੈਠਣਾ, ਖਾਣ-ਪੀਣ ਤੇ ਤੰਗੀਆਂ-ਤੁਰਸ਼ੀਆਂ ਝੱਲਣੀਆਂ ਸਿੱਖਣ ਅਤੇ ਉਨ੍ਹਾਂ ਦੁਆਰਾ ਕੀਤੀ ਜਾਂਦੀ ਮਿਹਨਤ ਅਤੇ ਸਮੱਸਿਆਵਾਂ ਦਾ ਸੰਜੀਦਗੀ ਨਾਲ ਅਧਿਐਨ ਕਰ ਕੇ ਉਨ੍ਹਾਂ ਬਾਰੇ ਕੀਤੇ ਜਾਂਦੇ ਕੂੜ ਪ੍ਰਚਾਰ ਨੂੰ ਤਿਆਗਦਿਆਂ ਇਨ੍ਹਾਂ ਵਰਗਾਂ ਦੁਆਰਾ ਕੀਤੀਆਂ ਜਾਂਦੀਆਂ ਖ਼ੁਦਕੁਸ਼ੀਆਂ ਨੂੰ ਰੋਕਣ ਲਈ ਸਾਰਥਿਕ ਸੁਝਾਅ ਦੇਣ।

ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਭਾਰਤ ਸਰਕਾਰ ਪੰਜਾਬ ਦੁਆਰਾ ਘਾਟਾ ਝੱਲ ਕੇ ਕੇਂਦਰੀ ਅਨਾਜ ਭੰਡਾਰ ਵਿਚ ਪਾਏ ਯੋਗਦਾਨ ਦੀ ਗਿਣਤੀ-ਮਿਣਤੀ ਕਰ ਕੇ ਪੰਜਾਬ ਨੂੰ ਵਿਸ਼ੇਸ਼ ਆਰਥਿਕ ਪੈਕੇਜ ਦੇਵੇ ਜਿਸ ਦਾ ਫ਼ਾਇਦਾ ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨੂੰ ਦਿੱਤਾ ਜਾਵੇ। ਉਹ ਇਸ ਸੂਬੇ ਦੀਆਂ ਖੇਤੀਬਾੜੀ ਜਲਵਾਯੂ ਹਾਲਤਾਂ ਅਨੁਸਾਰ ਫ਼ਸਲੀ ਚੱਕਰ ਨੂੰ ਮਨਜ਼ੂਰੀ ਦੇ ਕੇ ਖੇਤੀਬਾੜੀ ਨੂੰ ਇੰਨਾ ਕੁ ਲਾਹੇਵੰਦਾ ਬਣਾਵੇ ਤਾਂ ਕਿ ਖੇਤੀਬਾੜੀ ਉਪਰ ਨਿਰਭਰ ਸਾਰੇ ਵਰਗ ਆਪਣੀਆਂ ਮੁੱਢਲੀਆਂ ਲੋੜਾਂ ਸਤਿਕਾਰਤ ਢੰਗ ਨਾਲ ਪੂਰੀਆਂ ਕਰ ਸਕਣ। ਇਸ ਦੇ ਨਾਲ-ਨਾਲ ਸੀਮਾਂਤ ਅਤੇ ਛੋਟੇ ਕਿਸਾਨਾਂ ਦੇ ਹੱਕ ਵਿਚ ਜ਼ਮੀਨੀ ਸੁਧਾਰ ਕੀਤੇ ਜਾਣ ਅਤੇ ਇਨ੍ਹਾਂ ਦਾ ਫ਼ਾਇਦਾ ਤਰਜੀਹੀ ਤੌਰ ਉਤੇ ਸਦੀਆਂ ਤੋਂ ਦੁਰਕਾਰੇ ਅਤੇ ਲਤਾੜੇ ਜਾਂਦੇ ਖੇਤ ਮਜ਼ਦੂਰਾਂ ਨੂੰ ਦਿੱਤਾ ਜਾਵੇ। ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਜਥੇਬੰਦੀਆਂ ਸਮੂਹਿਕ ਲੀਡਰਸ਼ਿਪ ਵਾਲੀਆਂ ਹੋਣ ਤਾਂ ਕਿ ਇਕ ਲੀਡਰ ਆਪਣੇ ਨਿੱਜੀ ਹਿਤਾਂ ਦੀ ਪੂਰਤੀ ਲਈ ਜਥੇਬੰਦੀ ਦੇ ਪੂਰੇ ਕਾਡਰ ਦੇ ਵਾਜਬ ਹਿੱਤਾਂ ਦੀ ਬੋਲੀ ਨਾ ਲਗਾ ਸਕੇ। ਖੇਤੀਬਾੜੀ ਖੋਜ ਅਤੇ ਵਿਕਾਸ ਦੇ ਕੰਮ ਜਨਤਕ ਜਾਂ ਗ਼ੈਰ-ਮੁਨਾਫ਼ਾਕਾਰੀ ਅਦਾਰਿਆਂ ਰਾਹੀਂ ਕਰਵਾਏ ਜਾਣ। ਕੁਦਰਤੀ ਆਫ਼ਤਾਂ ਮੌਕੇ ਬਣਦਾ ਵਾਜਬ ਮੁਆਵਜ਼ਾ ਸਮੇਂ ਸਿਰ ਦਿੱਤਾ ਜਾਵੇ। ਕਿਸਾਨਾਂ ਨੂੰ ਲੋੜੀਂਦਾ ਕਰਜ਼ਾ ਰਿਆਇਤੀ ਵਿਆਜ ਦੀਆਂ ਦਰਾਂ 'ਤੇ ਦਿੱਤਾ ਜਾਵੇ। ਇਹ ਖੇਤ ਮਜ਼ਦੂਰਾਂ ਅਤੇ ਸੀਮਾਂਤ ਤੇ ਛੋਟੇ ਕਿਸਾਨਾਂ ਨੂੰ ਵੀ ਵਿਆਜ 'ਤੇ ਦਿੱਤਾ ਜਾਵੇ।

ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਜਥੇਬੰਦੀਆਂ ਦਾ ਮੁਢਲਾ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਵਰਗਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਕਾਰਨਾਂ ਬਾਰੇ ਜਾਣੂ ਕਰਵਾਉਣ ਅਤੇ ਮੀਡੀਆ ਰਾਹੀਂ ਇਨ੍ਹਾਂ ਵੱਲ ਸਰਕਾਰ ਤੇ ਸਮਾਜ ਦਾ ਧਿਆਨ ਵੀ ਖਿੱਚਣ। ਇਨ੍ਹਾਂ ਜਥੇਬੰਦੀਆਂ ਅਤੇ ਹੋਰ ਜਾਗਰੂਕ ਲੋਕਾਂ ਦਾ ਇਹ ਵੀ ਫਰਜ਼ ਬਣਦਾ ਹੈ ਕਿ ਇਨ੍ਹਾਂ ਵਰਗਾਂ ਦੇ ਲੋਕਾਂ ਨੂੰ ਦੱਸਣ ਕਿ ਖ਼ੁਦਕੁਸ਼ੀਆਂ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੁੰਦੀਆਂ। ਜੇ ਸਰਕਾਰ ਅਤੇ ਸਮਾਜ ਇਨ੍ਹਾਂ ਵਰਗਾਂ ਦੀਆਂ ਸਮੱਸਿਆਵਾਂ ਹੱਲ ਨਹੀਂ ਕਰਦੇ ਤਾਂ ਇਹ ਲੋਕਤੰਤਰਿਕ ਅਤੇ ਸ਼ਾਂਤਮਈ ਸੰਘਰਸ਼ ਦਾ ਰਾਹ ਜ਼ਰੂਰ ਅਪਨਾਉਣ।

# ਨਵੇਂ ਪ੍ਰਧਾਨ ਦੀਆਂ ਨਵੀਆਂ ਚੁਣੌਤੀਆਂ

**ਪੰਥਕ ਮਸਲੇ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੀ ਪ੍ਰਧਾਨਗੀ ਨੂੰ ਸਦਾ ਹੀ ਸ਼ੇਰ ਦੀ ਸਵਾਰੀ ਮੰਨਿਆ ਜਾਂਦਾ ਰਿਹਾ ਹੈ ਕਿਉਂਕਿ ਜਿਨ੍ਹਾਂ ਨੂੰ ਇਹ ਕਦੇ ਵੀ ਨਹੀਂ ਮਿਲ ਸਕਣੀ, ਉਨ੍ਹਾਂ ਦੀ ਖਿਲਾਫਤ ਨਾਲ ਵੀ ਨਿਭਣਾ ਪੈਂਦਾ ਹੈ ਅਤੇ ਖਿਲਾਫਤ ਵਾਸਤੇ ਖਿਲਾਫਤ ਕਰਨ ਵਾਲਿਆਂ ਦਾ ਵੀ ਧਿਆਨ ਰੱਖਣਾ ਪੈਂਦਾ ਹੈ। ਜਿਹੜੇ ਲੋਕ ਪ੍ਰਧਾਨਗੀ ਵਾਸਤੇ ਦੁਸ਼ਵਾਰੀਆਂ ਪੈਦਾ



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਕਰੀ ਜਾ ਰਹੇ ਹਨ, ਉਹ ਸਿਆਸੀ ਮਸਲਿਆਂ ਨੂੰ ਵੀ ਧਾਰਮਿਕ ਮਸਲਿਆਂ ਵਿਚ ਸ਼ਾਮਲ ਕਰੀ ਜਾ ਰਹੇ ਹਨ।

ਮਸਲਾ ਤਾਂ ਇਹ ਹੋਣਾ ਚਾਹੀਦਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਸਿੱਖ ਸਿਆਸਤ ਦੇ ਹਵਾਲੇ ਨਾਲ ਕਿਵੇਂ ਸਮਝਿਆ ਜਾਵੇ? ਪ੍ਰਧਾਨ ਕੋਈ ਵੀ ਬਣਦਾ, ਸਿੱਖਾਂ ਦੀ ਰੈਡੀਕਲ ਸਿਆਸਤ ਵਲੋਂ ਇਸ ਦਾ ਵਿਰੋਧ ਹੋਣਾ ਹੀ ਸੀ। ਇਸ ਦੇ ਵਿਸਥਾਰ ਵਿਚ ਜਾਏ ਬਿਨਾ ਇਹ ਕਹਿਣਾ ਚਾਹੁੰਦਾ ਹਾਂ ਕਿ ਸ਼੍ਰੋਮਣੀ ਕਮੇਟੀ ਦੇ ਵਰਤਮਾਨ ਪ੍ਰਧਾਨ ਬਾਰੇ ਜਿਹੜੇ ਕੁਝ ਵੀ ਨਹੀਂ ਜਾਣਦੇ, ਉਨ੍ਹਾਂ ਨੇ ਮਰਹੂਮ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਹਵਾਲੇ ਨਾਲ ਜੋ ਮੂੰਹ ਆਇਆ, ਬੋਲਣਾ ਸ਼ੁਰੂ ਦਿੱਤਾ ਹੈ। ਬੋਲਣ ਵਾਲਿਆਂ ਨੂੰ 'ਤਨਖਾਹੀਏ' ਦਾ ਅਜਿਹਾ ਬਹਾਨਾ ਮਿਲ ਗਿਆ ਹੈ, ਜਿਸ ਬਾਰੇ ਕੋਈ ਵੀ ਫੈਸਲਾ ਕਰ ਸਕਣਾ ਸੰਭਵ ਹੀ ਨਹੀਂ ਹੈ। ਤਨਖਾਹੀਏ ਵਾਲਾ ਮਾਮਲਾ ਏਨਾ ਪੇਚੀਦਾ ਹੋ ਸਕਦਾ ਹੈ ਕਿ ਇਸ ਵਿਚ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਉਲਝਾ ਲਏ ਜਾਣ ਦੀਆਂ ਸੰਭਾਵਨਾਵਾਂ ਵੀ ਪੈਦਾ ਹੋ ਸਕਦੀਆਂ ਹਨ, ਕਿਉਂਕਿ ਪ੍ਰਧਾਨ ਚੁਣਨ ਵੇਲੇ ਪੰਜਾਬ ਦੇ ਤਿੰਨ ਤਖਤਾਂ ਦੇ ਜਥੇਦਾਰ ਅਸਿੱਧੇ ਤੌਰ 'ਤੇ ਫੈਸਲੇ ਵਿਚ ਸ਼ਾਮਲ ਹੁੰਦੇ ਹਨ।

ਇਕ ਪਾਸੇ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤ ਤੋਂ ਮੁਕਤ ਕਰਾਉਣ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ ਪ੍ਰਧਾਨਗੀ ਨੂੰ ਲੈ ਕੇ ਧਰਮ ਦੀ ਸਿਆਸਤ ਸ਼ੁਰੂ ਹੋ ਗਈ ਹੈ। ਯਾਦ ਰਹੇ, ਧਰਮ ਦੀ ਸਿਆਸਤ ਦਾ ਨੁਕਸਾਨ ਧਰਮ ਦੇ ਨੁਕਸਾਨ ਨਾਲ ਹੀ ਸ਼ੁਰੂ ਹੁੰਦਾ ਹੈ। ਕਿਸ ਨੂੰ ਨਹੀਂ ਪਤਾ ਸੀ ਕਿ ਹੋਣਾ ਤਾਂ ਉਹੀ ਹੈ, ਜੋ ਸਿਆਸਤਦਾਨ ਕਰਨਗੇ।

ਪ੍ਰਾਪਤ ਵੇਰਵਿਆਂ ਤੋਂ ਸਪਸ਼ਟ ਹੈ ਕਿ ਸਿੱਖ ਸਿਆਸਤ ਦੇ ਜਿਹੜੇ ਧੜੇ ਕੋਲ 169 ਵਿਚੋਂ 154 ਮੈਂਬਰ ਹਨ, ਉਸ ਧੜੇ ਨੂੰ ਉਨ੍ਹਾਂ ਦੀ ਮਰਜ਼ੀ ਦਾ ਪ੍ਰਧਾਨ ਚੁਣਨ ਤੋਂ ਕੋਈ ਕਿਵੇਂ ਰੋਕ ਸਕਦਾ ਸੀ! ਉਨ੍ਹਾਂ ਦੀ ਮਰਜ਼ੀ ਵਿਚ ਕੌਣ ਸ਼ਾਮਲ ਹੈ, ਉਸ ਬਾਰੇ ਉਹ ਕੀ ਕਰ ਸਕਦਾ ਸੀ, ਜਿਸ ਦੀ ਚੋਣ ਵਿਚ ਕੋਈ ਭੂਮਿਕਾ ਹੀ ਨਹੀਂ ਸੀ?

ਵੋਟਾਂ ਨਾਲ ਚੁਣੀ ਜਾਣ ਵਾਲੀ ਕਿਸੇ ਵੀ ਸੰਸਥਾ ਦੇ ਨਤੀਜਿਆਂ ਪਿਛੋਂ ਫੈਸਲਾ ਲੈਣ ਦਾ ਅਧਿਕਾਰ ਜਿੱਤੇ ਹੋਏ ਧੜੇ ਨੂੰ ਮਿਲ ਜਾਂਦਾ ਹੈ। ਇਹ ਅਧਿਕਾਰ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਕੋਲ ਹੈ। ਪਾਸੇ ਬੈਠੇ ਤਾਂ ਗੱਲਾਂ ਹੀ ਕਰ ਸਕਦੇ ਹਨ ਅਤੇ ਗੱਲਾਂ ਜੇ ਸਿਆਸੀ ਟਿਪਣੀਆਂ ਵਰਗੀਆਂ ਹੋਣ ਤਾਂ ਪੁਛਿਆ ਜਾ ਸਕਦਾ ਹੈ ਕਿ ਜਿੱਤੇ ਸਿਆਸੀ ਧੜੇ ਦੀ ਥਾਂ ਹਾਰੇ ਸਿਆਸੀ ਧੜਿਆਂ ਦੀ ਗੱਲ ਕਿਉਂ ਮੰਨੀ ਜਾਵੇ? ਮਿਸਾਲ ਵਜੋਂ ਬਾਦਲਕਿਆਂ ਵਿਰੁਧ ਇਕੱਠ 'ਸਰਬੱਤ ਖਾਲਸਾ' ਨਾਂ ਹੇਠ ਪਿੰਡ ਵੱਲਾ, ਅੰਮ੍ਰਿਤਸਰ ਵਿਖੇ ਕੀਤਾ ਗਿਆ ਸੀ ਅਤੇ ਉਥੇ ਹੋਏ ਇਕੱਠ ਦੀ ਗਿਣਤੀ, ਬਾਦਲਾਂ ਦੀ ਟਿਕਟ 'ਤੇ ਜਿੱਤੇ ਹੋਏ ਮੈਂਬਰਾਂ ਨੂੰ ਪਈਆਂ ਵੋਟਾਂ ਦੀ ਗਿਣਤੀ ਦੇ ਮੁਕਾਬਲੇ ਆਟੇ ਵਿਚ ਲੂਣ ਵਾਂਗ ਹੀ ਹੈ।

ਬਦਲਾਓ ਦੇ ਮੁੱਦਈਆਂ ਨੂੰ ਸੋਚਣਾ ਤਾਂ ਇਹ ਚਾਹੀਦਾ ਹੈ ਕਿ ਜਿਸ ਤਰ੍ਹਾਂ ਬਾਦਲਾਂ ਦੀ ਵਿਰੋਧੀ ਧਿਰ ਟੁਕੜਿਆਂ ਵਿਚ ਵੰਡੀ ਹੋਈ ਹੈ, ਉਸ ਹਾਲਤ ਵਿਚ ਤਾਂ ਸ਼੍ਰੋਮਣੀ ਕਮੇਟੀ 'ਤੇ ਬਾਦਲਾਂ ਦੇ ਕਬਜ਼ੇ ਨੂੰ ਕਿਸੇ ਹਾਲਤ ਵਿਚ ਵੀ ਨਹੀਂ ਤੋੜਿਆ ਜਾ ਸਕਦਾ। ਫਿਰ ਤਾਂ ਇਹੀ ਸੋਚਣਾ ਚਾਹੀਦਾ ਹੈ ਕਿ ਚੁਣੇ ਗਏ ਪ੍ਰਧਾਨ ਨੂੰ ਕੀ ਕਰਨਾ ਚਾਹੀਦਾ ਹੈ ਤਾਂ ਕਿ ਚੁਣਿਆ ਗਿਆ ਪ੍ਰਧਾਨ ਕਾਬਜ਼ ਧੜੇ ਦਾ ਪ੍ਰਧਾਨ ਦਿੱਸਣ ਦੀ ਥਾਂ ਸਾਂਝਾ ਪ੍ਰਧਾਨ ਦਿੱਸੇ।

ਆਲੋਚਨਾ ਤਾਂ ਕੀਤੇ ਹੋਏ ਕੰਮਾਂ ਦੀ ਹੀ ਹੋ ਸਕਦੀ ਹੈ ਅਤੇ ਨਵੇਂ ਪ੍ਰਧਾਨ ਨੇ ਤਾਂ ਅਜੇ ਕੁਝ ਕੀਤਾ ਹੀ ਨਹੀਂ। ਨਵੇਂ ਪ੍ਰਧਾਨ ਨੂੰ ਦੱਸਿਆ ਜਾ ਸਕਦਾ ਹੈ ਕਿ ਅਹੁਦੇਦਾਰੀਆਂ ਇੱਜਤ ਬਣਾਉਂਦੀਆਂ ਵੀ ਹਨ ਅਤੇ ਅਹੁਦੇ ਪੜ੍ਹਤ ਗੁਆ ਵੀ ਦਿੰਦੇ ਹਨ। ਪਰ ਸਿਆਸਤਦਾਨ ਨੂੰ ਕੋਈ ਕਿਵੇਂ ਸਮਝਾਵੇ ਕਿ ਸਿੱਖੀ ਵਿਚ ਸਿਆਸਤ ਦੀ ਥਾਂ ਬਹੁਤ ਥੱਲੇ ਮੰਨੀ ਗਈ ਹੈ ਅਤੇ ਗੁਰਦੁਆਰਾ ਐਕਟ ਦੁਆਰਾ ਜੋ ਪ੍ਰਾਪਤੀਆਂ ਸਿਆਸੀ ਸੁਰ ਵਿਚ ਨਜ਼ਰ ਵੀ ਆ ਰਹੀਆਂ ਹਨ, ਉਹ ਪੰਥਕ ਸੁਰ ਵਿਚ ਤਾਂ ਕੀ, ਸਿੱਖ ਸੁਰ ਵਿਚ ਵੀ ਪ੍ਰਵਾਨ ਨਹੀਂ ਕੀਤੀਆਂ ਜਾ ਸਕਦੀਆਂ। ਜਿੰਨਾ ਚਿਰ ਸ਼੍ਰੋਮਣੀ ਕਮੇਟੀ ਨੂੰ ਸਿਆਸਤ ਤੋਂ ਮੁਕਤ ਨਹੀਂ ਕੀਤਾ ਜਾਂਦਾ, ਉਨਾ ਚਿਰ ਸਿੱਖ-ਸੰਸਥਾਵਾਂ ਦੇ ਪ੍ਰਬੰਧਕ ਕਿਸੇ ਕਿਸਮ ਦੀ ਪੰਥਕ ਭੂਮਿਕਾ ਨਹੀਂ ਨਿਭਾ ਸਕਦੇ?

ਸ਼੍ਰੋਮਣੀ ਕਮੇਟੀ ਦੇ ਵਰਤਮਾਨ ਹਾਊਸ ਵਿਚ ਇਕ ਵੀ ਮੈਂਬਰ ਅਜਿਹਾ ਨਹੀਂ, ਜੋ ਕਹਿ ਸਕਦਾ ਹੋਵੇ ਕਿ ਉਸ ਦਾ ਕਿਸੇ ਤਰ੍ਹਾਂ ਦੀ ਸਿਆਸਤ ਨਾਲ ਕੋਈ ਸਬੰਧ ਨਹੀਂ ਹੈ। ਸੋਚਣਾ ਬਣਦਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਸਿਆਸਤ ਦਾ ਅਖਾੜਾ ਕੌਣ ਅਤੇ ਕਿਉਂ ਬਣਾ ਰਿਹਾ ਹੈ? ਸਿਰ ਜੋੜ ਕੇ ਸੋਚਾਂਗੇ ਤਾਂ ਸਮਝ ਸਕਾਂਗੇ ਕਿ ਇਸ ਵਿਚੋਂ ਬਾਹਰ ਕਿਵੇਂ ਨਿਕਲਣਾ ਹੈ।

ਵਰਤਮਾਨ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਮੂਲ ਰੂਪ ਵਿਚ ਧਾਰਮਿਕ ਵਿਅਕਤੀ ਹੈ ਕਿਉਂਕਿ ਮੈਂ ਉਸ ਨੂੰ ਬਚਪਨ ਤੋਂ ਜਾਣਦਾ ਹਾਂ। ਧਾਰਮਿਕ ਸਹਿਜ ਵਿਚੋਂ ਸਿਆਸੀ ਮਾਅਰਕੇਬਾਜ਼ੀ ਮਨਫੀ ਰਹਿੰਦੀ ਹੈ। ਇਸ ਦਾ ਸਬੂਤ ਪ੍ਰਧਾਨ ਨੇ ਮੀਡੀਆ ਨੂੰ ਸਿਆਸਤਦਾਨਾਂ ਵਾਂਗ ਵਰਤਣ ਤੋਂ ਗੁਰੇਜ਼ ਕਰਕੇ ਦੇ ਦਿੱਤਾ ਹੈ ਅਤੇ ਆਪ ਚੱਲ ਕੇ ਪਹਿਲੇ ਪ੍ਰਧਾਨ ਦੇ ਘਰ ਜਾਣ ਨਾਲ ਹੋਰ ਵੀ ਬਹੁਤ



*ਭਾਈ ਗੋਬਿੰਦ ਸਿੰਘ ਲੌਂਗੋਵਾਲ*

ਕੁਝ ਸਪਸ਼ਟ ਹੋ ਗਿਆ ਹੈ। ਭਾਈ ਲੌਂਗੋਵਾਲ ਦੀ ਹਲੀਮੀ ਹੀ ਉਸ ਦੀ ਪ੍ਰਾਪਤੀ ਹੈ ਅਤੇ ਇਸ ਦੇ ਆਸਰੇ ਉਹ ਵਿਰੋਧੀਆਂ ਨਾਲ ਵੀ ਨਿਭਦਾ ਆ ਰਿਹਾ ਹੈ।

ਵੈਸੇ ਤਾਂ ਸ਼੍ਰੋਮਣੀ ਕਮੇਟੀ ਇਕ ਖਿੱਤੇ ਦੇ ਸਿੱਖਾਂ ਦੀ ਪ੍ਰਤੀਨਿਧਤਾ ਕਰਦੀ ਹੈ ਅਤੇ ਇਸ ਦੇ ਅਹੁਦੇਦਾਰਾਂ ਨੂੰ ਦੁਨੀਆਂ ਭਰ ਦੇ ਸਿੱਖਾਂ ਦੀ ਉਸ ਤਰ੍ਹਾਂ ਲੋੜ ਨਹੀਂ ਹੈ, ਜਿਸ ਤਰ੍ਹਾਂ ਦੁਨੀਆਂ ਭਰ ਦੇ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੀ ਹੈ। ਇਸ ਪਾਸੇ ਸਾਂਝੀ ਸਿੱਖ ਸਮਝ ਬਣਾਉਣ ਵਾਸਤੇ ਉਨ੍ਹਾਂ ਸਿੱਖਾਂ ਦੀ ਵੱਧ ਜਿੰਮੇਵਾਰੀ ਬਣਦੀ ਹੈ, ਜਿਹੜੇ ਸੌੜੀ ਸਿਆਸਤ ਵਾਸਤੇ ਪ੍ਰਧਾਨ ਨੂੰ ਸਿਆਸੀ ਪੁਸ਼ਤਪਨਾਹੀ ਦੀ ਲੋੜ ਵੱਲ ਧੱਕੀ ਜਾ ਰਹੇ ਹਨ। ਜਿਹੜੇ ਭਾਈ ਲੌਂਗੋਵਾਲ ਬਾਰੇ ਬਹੁਤਾ ਨਹੀਂ ਜਾਣਦੇ ਉਨ੍ਹਾਂ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਜੋ ਕੋਈ ਉਸ ਤੱਕ ਪਹੁੰਚੇਗਾ, ਉਸ ਨੂੰ ਉਹ ਪ੍ਰਧਾਨਗੀ ਦੇ ਪਰਦੇ ਓਹਲੇ ਨਹੀਂ ਮਿਲੇਗਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਇਕ ਸਿਆਸੀ ਧੜੇ ਦੀ ਚੋਣ ਹੈ ਅਤੇ ਇਸ ਦੇ ਅਰਥ ਸਾਰਿਆਂ ਨੂੰ ਪਤਾ ਹਨ। ਇਸ ਦੇ ਬਾਵਜੂਦ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਸਿੱਖ-ਸਾਖ ਨੂੰ ਸਿੱਖੀ ਦੇ ਹੱਕ ਵਿਚ ਵਰਤਿਆ ਜਾ ਸਕਦਾ ਹੈ। ਬੇਸ਼ੱਕ ਉਹ ਉਚ ਵਿਦਿਆ ਹਾਸਲ ਹੈ, ਪਰ ਉਸ ਦਾ ਖਮੀਰੀ ਵਰਤਾਰਾ ਗੁਰਮਤਿ ਵਾਲਾ ਹੀ ਹੈ। ਚੰਗੇ ਸਰਕਾਰੀ ਅਹੁਦਿਆਂ 'ਤੇ ਵੀ ਉਹ ਸਿੱਖ ਵਾਂਗ ਹੀ ਵਿਚਰਦਾ ਰਿਹਾ ਹੈ। ਉਸ ਦੇ ਨੇੜਲੇ ਸ਼ਾਹਦੀ ਭਰਨਗੇ ਕਿ ਉਹ ਸੰਤੋਖੀ ਤਬੀਅਤ ਵਾਲਾ ਗੁਰਸਿੱਖ ਹੈ। ਉਹ ਜੋ ਕੁਝ ਵੀ ਹੈ, ਸੰਤ ਹਰਚੰਦ ਸਿੰਘ ਲੌਂਗੋਵਾਲ ਕਰਕੇ ਹੀ ਹੈ ਅਤੇ ਲੋੜ ਪੈਣ 'ਤੇ ਉਸ ਕੋਲੋਂ ਲੌਂਗੋਵਾਲੀਅਨ ਸੁਰ ਵਿਚ ਕੁਝ ਕਰ ਗੁਜ਼ਰਨ ਦੀ ਆਸ ਕੀਤੀ ਜਾ ਸਕਦੀ ਹੈ। ਉਹ ਪੰਥਕ ਹੈ, ਪਰ ਕੱਟੜ ਨਹੀਂ ਹੈ। ਉਹ ਸਿੱਖ ਪਹਿਲਾਂ ਹੈ ਅਤੇ ਸਿਆਸਤ ਉਸ ਦੀ ਮਜਬੂਰੀ ਹੈ। ਬਾਣੀ ਨਾਲ ਜੁੜੇ ਹੋਏ ਇਸ ਵਿਅਕਤੀ ਕੋਲ ਵਿਰੋਧ ਨੂੰ ਸਹਿ ਜਾਣ ਦੀ ਬਹੁਤ ਸ਼ਕਤੀ ਹੈ। ਇਹੀ ਗੁਣ ਹਨ, ਜਿਨ੍ਹਾਂ ਕਰਕੇ ਬਾਦਲਕਿਆਂ ਦੀ ਚੋਣ ਨੂੰ ਵਰਤਮਾਨ ਸਥਿਤੀ ਵਿਚ ਸਿਆਸੀ ਮਾਅਰਕਾ ਵੀ ਕਿਹਾ ਜਾ ਸਕਦਾ ਹੈ।

ਬਦਕਿਸਮਤੀ ਇਹ ਹੈ ਕਿ ਸਿਆਸਤ ਵਿਚ ਸੌਖੇ ਨਿਸ਼ਾਨਿਆਂ ਨੂੰ ਫੁੰਡਣ ਦੀ ਮਾਅਰਕੇਬਾਜ਼ੀ ਦਾ ਬੋਲਬਾਲਾ ਹੋ ਗਿਆ ਹੈ ਅਤੇ ਸਿੱਖ ਸਿਆਸਤ ਵਿਚ ਆਪਣੇ ਵਿਰੋਧੀ ਨਾਲ ਸਿੱਧਿਆਂ ਖਹਿਣ ਦੀ ਥਾਂ ਉਨ੍ਹਾਂ ਦੇ ਸਮਰਥਕਾਂ ਨੂੰ ਢਾਹੁਣ ਦੀ ਤਸੱਲੀ ਨੂੰ ਹੀ ਸਿਆਸਤ ਸਮਝਿਆ ਜਾਣ ਲੱਗ ਪਿਆ ਹੈ। ਜੇ ਫੈਸਲਾ ਗਲਤ ਹੋਇਆ ਹੈ ਤਾਂ ਇਸ ਵਾਸਤੇ ਬਾਦਲਕਿਆਂ ਨੂੰ ਕਟਹਿਰੇ ਵਿਚ ਖੜ੍ਹਾ ਕਰਨਾ ਚਾਹੀਦਾ ਹੈ। ਹੋ ਇਹ ਰਿਹਾ ਹੈ ਕਿ ਵਿਰੋਧ ਕਰਨ ਵਾਲੇ ਕਿਸੇ ਵੀ ਬਹਾਨੇ ਵਿਰੋਧ ਕਰੀ ਜਾ ਰਹੇ ਹਨ। ਇਸ ਨਾਲ ਨਵੇਂ ਬਣੇ ਪ੍ਰਧਾਨ ਨੂੰ ਉਸ ਪਾਸੇ ਧੱਕਿਆ ਜਾ ਰਿਹਾ ਹੈ, ਜਿਥੇ ਉਸ ਨੂੰ ਸਿਆਸੀ-ਧੜੇ ਤੱਕ ਮਹਿਦੂਦ ਹੋਣਾ ਪੈ ਸਕਦਾ ਹੈ। ਜੋ ਅਜਿਹਾ ਕਰ ਰਹੇ ਹਨ, ਉਹੀ ਇਸੇ ਬਹਾਨੇ ਨਾਲ ਪ੍ਰਧਾਨ ਨੂੰ ਕੁੱਟਣ ਦੀ ਸਿਆਸਤ ਪਹਿਲਾਂ ਵੀ ਕਰਦੇ ਰਹੇ ਹਨ। ਕਾਹਲਿਆਂ ਨੂੰ ਪੈਰ ਰੋਕ ਕੇ ਇਹ ਸੋਚਣਾ ਚਾਹੀਦਾ ਹੈ ਕਿ ਜੋ ਉਹ ਕਰ ਰਹੇ ਹਨ, ਇਸ ਨਾਲ ਕਿਹੋ ਜਿਹੇ ਨਤੀਜੇ ਨਿਕਲਣ ਦੀਆਂ ਸੰਭਾਵਨਾਵਾਂ ਹੋ ਸਕਦੀਆਂ ਹਨ!

ਇਹ ਠੀਕ ਹੈ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਵਰਗੇ ਅਹੁਦੇ 'ਤੇ ਰਹਿੰਦਿਆਂ ਕੋਈ ਵੀ ਜਾਣ-ਬੁੱਝ ਕੇ ਗਲਤ ਨਹੀਂ ਕਰਨਾ ਚਾਹੇਗਾ, ਪਰ ਪ੍ਰਧਾਨਗੀ ਦੇ ਅਹੁਦੇ ਨੂੰ ਸਿਆਸਤ ਵਾਸਤੇ ਵਰਤੇ ਜਾਣ ਦੀ ਸਿਆਸਤ ਕਰਨ ਵਾਲੇ ਸਿਆਸਤਦਾਨਾਂ ਨੂੰ ਕੌਣ ਰੋਕ ਸਕਦਾ ਹੈ? ਜਿਨ੍ਹਾਂ ਨੇ ਰੋਕਣਾ ਹੈ, ਉਹ 'ਉਤਰ ਕਾਟੋ ਮੈਂ ਚੜ੍ਹਾਂ' ਦੀ ਸਿਆਸਤ ਕਰੀ ਜਾ ਰਹੇ ਹਨ। ਵੇਖਣ ਨੂੰ ਇਹੀ ਲੱਗਦਾ ਹੈ ਕਿ ਜੋ ਕੁਝ ਹੋ ਰਿਹਾ ਹੈ, ਉਹ ਇਕ ਸਿਆਸੀ ਪਰਿਵਾਰ ਹੀ ਕਰਵਾਈ ਜਾ ਰਿਹਾ ਹੈ। ਇਹ ਕੋਈ ਨਹੀਂ ਵੇਖਦਾ ਕਿ ਉਸ ਸਿਆਸੀ ਪਰਿਵਾਰ ਕੋਲੋਂ ਕੌਣ ਕੀ ਕਰਵਾਈ ਜਾ ਰਹੀ ਰਿਹਾ ਹੈ?

ਬਾਦਲਕਿਆਂ ਦੀ ਸਿਆਸੀ ਮਜਬੂਰੀ ਪੰਥਕ ਸਾਖ ਬਹਾਲ ਕਰਨ ਦੀ ਹੈ ਅਤੇ ਇਹ ਸਭ ਦੇ ਸਾਹਮਣੇ ਆ ਗਈ ਹੈ, ਤੇ ਇਸ ਵਾਸਤੇ ਉਨ੍ਹਾਂ ਨੂੰ ਜਥੇਦਾਰ ਅਕਾਲ ਤਖਤ ਸਾਹਿਬ ਅਤੇ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਵਰਤਣਾ ਪੈਣਾ ਹੈ। ਕਾਹਲੀ ਵਿਚ ਭੱਜੇ ਜਾ ਰਿਹਾਂ ਨੂੰ ਕੌਣ ਸਮਝਾਵੇ ਕਿ ਮੁਟਾਪਾ ਜਿੰਨੀ ਛੇਤੀ ਆਉਂਦਾ ਹੈ, ਓਨੀ ਛੇਤੀ ਜਾਂਦਾ ਨਹੀਂ ਹੈ। ਹੌਲੀ ਹੌਲੀ ਸਿੱਖ ਸੁਰ ਵਾਲੀਆਂ ਅਹੁਦੇਦਾਰੀਆਂ ਨੂੰ ਅਸੀਂ ਸਿਆਸੀ ਸੁਰ ਵਾਲੀਆਂ ਅਹੁਦੇਦਾਰੀਆਂ ਬਣਾਈ ਜਾ ਰਹੇ ਹਾਂ ਅਤੇ ਮਗਰ ਮੁੜਨ ਦੇ ਸਾਰੇ ਰਾਹ ਆਪ ਹੀ ਬੰਦ ਕਰੀ ਜਾ ਰਹੇ ਹਾਂ। ਇਸੇ ਨੂੰ ਧਰਮ ਦੀ ਸਿਆਸਤ ਕਿਹਾ ਜਾ ਰਿਹਾ ਹੈ।

ਇਹ ਠੀਕ ਹੈ ਕਿ ਦੇਸ਼ ਦੇ ਕਾਨੂੰਨ ਮੁਤਾਬਿਕ ਬਣੇ ਹੋਏ ਗੁਰਦੁਆਰਾ ਐਕਟ ਤੋਂ ਸ਼ੁੱਧ ਪੰਥਕ ਭਾਵਨਾ ਵਿਚ ਚੱਲਣ ਦੀ ਆਸ ਨਹੀਂ ਕੀਤੀ ਜਾ ਸਕਦੀ। ਪਰ ਇਹ ਤਾਂ ਸੋਚਿਆ ਹੀ ਜਾ ਸਕਦਾ ਹੈ ਕਿ ਸਿਆਸੀ ਚੋਣ ਨਿਸ਼ਾਨ 'ਤੇ ਚੋਣਾਂ ਕਰਵਾਉਣ ਨਾਲ ਹਾਲਤ ਇਹ ਹੋ ਗਈ ਹੈ ਕਿ ਤਿੰਨ ਤਖਤਾਂ ਦੇ ਜਥੇਦਾਰ ਬਰਾਸਤਾ ਸ਼੍ਰੋਮਣੀ ਕਮੇਟੀ ਬਾਦਲਕਿਆਂ ਮੁਤਾਬਕ ਚੱਲ ਰਹੇ ਹਨ ਅਤੇ ਤਿੰਨ ਜਥੇਦਾਰ ਬਰਾਸਤਾ ਸਰਬੱਤ ਖਾਲਸਾ ਸਿਮਰਨਜੀਤ ਸਿੰਘ ਮਾਨ ਮੁਤਾਬਕ ਚੱਲ ਰਹੇ ਹਨ। ਤਿੰਨ ਤਖਤਾਂ ਦੇ ਛੇ ਜਥੇਦਾਰਾਂ ਨਾਲ ਪ੍ਰਧਾਨ ਕਿਵੇਂ ਚੱਲੇ? ਇਸ ਬਾਰੇ ਕੋਈ ਚਰਚਾ ਨਹੀਂ ਹੋ ਰਹੀ।

ਇਸ ਸਾਰੇ ਸਿਆਸੀ ਵਰਤਾਰੇ ਵਿਚ ਕਦੇ ਕਦੇ ਸੰਘ ਪਰਿਵਾਰ ਬਰਾਸਤਾ ਰਾਸ਼ਟਰੀ ਸਿੱਖ ਸੰਗਤ ਵੀ ਮਸਲੇ ਵਾਂਗ ਸਾਹਮਣੇ ਆ ਜਾਂਦਾ ਹੈ। ਮਸਲਿਆਂ ਦੇ ਕਰਾਮਾਤੀ ਹੱਲ ਦੀ ਆਸ ਸਿੱਖ ਸੁਰ ਵਿਚ ਨਹੀਂ ਕੀਤੀ ਜਾ ਸਕਦੀ। ਦਰਪੇਸ਼ ਚੁਣੌਤੀਆਂ ਨਾਲ ਨਜਿੱਠਣ ਦੀ ਸਿੱਖ-ਜੁਗਤ ਸਿਰ ਜੋੜਨ ਵਾਲੀ ਹੈ। ਇਸ ਨੂੰ ਸਿਰ ਤੋੜਨ ਵਾਂਗ ਲਵਾਂਗੇ ਤਾਂ ਨਤੀਜੇ ਉਹੋ ਜਿਹੇ ਹੀ ਨਿਕਲਣਗੇ, ਜਿਨ੍ਹਾਂ ਨੂੰ ਭੁਗਤਣ ਦੀ ਮਜਬੂਰੀ ਸਿੱਖ ਭਾਈਚਾਰੇ ਨੂੰ ਹੰਢਾਉਣੀ ਪੈ ਰਹੀ ਹੈ। ਨਵੇਂ ਪ੍ਰਧਾਨ ਸਾਹਮਣੇ ਚੁਣੌਤੀਆਂ ਬਹੁਤ ਹਨ। ਇਨ੍ਹਾਂ ਨਾਲ ਨਜਿਠਣ ਵਾਸਤੇ ਪ੍ਰਧਾਨ ਨੂੰ ਸੋਚਣਾ ਪੈਣਾ ਹੈ। ਇਸ ਵਾਸਤੇ ਸਿੱਖ-ਸੁਜੱਗਤਾ ਅਤੇ ਸਿੱਖ-ਵਚਨਬੱਧਤਾ ਨੂੰ ਨਾਲ ਲੈਣਾ ਪੈਣਾ ਹੈ। ਅਜਿਹਾ ਸੌੜੀ ਸਿਆਸਤ ਵਿਚੋਂ ਬਾਹਰ ਨਿਕਲ ਕੇ ਹੀ ਸੰਭਵ ਹੋ ਸਕਦਾ ਹੈ।

---

**ਲਿਖਤੁਮ**



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਮੋੜਵੇਂ ਸਵਾਲ ਨੇ ਇੰਜ ਕੀਤਾ ਲਾਜਵਾਬ...

ਜਿਉਂ ਹੀ ਲੰਘੇ 29 ਨਵੰਬਰ ਵਾਲੇ ਦਿਨ ਦੁਪਹਿਰ ਤੋਂ ਬਾਅਦ ਤੇਜਾ ਸਿੰਘ ਸਮੁੰਦਰੀ ਹਾਲ ਵਿਚੋਂ ਇਹ ਖਬਰ ਬਾਹਰ ਨਿਕਲੀ ਕਿ ਬਾਦਲ ਦਲ ਨੇ ਆਪਣਾ ਉਮੀਦਵਾਰ ਪ੍ਰਧਾਨ ਬਣਾ ਲਿਆ ਹੈ ਤਾਂ ਮੈਨੂੰ ਬਾਦਲ ਦਲ ਨਾਲ ਸਬੰਧਤ ਇਕ ਮਿੱਤਰ ਨੇ ਉਸ ਮੌਕੇ ਪਈਆਂ ਵੋਟਾਂ ਦੇ ਅੰਕੜੇ ਭੇਜਦਿਆਂ ਮਖੌਲ ਕੀਤਾ ਕਿ ਤੁਹਾਡੇ ਪੰਥਕ ਫਰੰਟ ਨੂੰ ਸਿਰਫ ਪੰਦਰਾਂ ਵੋਟਾਂ ਹੀ ਪਈਆਂ ਜਦਕਿ ਜੇਤੂ ਰਹੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ 154 ਵੋਟ ਮਿਲੇ ਹਨ। ਮੈਂ ਦਰਅਸਲ ਬਤੌਰ ਪੱਤਰਕਾਰ ਅਮਰੀਕਾ ਦੀਆਂ ਕੁਝ ਨਾਮੀ ਧਾਰਮਿਕ ਜਥੇਬੰਦੀਆਂ ਵੱਲੋਂ ਪੰਥਕ ਫਰੰਟ ਦੀ ਹਮਾਇਤ ਵਿਚ ਕੁਝ ਬਿਆਨ ਅਖਬਾਰਾਂ ਨੂੰ ਭੇਜਦਾ ਰਿਹਾ ਸਾਂ। ਇਸੇ ਕਰ ਕੇ ਬਾਦਲ ਦਲੀਏ ਮਿੱਤਰ ਨੇ 'ਵੱਟਸ-ਐਪ' ਰਾਹੀਂ ਭੇਜੇ ਮਖੌਲੀਆ ਸੁਨੇਹੇ ਵਿਚ 'ਤੁਹਾਡੇ ਫਰੰਟ' ਸ਼ਬਦ ਨੂੰ ਜ਼ਰਾ ਗੂੜ੍ਹਾ ਕਰ ਕੇ ਲਿਖਿਆ ਹੋਇਆ ਸੀ।

ਵਿਧਾਨ ਸਭਾ ਚੋਣਾਂ ਮੌਕੇ ਸਮੁੱਚੇ ਪੰਜਾਬ ਦੇ ਵੋਟਰਾਂ ਵੱਲੋਂ ਬੁਰੀ ਤਰ੍ਹਾਂ ਨੱਕਾਰੀ ਗਈ ਬਾਦਲਸ਼ਾਹੀ ਨੂੰ ਪੰਥ ਦੇ ਧਾਰਮਿਕ ਕੇਂਦਰ ਉਤੇ ਮੁੜ ਕਾਬਜ਼ ਕਰਾਉਣ ਲਈ ਨਿਤਰੇ 154 ਸ਼੍ਰੋਮਣੀ ਕਮੇਟੀ ਮੈਂਬਰਾਂ ਉਤੇ ਚੜ੍ਹੇ ਗੁੱਸੇ ਨੂੰ ਵਿਚੇ ਵਿਚ ਪੀਂਦਿਆਂ ਮੈਂ ਲਿਖਤੀ ਟਿਚਰ ਕਰਨ ਵਾਲੇ ਉਸ ਮਿੱਤਰ ਨੂੰ ਫੋਨ ਲਾ ਲਿਆ। ਮੇਰੀਆਂ ਕੁਝ ਕੁ ਦਲੀਲਾਂ ਨਾਲ ਤਾਂ ਉਹ ਸਹਿਮਤ ਨਾ ਹੋਇਆ, ਪਰ ਮੇਰੇ ਮੂੰਹੋਂ ਇਕ ਇਤਿਹਾਸਕ ਨੁਕਤੇ ਨੂੰ ਸੁਣ ਕੇ ਉਹ ਠਠੰਬਰ ਜਿਹਾ ਗਿਆ। ਮੈਨੂੰ ਦਿਲੀ ਪ੍ਰਸੰਨਤਾ ਹੋਈ, ਜਦ ਉਹ ਢੈਲਾ ਜਿਹਾ ਹੋ ਕੇ ਇੰਜ ਕਹਿਣ ਲੱਗਾ ਕਿ ਵੀਰਿਆ! ਇਹ ਗੱਲ ਤੇਰੀ ਬਿਲਕੁਲ ਦਰੁਸਤ ਹੈ। ਜੇ ਉਦੋਂ ਅਜਿਹਾ ਹੁੰਦਾ ਤਾਂ ਯਕੀਨਨ ਅੱਜ ਵਾਂਗ ਹੀ ਹੱਕ-ਸੱਚ ਨੂੰ ਨਮੋਸ਼ੀ ਝੱਲਣੀ ਪੈਣੀ ਸੀ।

ਸ਼ਾਇਦ ਸੱਤਵੇਂ ਅਸਮਾਨ 'ਤੇ ਚੜ੍ਹਿਆ ਉਸ ਦੇ ਜੇਤੂ ਹੰਕਾਰ ਦਾ ਪਾਰਾ ਕੁਝ ਥੱਲੇ ਆ ਗਿਆ ਹੋਵੇਗਾ, ਕਿਉਂਕਿ ਉਸ ਨੇ ਫਿਰ 'ਸਿਆਣਾ' ਬਣਦਿਆਂ ਮੈਨੂੰ ਸੁਝਾਅ ਦਿੱਤਾ, ਇਸ ਨੁਕਤੇ ਨੂੰ ਅਖਬਾਰੀ ਲਿਖਤ ਵਿਚ ਲਿਆਉ। ਲਉ, ਉਸੇ ਦੀ ਸਿਫਾਰਸ਼ ਅਨੁਸਾਰ ਕੁਝ ਸਤਰਾਂ ਲਿਖ ਰਿਹਾ ਹਾਂ:

ਪੰਦਰਵੀਂ ਸਦੀ ਵਿਚ ਸੈਦਪੁਰ ਨਾਂ ਦੇ ਪਿੰਡ (ਹੁਣ ਐਲਨਾਬਾਦ, ਪਾਕਿਸਤਾਨ) ਵਿਖੇ ਵਾਪਰੇ ਇਤਿਹਾਸਕ ਵਾਕਿਆ ਤੋਂ ਆਪਾਂ ਸਾਰੇ ਜਾਣੂ ਹਾਂ ਕਿ ਉਸ ਪਿੰਡ ਦੇ ਬਹੁਤ ਅਮੀਰ ਮਲਿਕ ਭਾਗੋ ਨੇ ਬ੍ਰਹਮ-ਭੋਜ ਕੀਤਾ ਜਿਸ ਵਿਚ ਛੱਤੀ ਪ੍ਰਕਾਰ ਦੇ ਵੰਨ-ਸੁਵੰਨੇ ਪਕਵਾਨ ਛਕਾਏ ਜਾ ਰਹੇ ਸਨ। ਉਥੇ ਬੇ-ਬਹਾ ਭੀੜ ਕੁੱਖਾਂ ਕੱਢ ਕੱਢ ਕੇ ਮਲਿਕ ਭਾਗੋ ਦੀ ਜੈ-ਜੈਕਾਰ ਕਰ ਰਹੀ ਸੀ। ਆਪਾਂ ਪੜ੍ਹਦੇ-ਸੁਣਦੇ ਹਾਂ ਕਿ ਸਵਾਦੀ ਪਕਵਾਨਾਂ ਵਾਲੇ ਉਸ ਬ੍ਰਹਮ-ਭੋਜ ਨੂੰ ਠੁਕਰਾ ਕੇ ਗੁਰੂ ਨਾਨਕ ਗਰੀਬ ਕਿਰਤੀ ਭਾਈ ਲਾਲੋ ਦੇ ਘਰੇ ਭੁੰਜੇ ਆਸਣ ਲਾ ਕੇ ਕੋਧਰੇ ਦੀ ਰੁੱਖੀ ਰੋਟੀ ਦਾ ਅਨੰਦ ਮਾਣ ਰਹੇ ਸਨ। ਅਸੀਂ ਇਹ ਵੀ ਜਾਣਦੇ ਹਾਂ ਕਿ ਆਪਣਾ ਸੱਦਾ ਅਪ੍ਰਵਾਨ ਕਰਨ 'ਤੇ ਕ੍ਰੋਧੀ ਹੋਏ ਮਲਿਕ ਭਾਗੋ ਨੂੰ ਗੁਰੂ ਨਾਨਕ ਨੇ ਗਿਆਨ ਚਰਚਾ ਦੇ ਤੀਰ ਚਲਾ ਕੇ ਦਰਸਾ ਦਿੱਤਾ ਸੀ ਕਿ ਲੋਕਾਈ ਦੀ ਰੱਤ ਚੂਸ ਕੇ ਬਣੇ ਅਮੀਰਾਂ ਦੀ ਰੋਟੀ ਵਿਚ ਲਹੂ ਹੁੰਦਾ ਹੈ, ਪਰ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਕਿਰਤੀਆਂ ਦੀ ਰੋਟੀ ਦੁੱਧ ਦੀ ਨਿਆਈਂ ਪਾਕਿ ਪਵਿੱਤਰ ਹੁੰਦੀ ਹੈ।

ਸੰਕੋਚਵੇਂ ਰੂਪ ਵਿਚ ਇਹ ਸਾਖੀ ਸੁਣਾਉਣ ਤੋਂ ਬਾਅਦ ਮੈਂ ਕੁਝ ਖਿਆਲੀ ਦ੍ਰਿਸ਼ ਚਿਤਵਦਿਆਂ ਪੁੱਛਿਆ ਕਿ ਮਿੱਤਰਾ! ਇਤਿਹਾਸਕ ਤੱਥ ਦੱਸਦੇ ਹਨ ਕਿ ਭਾਈ ਲਾਲੋ ਦੇ ਪਿੰਡੋਂ ਗੁਰੂ ਨਾਨਕ ਆਪਣੇ ਪਰਿਵਾਰ ਨੂੰ ਮਿਲਣ ਵਾਸਤੇ ਤਲਵੰਡੀ ਨੂੰ ਚਲੇ ਗਏ ਸਨ, ਪਰ ਉਨ੍ਹਾਂ ਦੇ ਚਲੇ ਜਾਣ ਉਪਰੰਤ, ਮੰਨ ਲਉ, ਮਲਿਕ ਭਾਗੋ ਦਾ ਕੋਈ ਚਮਚਾ ਭੂਤਰ ਜਾਂਦਾ ਅਤੇ ਉਸ ਨਗਰ ਖੇੜੇ ਦੀ ਕੋਈ ਚੌਧਰ ਲੈਣ ਦੀ ਝਾਕ ਵਿਚ ਆਪਣੇ ਮਾਲਕ ਦੀਆਂ ਨਜ਼ਰਾਂ ਵਿਚ 'ਪ੍ਰਵਾਨ' ਹੋਣ ਲਈ ਪਰਪੰਚ ਰਚ ਲੈਂਦਾ, ਤੇ ਉਹ ਸਾਰੇ ਪਿੰਡ ਵਿਚ ਮੁਨਾਦੀ ਕਰਵਾ ਦਿੰਦਾ ਕਿ ਭਰਾਵੋ ਜੋ ਹੋਇਆ, ਸੋ ਹੋਇਆ; ਪਰ ਸਾਡੇ ਮਹਾਨ ਆਗੂ ਦੀ ਹੇਠੀ ਸਾਥੋਂ ਨਹੀਂ ਸਹਾਰੀ ਜਾਂਦੀ। ਆਓ, ਆਪਾਂ ਅੱਜ ਫੈਸਲਾ ਕਰੀਏ ਕਿ ਸੈਂਕੜੇ ਹਜ਼ਾਰਾਂ ਪ੍ਰਾਣੀਆਂ ਨੂੰ ਮਨ-ਭਾਉਂਦੇ ਪਦਾਰਥ ਛਕਾਉਣ ਵਾਲੇ ਸਾਡੇ 'ਫਖਰ-ਏ-ਨਗਰ' ਸ੍ਰੀਮਾਨ ਮਲਿਕ ਭਾਗੋ ਜੀ ਮਹਾਨ ਹਨ ਕਿ ਆਪਣੇ ਰਹਿਬਰ ਤੇ ਇਕ ਉਹਦੇ ਸਾਥੀ-ਦੋਹਾਂ ਨੂੰ ਬਿਨਾ ਚੋਪੜੀ ਸੁੱਕੀ ਰੋਟੀ ਖਵਾਉਣ ਵਾਲਾ ਗਰੀਬੜਾ ਭਾਈ ਲਾਲੋ?


ਮੰਨ ਲਉ ਕਿ ਉਹ ਚਮਚਾਗਿਰੀ ਦੀ ਹੱਦ ਦਿਖਾਉਂਦਿਆਂ ਮਲਿਕ ਭਾਗੋ ਦੇ ਮਹਿਲਾਂ ਵਿਚ ਇਕੱਤਰ ਹੋਈ ਭਾਰੀ ਭੀੜ ਵਿਚੋਂ ਚੋਣਵੇਂ 175 ਬੰਦੇ ਕੱਢ ਲੈਂਦਾ। ਮੇਜ਼ 'ਤੇ ਰੱਖ ਲੈਂਦਾ ਦੋ ਡੱਬੇ, ਇਕ ਮਲਿਕ ਭਾਗੋ ਦਾ ਤੇ ਦੂਜਾ ਭਾਈ ਲਾਲੋ ਦਾ। ਚੋਣਵੇਂ ਬੰਦਿਆਂ ਨੂੰ ਦਿੰਦਾ ਇਕ ਇਕ ਪਰਚੀ ਤੇ ਆਖਦਾ ਕਿ ਇਨ੍ਹਾਂ ਦੋਹਾਂ ਵਿਚੋਂ ਜਿਸ ਨੂੰ ਮਹਾਨ ਸਮਝਦੇ ਹੋ, ਉਸ ਦੇ ਡੱਬੇ ਵਿਚ ਆਪੋ ਆਪਣੀ ਪਰਚੀ ਪਾ ਦਿਉ।

ਇੰਨੀ ਕੁ ਗੱਲ ਕਰ ਕੇ ਮਖੌਲ ਕਰਨ ਵਾਲੇ ਬਾਦਲ ਦਲੀਏ ਦੋਸਤ ਨੂੰ ਮੈਂ ਪੁੱਛਿਆ, ਸੱਜਣਾ! ਆਪਣੇ ਧਰਮ ਈਮਾਨ ਨੂੰ ਜਾਣ ਕੇ ਦੱਸ ਕਿ ਭਾਈ ਲਾਲੋ ਦੇ ਡੱਬੇ ਵਿਚੋਂ ਪੰਦਰਾਂ ਪਰਚੀਆਂ ਨਿਕਲ ਆਉਂਦੀਆਂ, ਜਾਂ ਉਦੂੰ ਵੀ ਘੱਟ ਹੁੰਦੀਆਂ?

...ਤੇ ਸਵਾਲੀਆ ਰੂਪ ਵਿਚ ਮੇਰਾ ਜਵਾਬ ਸੁਣ ਕੇ ਦੋਸਤ ਦੇ ਦੰਦ ਜੁੜ ਗਏ!

# ਸਿਰਫ ਬਹਿਸ ਦਾ ਮੁੱਦਾ ਬਣ ਕੇ ਰਹਿ ਗਏ ਲੋਕ !

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਮੈਨੂੰ ਇਹ ਮੰਨਣ ਵਿਚ ਕੋਈ ਝਿਜਕ ਨਹੀਂ ਕਿ ਖੇਡਾਂ ਤੇ ਫਿਲਮਾਂ ਵਿਚ ਸਾਰੀ ਉਮਰ ਬਹੁਤੀ ਦਿਲਚਸਪੀ ਨਹੀਂ ਸੀ ਰਹੀ, ਪਰ ਭਾਰਤੀ ਰਾਜਨੀਤੀ ਦੇ ਰਾਮ-ਰੌਲੇ ਨੇ ਮੈਨੂੰ ਖੇਡਾਂ ਵੇਖਣ ਲਾ ਦਿੱਤਾ ਹੈ। ਹੁਣ ਮੈਂ ਕਈ ਵਾਰ ਪੁਰਾਣਾ ਮੈਚ ਵੀ ਵੇਖੀ ਜਾਂਦਾ ਹਾਂ, ਇਸ ਕਰ ਕੇ ਨਹੀਂ ਕਿ ਉਸ ਨੂੰ ਵੇਖਣਾ ਚੰਗਾ ਲੱਗਦਾ ਹੈ, ਸਗੋਂ ਇੱਕ ਮਜਬੂਰੀ ਹੁੰਦੀ ਹੈ। ਸ਼ਾਮ ਦੇ ਵਕਤ ਜਦੋਂ ਸਾਰੇ ਮੀਡੀਆ ਚੈਨਲਾਂ ਉਤੇ ਰਾਜਸੀ ਮੁੱਦੇ ਚੁਣ ਕੇ ਵੱਖ-ਵੱਖ ਪਾਰਟੀਆਂ ਦੇ ਲੀਡਰਾਂ ਨੂੰ ਸੱਦ ਕੇ ਕੁੱਕੜਾਂ ਵਾਂਗ ਲੜਨ ਦਾ ਮੌਕਾ ਪੇਸ਼ ਕੀਤਾ ਜਾਂਦਾ ਹੈ, ਉਸ ਟਕਰਾਅ ਵਿਚ ਫਸ ਕੇ ਮਾਨਸਿਕ ਚੋਟਾਂ ਖਾਣ ਨਾਲੋਂ ਦਸ ਸਾਲ ਪੁਰਾਣਾ ਮੈਚ ਵੇਖਣਾ ਵੀ ਮਾੜਾ ਨਹੀਂ ਲੱਗਦਾ। ਉਨ੍ਹਾਂ ਸਿਆਸੀ ਲੀਡਰਾਂ ਦੀ ਬੋਲ-ਬਾਣੀ ਨਾਲ ਏਦਾਂ ਦਾ ਰੌਲਾ ਪੈਂਦਾ ਹੈ ਕਿ ਗਲੀ ਤੋਂ ਲੰਘ ਰਿਹਾ ਬੰਦਾ ਇਹ ਸੋਚ ਸਕਦਾ ਹੈ ਕਿ ਇਸ ਘਰ ਵਿਚ ਅੱਜ ਮੀਆਂ-ਬੀਵੀ ਆਪੋ ਵਿਚ ਲੜ ਪਏ ਹੋਣਗੇ। ਗਵਾਂਢ ਵੱਸਦੇ ਲੋਕ ਨਾ ਵੀ ਪੁੱਛਣ ਤਾਂ ਇਹ ਦੱਸਣ ਨੂੰ ਚਿੱਤ ਕਰਦਾ ਹੈ ਕਿ ਅਸੀਂ ਨਹੀਂ ਸੀ ਲੜੇ, ਸਿਆਸੀ ਲੀਡਰ ਢੁੱਡਾਂ ਭਿੜਾ ਰਹੇ ਸਨ।

ਪੰਜਾਬ ਵਿਚ ਇੱਕ ਉਹ ਸਮਾਂ ਸੀ, ਜਦੋਂ ਸਾਰੇ ਪਿੰਡ ਵਿਚ ਇੱਕ ਪੰਚਾਇਤੀ ਰੇਡੀਓ ਤੇ ਉਸ ਦੇ ਨਾਲ ਜੋੜਿਆ ਲਾਊਡ ਸਪੀਕਰ ਹੁੰਦਾ ਸੀ। ਪੰਜ ਬੈਂਡ ਦੇ ਉਸ ਰੇਡੀਓ ਦਾ ਏਰੀਅਲ ਕਿਸੇ ਲੰਮੇ ਢਾਂਗੇ ਨਾਲ ਬੰਨ੍ਹ ਕੇ ਕਿਸੇ ਉਚੇ ਦਰੱਖਤ ਦੀ ਉਚੀ ਟਾਹਣੀ ਨਾਲ ਬੰਨ੍ਹਿਆ ਜਾਂਦਾ ਸੀ, ਤਾਂ ਕਿ ਪ੍ਰੋਗਰਾਮ ਕੈਚ ਕਰਦਾ ਰਹੇ ਤੇ ਉਸ ਰੇਡੀਓ ਨਾਲ ਸ਼ਾਮ ਵੇਲੇ ਰੋਜ਼ ਆਕਾਸ਼ਵਾਣੀ ਦੇ ਦਿਹਾਤੀ ਪ੍ਰੋਗਰਾਮ ਵੇਲੇ ਲਾਊਡ ਸਪੀਕਰ ਜੋੜਿਆ ਜਾਂਦਾ ਸੀ। ਉਸ ਨੂੰ ਸਾਰਾ ਪਿੰਡ ਸੁਣਦਾ ਸੀ ਤੇ ਜਦੋਂ ਉਹ ਪ੍ਰੋਗਰਾਮ ਖਤਮ ਹੁੰਦਾ ਤਾਂ ਪਿੰਡ ਵਿਚ ਬੜੀ ਸ਼ਾਂਤੀ ਦਾ ਮਾਹੌਲ ਹੁੰਦਾ ਸੀ। ਘਰ ਘਰ ਰੇਡੀਓ ਆਉਣ ਅਤੇ ਫਿਰ ਟੈਲੀਵੀਜ਼ਨ ਦੀ ਆਮਦ ਨੇ ਸਾਡੇ ਲੋਕਾਂ ਦੀ ਹੋਰਨਾਂ ਗੱਲਾਂ ਦੇ ਨਾਲ ਰਾਜਨੀਤੀ ਵਿਚ ਵੀ ਦਿਲਚਸਪੀ ਵਧਾ ਦਿੱਤੀ ਤੇ ਅਸੀਂ ਲੋਕ ਬੜੇ ਚਾਅ ਨਾਲ ਮੁੱਢਲੇ ਦਿਨਾਂ ਵਿਚ ਬਹਿਸਾਂ ਸੁਣਦੇ ਹੁੰਦੇ ਸਾਂ। ਹੁਣ ਨਾ ਉਹ ਬਹਿਸ ਦਾ ਪੱਧਰ ਰਿਹਾ ਹੈ ਤੇ ਨਾ ਉਦੋਂ ਦੀਆਂ ਬਹਿਸਾਂ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਵਾਲਾ ਸਾਊਪੁਣਾ ਦਿਖਾਈ ਦਿੰਦਾ ਹੈ। ਬਹਿਸ ਕਰਨ ਖਾਤਰ ਬਹਿਸ ਹੋਣ ਦਾ ਵੀ ਓਹਲਾ ਨਹੀਂ ਰੱਖਿਆ ਜਾਂਦਾ ਤੇ ਜਿਹੜੇ ਲੀਡਰ ਕੱਲ੍ਹ ਇੱਕ ਪਾਰਟੀ ਲਈ ਬੋਲਦੇ ਰਹੇ ਸਨ, ਉਹ ਅੱਜ ਦੂਸਰੀ ਪਾਰਟੀ ਵੱਲੋਂ ਆਪਣੀ ਮਾਂ-ਪਾਰਟੀ ਦਾ ਚੀਰ ਹਰਨ ਕਰਨ ਦੀ ਭੂਮਿਕਾ ਬੇਸ਼ਰਮ ਹਾਸਾ ਹੱਸ ਕੇ ਨਿਭਾਈ ਜਾਂਦੇ ਹਨ।

ਮਜ਼ੇ ਨਾਲ ਬਹਿਸਾਂ ਕਰਨ ਵਾਲੇ ਉਹ ਸਾਰੇ ਲੋਕ ਇਹ ਗੱਲ ਕਦੀ ਨਹੀਂ ਦੱਸਦੇ ਕਿ ਕੀ ਉਨ੍ਹਾਂ ਨੂੰ ਇਹ ਪਤਾ ਹੈ ਕਿ ਜਿਹੜਾ ਦੇਸ਼ ਉਨ੍ਹਾਂ ਦੀਆਂ ਇਨ੍ਹਾਂ ਬਹਿਸਾਂ ਵਿਚ ਵਾਰ-ਵਾਰ ਚੇਤੇ ਕੀਤਾ ਜਾਂਦਾ ਹੈ, ਉਸ ਦੇ ਆਮ ਲੋਕਾਂ ਦਾ ਜੀਵਨ, ਦੇਸ਼ ਦੀ ਧਰਤੀ ਹੇਠਲਾ ਪਾਣੀ ਅਤੇ ਇਸ ਵਿਚੋਂ ਉਗਦੀਆਂ ਫਸਲਾਂ ਪਹਿਲਾਂ ਵਰਗੀਆਂ ਨਹੀਂ ਰਹੀਆਂ। ਭਾਰਤ ਦੀ ਜ਼ਰਖੇਜ਼ ਜ਼ਮੀਨ ਵਿਚੋਂ ਹੁਣ ਜ਼ਿੰਦਗੀ ਦੇ ਰਸ ਨਾਲ ਭਰਪੂਰ ਉਹ ਅੰਨ ਪੈਦਾ ਨਹੀਂ ਹੁੰਦਾ, ਜਿਸ ਨੂੰ 'ਅੰਨ ਦੇਵਤਾ' ਕਿਹਾ ਜਾਂਦਾ ਸੀ, ਸਗੋਂ ਜ਼ਹਿਰ ਦੇ ਭੁਕਾਨੇ ਫੁੱਲਦੇ ਹਨ। ਡਾਕਟਰ ਕਹਿੰਦੇ ਹਨ ਕਿ ਗਾੜ੍ਹੇ ਨੀਲੇ ਰੰਗ ਵਾਲਾ ਬਤਾਊਂ ਨਾ ਖਾਇਓ, ਇਹ ਬਤਾਊਂ ਦੇ ਛਿਲਕੇ ਅੰਦਰ ਨਿਰਾ ਜ਼ਹਿਰ ਹੈ। ਕੁਦਰਤੀ ਜਣੇਪੇ ਵਾਲੀ ਗਾਂ ਜਾਂ ਮੱਝ ਦਾ ਦੁੱਧ ਨਹੀਂ, ਸਗੋਂ ਟੀਕੇ ਲਾ ਕੇ ਕੱਢਿਆ ਦੁੱਧ ਹੋ ਸਕਦਾ ਹੈ ਤੇ ਮੱਛੀ ਉਸ ਪਾਣੀ ਵਾਲੀ ਹੋ ਸਕਦੀ ਹੈ, ਜਿਸ ਵਿਚ ਲੁਧਿਆਣੇ ਦੇ ਸੀਵਰਾਂ ਦਾ ਮਲ-ਮੂਤਰ ਵੀ ਘੁਲਿਆ ਹੁੰਦਾ ਹੈ ਤੇ ਕਾਰਖਾਨਿਆਂ ਦਾ ਕੈਮੀਕਲ ਵੀ ਉਸੇ ਵਿਚ ਡਿੱਗਦਾ ਹੈ। ਨਤੀਜਾ ਵੇਖਣ ਦਾ ਚਾਅ ਹੋਵੇ ਤਾਂ ਲੁਧਿਆਣੇ ਦੇ ਹੇਠਾਂ ਨੂੰ ਹੰਭੜਾਂ ਤੋਂ ਸਿੱਧਵਾਂ ਬੇਟ ਤੱਕ ਪਿੰਡਾਂ ਦਾ ਗੇੜਾ ਮਾਰ ਲੈਣਾ ਕਾਫੀ ਹੈ, ਜਿੱਥੇ ਲੋਕਾਂ ਦੇ ਸਰੀਰਾਂ ਦੀ ਚਮੜੀ ਇਸ ਪਾਣੀ ਦੀ ਮਾਰ ਹੇਠ ਆ ਕੇ ਬਦਰੰਗ ਹੋਈ ਜਾਂਦੀ ਹੈ। ਕਿਸੇ ਆਗੂ ਨੇ ਕਦੇ ਇਸ ਦੀ ਜਿੰਮੇਵਾਰੀ ਨਹੀਂ ਲਈ। ਜ਼ਿੰਮੇਵਾਰੀ ਤਾਂ ਦੂਰ ਦੀ ਗੱਲ, ਇਸ ਦੀ ਚਿੰਤਾ ਵੀ ਨਹੀਂ ਕੀਤੀ। ਉਹ ਉਨ੍ਹਾਂ ਮੁੱਦਿਆਂ ਬਾਰੇ ਬੋਲਦੇ ਹਨ, ਜਿਨ੍ਹਾਂ ਦਾ ਸਬੰਧ ਕੁਰਸੀਆਂ ਛੁਡਾਉਣ ਜਾਂ ਬਚਾਉਣ ਨਾਲ ਹੁੰਦਾ ਹੈ, ਪਰ ਕੁਰਸੀਆਂ ਬਖਸ਼ਣ ਵਾਲੇ ਲੋਕਾਂ ਦੀ ਜ਼ਿੰਦਗੀ ਨਾਲ ਕੋਈ ਸਬੰਧ ਨਹੀਂ ਹੁੰਦਾ।

*ਰਾਜਧਾਨੀ ਦਿੱਲੀ ਨਾਲ ਜੁੜਦੇ ਪੁਰਾਣੇ ਗੁੜਗਾਉਂ ਅਤੇ ਨਵੇਂ ਗੁਰੂ-ਗ੍ਰਾਮ ਸ਼ਹਿਰ ਦੇ ਨਾਮਣੇ ਵਾਲੇ ਹਸਪਤਾਲ ਦੀ ਖਬਰ ਨੇ ਸਾਨੂੰ ਹੈਰਾਨ ਕੀਤਾ ਹੈ। ਇੱਕ ਬੱਚੀ ਪੰਦਰਾਂ ਦਿਨ ਬੀਮਾਰ ਰਹਿ ਕੇ ਮਰ ਗਈ। ਹਸਪਤਾਲ ਦੇ ਪ੍ਰਬੰਧਕਾਂ ਨੇ ਲਾਸ਼ ਚੁੱਕਣ ਤੋਂ ਪਹਿਲਾਂ ਅਠਾਰਾਂ ਲੱਖ ਰੁਪਏ ਦਾ ਬਿੱਲ ਭਰਨ ਨੂੰ ਕਹਿ ਦਿੱਤਾ।...ਪੰਦਰਾਂ ਦਿਨਾਂ ਵਿਚ ਉਸ ਬੱਚੀ ਦਾ ਇਲਾਜ ਕਰਨ ਵਾਸਤੇ ਸਤਾਈ ਸੌ ਗਲਵਜ਼ (ਹੱਥਾਂ ਦੇ ਦਸਤਾਨੇ) ਵਰਤੇ ਗਏ ਦੱਸ ਕੇ ਕੀਮਤ ਮੰਗੀ ਗਈ ਸੀ।...ਇਹੋ ਨਹੀਂ, ਬਿੱਲ ਵਿਚ ਉਸ ਬੱਚੀ ਦੇ ਇਲਾਜ ਲਈ ਚੁਤਾਲੀ ਸਰਿੰਜਾਂ ਰੋਜ਼ ਵਰਤਣ ਦਾ ਵੀ ਜ਼ਿਕਰ ਕੀਤਾ ਹੈ। ਹਰ ਘੰਟੇ ਇੱਕ ਟੀਕਾ ਵੀ ਲਾਇਆ ਜਾਂਦਾ ਹੋਵੇ ਤਾਂ ਦਿਨ-ਰਾਤ ਵਿਚ ਬੱਚੀ ਨੂੰ ਚੌਵੀ ਟੀਕੇ ਲੱਗਦੇ ਹੋਣਗੇ।*



ਭਾਰਤ, ਅਤੇ ਇਸ ਦਾ ਇੱਕ ਰਾਜ ਹੁੰਦੇ ਹੋਏ ਪੰਜਾਬ ਵੀ, ਇਸ ਵਕਤ 'ਅੰਧੇਰ ਨਗਰੀ, ਚੌਪਟ ਰਾਜਾ' ਦੇ ਹਾਲਾਤ ਨੂੰ ਹੰਢਾ ਰਿਹਾ ਹੈ। ਹੁਣੇ ਜਿਹੇ ਰਾਜਧਾਨੀ ਦਿੱਲੀ ਨਾਲ ਜੁੜਦੇ ਪੁਰਾਣੇ ਗੁੜਗਾਉਂ ਅਤੇ ਨਵੇਂ ਗੁਰੂ-ਗ੍ਰਾਮ ਸ਼ਹਿਰ ਦੇ ਨਾਮਣੇ ਵਾਲੇ ਹਸਪਤਾਲ ਦੀ ਖਬਰ ਨੇ ਸਾਨੂੰ ਹੈਰਾਨ ਕੀਤਾ ਹੈ। ਇੱਕ ਬੱਚੀ ਪੰਦਰਾਂ ਦਿਨ ਬੀਮਾਰ ਰਹਿ ਕੇ ਮਰ ਗਈ। ਹਸਪਤਾਲ ਦੇ ਪ੍ਰਬੰਧਕਾਂ ਨੇ ਲਾਸ਼ ਚੁੱਕਣ ਤੋਂ ਪਹਿਲਾਂ ਅਠਾਰਾਂ ਲੱਖ ਰੁਪਏ ਦਾ ਬਿੱਲ ਭਰਨ ਨੂੰ ਕਹਿ ਦਿੱਤਾ। ਬਿੱਲ ਵਿਚ ਦਰਜ ਮੱਦਾਂ ਦਾ ਜ਼ਿਕਰ ਹਾਈ ਕੋਰਟ ਦੇ ਜੱਜ ਸਾਹਿਬਾਨ ਨੂੰ ਵੀ ਹੈਰਾਨ ਕਰਨ ਵਾਲਾ ਸੀ। ਪੰਦਰਾਂ ਦਿਨਾਂ ਵਿਚ ਉਸ ਬੱਚੀ ਦਾ ਇਲਾਜ ਕਰਨ ਵਾਸਤੇ ਸਤਾਈ ਸੌ ਗਲਵਜ਼ (ਹੱਥਾਂ ਦੇ ਦਸਤਾਨੇ) ਵਰਤੇ ਗਏ ਦੱਸ ਕੇ ਕੀਮਤ ਮੰਗੀ ਗਈ ਸੀ। ਇਸ ਦਾ ਅਰਥ ਹੈ ਕਿ ਰੋਜ਼ ਦੇ ਇੱਕ ਸੌ ਅੱਸੀ ਦਸਤਾਨੇ ਇੱਕ ਬੱਚੀ ਦੇ ਇਲਾਜ ਲਈ ਲੱਗਦੇ ਸਨ। ਏਡੀ ਗੱਪ ਮੰਨਣੀ ਔਖੀ ਹੈ। ਇਹੋ ਨਹੀਂ, ਬਿੱਲ ਵਿਚ ਉਸ ਬੱਚੀ ਦੇ ਇਲਾਜ ਲਈ ਚੁਤਾਲੀ ਸਰਿੰਜਾਂ ਰੋਜ਼ ਵਰਤਣ ਦਾ ਵੀ ਜ਼ਿਕਰ ਕੀਤਾ ਹੈ। ਹਰ ਘੰਟੇ ਇੱਕ ਟੀਕਾ ਵੀ ਲਾਇਆ ਜਾਂਦਾ ਹੋਵੇ ਤਾਂ ਦਿਨ-ਰਾਤ ਵਿਚ ਬੱਚੀ ਨੂੰ ਚੌਵੀ ਟੀਕੇ ਲੱਗਦੇ ਹੋਣਗੇ। ਰੋਜ਼ ਦੇ ਚੁਤਾਲੀ ਟੀਕੇ ਲਾਉਣ ਦੀ ਗੱਲ ਸੁਣ ਕੇ ਕੋਈ ਵੀ ਸਿਰ ਫੜ੍ਹ ਕੇ ਬੈਠ ਸਕਦਾ ਹੈ, ਪਰ ਇੱਕ ਵੀ ਆਗੂ ਇਸ ਬਾਰੇ ਨਹੀਂ ਬੋਲ ਸਕਿਆ।

ਕਿਸਾਨ ਖੁਦਕੁਸ਼ੀਆਂ ਕਰਦੇ ਹਨ, ਤੇ ਮਜ਼ਦੂਰ ਵੀ ਕਰੀ ਜਾ ਰਹੇ ਹਨ, ਪਰ ਕਦੇ ਕੋਈ ਆਗੂ ਇਨ੍ਹਾਂ ਖੁਦਕੁਸ਼ੀਆਂ ਦੀ 'ਲੋੜ' ਤੋਂ ਵੱਧ ਚਰਚਾ ਨਹੀਂ ਕਰਦਾ। ਲੋੜ ਜੋਗੀ ਚਰਚਾ ਇਹ ਹੈ ਕਿ ਜਦੋਂ ਕਦੀ ਇਸ ਬਾਰੇ ਸਵਾਲ ਪੁੱਛਿਆ ਜਾਵੇ ਜਾਂ ਖੁਦ ਪੁੱਛਣਾ ਹੋਵੇ ਤਾਂ ਕਿਹਾ ਜਾਂਦਾ ਹੈ ਕਿ ਸਾਡੀ ਸਰਕਾਰ ਵਾਲੇ ਰਾਜਾਂ 'ਚ ਘੱਟ ਖੁਦਕੁਸ਼ੀਆਂ ਹੁੰਦੀਆਂ ਹਨ। ਕਹਿਣ ਦਾ ਮਤਲਬ ਇਹ ਜਾਪਦਾ ਹੈ ਕਿ ਮੇਰੀ ਕਮੀਜ਼ ਤੇਰੇ ਵਾਲੀ ਤੋਂ ਘੱਟ ਗੰਦੀ ਹੈ, ਪਰ ਇਸ ਵਿਚ ਇਹ ਗੱਲ ਮੰਨੀ ਜਾਂਦੀ ਹੈ ਕਿ ਕਮੀਜ਼ ਘੱਟ ਜਾਂ ਵੱਧ ਸਹੀ-ਗੰਦੀ ਦੋਵਾਂ ਦੀ ਹੈ, ਸਾਫ ਪੱਲਾ ਕਿਸੇ ਇੱਕ ਦਾ ਵੀ ਨਹੀਂ।

ਲੋਕਤੰਤਰ ਦਾ ਮਤਲਬ ਲੋਕਾਂ ਦੇ ਭਲੇ ਦਾ ਤੰਤਰ ਹੁੰਦਾ ਹੈ ਤੇ ਇਸ ਦੇ ਅਸਲ ਅਰਥ ਫੋਲੇ ਜਾਣ ਤਾਂ ਜਿਸ ਰਾਜ ਵਿਚ ਇੱਕ ਵੀ ਇਨਸਾਨ ਦੀ ਹਾਲਤ ਇਹ ਹੋ ਜਾਵੇ ਕਿ ਉਹ ਜਿਉਣ ਨਾਲੋਂ ਮਰਨ ਨੂੰ ਪਹਿਲ ਦੇਣਾ ਠੀਕ ਸਮਝੇ, ਉਹ ਰਾਜ ਹੋਰ ਕੁਝ ਵੀ ਹੋਵੇ, ਉਸ ਨੂੰ ਲੋਕਤੰਤਰ ਕਹਿਣਾ ਇੱਕ ਭੱਦਾ ਮਜ਼ਾਕ ਹੈ। ਇਹ ਭੱਦਾ ਮਜ਼ਾਕ ਸਾਡੇ ਨਾਲ ਰੋਜ਼ ਹੁੰਦਾ ਹੈ। ਅਸੀਂ ਪਿੰਡਾਂ ਤੋਂ ਆਏ ਲੋਕ ਹਾਂ, ਜਿੱਥੇ ਅਣਿਆਈ ਕਹੀ ਜਾਣ ਵਾਲੀ ਇੱਕ ਵੀ ਮੌਤ ਹੋ ਜਾਵੇ ਤਾਂ ਸਾਰੇ ਪਿੰਡ ਵਿਚ ਚੁੱਲ੍ਹਾ ਨਹੀਂ ਸੀ ਬਲਦਾ। ਉਸ ਲਿਹਾਜ ਨਾਲ ਵੇਖਿਆ ਜਾਵੇ ਤਾਂ ਘੱਟ ਖੁਦਕੁਸ਼ੀਆਂ ਹੋਣ ਜਾਂ ਵੱਧ, ਜਿਹੜੇ ਆਗੂ ਦੇ ਰਾਜ ਦੌਰਾਨ ਇੱਕ ਵਿਅਕਤੀ ਦੀ ਖੁਦਕੁਸ਼ੀ ਦੀ ਖਬਰ ਵੀ ਆ ਜਾਵੇ, ਰਾਤ ਨੂੰ ਉਸ ਦੇ ਸੰਘੋਂ ਬੁਰਕੀ ਨਹੀਂ ਲੰਘਣੀ ਚਾਹੀਦੀ। ਭਾਰਤ ਦੇ ਸਿਆਸੀ ਆਗੂ ਮੋਟੀ ਚਮੜੀ ਵਾਲੇ ਹਨ, ਇਹ ਏਦਾਂ ਦੀ ਸਸਤੀ ਭਾਵੁਕਤਾ ਦਾ ਸ਼ਿਕਾਰ ਨਹੀਂ ਹੁੰਦੇ। ਉਨ੍ਹਾਂ ਲਈ ਮਰ ਰਿਹਾ ਬੰਦਾ ਵੀ ਸਿਆਸੀ ਲੜਾਈ ਦਾ, ਤੇ ਜਦੋਂ ਸਿਆਸੀ ਲੜਾਈ ਨਹੀਂ ਹੋ ਰਹੀ ਹੁੰਦੀ, ਉਸ ਵੇਲੇ ਗਰਮਾ-ਗਰਮ ਬਹਿਸ ਕਰਨ ਦਾ ਮੁੱਦਾ ਹੁੰਦਾ ਹੈ, ਸਿਰਫ ਇੱਕ ਮੁੱਦਾ ਹੀ। ਇਹ ਵੀ ਤਾਂ ਇੱਕ ਵੰਨਗੀ ਹੈ, ਲੋਕਤੰਤਰ ਵਿਚ ਲੋਕਾਂ ਦੇ ਹਸ਼ਰ ਦੀ।

# ਮਜ਼ਦੂਰ ਜਮਾਤ ਵਿਚ ਇੱਕਜੁਟਤਾ ਦਾ ਸੱਦਾ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਚੰਡੀਗੜ੍ਹ ਵਿਚ 23 ਨਵੰਬਰ ਤੋਂ 26 ਨਵੰਬਰ ਤੱਕ ਚੱਲੀ ਕੌਮੀ ਕਨਵੈਨਸ਼ਨ ਵਿਚ ਮਜ਼ਦੂਰ ਜਮਾਤ ਵਿਚ ਇੱਕਜੁਟਤਾ ਦੀ ਘਾਟ ਨੂੰ ਪੂਰੀ ਗੰਭੀਰਤਾ ਨਾਲ ਵਿਚਾਰਿਆ ਗਿਆ। ਲਾਲ ਝੰਡਿਆਂ ਤੇ ਲਾਲ ਪੱਗਾਂ ਦੀ ਲਾਲ ਸਲਾਮਾਂ ਨਾਲ ਮੱਖਣਸ਼ਾਹ ਲੁਬਾਣਾ ਭਵਨ ਨੂੰ ਲਾਲੋ ਲਾਲ ਕਰਦੀ ਇਸ ਕਾਨਫਰੰਸ ਦਾ ਅੰਤ ਮੁਹਾਲੀ ਦੀ ਦੁਸਹਿਰਾ



ਗਰਾਊਂਡ ਵਾਲੀ ਭਰਪੂਰ ਰੈਲੀ ਨਾਲ ਹੋਇਆ। ਭਾਰਤ ਦੇ ਉਤਰ, ਦੱਖਣ, ਪੂਰਬ, ਪੱਛਮ ਵਿਚਲੇ 14 ਰਾਜਾਂ ਦੇ 300 ਤੋਂ ਵਧ ਡੈਲੀਗੇਟਾਂ ਨੇ ਇੱਕਜੁਟ ਹੋ ਕੇ ਕਿਸਾਨਾਂ-ਮਜ਼ਦੂਰਾਂ ਦੇ ਹੱਕਾਂ ਉਤੇ ਪਹਿਰਾ ਦਿੰਦਿਆਂ ਦੇਸ਼ ਦੇ ਵਸਨੀਕਾਂ ਨੂੰ ਅਹਿਸਾਸ ਕਰਵਾਇਆ ਕਿ ਸਮੁੱਚੇ ਕਿਰਤੀ ਵਰਗ ਤੇ ਮਿਹਨਤਕਸ਼ਾਂ ਦੀ ਰੋਜ਼ੀ-ਰੋਟੀ ਖੋਹਣ ਤੇ ਸਵੈਮਾਣ ਨੂੰ ਤਹਿਸ-ਨਹਿਸ ਕਰਨ ਵਾਲੀਆਂ ਸਾਮਰਾਜੀ ਤਾਕਤਾਂ ਦਾ ਟਾਕਰਾ ਕਰਨ ਲਈ ਇੱਕ-ਦੂਜੇ ਦੇ ਮੋਢਾ ਨਾਲ ਮੋਢਾ ਜੋੜ ਕੇ ਲੜਨ ਦੀ ਲੋੜ ਹੈ।

ਵਿਕਾਸ ਤੇ ਸਾਮਰਾਜੀ ਸੰਸਾਰੀਕਰਣ ਵਰਗੇ ਸ਼ਬਦਾਂ ਦੀ ਓਟ ਲੈ ਕੇ ਜਿਸ ਕਿਸਮ ਦੀ ਫਿਰਕਾਪ੍ਰਸਤੀ, ਜਾਤਪਾਤ ਤੇ ਇਲਾਕਾਵਾਦ ਦੀਆਂ ਫੁੱਟਪਾਊ ਸਾਜਿਸ਼ਾਂ ਦਾ ਬੀਜ ਬੀਜਿਆ ਜਾ ਰਿਹਾ ਹੈ, ਉਹ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖੁਰਦ-ਬੁਰਦ ਕਰਨ ਦਾ ਅਦਿੱਖ ਮਾਰਗ ਹੈ।

ਇਸ ਮੌਕੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਗੁਪਤ ਤੇ ਟੇਢੀ ਨੀਤੀ ਨੂੰ ਚੀਨ ਦੀ ਵਰਤਮਾਨ ਉਨਤੀ ਦੇ ਬਿਲਮੁਕਾਬਲ ਪੇਸ਼ ਕਰਕੇ ਕਿਊਬਾ ਵਿਚ ਹੋ ਰਹੀ ਲਗਾਤਾਰ ਉਨਤੀ ਦੀ ਮਿਸਾਲ ਦਿੱਤੀ ਗਈ। ਇਹ ਗੱਲ ਵੀ ਸਪਸ਼ਟ ਕੀਤੀ ਗਈ ਕਿ ਮੌਜੂਦਾ ਸਰਕਾਰ ਨਾ ਤਾਂ ਅਤਿਵਾਦੀ ਕਾਰਵਾਈਆਂ ਰੋਕ ਸਕੀ ਹੈ ਅਤੇ ਨਾ ਹੀ ਕਾਲੇ ਧਨ ਤੇ ਬੇਕਾਰੀ ਉਤੇ ਕਾਬੂ ਪਾ ਸਕੀ ਹੈ। ਇਸ ਨਾਲ ਛੋਟੇ ਵਪਾਰ ਤੇ ਆਰਥਕਤਾ ਉਤੇ ਮਾੜਾ ਅਸਰ ਪਿਆ ਹੈ।

ਕਾਨਫਰੰਸ ਵਿਚ ਬਹੁਕੌਮੀ ਕਾਰਪੋਰੇਸ਼ਨਾਂ ਤੇ ਕਾਰਪੋਰੇਟ ਘਰਾਣਿਆਂ ਦਾ ਹਿੱਤ ਪਾਲਣ ਵਾਲਿਆਂ ਤੋਂ ਪੂਰੀ ਤਰ੍ਹਾਂ ਸੁਚੇਤ ਰਹਿਣ ਦਾ ਸੱਦਾ ਵੀ ਦਿੱਤਾ ਗਿਆ। ਇਹ ਨੁਕਤੇ ਸਪਸ਼ਟ ਕਰਨ ਵਾਲਿਆਂ ਵਿਚ ਨਵੇਂ ਚੁਣੇ ਗਏ ਚੇਅਰਮੈਨ ਗੰਗਾਧਰਨ ਤੇ ਜਨਰਲ ਸੈਕਟਰੀ ਮੰਗਤ ਰਾਮ ਪਾਸਲਾ ਹੀ ਨਹੀਂ, ਪਾਰਟੀ ਦੀ ਪੰਜਾਬ ਇਕਾਈ ਦੇ ਸੈਕਟਰੀ ਹਰਕੰਵਲ ਸਿੰਘ ਤੇ ਖਜਾਨਚੀ ਰਾਜਿੰਦਰ ਪਰਾਜਪੇ ਵੀ ਸਨ। ਇਸ ਕਾਨਫਰੰਸ ਲਈ ਚੁਣੇ ਗਏ ਸਥਾਨ ਤੇ ਚੌਗਿਰਦੇ ਨੂੰ ਸ਼ਹੀਦ ਭਗਤ ਸਿੰਘ ਨਗਰ ਦਾ ਨਾਂ ਦਿੱਤਾ ਗਿਆ।

ਨਿਸ਼ਚੇ ਹੀ ਚੰਡੀਗੜ੍ਹ ਦੇ ਇਸ ਸ਼ਹਿਰ ਤੋਂ ਉਠੀ ਆਵਾਜ਼ ਕਸਬਿਆਂ ਦੀ ਆਵਾਜ਼ ਬਣਨ ਦਾ ਦਮ ਰਖਦੀ ਹੈ। ਖੂਬੀ ਇਹ ਕਿ ਭਾਰਤੀ ਇਨਕਲਾਬੀ ਮਾਰਕਸੀ ਪਾਰਟੀ ਇਸ ਤੱਥ ਤੋਂ ਚੇਤਨ ਹੈ ਕਿ ਜਮਹੂਰੀ ਇਨਕਲਾਬ ਦੇ ਨਿਸ਼ਾਨਿਆਂ ਦੀ ਪ੍ਰਾਪਤੀ ਦਾ ਸੰਘਰਸ਼ ਔਖਾ ਤੇ ਲੰਮੇਰਾ ਹੈ ਜੋ ਸਮੂਹ ਦੇਸ਼ ਭਗਤਾਂ ਤੇ ਜਮਹੂਰੀ ਤਾਕਤਾਂ ਦੇ ਏਕੇ ਬਿਨਾ ਹਾਸਲ ਕਰਨਾ ਸੰਭਵ ਨਹੀਂ ਅਤੇ ਪਾਰਟੀ ਇਹ ਪੈਂਡਾ ਤੈਅ ਕਰਨ ਲਈ ਵਚਨਬੱਧ ਹੈ।

**ਪੁਆਧੀ ਪੰਜਾਬੀ ਸੱਥ ਦੀ ਬੱਲੇ ਬੱਲੇ:**



ਮਨਮੋਹਨ ਸਿੰਘ ਦਾਊਂ

ਮਨਮੋਹਨ ਸਿੰਘ ਦਾਊਂ ਦੀ ਅਗਵਾਈ ਵਾਲੀ ਪੁਆਧੀ ਪੰਜਾਬੀ ਸੱਥ ਨੇ ਆਪਣਾ 14ਵਾਂ ਸਾਲਾਨਾ ਸਮਾਗਮ ਚੰਡੀਗੜ੍ਹ ਨੇੜੇ ਪਿੰਡ ਸਿਸਵਾਂ ਵਿਚ ਪੈਂਦੇ ਦੀਵਾਨ ਸਿੰਘ ਕਾਲੇਪਾਣੀ ਮਿਊਜ਼ੀਅਮ ਹਾਲ ਵਿਚ ਕੀਤਾ। ਸਮਾਗਮ ਡਾ. ਕਾਲੇਪਾਣੀ ਦੀ ਯਾਦ ਨੂੰ ਸਮਰਪਿਤ ਸੀ। ਸ. ਦਾਊਂ ਵਲੋਂ ਸੱਥ ਦੀਆਂ ਪ੍ਰਾਪਤੀਆਂ ਉਤੇ ਚਾਨਣਾ ਪਾਉਣ ਉਪਰੰਤ ਡਾ. ਨਿਰਮਲ ਸਿੰਘ ਲਾਂਬੜਾ ਦੇ ਕੁੰਜੀਵਤ ਭਾਸ਼ਣ ਨੇ ਡਾ. ਦੀਵਾਨ ਸਿੰਘ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਸ. ਦਾਊਂ ਦੇ ਉਤਸ਼ਾਹ ਤੇ ਉਦਮ ਦੀ ਸ਼ਲਾਘਾ ਕੀਤੀ।

ਪੁਆਧੀ ਸੱਥ ਵਲੋਂ ਮਾਸਟਰ ਸਰੂਪ ਸਿੰਘ ਨੰਬਰਦਾਰ, ਗਿਆਨੀ ਰਤਨ ਸਿੰਘ ਸਹੋਤਾਂ, ਪਟਵਾਰੀ ਹਰਚੰਦ ਸਿੰਘ, ਗਿਆਨੀ ਗੁਰਚਰਨ ਸਿੰਘ, ਗੁਰਬਖਸ਼ ਸਿੰਘ ਕੇਸਰੀ ਤੇ ਮਾਸਟਰ ਗੁਰਚਰਨ ਸਿੰਘ ਸਕਰੁੱਲਾਂਪੁਰ ਦੀ ਯਾਦ ਵਿਚ ਸਥਾਪਤ ਹੋਏ ਪੁਰਸਕਾਰ ਕ੍ਰਮਵਾਰ ਨੰਬਰਦਾਰ ਗੁਰਦਿੱਤ ਸਿੰਘ ਖਟੜਾ (ਰਤਨਗੜ੍ਹ), ਭਾਈ ਹਰਸਿਮਰਨ ਸਿੰਘ (ਅਨੰਦਪੁਰ ਸਾਹਿਬ), ਅਧਿਆਪਕ ਗੁਰਚਰਨ ਸਿੰਘ (ਚੰਡੀਗੜ੍ਹ), ਸਮਾਜ ਸੇਵੀ ਭਗਵੰਤ ਸਿੰਘ (ਬਧੌਸ਼ੀ ਕਲਾਂ) ਤੇ ਪ੍ਰਿੰਸੀਪਲ ਬਹਾਦਰ ਸਿੰਘ ਗੋਸਲ ਨੂੰ ਦਿੱਤੇ ਗਏ। ਪੁਰਸਕਾਰਾਂ ਵਿਚ ਨਕਦ ਰਾਸ਼ੀ, ਲੋਈ, ਸਨਮਾਨ ਚਿੰਨ੍ਹ ਤੇ ਵਡਮੁੱਲੀਆਂ ਪੁਸਤਕਾਂ ਸ਼ਾਮਲ ਸਨ।

ਪੁਆਧੀ ਸੱਥ ਹੁਣ ਤੱਕ 72 ਸ਼ਖਸੀਅਤਾਂ ਦਾ ਸਨਮਾਨ ਕਰ ਚੁਕੀ ਹੈ ਤੇ ਹਰ ਸਾਲ ਅਨੇਕਾਂ ਨਵ ਪ੍ਰਕਾਸ਼ਤ ਪੁਸਤਕਾਂ ਰਿਲੀਜ਼ ਕੀਤੀਆਂ ਜਾਂਦੀਆਂ ਹਨ। ਇਸ ਵਾਰ ਰਿਲੀਜ਼ ਕੀਤੀਆਂ ਇਕ ਦਰਜਨ ਪੁਸਤਕਾਂ ਵਿਚ ਭਾਈ ਹਰਸਿਮਰਨ ਸਿੰਘ ਦੀ 'ਵਿਸਮਾਦ: ਤੀਸਰਾ ਬਦਲ' ਨਾਂ ਦੀ ਤ੍ਰੈਜਿਲਦੀ ਰਚਨਾ ਤੇ ਬੀਬੀ ਦਲਜੀਤ ਕੌਰ ਦਾਊਂ ਦਾ ਨਿੱਕਾ ਕਹਾਣੀ ਸੰਗ੍ਰਿਹ 'ਬਲੌਰੀ' ਵੀ ਸ਼ਾਮਲ ਸਨ। ਦਰਸ਼ਕਾਂ ਤੇ ਸਰੋਤਿਆਂ ਨਾਲ ਖਚਾਖਚ ਭਰੇ ਪੰਡਾਲ ਵਿਚ ਯੂਰਪੀ ਪੰਜਾਬੀ ਸੱਥ ਤੇ ਕਾਲੇਪਾਣੀ ਅਜਾਇਬ ਘਰ ਦੀ ਸਰਪ੍ਰਸਤ ਬੀਬੀ ਗੁਰਦਰਸ਼ਨ ਕੌਰ ਢਿੱਲੋਂ ਨੇ ਮਨਮੋਹਨ ਸਿੰਘ ਦਾਊਂ ਦੇ ਸਿਰੜ ਤੇ ਉਦਮ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦਾ ਲੋਈ ਤੇ ਨਕਦ ਰਾਸ਼ੀ ਨਾਲ ਵਿਸ਼ੇਸ਼ ਸਨਮਾਨ ਕੀਤਾ।

ਸਮਾਗਮ ਵਿਚ ਸੁਤੰਤਰਤਾ ਪ੍ਰਾਪਤੀ ਪਿਛੋਂ ਪੁਆਧ ਖੇਤਰ ਦੀ ਸ਼ਾਨਦਾਰ ਉਨਤੀ ਦਾ ਜ਼ਿਕਰ ਵੀ ਹੋਇਆ, ਖਾਸ ਕਰਕੇ ਭਾਰਤ ਦੇ ਪਹਿਲੇ ਰੱਖਿਆ ਮੰਤਰੀ ਬਲਦੇਵ ਸਿੰਘ (ਦੁੱਮਣਾ) ਦੇ ਯੋਗਦਾਨ ਦਾ, ਜਿਸ ਨੇ ਪੰਡਿਤ ਨਹਿਰੂ ਤੋਂ ਏਧਰਲੇ ਪੰਜਾਬ ਦੀ ਨਵੀਂ ਰਾਜਧਾਨੀ ਉਸਾਰਨ ਲਈ ਇਹ ਵਾਲਾ ਖੇਤਰ ਪ੍ਰਵਾਨ ਕਰਵਾਇਆ।

**ਬਾਲੜੀਆਂ ਦੇ ਬਲਾਤਕਾਰੀਆਂ ਨੂੰ ਸਜ਼ਾ:** ਮੱਧ ਪ੍ਰਦੇਸ਼ ਸਰਕਾਰ ਨੇ 12 ਸਾਲ ਤੋਂ ਘਟ ਉਮਰ ਦੀਆਂ ਬੱਚੀਆਂ ਨਾਲ ਬਲਾਤਕਾਰ ਕਰਨ ਵਾਲਿਆਂ ਨੂੰ ਫਾਂਸੀ ਦੀ ਸਜ਼ਾ ਦੇਣ ਦਾ ਮਤਾ ਪਾਸ ਕੀਤਾ ਹੈ। ਸਵਾਗਤ ਹੈ।

**ਅੰਤਿਕਾ:** (ਜਗਤਾਰ ਦੇ ਚਾਰ ਸ਼ਿਅਰ)

1. ਬਨਦੀ ਬਨਦੀ ਝੀਲ ਆਖਰ
ਰੇਤ ਦਾ ਥਲ ਬਣ ਗਈ,
ਮੈਂ ਕਿਨਾਰੇ ਬੈਠ ਕੇ ਤੇ
ਪੁਸਤਕਾਂ ਪੜ੍ਹਦਾ ਰਿਹਾ।

2. ਕੁਰਾਹੇ ਪੈ ਗਏ ਆਦਮ ਨੂੰ
ਮੁੜ ਰਸਤਾ ਸੁਝਾ ਸਕੇ,
ਖੁਦਾਇਆ! ਹੁਣ ਕੋਈ ਅਵਤਾਰ
ਜਾਂ ਐਸੀ ਕਿਤਾਬ ਉਤਰੇ।

3. ਕਾਫਿਰ ਹਾਂ ਪਰ ਨਿਸਾਰ ਹਾਂ
ਕੁਦਰਤ ਦੇ ਰੰਗ ਤੋਂ,
ਗੀਤਾ ਸਵੇਰ ਹੈ ਮੇਰੀ,
ਅੰਜੀਲ ਸ਼ਾਮ ਹੈ।


4. ਕਤਲਗਾਹ ਵਿਚ ਸਿਰ ਲੁਕਾ ਕੇ
ਕਿਉਂ ਤੁਰਾਂ,
ਮੈਂ ਕਿਸੇ ਕੀਤੀ 'ਤੇ ਸ਼ਰਮਿੰਦਾ ਨਹੀਂ।

# ਸੱਜਣ ਦੀ ਪੇਸ਼ਗੀ ਜ਼ਮਾਨਤ ਦਾ ਵਿਰੋਧ



## ਟਾਈਟਲਰ ਨੂੰ 10 ਹਜ਼ਾਰ ਜੁਰਮਾਨਾ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਕਾਂਗਰਸ ਆਗੂ ਜਗਦੀਸ਼ ਟਾਈਟਲਰ ਨੂੰ 10 ਹਜ਼ਾਰ ਰੁਪਏ ਦਾ ਜੁਰਮਾਨਾ ਠੋਕਦਿਆਂ ਪਾਸਪੋਰਟ ਅਧਿਕਾਰੀਆਂ ਵੱਲੋਂ ਉਸ ਨੂੰ ਜਾਰੀ ਕਾਰਨ ਦੱਸੋ ਨੋਟਿਸ ਖਿਲਾਫ਼ ਪਾਈ ਗਈ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਜਸਟਿਸ ਵਿਭੂ ਬਖਰੂ ਨੇ ਟਾਈਟਲਰ ਨੂੰ ਹਾਈ ਕੋਰਟ 'ਚ ਰਕਮ ਜਮ੍ਹਾਂ ਕਰਾਉਣ ਦੀ ਹਦਾਇਤ ਕਰਦਿਆਂ ਕਿਹਾ ਕਿ ਵਿਸਥਾਰਤ ਹੁਕਮ ਬਾਅਦ 'ਚ ਪਾਸ ਕੀਤਾ ਜਾਵੇਗਾ। ਪਾਸਪੋਰਟ ਨਵਿਆਉਣ ਲਈ ਟਾਈਟਲਰ ਨੇ ਝੂਠੀ ਜਾਣਕਾਰੀ ਦਿੱਤੀ ਸੀ ਕਿ ਉਸ ਖਿਲਾਫ਼ ਕੋਈ ਅਪਰਾਧਿਕ ਕੇਸ ਬਕਾਇਆ ਨਹੀਂ ਪਿਆ ਹੈ ਜਿਸ 'ਤੇ ਪਾਸਪੋਰਟ ਅਧਿਕਾਰੀਆਂ ਨੇ ਉਸ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਸੀ। ਸੀ.ਬੀ.ਆਈ. ਵੱਲੋਂ ਹੇਠਲੀ ਅਦਾਲਤ 'ਚ ਪਾਸਪੋਰਟ ਬਾਰੇ ਜਾਣਕਾਰੀ ਦੇਣ 'ਤੇ ਟਾਈਟਲਰ ਨੇ ਹਾਈ ਕੋਰਟ ਦਾ ਕੁੰਡਾ ਖੜਕਾਇਆ ਸੀ।



**ਨਵੀਂ ਦਿੱਲੀ:** ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਦਿੱਲੀ ਹਾਈ ਕੋਰਟ ਨੂੰ ਕਿਹਾ ਹੈ ਕਿ 1984 ਦੇ ਸਿੱਖ ਕਤਲੇਆਮ ਕੇਸ ਵਿਚ ਕਾਂਗਰਸ ਆਗੂ ਸੱਜਣ ਕੁਮਾਰ ਨੂੰ ਹੇਠਲੀ ਅਦਾਲਤ ਵੱਲੋਂ ਪੇਸ਼ਗੀ ਜ਼ਮਾਨਤ ਨਹੀਂ ਦਿੱਤੀ ਜਾਣੀ ਚਾਹੀਦੀ ਸੀ। ਸੱਜਣ ਕੁਮਾਰ ਖਿਲਾਫ਼ ਦੋਸ਼ਾਂ ਦੀ ਜਾਂਚ ਕਰ ਰਹੇ ਵਧੀਕ ਸਾਲੀਸਟਰ ਜਨਰਲ (ਏ.ਐਸ.ਜੀ.) ਸੰਜੈ ਜੈਨ ਨੇ ਅਦਾਲਤ ਨੂੰ ਦੱਸਿਆ ਕਿ ਕਾਂਗਰਸ ਆਗੂ ਦੇ ਹਿਰਾਸਤ 'ਚ ਨਾ ਹੋਣ ਕਾਰਨ ਗਵਾਹ ਸਾਹਮਣੇ ਨਹੀਂ ਆ ਰਹੇ।

ਤਿੰਨ ਸਿੱਖਾਂ ਦੇ ਕਤਲ ਕੇਸ ਵਿਚ ਹੇਠਲੀ ਅਦਾਲਤ ਨੇ ਪਿਛਲੇ ਸਾਲ 21 ਦਸੰਬਰ ਨੂੰ ਸੱਜਣ ਕੁਮਾਰ ਨੂੰ ਪੇਸ਼ਗੀ ਜ਼ਮਾਨਤ ਦੇ ਦਿੱਤੀ ਸੀ। ਏ.ਐਸ.ਜੀ. ਨੇ ਹਾਈ ਕੋਰਟ ਨੂੰ ਕਿਹਾ ਕਿ ਹੇਠਲੀ ਅਦਾਲਤ ਨੇ ਸਾਬਕਾ ਸੰਸਦ ਮੈਂਬਰ ਨੂੰ ਰਾਹਤ ਦੇ ਕੇ ਵੱਡੀ 'ਗਲਤੀ' ਕੀਤੀ ਹੈ। ਸ੍ਰੀ ਜੈਨ ਨੇ ਕਿਹਾ ਕਿ ਇਸ ਕੇਸ ਦੇ ਗਵਾਹ, ਇਥੋਂ ਤੱਕ ਕਿ ਦੰਗਾ ਪੀੜਤ ਪਰਿਵਾਰਾਂ ਦੇ ਮੈਂਬਰ ਵੀ ਆਪਣੀ ਜਾਨ ਨੂੰ ਖਤਰਾ ਦੇਖਦੇ ਹੋਏ ਪੰਜਾਬ ਭੱਜ ਗਏ ਅਤੇ ਉਸ ਤੋਂ ਬਾਅਦ ਉਹ ਹੁਣ ਸਾਹਮਣੇ ਆਏ ਹਨ।

ਗਵਾਹਾਂ ਦੀ ਸੱਜਣ ਕੁਮਾਰ ਨਾਲ ਬਹਿਸ ਕਰਾਈ ਜਾਣੀ ਚਾਹੀਦੀ ਹੈ, ਪਰ ਜੇਕਰ ਸੱਜਣ ਕੁਮਾਰ ਹਿਰਾਸਤ ਤੋਂ ਬਾਹਰ ਰਿਹਾ ਤਾਂ ਹੋ ਸਕਦਾ ਹੈ ਕਿ ਗਵਾਹ ਫਿਰ ਸਾਹਮਣੇ ਨਾ ਆਉਣ। ਉਨ੍ਹਾਂ ਅਜਿਹੇ ਵਿਅਕਤੀਆਂ ਦੀ ਮਿਸਾਲ ਵੀ ਦਿੱਤੀ ਜਿਨ੍ਹਾਂ ਚੰਡੀਗੜ੍ਹ ਦੀ ਅਦਾਲਤ 'ਚ ਬਿਆਨ ਦਰਜ ਕਰਾਏ ਹਨ। ਉਨ੍ਹਾਂ ਨਾਲ ਹੀ ਇਸ ਗੱਲ ਨੂੰ ਖਾਰਜ ਕਰ ਦਿੱਤਾ ਕਿ ਇਹ ਕੇਸ ਸਿਆਸੀ ਮੰਤਵ ਲਈ ਮੁੜ ਖੋਲ੍ਹੇ ਗਏ ਹਨ।

## 'ਪਕੋਕਾ' ਨੂੰ ਪਕਾਉਣ ਤੋਂ ਟਲਣ ਲੱਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਗੈਂਗਸਟਰਾਂ ਨਾਲ ਸਖਤੀ ਨਾਲ ਨਿਪਟਣ ਲਈ ਪੰਜਾਬ ਕੰਟਰੋਲ ਆਫ ਆਰਗੇਨਾਈਜ਼ਡ ਕ੍ਰਾਈਮ ਐਕਟ 'ਪਕੋਕਾ' ਬਣਾਉਣ ਦਾ ਮਾਮਲਾ ਫਿਲਹਾਲ ਠੰਢੇ ਬਸਤੇ ਵਿਚ ਪਾ ਦਿੱਤਾ ਹੈ।

ਕੁਝ ਹਫਤੇ ਪਹਿਲਾਂ ਪੁਲਿਸ ਦੇ ਆਲਾ ਅਧਿਕਾਰੀਆਂ ਤੇ ਕਈ ਮੰਤਰੀਆਂ ਵਿਚ ਇਸ ਬਾਰੇ ਜੋ ਜੋਸ਼ ਪਾਇਆ ਜਾਂਦਾ ਸੀ, ਉਹ ਹੁਣ ਠੰਢਾ ਪੈ ਗਿਆ ਹੈ। ਇਹੋ ਕਾਰਨ ਹੈ ਕਿ ਪਿੱਛੇ ਜਿਹੇ ਮੰਤਰੀ ਮੰਡਲ ਦੀਆਂ ਜੋ ਮੀਟਿੰਗਾਂ ਹੋਈਆਂ, ਉਸ ਵਿਚ ਇਸ ਦੀ ਚਰਚਾ ਹੀ ਨਹੀਂ ਕੀਤੀ ਗਈ। ਕਿਹਾ ਜਾਂਦਾ ਹੈ ਕਿ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਦੀ ਅਗਵਾਈ ਵਿਚ ਕੈਬਨਿਟ ਦੀ ਜੋ ਸਬ ਕਮੇਟੀ ਬਣਾਈ ਗਈ ਸੀ, ਉਹ ਵੀ ਕੁਝ ਢਿੱਲੀ ਪੈ ਗਈ ਲੱਗਦੀ ਹੈ। ਕਿਹਾ ਜਾਂਦਾ ਹੈ ਕਿ ਉਸ ਨੇ ਹੁਣ ਤੱਕ ਆਪਣੀ ਰਿਪੋਰਟ ਹੀ ਤਿਆਰ ਨਹੀਂ ਕੀਤੀ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਮੁਤਾਬਕ ਇਸ ਮਹੱਤਵਪੂਰਨ ਮਾਮਲੇ ਉਤੇ ਠੰਢੇ ਦਿਮਾਗ ਨਾਲ ਵਿਚਾਰ ਕਰਨ ਦੀ ਲੋੜ ਹੈ ਤੇ ਜਲਦਬਾਜ਼ੀ ਵਿਚ ਕੋਈ ਕਦਮ ਨਹੀਂ ਉਠਾਉਣਾ ਚਾਹੀਦਾ।

ਖੱਬੀਆਂ ਪਾਰਟੀਆਂ, ਗਰਮ ਵਿਚਾਰਾਂ ਵਾਲੀਆਂ ਸਿੱਖ ਜਥੇਬੰਦੀਆਂ ਨੇ ਇਸ ਕਾਨੂੰਨ ਦੀ ਡਟ ਕੇ ਵਿਰੋਧਤਾ ਕੀਤੀ ਸੀ। ਸ਼੍ਰੋਮਣੀ ਅਕਾਲੀ ਦਲ ਨੇ ਇਸ ਮਾਮਲੇ ਦੇ ਸਾਰੇ ਪੱਖਾਂ ਉਤੇ ਗੰਭੀਰਤਾ ਨਾਲ ਵਿਚਾਰ ਕਰਨ ਲਈ ਸਰਬ ਪਾਰਟੀ ਮੀਟਿੰਗ ਬੁਲਾਉਣ ਦਾ ਸੁਝਾਓ ਦਿੱਤਾ ਹੈ ਜਿਸ ਬਾਰੇ ਅਜੇ ਤੱਕ ਸਰਕਾਰ ਚੁੱਪ ਬੈਠੀ ਹੈ।

## ਗੁਰਦੁਆਰਾ ਡਾਂਗਮਾਰ ਮਾਮਲੇ ਵਿਚ ਸਥਿਤੀ ਜਿਉਂ ਦੀ ਤਿਉਂ ਰੱਖਣ ਦੇ ਹੁਕਮ




**ਨਵੀਂ ਦਿੱਲੀ:** ਸਿੱਕਮ ਹਾਈ ਕੋਰਟ ਨੇ ਗੁਰਦੁਆਰਾ ਡਾਂਗਮਾਰ ਸਾਹਿਬ ਦੇ ਮਾਮਲੇ ਵਿਚ ਸਥਿਤੀ ਪਹਿਲਾਂ ਵਾਲੀ ਬਰਕਰਾਰ ਰੱਖਣ ਦੇ ਹੁਕਮ ਕੀਤੇ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ ਅਗਲੇ ਸਾਲ 29 ਮਾਰਚ ਨੂੰ ਹੋਵੇਗੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਅਦਾਲਤ ਨੇ ਸਥਿਤੀ 'ਜਿਉਂ ਦੀ ਤਿਉਂ' ਬਰਕਰਾਰ ਰੱਖਣ ਦੇ ਹੁਕਮ ਜਾਰੀ ਕੀਤੇ ਹਨ। ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਇਹ ਗੁਰਦੁਆਰਾ ਸਾਹਿਬ ਜੰਗਲਾਤ ਵਿਭਾਗ ਦੀ ਜ਼ਮੀਨ ਉਤੇ ਬਣਿਆ ਹੈ। ਕਮੇਟੀ ਦੇ ਵਕੀਲ ਨਵੀਨ ਬਾਰਿਕ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ।

ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਇਹ ਮਾਮਲਾ ਵੱਖਰਾ ਹੈ ਤੇ ਸਰਕਾਰ ਖੁਦ ਮੰਨ ਚੁੱਕੀ ਹੈ ਕਿ ਮੌਜੂਦਾ ਥਾਂ 'ਤੇ ਗੁਰਦੁਆਰਾ ਸਾਹਿਬ ਪਿਛਲੇ 20 ਸਾਲਾਂ ਤੋਂ ਮੌਜੂਦ ਹੈ। ਸ੍ਰੀ ਸਿਰਸਾ ਨੇ ਕਿਹਾ ਕਿ ਸਰਕਾਰ ਸਥਾਨਕ ਪੰਚਾਇਤ ਨਾਲ ਰਲੀ ਹੋਈ ਹੈ ਤੇ ਗੁਰਦੁਆਰਾ ਸਾਹਿਬ ਦੇ ਢਾਂਚੇ ਨੂੰ ਖਤਮ ਕਰਨਾ ਚਾਹੁੰਦੀ ਹੈ। ਕਮੇਟੀ ਕੋਲ ਢੁਕਵੇਂ ਸਬੂਤ ਹਨ, ਜੋ ਇਹ ਸਾਬਤ ਕਰਦੇ ਹਨ ਕਿ ਗੁਰਦੁਆਰਾ ਸਾਹਿਬ ਇਥੇ ਪਿਛਲੇ ਅੱਧੀ ਸਦੀ ਤੋਂ ਬਣਿਆ ਹੋਇਆ ਹੈ।

## ਰਾਜ਼ੀਨਾਮਾ ਕਰਾਉਣ ਗਏ ਫੌਜੀ ਨੂੰ ਮਾਰੀ ਗੋਲੀ

**ਬਰਨਾਲਾ:** ਪਿੰਡ ਛੀਨੀਵਾਲ ਖੁਰਦ ਵਿਚ ਜ਼ਮੀਨੀ ਵਿਵਾਦ ਕਾਰਨ ਚੱਲੀ ਗੋਲੀ ਨਾਲ ਫੌਜੀ ਮੌਤ ਹੋ ਗਈ। ਇਹ ਫੌਜੀ ਉਤਰਾਂਚਲ ਵਿਚ ਤਾਇਨਾਤ ਸੀ। ਸਰਬਜੀਤ ਸਿੰਘ 15 ਦਿਨ ਦੀ ਛੁੱਟੀ ਉਤੇ ਆਇਆ ਸੀ। ਫੌਜੀ ਦੇ ਦੋਸਤ ਰੇਸ਼ਮ ਸਿੰਘ ਦਾ ਆਪਣੇ ਪਿਤਾ ਜੀਤ ਸਿੰਘ ਨਾਲ ਜ਼ਮੀਨੀ ਵੰਡ ਬਾਰੇ ਵਿਵਾਦ ਸੀ। ਸਰਬਜੀਤ ਸਿੰਘ ਆਪਣੇ ਦੋਸਤ ਰੇਸ਼ਮ ਸਿੰਘ ਨਾਲ ਉਸ ਦੇ ਪਿਤਾ ਜੀਤ ਸਿੰਘ ਕੋਲ ਵਿਵਾਦ ਸੁਲਝਾਉਣ ਗਿਆ ਸੀ ਤੇ ਗੋਲੀ ਦਾ ਸ਼ਿਕਾਰ ਹੋ ਗਿਆ।

## ਹਵਾਰਾ ਖਿਲਾਫ ਅਦਾਲਤ ਵਿਚ ਚਲਾਨ ਪੇਸ਼

**ਨਿਹਾਲ ਸਿੰਘ ਵਾਲਾ:** ਸਰਬੱਤ ਖਾਲਸਾ ਵੱਲੋਂ ਥਾਪੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਖਿਲਾਫ਼ ਥਾਣਾ ਬੱਧਨੀ ਕਲਾਂ ਪੁਲਿਸ ਵੱਲੋਂ ਅਦਾਲਤ ਵਿਚ ਚਲਾਨ ਪੇਸ਼ ਕੀਤਾ ਗਿਆ। ਭਾਈ ਹਵਾਰਾ ਖਿਲਾਫ਼ 12 ਸਾਲ ਪਹਿਲਾਂ ਲੋਪੋ ਚੌਂਕੀ ਵਿਚ ਤਾਇਨਾਤ ਪੁਲਿਸ ਮੁਲਾਜ਼ਮ ਉਤੇ ਗੋਲੀ ਚਲਾਉਣ ਦੇ ਦੋਸ਼ ਵਿਚ ਕੇਸ ਦਰਜ ਹੋਇਆ ਸੀ।



ਪੁਲਿਸ ਚੌਕੀ ਲੋਪੋ ਦੇ ਉਸ ਸਮੇਂ ਦੇ ਮੁਲਾਜ਼ਮ ਜਸਵੀਰ ਸਿੰਘ ਨੇ ਸ਼ੱਕੀ ਹਾਲਤ ਵਿਚ ਗੱਡੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਗੱਡੀ ਵਿਚ ਸਵਾਰ ਭਾਈ ਜਗਤਾਰ ਸਿੰਘ ਹਵਾਰਾ ਅਤੇ ਉਸ ਦੇ ਸਾਥੀਆਂ ਨੇ ਉਸ ਉਤੇ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਹੌਲਦਾਰ ਜਸਵੀਰ ਸਿੰਘ ਜ਼ਖਮੀ ਹੋ ਗਿਆ ਸੀ। ਇਸ ਮੌਕੇ ਭਾਈ ਹਵਾਰਾ ਦੀ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਹੋਈ। ਅਦਾਲਤ ਨੇ ਉਨ੍ਹਾਂ ਦਾ ਚਲਾਨ ਸਵੀਕਾਰ ਕਰਦੇ ਹੋਏ ਅਗਲੀ ਤਰੀਕ 16 ਦਸੰਬਰ ਪਾ ਦਿੱਤੀ ਗਈ ਅਤੇ ਨਾਲ ਹੀ ਉਨ੍ਹਾਂ ਦਾ ਇਹ ਕੇਸ ਸੈਸ਼ਨ ਕੋਰਟ ਮੋਗਾ ਵਿਚ ਤਬਦੀਲ ਕੀਤਾ ਗਿਆ ਹੈ।

# ਕੈਪਟਨ ਦੇ ਕਰਜ਼ ਮੁਆਫੀ ਦੇ ਐਲਾਨਾਂ ਦਾ ਕੱਚ-ਸੱਚ

## ਖੇਤੀ ਮਾਹਿਰਾਂ ਵੱਲੋਂ ਸਰਕਾਰ ਦੀ ਨੀਅਤ 'ਤੇ ਸਵਾਲ



**ਚੰਡੀਗੜ੍ਹ:** ਪੰਜਾਬ ਵਿਚ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਗਲੇ ਦੀ ਹੱਡੀ ਬਣਦੇ ਜਾ ਰਹੇ ਹਨ। ਇਹ ਵਾਅਦੇ ਸਰਕਾਰ ਬਣਾਉਣ ਲਈ ਕੀਤੇ ਗਏ ਸਨ ਜਾਂ ਸਰਕਾਰ ਵਾਕਿਆ ਹੀ ਕਰਜ਼ ਮੁਆਫੀ ਬਾਰੇ ਸੰਜੀਦਾ ਹੈ, ਪੰਜਾਬ ਦੇ ਪ੍ਰਸਿੱਧ ਖੇਤੀ ਮਾਹਿਰ ਸਰਦਾਰਾ ਸਿੰਘ ਜੌਹਲ ਨੇ ਕਿਸਾਨੀ ਕਰਜ਼ੇ ਦੇ ਮੁੱਦੇ ਉਤੇ ਕਈ ਸਵਾਲ ਚੁੱਕੇ। ਡਾ. ਜੌਹਲ ਦਾ ਕਹਿਣਾ ਹੈ ਕਿ ਜੇਕਰ ਕਿਸੇ ਨੇ ਵੀ ਕਰਜ਼ਾ ਲਿਆ ਹੈ ਤਾਂ ਉਹ ਉਸ ਨੂੰ ਚੁਕਾਉਣਾ ਤਾਂ ਪੈਣਾ ਹੀ ਹੈ।


ਉਨ੍ਹਾਂ ਕਈ ਉਦਾਹਰਨਾਂ ਦਿੰਦਿਆਂ ਕਿਹਾ ਕਿ ਕੋਈ ਵੀ ਕਿਸਾਨ ਆਪਣੇ ਸਿਰ ਉਤੇ ਦੋ ਲੱਖ ਰੁਪਏ ਦੇ ਕਰਜ਼ ਕਾਰਨ ਆਤਮ ਹੱਤਿਆ ਨਹੀਂ ਕਰ ਸਕਦਾ। ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਪਹਿਲੇ ਚਾਂਸਲਰ ਡਾ. ਸਰਦਾਰਾ ਸਿੰਘ ਨੇ ਦੱਸਿਆ ਕਿ ਹਾਲੇ ਤੱਕ ਸਰਕਾਰ ਨੇ ਕਰਜ਼ ਮੁਆਫੀ ਨੂੰ ਅਮਲੀਜਾਮਾ ਨਹੀਂ ਪਹਿਨਾਇਆ, ਪਰ ਜਦੋਂ ਹੀ ਸਰਕਾਰ ਨੇ ਇਸ ਦਿਸ਼ਾ ਵੱਲ ਕਦਮ ਵਧਾਉਣੇ ਸ਼ੁਰੂ ਕਰ ਦਿੱਤੇ ਤਾਂ ਪੰਜਾਬ ਵਿਚ ਕਈ ਤਰ੍ਹਾਂ ਦੇ ਵਿਕਾਸ ਕਾਰਜਾਂ ਉਤੇ ਇਸ ਦਾ ਸਿੱਧਾ ਅਸਰ ਵਿਖਾਈ ਦੇਵੇਗਾ। ਜ਼ਿਕਰਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਆਪਣੀਆਂ ਚੋਣ ਰੈਲੀਆਂ ਦੌਰਾਨ ਅਕਸਰ ਇਹ ਐਲਾਨ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਆਉਂਦਿਆਂ ਹੀ ਇਕ ਮਹੀਨੇ ਦੇ ਅੰਦਰ-ਅੰਦਰ ਪੰਜਾਬ ਦੇ ਕਿਸਾਨਾਂ ਦਾ ਕਰਜ਼ ਮੁਆਫ ਕਰ ਦਿੱਤਾ ਜਾਵੇਗਾ, ਪਰ ਹੁਣ ਸਰਕਾਰ ਬਣੇ ਨੂੰ 9 ਮਹੀਨੇ ਬੀਤ ਗਏ ਹਨ ਤੇ ਹਾਲੇ ਤੱਕ ਸਰਕਾਰ ਨੇ ਆਪਣੇ ਐਲਾਨ ਨੂੰ ਅਮਲੀਜਾਮਾ ਨਹੀਂ ਪਹਿਨਾਇਆ ਹੈ।

ਹਾਲਾਂਕਿ, ਸਰਕਾਰ ਨੇ ਇਸ ਸਾਲ ਦੀਵਾਲੀ ਵਾਲੇ ਦਿਨ ਕਿਸਾਨਾਂ ਦੇ ਕਰਜ਼ ਮੁਆਫੀ ਦਾ ਨੋਟੀਫਿਕੇਸ਼ਨ ਜਾਰੀ ਕਰਦਿਆਂ ਕਿਸਾਨਾਂ ਦੇ ਫਸਲੀ ਕਰਜ਼ ਦਾ 2 ਲੱਖ ਰੁਪਿਆ ਮੁਆਫ ਕਰਨ ਦਾ ਐਲਾਨ ਤਾਂ ਕਰ ਦਿੱਤਾ ਸੀ ਪਰ ਇਹ ਵੀ ਹਾਲੇ ਤੱਕ ਲਾਗੂ ਨਹੀਂ ਹੋਇਆ। ਸਰਕਾਰ ਕਹਿੰਦੀ ਹੈ ਕਿ ਉਸ ਨੇ ਦਸੰਬਰ ਵਿਚ ਕਰਜ਼ ਮੁਆਫੀ ਦੀ ਪਹਿਲੀ ਕਿਸ਼ਤ ਜਾਰੀ ਕਰ ਦੇਣੀ ਹੈ ਪਰ ਇਸ ਦੇ ਵੀ ਆਸਾਰ ਮੱਧਮ ਹੀ ਜਾਪ ਰਹੇ ਹਨ।

## ਮਾਸਟਰ ਤਾਰਾ ਸਿੰਘ ਦੀ ਯਾਦ 'ਚ ਬਣੇਗੀ 'ਵਰਸਿਟੀ

**ਲੁਧਿਆਣਾ:** ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਐਲਾਨ ਕੀਤਾ ਹੈ ਕਿ ਪੰਥ ਰਤਨ ਮਾਸਟਰ ਤਾਰਾ ਸਿੰਘ ਵੱਲੋਂ ਪੰਥ, ਕੌਮ, ਦੇਸ਼ ਅਤੇ ਸਮਾਜ ਦੀ ਭਲਾਈ ਵਿਚ ਪਾਏ ਇਤਿਹਾਸਕ ਯੋਗਦਾਨ ਦੇ ਮੱਦੇਨਜ਼ਰ ਪੰਜਾਬ ਵਿਚ ਉਨ੍ਹਾਂ ਦੇ ਨਾਮ ਉਤੇ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ।

ਸ਼੍ਰੋਮਣੀ ਅਕਾਲੀ ਦਲ (ਦਿੱਲੀ) ਵੱਲੋਂ ਪੰਥ ਰਤਨ ਮਾਸਟਰ ਤਾਰਾ ਸਿੰਘ ਦੀ 50ਵੀਂ ਬਰਸੀ ਸਬੰਧੀ ਮਾਡਲ ਟਾਊਨ ਸਥਿਤ ਗੁੱਜਰਖਾਨ ਕੈਂਪਸ ਵਿਚ ਕਰਵਾਏ ਸਮਾਗਮ ਮੌਕੇ ਸਿੱਧੂ ਨੇ ਕਿਹਾ ਕਿ ਮਾਸਟਰ ਤਾਰਾ ਸਿੰਘ ਇਕ ਸ਼ਖਸੀਅਤ ਹੋਣ ਦੇ ਨਾਲ-ਨਾਲ ਸੰਸਥਾ ਵੀ ਸਨ, ਜੋ ਰਹਿੰਦੀ ਦੁਨੀਆਂ ਤੱਕ ਪ੍ਰੇਰਨਾ ਸਰੋਤ ਬਣੇ ਰਹਿਣਗੇ।



ਉਨ੍ਹਾਂ ਕਿਹਾ ਕਿ ਮਾਸਟਰ ਤਾਰਾ ਸਿੰਘ ਨੇ ਸਿੱਖੀ ਸੋਚ, ਸਿੱਖੀ ਸਿਧਾਂਤ ਦੇ ਪਸਾਰ ਲਈ ਜੋ ਕੰਮ ਕੀਤੇ ਸਨ, ਉਨ੍ਹਾਂ ਨੂੰ ਸਿੱਖ ਕੌਮ ਹੀ ਨਹੀਂ ਬਲਕਿ ਪੂਰਾ ਦੇਸ਼ ਯਾਦ ਰੱਖੇਗਾ।

# ਪ੍ਰਾਈਵੇਟ ਬਿਜਲੀ ਬਣੀ ਪਾਵਰਕਾਮ ਲਈ ਗਲੇ ਦੀ ਹੱਡੀ

**ਜਲੰਧਰ:** ਕਈ ਸਾਲਾਂ ਤੋਂ ਨਿੱਜੀ ਖੇਤਰਾਂ ਤੋਂ ਲਈ ਜਾ ਰਹੀ ਮਹਿੰਗੀ ਬਿਜਲੀ ਕਾਰਨ ਜਿਥੇ ਖੇਤੀ ਸਬਸਿਡੀ ਦੀ ਰਕਮ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ, ਉਥੇ ਖੇਤੀ ਖੇਤਰ ਸਮੇਤ ਹੋਰ ਵਰਗਾਂ ਲਈ ਵੀ ਬਿਜਲੀ ਮਹਿੰਗੀ ਹੁੰਦੀ ਜਾ ਰਹੀ ਹੈ। ਖੇਤੀ ਸਬਸਿਡੀ ਦੀ ਵਧ ਰਹੀ ਰਕਮ ਦਾ ਇਕ ਵੱਡਾ ਕਾਰਨ ਲਗਾਤਾਰ ਮਹਿੰਗੀ ਬਿਜਲੀ ਹੋਣਾ ਹੈ, ਕਿਉਂਕਿ ਜੇਕਰ ਪਾਵਰਕਾਮ ਆਪਣੇ ਬਿਜਲੀ ਤਾਪ ਘਰਾਂ ਤੋਂ ਹੀ ਬਿਜਲੀ ਦੀ ਸਪਲਾਈ ਕਰਦਾ ਹੈ ਤਾਂ ਉਸ ਉਪਰ ਖੇਤੀ ਸਬਸਿਡੀ ਦਾ ਭਾਰ ਘਟਣ ਵਿਚ ਸਹਾਇਤਾ ਮਿਲ ਸਕਦੀ ਹੈ, ਜਦਕਿ ਇਸ ਦੇ ਉਲਟ ਹੁਣ ਪਾਵਰਕਾਮ ਬਿਜਲੀ ਉਤਪਾਦਨ ਵਿਚ ਨਿੱਜੀ ਖੇਤਰ ਉਤੇ ਨਿਰਭਰ ਹੋ ਗਿਆ ਹੈ, ਜਿਸ ਕਰ ਕੇ ਹੁਣ ਬਿਜਲੀ ਦਾ ਖਰਚਾ ਲਗਾਤਾਰ ਵਧ ਰਿਹਾ ਹੈ।



ਪੰਜਾਬ ਵਿਚ ਆਪਣੇ ਬਿਜਲੀ ਤਾਪ ਘਰ ਬੰਦ ਰੱਖਣ ਤੇ ਨਿੱਜੀ ਖੇਤਰਾਂ ਦੇ ਬਿਜਲੀ ਤਾਪ ਘਰ 'ਤੇ ਨਿਰਭਰ ਰਹਿਣ ਕਰ ਕੇ ਸਾਲਾਨਾ ਹੀ 2000 ਕਰੋੜ ਰੁਪਏ ਦੀ ਅਦਾਇਗੀ ਪਾਵਰਕਾਮ ਨੂੰ ਕੰਪਨੀਆਂ ਨੂੰ ਕਰਨੀ ਪੈਂਦੀ ਹੈ। ਨਿੱਜੀ ਖੇਤਰਾਂ ਦੀ ਬਿਜਲੀ ਉਤੇ ਜ਼ਿਆਦਾ ਨਿਰਭਰ ਰਹਿਣ ਨਾਲ ਹੀ ਹੁਣ ਤੱਕ ਖੇਤੀ ਸੈਕਟਰ ਦੀ ਬਿਜਲੀ ਸਬਸਿਡੀ ਦੀ ਰਕਮ ਤਕਰੀਬਨ 6600 ਕਰੋੜ ਤੱਕ ਪੁੱਜ ਗਈ ਹੈ ਤੇ ਜੇਕਰ ਸਨਅਤੀ ਯੂਨਿਟਾਂ ਨੂੰ 5 ਰੁਪਏ ਬਿਜਲੀ ਮਿਲਦੀ ਹੈ ਤਾਂ ਇਹ ਰਕਮ 10000 ਕਰੋੜ ਤੱਕ ਪੁੱਜ ਜਾਣ ਵਾਲੀ ਹੈ। ਬਿਜਲੀ ਐਕਟ-2003 ਦੇ ਲਾਗੂ ਹੋਣ ਤੋਂ ਬਾਅਦ ਦੇਸ਼ ਵਿਚ ਬਿਜਲੀ ਬੋਰਡਾਂ ਦਾ ਤੇਜ਼ੀ ਨਾਲ ਨਿੱਜੀਕਰਨ ਹੋਇਆ ਹੈ।

ਨਿੱਜੀਕਰਨ ਤੋਂ ਬਾਅਦ ਇਹ ਵੀ ਆਸ ਕੀਤੀ ਗਈ ਸੀ ਕਿ ਇਸ ਨਾਲ ਬਿਜਲੀ ਬੋਰਡਾਂ ਵਿਚ ਸੁਧਾਰ ਹੋਵੇਗਾ ਤੇ ਸਸਤੀ ਬਿਜਲੀ ਮਿਲੇਗੀ ਪਰ ਪੰਜਾਬ, ਉਤਰ ਪ੍ਰਦੇਸ਼, ਦਿੱਲੀ ਸਮੇਤ ਜ਼ਿਆਦਾਤਰ ਰਾਜਾਂ ਵਿਚ ਬਿਜਲੀ ਬੋਰਡਾਂ ਦੇ ਨਿੱਜੀਕਰਨ ਹੋਣ ਤੋਂ ਬਾਅਦ ਘਾਟੇ ਵਧ ਗਏ ਹਨ। ਪੰਜਾਬ ਵਿਚ ਇਸ ਵੇਲੇ 6000 ਮੈਗਾਵਾਟ ਦੇ ਕਰੀਬ ਵਾਧੂ ਬਿਜਲੀ ਹੋ ਗਈ ਹੈ ਪਰ ਜੇਕਰ ਇਸ ਵਾਧੂ ਬਿਜਲੀ ਨੂੰ ਇਨ੍ਹਾਂ ਸਰਦੀਆਂ ਵਿਚ ਸਨਅਤੀ ਖੇਤਰਾਂ ਵਿਚ ਵਰਤੋਂ ਲਈ ਨਾ ਵਧਾਇਆ ਗਿਆ ਤਾਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਾਵਰਕਾਮ ਨੂੰ ਨਿੱਜੀ ਕੰਪਨੀਆਂ ਨੂੰ ਕਰੋੜਾਂ ਰੁਪਏ ਬਿਨਾਂ ਬਿਜਲੀ ਦੀ ਵਰਤੋਂ ਕੀਤੇ ਦੇਣੇ ਪੈਣਗੇ।

ਬਿਜਲੀ ਮਾਮਲਿਆਂ ਦੇ ਮਾਹਿਰ ਵਿਜੇ ਤਲਵਾੜ ਦਾ ਕਹਿਣਾ ਹੈ ਕਿ ਸਰਕਾਰਾਂ ਨੂੰ ਖੇਤੀ ਦੀ ਜਗ੍ਹਾ ਨਿੱਜੀ ਖੇਤਰ ਦੀ ਬਿਜਲੀ ਦੀ ਖਰੀਦ ਕਰਨ ਦੇ ਮਾਮਲੇ ਵਿਚ ਮੁੜ ਨਜ਼ਰਸਾਨੀ ਕਰਨੀ ਚਾਹੀਦੀ ਹੈ, ਕਿਉਂਕਿ ਵਿੱਤੀ ਸੰਕਟ ਵਿਚ ਘਿਰੀ ਸਰਕਾਰ ਲਈ ਬਿਨਾਂ ਬਿਜਲੀ ਦੀ ਵਰਤੋਂ ਕੀਤੇ ਤੈਅ ਕੀਤੀ ਗਈਆਂ ਦਰਾਂ ਦੀ ਰਕਮ ਦੀ ਅਦਾਇਗੀ ਕਰਨੀ ਔਖੀ ਹੋਏਗੀ।

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਦੀ ਕੁਲ ਲੋਕਾਈ ਨੂੰ ਕੋਟਾਨਿ ਕੋਟਿ ਵਧਾਈ

ਸ੍ਰੀ ਗੁਰੂ ਨਾਨਕ ਦੇ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

ਮੋਤੀਆ ਬਿੰਦ ਮੁਫਤ ਆਪਰੇਸ਼ਨ ਕੈਂਪ



ਬਾਬਾ ਗੁਰਨਾਮ ਸਿੰਘ ਜੀ ਮਹਿੰਗਾਪੁਰ

ਕੈਂਪ 9 ਅਕਤੂਬਰ 2017 ਤੋਂ ਸ਼ੁਰੂ ਹੈ ਜੋ 2019 ਵਿਚ ਆ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੱਕ ਜਾਰੀ ਰਹੇਗਾ। ਕੈਂਪ ਦਾ ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ

ਸੰਗਤਾਂ ਦੇ ਦਾਸ

ਬਾਬਾ ਗੁਰਨਾਮ ਸਿੰਘ ਜੀ ਮਹਿੰਗਾਪੁਰ
ਸ. ਬਹਾਦਰ ਸਿੰਘ (ਚੇਅਰਮੈਨ)
ਸੇਲਮ, ਓਰੇਗਾਨ (ਯੂ. ਐਸ. ਏ.)
ਫੋਨ: 503-559-8233



ਸ. ਬਹਾਦਰ ਸਿੰਘ (ਚੇਅਰਮੈਨ)

ਵਨ ਬੀਟ ਹਸਪਤਾਲ, ਭੀਰਾ ਖੀਰੀ



Noblesville Trucks and Trailers Repair Shop

15203 Stony Creek Way, Noblesville, IN 46060

ਇਥੇ ਹਰ ਤਰ੍ਹਾਂ ਦੇ ਟਰੱਕਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ



ਵਧੀਆ ਤੇ ਭਰੋਸੇਯੋਗ ਸਰਵਿਸ

*Clutch transmition differential drive line ਦੀ ਰਿਪੇਅਰ ਵੀ ਕਰਦੇ ਹਾਂ।
*ਟਰੱਕ ਅਤੇ ਰੀਫਲ ਆਇਲ ਚੇਂਜ
*ਟਰੱਕਾਂ ਅਤੇ ਟਰੇਲਰਾਂ ਦੀ ਸਸਪੈਂਸ਼ਨ ਬੁਸ਼ਿੰਗ
*ਏਅਰ ਡਰਾਇਰ, ਰੇਡੀਏਟਰ, ਕੰਪਰੈਸ਼ਰ ਅਤੇ ਕਿੰਗ ਪਿੰਨਜ਼ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ

24 ਘੰਟੇ ਰੋਡ ਸਰਵਿਸ
(150 ਮੀਲ ਦੇ ਏਰੀਏ ਵਿਚ)
ਡਰਾਈਵਰਾਂ ਦੇ ਰੋਟੀ-ਪਾਣੀ ਅਤੇ ਸ਼ਾਵਰ ਦਾ ਇੰਤਜ਼ਾਮ




ਹੋਰ ਜਾਣਕਾਰੀ ਲਈ ਸੰਪਰਕ ਕਰੋ, ਗੁਰਬਖਸ਼ ਸਿੰਘ, ਫੋਨ: 317-800-2976

ਫੈਕਸ: 317-774-9665

# ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ

## 11 ਅਤੇ 12 ਨਵੰਬਰ 2017 ਨੂੰ ਮੂਲ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਸਬੰਧੀ ਹੋਈ ਕਾਨਫਰੰਸ ਲਈ ਮਿਲੇ ਉਤਸ਼ਾਹ, ਇਖਲਾਕੀ ਅਤੇ ਵਿੱਤੀ ਸਹਿਯੋਗ ਲਈ ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ (ਗੁਰਦੁਆਰਾ ਪੈਲਾਟਾਈਨ) ਸੰਗਤਾਂ ਦੀ ਦਿਲੋਂ ਧੰਨਵਾਦੀ ਹੈ।

ਮੂਲ ਨਾਨਕਸ਼ਾਹੀ ਕੈਲੰਡਰ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਇਕ ਲਹਿਰ ਖੜ੍ਹੀ ਕਰਨ ਵਾਸਤੇ ਮਿਡਵੈਸਟ ਦੇ ਸਭ ਤੋਂ ਪੁਰਾਣੇ (1970) ਗੁਰੂ ਘਰ ਦੀ ਪ੍ਰਬੰਧਕ ਕਮੇਟੀ ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ ਨੇ ਹੇਠ ਲਿਖੀਆਂ ਧਾਰਮਿਕ ਅਤੇ ਪੰਥਕ ਜਥੇਬੰਦੀਆਂ ਨਾਲ ਮਿਲ ਕੇ ਵਿਸ਼ਵ ਪੱਧਰ ਉਤੇ ਮੋਹਰੀ ਰੋਲ ਨਿਭਾਇਆ। ਇਸ ਕੈਲੰਡਰ ਨੂੰ ਅਪਨਾਉਣ ਵਾਲੇ ਗੁਰੂ ਘਰਾਂ ਅਤੇ ਪੰਥਕ ਜਥੇਬੰਦੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 1999-2000 ਵਿਚ ਅਪਨਾਏ ਗਏ ਨਾਨਕਸ਼ਾਹੀ ਕੈਲੰਡਰ 'ਤੇ ਆਧਾਰਤ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਪੂਰੀ ਤਰ੍ਹਾਂ ਲਾਗੂ ਕੀਤੇ ਜਾਣ ਨਾਲ ਹੇਠ ਲਿਖੇ ਤਿੱਥ-ਤਿਓਹਾਰਾਂ ਸਮੇਤ ਸਾਰੇ ਸਿੱਖ ਇਤਿਹਾਸਕ ਤਿਓਹਾਰ ਹਰ ਸਾਲ ਉਸੇ ਦਿਨ ਮਨਾਏ ਜਾਇਆ ਕਰਨਗੇ:

*ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ 14 ਅਪਰੈਲ (ਪਹਿਲੀ ਵਿਸਾਖ), ਵਿਸਾਖੀ।
*ਬੰਦੀਛੋੜ ਦਿਵਸ 12 ਫਰਵਰੀ (ਪਹਿਲੀ ਫੱਗਣ) ਨੂੰ।
*ਹੋਲਾ ਮਹੱਲਾ 14 ਮਾਰਚ (ਪਹਿਲੀ ਚੇਤ), ਮੂਲ ਨਾਨਕਸ਼ਾਹੀ ਕੈਲੰਡਰ ਦਾ ਨਵਾਂ ਸਾਲ।

11 ਅਤੇ 12 ਨਵੰਬਰ 2017 (28 ਤੇ 29 ਕੱਤਕ, ਨਾਨਕਸ਼ਾਹੀ ਸੰਮਤ 549) ਨੂੰ ਹੋਈ ਕਾਨਫਰੰਸ ਵਿਚ ਨਾ ਸਿਰਫ ਸਥਾਨਕ ਸੰਗਤ ਹੀ ਹੁਮਹੁਮਾ ਕੇ ਪਹੁੰਚੀ ਸਗੋਂ ਇਸ ਵਿਚ ਮਿਡਵੈਸਟ ਦੇ ਮੁੱਖ ਗੁਰਦੁਆਰਿਆਂ ਦੇ ਨੁਮਾਇੰਦੇ ਅਤੇ ਭਾਰਤ, ਆਸਟਰੇਲੀਆ ਤੇ ਕੈਨੇਡਾ ਤੋਂ ਵੀ ਪੰਥਕ ਬੁਲਾਰੇ ਤੇ ਵਿਦਵਾਨ ਪਹੁੰਚੇ।

ਸਾਨੂੰ ਇਹ ਗੱਲ ਸੰਗਤ ਨਾਲ ਸਾਂਝੀ ਕਰਨ ਵਿਚ ਵੀ ਮਾਣ ਮਹਿਸੂਸ ਹੋ ਰਿਹਾ ਹੈ ਕਿ ਮਿਸ਼ੀਗਨ ਦੇ ਇਕ ਗੁਰਦੁਆਰਾ ਸਾਹਿਬ ਨੇ ਇਸ ਮਿਸ਼ਾਲ ਨੂੰ ਅੱਗੇ ਲੈ ਜਾਣ ਲਈ 2018 ਦੇ ਅਰੰਭ ਵਿਚ ਅਜਿਹੀ ਕਾਨਫਰੰਸ ਕਰਾਉਣ ਦਾ ਫੈਸਲਾ ਕੀਤਾ ਹੈ।

ਕਾਨਫਰੰਸ ਵਿਚ ਪਾਸ ਕੀਤੇ ਗਏ ਮਤਿਆਂ ਅਨੁਸਾਰ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦਾ ਤਹੱਈਆ ਕਰਨ ਵਾਲੀਆਂ ਜਥੇਬੰਦੀਆਂ ਦੀ ਵਧ ਰਹੀ ਗਿਣਤੀ ਵਿਚ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ), ਸ਼ਿਕਾਗੋ ਦੇ ਨਾਲ ਹੇਠ ਲਿਖੀਆਂ ਜਥੇਬੰਦੀਆਂ ਸ਼ਾਮਲ ਹਨ:

1. ਸਿੰਘ ਸਭਾ ਆਫ ਮਿਸ਼ੀਗਨ, ਕੈਂਟਨ, ਮਿਸ਼ੀਗਨ
2. ਗੁਰੂ ਗੋਬਿੰਦ ਸਿੰਘ ਸਿੱਖ ਸੁਸਾਇਟੀ, ਕਲੀਵਲੈਂਡ, ਓਹਾਇਓ
3. ਗੁਰੂ ਨਾਨਕ ਫਾਊਂਡੇਸ਼ਨ, ਕਲੀਵਲੈਂਡ, ਓਹਾਇਓ
4. ਸਿੱਖ ਸੁਸਾਇਟੀ ਆਫ ਇੰਡੀਆਨਾ, ਇੰਡੀਆਨਾ
5. ਦਸ਼ਮੇਸ਼ ਗੁਰਦੁਆਰਾ ਆਫ ਫੋਰਟ ਵੇਨ, ਇੰਡੀਆਨਾ
6. ਸਿੱਖ ਸਟੱਡੀ ਸਰਕਲ, ਸਟੋਨ ਮਾਊਂਟੇਨ, ਜਾਰਜੀਆ
7. ਅਮੈਰਿਕਨ ਸਿੱਖ ਕੌਂਸਲ
8. ਗਲੋਬਲ ਸਿੱਖ ਕੌਂਸਲ
9. ਸਿੱਖ ਨੈਸ਼ਨਲ ਆਰਕਾਈਵਜ਼ ਆਫ ਕੈਨੇਡਾ, ਓਂਟਾਰੀਓ
10. ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)
11. ਸਿਲਵਿਸ ਗੁਰਦੁਆਰਾ ਸਾਹਿਬ, ਸਿਲਵਿਸ, ਇਲੀਨਾਇ
12. ਗੁਰੂ ਨਾਨਕ ਸਿੱਖ ਸੁਸਾਇਟੀ, ਹੈਮਿਲਟਨ, ਓਹਾਇਓ
13. ਗੁਰਦੁਆਰਾ ਕੋਲੰਬਸ, ਓਹਾਇਓ
14. ਸਿੱਖ ਸੁਸਾਇਟੀ ਆਫ ਮੈਡੀਸਨ, ਵਿਸਕਾਨਸਿਨ

## 28 ਤੇ 29 ਕੱਤਕ, ਨਾਨਕਸ਼ਾਹੀ ਸੰਮਤ 549 (11 ਤੇ 12 ਨਵੰਬਰ 2017) ਨੂੰ ਹੋਈ ਕਾਨਫਰੰਸ ਵਿਚ ਪਾਸ ਕੀਤੇ ਗਏ ਮਤੇ

1. ਜਦਕਿ ਸੰਨ 1999 ਸਿੱਖ ਇਤਿਹਾਸ ਵਿਚ ਇਕ ਅਹਿਮ ਅਤੇ ਮਹੱਤਵਪੂਰਨ ਪੜਾਅ ਹੋ ਗੁਜ਼ਰਿਆ। ਇਸ ਵਰ੍ਹੇ ਖਾਲਸਾ ਪੰਥ ਦੇ 300 ਸਾਲਾ ਪ੍ਰਕਾਸ਼ ਨੂੰ ਸਮਰਪਿਤ ਵਡਭਾਗੀ ਦਿਹਾੜੇ ਸਿੱਖ ਬੁੱਧੀਜੀਵੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਾਰ ਨੇ ਰਲ ਕੇ ਵਿਗਿਆਨਕ ਤੇ ਇਤਿਹਾਸਕ ਪੱਖੋਂ ਸਹੀ ਅਤੇ ਗੁਰਬਾਣੀ ਦੇ ਮੂਲ ਸਿਧਾਂਤ 'ਤੇ ਆਧਾਰਤ ਮੂਲ ਨਾਨਕਸ਼ਾਹੀ ਕੈਲੰਡਰ ਪ੍ਰਵਾਨ ਕਰਕੇ ਲਾਗੂ ਕਰਨ ਦਾ ਅਹਿਮ ਸੰਕਲਪ ਦ੍ਰਿੜ ਕੀਤਾ।

2. ਜਦਕਿ ਮੂਲ ਨਾਨਕਸ਼ਾਹੀ ਕੈਲੰਡਰ ਸਦੀਵ ਕਾਲ ਵਾਸਤੇ ਬਿਕਰਮੀ ਕੈਲੰਡਰ ਅਨੁਸਾਰ ਸਦਾ ਬਦਲਦੀਆਂ ਸਿੱਖ ਇਤਿਹਾਸਕ ਤਰੀਕਾਂ ਨੂੰ ਨਿਸ਼ਚਿਤ ਕਰਦਾ ਅਤੇ ਸਾਂਝੇ ਸੰਨ (Common Era Calendar) ਨਾਲ ਸਮਕਾਲੀਨ ਹੁੰਦਾ ਹੈ।

3. ਜਦਕਿ ਸਿੱਖ ਇਤਿਹਾਸਕ ਦਿਨ ਦਿਹਾੜਿਆਂ ਨੂੰ ਹਰ ਸਾਲ ਮੂਲ ਨਾਨਕਸ਼ਾਹੀ ਕੈਲੰਡਰ ਵਿਚ ਨਿਸ਼ਚਿਤ ਕੀਤੀਆਂ ਤਰੀਕਾਂ 'ਤੇ ਮਨਾਉਣਾ ਅਤੇ ਗੁਰਬਾਣੀ ਦੁਆਰਾ ਦਰਸਾਏ ਸਿਧਾਂਤ ਤੇ ਵਿਧੀ ਵਿਧਾਨ ਦੀ ਸਾਂਭ ਸੰਭਾਲ ਭਵਿੱਖ ਵਿਚ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਵਾਸਤੇ ਅਹਿਮ ਤੇ ਗੰਭੀਰ ਨਤੀਜਿਆਂ ਦਾ ਸਰੋਤ ਸਾਬਤ ਹੋਵੇਗੀ।

4. ਜਦਕਿ ਮੂਲ ਨਾਨਕਸ਼ਾਹੀ ਕੈਲੰਡਰ ਸਿੱਖ ਧਰਮ ਦੀ ਆਜ਼ਾਦ ਹਸਤੀ ਅਤੇ ਖੁਦਮੁਖਤਾਰੀ ਦੀ ਦਾਅਵੇਦਾਰੀ ਦਾ ਪ੍ਰਤੀਕ ਹੈ।

5. ਜਦਕਿ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਸੰਪੂਰਨ ਰੂਪ ਵਿਚ ਨਾ ਅਪਨਾਉਣ ਜਾਂ ਲਾਗੂ ਕਰਨ ਵਿਚ ਢਿੱਲ੍ਹ ਮੱਠ ਕਰਨੀ ਸਿੱਖ ਜਗਤ ਵਿਚ ਛਾਈ ਹੋਈ ਹਫੜਾ-ਦਫੜੀ ਅਤੇ ਘੜਮੱਸ ਨੂੰ ਹੋਰ ਵੀ ਦੀਰਘ ਬਣਾ ਦੇਵੇਗੀ।

6. ਜਦਕਿ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਕਾਫੀ ਸਮੇਂ ਤੋਂ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਵਸ, ਬੰਦੀ ਛੋੜ ਦਿਵਸ ਅਤੇ ਹੋਲੇ ਮਹੱਲੇ ਦਿਹਾੜੇ ਤੋਂ ਸਿਵਾਏ ਬਾਕੀ ਸਾਰੇ ਇਤਿਹਾਸਕ ਦਿਹਾੜੇ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਨਾਉਂਦੀਆਂ ਆ ਰਹੀਆਂ ਹਨ।

ਉਪਰੋਕਤ ਦਰਸਾਏ ਗਏ ਤੱਥਾਂ ਨੂੰ ਮੁੱਖ ਰੱਖਦਿਆਂ ਅੱਜ ਦੀ ਮਿਡਵੈਸਟ ਅਤੇ ਹੋਰ ਸਿੱਖ ਧਾਰਮਿਕ ਅਦਾਰਿਆਂ ਦੀ ਵਿਸ਼ੇਸ਼ ਇਕੱਤਰਤਾ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਉਣ ਅਤੇ ਸਦੀਵ ਕਾਲ ਵਾਸਤੇ ਇਸ ਦੁਆਰਾ ਨਿਸ਼ਚਿਤ ਕੀਤੀਆਂ ਤਰੀਕਾਂ ਅਨੁਸਾਰ ਹੀ ਸਿੱਖ ਇਤਿਹਾਸਕ ਦਿਹਾੜੇ ਮਨਾਉਣ ਦਾ ਦੀਰਘ ਸੰਕਲਪ ਅਤੇ ਵਚਨਬੱਧਤਾ ਦ੍ਰਿੜਾਉਂਦੀ ਹੈ, ਵਿਸ਼ੇਸ਼ ਤੌਰ 'ਤੇ:

-ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਵਸ 14 ਅਪਰੈਲ (ਪਹਿਲੀ ਵਿਸਾਖ) ਵਿਸਾਖੀ ਵਾਲੇ ਦਿਨ।
-ਬੰਦੀਛੋੜ ਦਿਵਸ 12 ਫਰਵਰੀ (ਪਹਿਲੀ ਫੱਗਣ) ਨੂੰ।
-ਹੋਲਾ ਮਹੱਲਾ 14 ਮਾਰਚ (ਪਹਿਲੀ ਚੇਤ) ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਨਵਾਂ ਸਾਲ।

ਅੱਜ ਦੀ ਇਕੱਤਰਤਾ ਸਮੂਹ ਸਮਾਜਿਕ, ਸਭਿਆਚਾਰਕ ਅਤੇ ਪੰਥਕ ਜਥੇਬੰਦੀਆਂ ਨੂੰ ਸਨਿਮਰ ਬੇਨਤੀ ਕਰਦੀ ਹੈ ਕਿ ਸਾਰੇ ਇਕਜੁੱਟ ਹੋ ਕੇ ਬਾਬੇ ਨਾਨਕ ਦੇ ਸਿਰਜੇ ਵਿਲੱਖਣ, ਵਡਭਾਗੀ ਵਿਰਸੇ ਨੂੰ ਸਮਰਪਿਤ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਉਣ ਅਤੇ ਲਾਗੂ ਕਰਨ ਲਈ ਵਚਨਬੱਧ ਹੋਣ।

SIKH Religious Society
PALATINE GURDWARA

**Sikh Religious Society**
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org

# 6500 ਕਰੋੜ ਵਿਚ ਮਿਲੀ ਸਾਊਦੀ ਅਰਬ ਦੇ ਪ੍ਰਿੰਸ ਨੂੰ ਰਿਹਾਈ

**ਦੁਬਈ:** ਸਾਊਦੀ ਅਰਬ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਗ੍ਰਿਫਤਾਰ ਕੀਤੇ ਪ੍ਰਿੰਸ ਮਿਤੇਬ ਬਿਨ ਅਬਦੁੱਲਾ ਨੂੰ ਸਮਝੌਤੇ ਪਿੱਛੋਂ ਛੱਡ ਦਿੱਤਾ ਗਿਆ ਹੈ। ਇਸ ਲਈ ਪ੍ਰਿੰਸ ਨੂੰ 100 ਕਰੋੜ ਡਾਲਰ (ਕਰੀਬ 6500 ਕਰੋੜ ਰੁਪਏ) ਦੇ ਬਰਾਬਰ ਰਕਮ ਦੇਣੀ ਪਈ। ਨੈਸ਼ਨਲ ਗਾਰਡ ਦੇ ਸਾਬਕਾ ਮੁਖੀ ਅਤੇ ਸਾਬਕਾ ਸ਼ਾਹ ਅਬਦੁੱਲਾ ਦੇ ਬੇਟੇ 65 ਸਾਲਾ ਮਿਤੇਬ ਨੂੰ ਇਕ ਸਮੇਂ ਸਿੰਘਾਸਨ ਦਾ ਪ੍ਰਮੁੱਖ ਦਾਅਵੇਦਾਰ ਮੰਨਿਆ ਜਾਂਦਾ ਸੀ।



ਸਾਊਦੀ ਅਰਬ ਦੇ ਅਧਿਕਾਰੀ ਨੇ ਦੱਸਿਆ ਕਿ ਮਿਤੇਬ ਨੂੰ ਸਮਝੌਤਾ ਕਰਨ ਪਿੱਛੋਂ ਰਿਹਾਅ ਕੀਤਾ ਗਿਆ। ਸਮਝੌਤੇ ਵਿਚ ਭ੍ਰਿਸ਼ਟਾਚਾਰ ਵਿਚ ਸ਼ਾਮਲ ਹੋਣਾ ਵੀ ਸ਼ਾਮਲ ਹੈ। ਸਾਊਦੀ ਅਰਬ ਪ੍ਰਸ਼ਾਸਨ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਗ੍ਰਿਫਤਾਰ ਕੀਤੇ ਗਏ ਕੁਝ ਹੋਰਾਂ ਲੋਕਾਂ ਦੇ ਨਾਲ ਵੀ ਸਮਝੌਤੇ ਦੀ ਗੱਲਬਾਤ ਕਰ ਰਿਹਾ ਹੈ। ਉਨ੍ਹਾਂ ਤੋਂ ਰਿਹਾਈ ਦੇ ਬਦਲੇ ਆਪਣੀਆਂ ਜਾਇਦਾਦਾਂ ਤੇ ਨਕਦੀ ਸੌਂਪਣ ਲਈ ਕਿਹਾ ਗਿਆ ਹੈ। ਹਫਤਾ ਪਹਿਲਾਂ ਸਾਊਦੀ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ ਨਿਊ ਯਾਰਕ ਟਾਈਮਜ਼ ਨਾਲ ਗੱਲਬਾਤ ਦੌਰਾਨ ਕਿਹਾ ਸੀ ਕਿ ਗ੍ਰਿਫਤਾਰ ਕੀਤੇ ਗਏ ਕਰੀਬ 200 ਉਦਯੋਗਪਤੀਆਂ ਅਤੇ ਅਧਿਕਾਰੀਆਂ ਵਿਚ ਜ਼ਿਆਦਾਤਰ ਸਮਝੌਤੇ ਲਈ ਰਾਜ਼ੀ ਹੋ ਰਹੇ ਹਨ। ਵਰਨਣਯੋਗ ਹੈ ਕਿ ਮਿਤੇਬ ਸਮੇਤ ਕਰੀਬ ਇਕ ਦਰਜਨ ਸਾਊਦੀ ਪ੍ਰਿੰਸ, ਵੱਡੀ ਗਿਣਤੀ ਵਿਚ ਮੰਤਰੀਆਂ ਅਤੇ ਅਧਿਕਾਰੀਆਂ ਨੂੰ ਚਾਰ ਨਵੰਬਰ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ ਵਿਚ ਖਰਬਪਤੀ ਪ੍ਰਿੰਸ ਅਲ ਵਾਲੀਦ ਬਿਨ ਤਲਾਲ ਸ਼ਾਮਲ ਹਨ।

# ਦੀਆ ਮਿਰਜ਼ਾ ਬਣੀ ਯੂ.ਐਨ. ਵਾਤਾਵਰਨ ਸਦਭਾਵਨਾ ਸਫੀਰ

**ਸੰਯੁਕਤ ਰਾਸ਼ਟਰ:** ਅਦਾਕਾਰਾ ਦੀਆ ਮਿਰਜ਼ਾ ਨੂੰ ਸੰਯੁਕਤ ਰਾਸ਼ਟਰ ਵੱਲੋਂ ਭਾਰਤ ਲਈ ਵਾਤਾਵਰਣ ਸਦਭਾਵਨਾ ਸਫੀਰ ਚੁਣਿਆ ਗਿਆ ਹੈ। 35 ਸਾਲਾ ਅਦਾਕਾਰਾ ਨੂੰ ਉਸ ਦੀਆਂ ਵਾਤਾਵਰਣ ਪੱਖੀ ਸੇਵਾਵਾਂ ਬਦਲੇ ਸਦਭਾਵਨਾ ਸਫੀਰ ਬਣਾਇਆ ਗਿਆ ਹੈ।




ਦੀਆ ਮਿਰਜ਼ਾ ਨੇ ਕਿਹਾ ਕਿ ਵਾਤਾਵਰਣ ਸੰਭਾਲ ਜਿਹੇ ਭਲਾਈ ਕਾਰਜਾਂ ਲਈ ਸੰਯੁਕਤ ਰਾਸ਼ਟਰ ਨਾਲ ਜੁੜ ਕੇ ਮਾਣ ਮਹਿਸੂਸ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪ੍ਰਦੂਸ਼ਣ ਦਾ ਮਸਲਾ ਅੱਜ ਵਾਤਾਵਰਣ ਸੰਭਾਲ ਲਈ ਚੁਣੌਤੀ ਹੈ। ਉਹ ਕੋਸ਼ਿਸ਼ ਕਰੇਗੀ ਕਿ ਸੰਯੁਕਤ ਰਾਸ਼ਟਰ ਦੇ ਵਾਤਾਵਰਣ ਪੱਖੀ ਯਤਨਾਂ ਵਿਚ ਭਾਰਤ ਲਈ ਹਰ ਤਰ੍ਹਾਂ ਦੀ ਮਦਦ ਕਰ ਸਕੇ ਤਾਂ ਜੋ ਦੇਸ਼ ਦੇ ਲੋਕਾਂ ਨੂੰ ਬਿਹਤਰ ਭਵਿੱਖ ਮਿਲੇ।

ਸੰਯੁਕਤ ਰਾਸ਼ਟਰ ਦੇ ਵਾਤਾਵਰਣ ਮੁਖੀ ਨੇ ਦੀਆ ਮਿਰਜ਼ਾ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਭਾਰਤ ਹਵਾ ਪ੍ਰਦੂਸ਼ਣ ਜਿਹੀ ਵੱਡੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ।

# ਗੁਰਬਖਸ਼ ਸਿੰਘ ਧਾਲੀਵਾਲ ਦੀ 12ਵੀਂ ਬਰਸੀ ਮਨਾਈ

**ਫਰਿਜ਼ਨੋ:** ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਦੇ ਬਾਨੀ ਮੈਂਬਰ ਸ. ਗੁਰਬਖਸ਼ ਸਿੰਘ ਧਾਲੀਵਾਲ ਦੀ 12ਵੀਂ ਬਰਸੀ ਇਥੇ ਮਨਾਈ ਗਈ। ਉਨ੍ਹਾਂ ਦੇ ਬੇਟੇ ਨਵਦੀਪ ਸਿੰਘ ਧਾਲੀਵਾਲ, ਬਲਦੇਵ ਸਿੰਘ ਧਾਲੀਵਾਲ ਅਤੇ ਬਾਕੀ ਪਰਿਵਾਰ ਦੇ ਸੱਦੇ 'ਤੇ ਪਹੁੰਚੇ ਪਰਿਵਾਰਕ ਮੈਂਬਰ, ਰਿਸ਼ਤੇਦਾਰ ਅਤੇ ਇਲਾਕੇ ਦੀਆਂ ਕਈ ਜੰਥੇਬੰਦੀਆਂ ਨਾਲ ਜੁੜੇ ਦੋਸਤ ਨਵਦੀਪ ਧਾਲੀਵਾਲ ਦੇ ਘਰ ਇਕੱਤਰ ਹੋਏ। ਜ਼ਿਕਰਯੋਗ ਹੈ ਕਿ ਸ. ਗੁਰਬਖਸ ਸਿੰਘ ਨੇ ਆਪਣੇ ਜੀਵਨ ਦਾ ਇਕ ਲੰਬਾ ਹਿੱਸਾ ਲੋਕ ਘੋਲਾਂ ਦੇ ਲੇਖੇ ਲਾਇਆ ਅਤੇ ਲੋਕਾਂ ਦੀ ਤਰਜਮਾਨੀ ਕਰਦਿਆਂ ਪੰਜਾਬ ਅਸੈਂਬਲੀ ਦੇ ਮੈਂਬਰ ਵੀ ਚੁਣੇ ਗਏ। ਅਮਰੀਕਾ ਪਹੁੰਚਣ ਤੋਂ ਬਾਅਦ ਹੋਰ ਸਾਥੀਆਂ ਨਾਲ ਮਿਲ ਕੇ ਉਨ੍ਹਾਂ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੀ ਨੀਂਹ ਰੱਖੀ ਜੋ ਕਿ ਪਿਛਲੇ 17 ਸਾਲਾ ਤੋਂ ਗਦਰੀ ਬਾਬਿਆਂ ਦੀ ਸੋਚ ਨੂੰ ਲੋਕਾਂ ਵਿਚ ਪ੍ਰਚਾਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਸਾਲ 2005 ਵਿਚ ਉਨ੍ਹਾਂ ਦੀ ਮੌਤ ਤੋਂ ਬਾਅਦ ਪਰਿਵਾਰ ਨੇ ਹਰ ਸਾਲ ਉਨ੍ਹਾਂ ਨੂੰ ਯਾਦ ਕਰਨ ਅਤੇ ਉਨ੍ਹਾਂ ਦੀ ਸੋਚ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਣ ਦੀ ਪਿਰਤ ਨੂੰ ਜਾਰੀ ਰੱਖਿਆ ਹੈ।



ਪ੍ਰੋਗਰਾਮ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਦੀ ਪ੍ਰਧਾਨਗੀ ਵਿਚ ਸ਼ੁਰੂ ਹੋਇਆ। ਪ੍ਰੋਗਰਾਮ ਦੇ ਸ਼ੁਰੂ ਵਿਚ ਸਟੇਜ ਸੈਕਟਰੀ ਸੁਰਿੰਦਰ ਸਿੰਘ ਮੰਢਾਲੀ ਨੇ ਗੁਰਬਖਸ਼ ਸਿੰਘ ਧਾਲੀਵਾਲ ਨਾਲ ਬਿਤਾਏ ਸਮੇਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਰਾਜ ਬਰਾੜ ਨੇ ਇਕ ਗੀਤ ਨਾਲ ਸੁਰੀਲੀ ਸ਼ੁਰੂਆਤ ਕਰਦਿਆਂ ਦੱਸਿਆ ਕਿ ਉਨ੍ਹਾਂ ਵਲੋਂ ਹੋਰ ਸਾਥੀਆਂ ਨਾਲ ਰਲ ਕੇ ਸ਼ੁਰੂ ਕੀਤੀ ਗਈ ਲਾਲ ਚੰਦ ਯਮਲਾ ਫਾਊਡੇਸ਼ਨ ਦੇ ਪ੍ਰੇਰਨਾ ਸਰੋਤ ਵੀ ਸ. ਧਾਲੀਵਾਲ ਹੀ ਸਨ।

ਲਛਮਣ ਸਿੰਘ ਰਾਠੌਰ ਨੇ ਆਪਣੀਆ 2 ਕਵਿਤਾਵਾਂ ਸੁਣਾ ਕੇ ਗੁਰਬਖਸ਼ ਸਿੰਘ ਦੀ ਸੋਚ ਨੂੰ ਸਲਾਮ ਕੀਤਾ। ਹਰਨੇਕ ਸਿੰਘ ਅਤੇ ਹਰਨਾਮ ਸਿੰਘ ਪੰਨੂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਗੁਰਬਖਸ ਸਿੰਘ ਨੂੰ ਯਾਦ ਕੀਤਾ। ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੇ ਸਰਪ੍ਰਸਤ ਗੁਰਦੀਪ ਸਿੰਘ ਅਣਖੀ ਨੇ ਸਵਰਗੀ ਗੁਰਬਖਸ਼ ਸਿੰਘ ਦੀ ਲੋਕਾਂ ਪ੍ਰਤੀ ਘਾਲਣਾ ਨੂੰ ਯਾਦ ਕੀਤਾ। ਉਨ੍ਹਾਂ ਨੇ ਅੱਜ ਭਾਰਤ ਵਿਚ ਫਿਰਕਾਪ੍ਰਸਤ ਤਾਕਤਾਂ ਵਲੋਂ ਲੋਕਾਂ ਨੂੰ ਧਰਮ ਦੇ ਆਧਾਰ 'ਤੇ ਲੜਾਉਣ ਦੇ ਮਨਸੂਬਿਆਂ ਦੀ ਸਖਤ ਨਿੰਦਾ ਕਰਦਿਆਂ ਲੋਕਾਂ ਨੂੰ ਅਜਿਹੀਆਂ ਤਾਕਤਾਂ ਤੋਂ ਸੁਚੇਤ ਹੋਣ ਦਾ ਸੱਦਾ ਦਿੱਤਾ॥

ਇਸ ਮੌਕੇ ਸਵਰਗੀ ਸ. ਧਾਲੀਵਾਲ ਦੇ ਜੀਵਨ 'ਤੇ ਲਿਖੀ ਇਕ ਕਿਤਾਬ 'ਕਾਲੇ ਪਾਣੀਆਂ ਦਾ ਚਿੱਟਾ ਮੋਤੀ' ਪਰਿਵਾਰ ਵਲੋਂ ਜਗਜੀਤ ਸਿੰਘ ਥਿੰਦ ਨੂੰ ਭੇਟ ਕੀਤੀ ਗਈ। ਇਹ ਕਿਤਾਬ ਪ੍ਰਸਿਧ ਲੇਖਕ ਬਲਦੇਵ ਸਿੰਘ ਸੜਕਨਾਮਾ ਵਲੋਂ ਲਿਖੀ ਗਈ ਹੈ। ਪ੍ਰਸਿਧ ਕਹਾਣੀਕਾਰ ਕਰਮ ਸਿੰਘ ਮਾਨ ਨੇ ਇਸ ਕਿਤਾਬ ਬਾਰੇ ਇਕ ਪੇਪਰ ਪੜ੍ਹਿਆ ਅਤੇ ਗੁਰਬਖਸ਼ ਸਿੰਘ ਦੀ ਲੋਕ ਪੱਖੀ ਸੋਚ ਨੂੰ ਸਿਜਦਾ ਕੀਤਾ।

ਪ੍ਰੋਗਰਾਮ ਦੇ ਅਖੀਰ ਵਿਚ ਸੁਰਿੰਦਰ ਮੰਢਾਲੀ ਨੇ ਆਏ ਸੱਜਣਾਂ ਦਾ ਪਰਿਵਾਰ ਵਲੋਂ ਧੰਨਵਾਦ ਕਰਦਿਆਂ ਗੁਰਬਖਸ਼ ਸਿੰਘ ਅਤੇ ਗਦਰੀ ਬਾਬਿਆਂ ਦੀ ਲੋਕ ਪੱਖੀ ਤੇ ਧਰਮ ਨਿਰਪੱਖ ਸੋਚ 'ਤੇ ਹਮੇਸ਼ਾ ਤੁਰਦੇ ਰਹਿਣ ਦਾ ਅਹਿਦ ਦੁਹਰਾਇਆ।




TRUCK STOP 40

SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 832-512-7172

580-447-9366


# ਗੁਰੂ ਨਾਨਕ ਦੇਵ ਜੀ ਦੇ ਚਿੱਤਰ ਵਾਲਾ ਸਿੱਕਾ ਜਾਰੀ

ਸ੍ਰੀ ਗੁਰੂ ਨਾਨਕ ਦੇਵ ਸੇਵਾ ਸੁਸਾਇਟੀ ਇੰਟਰਨੈਸ਼ਨਲ, ਕੈਲੀਫੋਰਨੀਆ ਨੇ ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬੜੀ ਧੂਮਧਾਮ ਨਾਲ ਨਾਨਕ ਮੱਠ ਕਾਠਮੰਡੂ, ਨੇਪਾਲ ਵਿਖੇ ਮਨਾਇਆ। ਇਸ ਮੌਕੇ ਸੁਸਾਇਟੀ ਵਲੋਂ ਗੁਰੂ ਨਾਨਕ ਦੇਵ ਜੀ ਦੇ ਨੇਪਾਲ ਆਉਣ ਦੇ 2016 ਵਿਚ 500 ਸਾਲ ਪੂਰੇ ਹੋਣ ਨੂੰ ਮੁੱਖ ਰੱਖ ਕੇ ਉਨ੍ਹਾਂ ਦੇ ਨਾਂ ਦਾ ਸਿੱਕਾ ਜਾਰੀ ਕੀਤਾ ਗਿਆ। ਸਿੱਕੇ ਦੇ ਇਕ ਪਾਸੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਹ ਚਿੱਤਰ ਹੈ ਜੋ ਨੇਪਾਲ ਦੇ ਰਾਜੇ ਜੈ ਜਗਤ ਮੱਲਾ ਨੇ ਬਣਵਾਇਆ ਸੀ। ਸਿੱਕੇ ਦੇ ਦੂਜੇ ਪਾਸੇ ਗੁਰੂ ਸਾਹਿਬ ਦਾ ਘਰ ਹੈ ਜਿਸ ਦਾ ਨਾਂ ਗੁਰੂ ਨਾਨਕਮੱਠ ਹੈ। ਇਹ ਵੀ ਨੇਪਾਲ ਦੇ ਰਾਜੇ ਨੇ ਬਣਵਾਇਆ ਸੀ।





ਇਸ ਮੌਕੇ ਨੇਪਾਲ ਦੇ ਉਚ ਅਧਿਕਾਰੀ, ਦੇਸ਼-ਵਿਦੇਸ਼ ਦੀਆਂ ਸੰਗਤਾਂ ਅਤੇ ਸਾਧੂ-ਸੰਤ ਪਹੁੰਚੇ।



ਜੇ ਕੋਈ ਸੰਗਤ ਮੈਂਬਰ ਇਸ ਸਿੱਕੇ ਦਾ ਚਾਹਵਾਨ ਹੋਵੇ,
ਤਾਂ ਹੇਠਾਂ ਦਿੱਤੇ ਫੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:

ਮਨਜੀਤ ਸਿੰਘ ਖਾਲਸਾ (ਯੂ.ਐਸ.ਏ), ਫੋਨ: 408-887-7361
ਮਾਨ ਸਿੰਘ ਖਾਲਸਾ (ਯੂ.ਐਸ.ਏ), ਫੋਨ: 707-685-6412
ਅਮਰਦੀਪ ਸਿੰਘ ਖਾਲਸਾ (ਇੰਡੀਆ), ਫੋਨ: 011+91+98719-19078
Website: sgndssi.com E-mail: sewa_society@yahoo.com

# ਬਾਬਾ ਸਰਦਾਰਾ ਸਿੰਘ ਦੀ ਸੁਹਿਰਦ ਲਾਇਬਰੇਰੀ




ਬਰਨਾਲਾ ਤੋਂ ਧੂਰੀ ਜਾਂਦਿਆਂ 12 ਕਿਲੋਮੀਟਰ ਦੇ ਵਕਫੇ ਉਤੇ ਪਿੰਡ ਕੱਟੂ ਵਸਿਆ ਹੋਇਆ ਹੈ। ਪਿੰਡ ਦੇ ਬੱਸ ਅੱਡੇ ਨਾਲ ਲਗਦੇ ਚੁਬਾਰੇ ਉਤੇ 'ਮਾਸਟਰ ਸੁਰਜੀਤ ਸਿੰਘ ਸੁਹਿਰਦ ਯਾਦਗਾਰੀ ਲਾਇਬਰੇਰੀ' ਲਿਖਿਆ ਹੋਇਆ ਹੈ। ਦੇਖਣ ਨੂੰ ਇਹ ਸਾਧਾਰਨ ਲਾਇਬਰੇਰੀ ਹੀ ਲੱਗੇਗੀ, ਪਰ ਇਸ ਨੂੰ ਸਰਦਾਰਾ ਸਿੰਘ ਨੇ ਖਾਸ ਬਣਾਇਆ ਹੋਇਆ ਹੈ।



**ਸੁਖਚਰਨ ਪ੍ਰੀਤ**
ਫੋਨ: +91-98786-83703

ਉਹ ਪਿਛਲੇ 33 ਸਾਲਾਂ ਤੋਂ ਇਹ ਲਾਇਬਰੇਰੀ ਚਲਾ ਰਹੇ ਹਨ। ਲਾਇਬਰੇਰੀ ਵਿਚ ਤਕਰੀਬਨ ਛੇ ਹਜ਼ਾਰ ਕਿਤਾਬਾਂ ਹਨ।

**ਭਤੀਜੇ ਦੀ ਅਨੋਖੀ ਯਾਦ:** ਕਿਤਾਬਾਂ ਵਿਚ ਪੁਰਾਤਨ ਗੁਰੂ ਗ੍ਰੰਥ ਸਾਹਿਬ ਦੀਆਂ ਪੋਥੀਆਂ, ਗੁਰਬਾਣੀ ਦੇ ਟੀਕੇ, ਪੰਜਾਬੀ ਸ਼ਬਦਕੋਸ਼, ਗੁਰੂ ਸਾਹਿਬਾਨ ਦੀਆਂ ਜੀਵਨ ਸਾਖੀਆਂ, ਵਲਾਦੀਮੀਰ ਲੈਨਿਨ ਦੀਆਂ ਚੋਣਵੀਆਂ ਲਿਖਤਾਂ, ਲਿਓ ਟਾਲਸਟਾਏ ਦੇ ਗ੍ਰੰਥ, ਸਵਾਮੀ ਵਿਵੇਕਾਨੰਦ ਦੀਆਂ ਲਿਖਤਾਂ, ਗੁਰਮੁਖੀ ਵਿਚ ਲਿਖੀ ਕੁਰਾਨ ਸ਼ਰੀਫ, ਗੁਰਮੁਖੀ ਵਿਚ ਹੀ ਤੁਲਸੀ ਦਾਸ ਦੀ ਰਮਾਇਣ ਆਦਿ ਸਭ ਕੁਝ ਮੌਜੂਦ ਹੈ।

ਸਰਦਾਰਾ ਸਿੰਘ ਦੇ ਦੱਸਣ ਮੁਤਾਬਕ, ਉਨ੍ਹਾਂ ਦਾ ਭਤੀਜਾ ਸੁਰਜੀਤ ਸਿੰਘ ਸੁਹਿਰਦ ਸਾਹਿਤ ਰਸੀਆ ਸੀ ਅਤੇ ਉਸ ਨੇ ਦੋ ਕਿਤਾਬਾਂ ਵੀ ਲਿਖੀਆਂ ਸਨ। ਸੁਹਿਰਦ ਦੀ ਬੇਵਕਤੀ ਮੌਤ ਨਾਲ ਉਨ੍ਹਾਂ ਨੂੰ 1982 ਵਿਚ ਗਹਿਰਾ ਸਦਮਾ ਲੱਗਿਆ। ਸੁਹਿਰਦ ਦੇ ਭੋਗ ਉਤੇ ਇਨ੍ਹਾਂ ਗੱਲਾਂ ਨੂੰ ਵਿਚਾਰਦਿਆਂ ਸੁਹਿਰਦ ਦੀ ਯਾਦ ਵਿਚ ਇਹ ਲਾਇਬਰੇਰੀ ਖੋਲ੍ਹਣ ਦਾ ਐਲਾਨ ਕਰ ਦਿੱਤਾ। ਦੋ ਸਾਲਾਂ ਦੇ ਯਤਨਾਂ ਬਾਅਦ 1984 ਵਿਚ ਇਹ ਲਾਇਬਰੇਰੀ ਸਥਾਪਤ ਹੋ ਗਈ ਸੀ ਜਿਸ ਵਿਚ ਹੁਣ ਛੇ ਹਜ਼ਾਰ ਕਿਤਾਬਾਂ ਅਤੇ 2500 ਰਸਾਲੇ ਹਨ। ਲਾਇਬਰੇਰੀ ਦੇ ਰਿਕਾਰਡ ਮੁਤਾਬਕ, 1987 ਤੋਂ ਲੈ ਕੇ ਹੁਣ ਤੱਕ 21600 ਪਾਠਕ ਪੁਸਤਕਾਂ ਲੈ ਕੇ ਪੜ੍ਹ ਚੁੱਕੇ ਹਨ। ਲਾਇਬਰੇਰੀ ਵਿਚ ਨੇਮ ਨਾਲ ਅਖਬਾਰ ਆਉਂਦੇ ਹਨ।

**ਲਾਇਬਰੇਰੀ ਦੇ ਪਾਠਕਾਂ ਦਾ ਘੇਰਾ:** ਤਕਰੀਬਨ 4500 ਦੀ ਅਬਾਦੀ ਵਾਲੇ ਪਿੰਡ ਕੱਟੂ ਦੀ ਇਸ ਲਾਇਬਰੇਰੀ ਦੇ ਪਾਠਕਾਂ ਦਾ ਘੇਰਾ ਪੂਰੇ ਮਾਲਵੇ ਵਿਚ ਫੈਲਿਆ ਹੋਇਆ ਹੈ। ਕਈ ਵਾਰ ਬਾਹਰਲੇ ਸੂਬਿਆਂ ਤੋਂ ਵੀ ਪਾਠਕ ਫੇਰੀ ਪਾ ਚੁੱਕੇ ਹਨ। ਇਸ ਦੀ ਗਵਾਹੀ ਲਾਇਬਰੇਰੀ ਦੀ ਵਿਜ਼ਟਰ ਬੁੱਕ ਭਰਦੀ ਹੈ, ਜਿਸ ਵਿਚ 276 ਪਾਠਕ ਆਪਣੇ ਵਿਚਾਰ ਦਰਜ ਕਰ ਚੁੱਕੇ ਹਨ।

ਨਾਵਲਕਾਰ ਜਸਵੰਤ ਸਿੰਘ ਕੰਵਲ, ਅਰਥ ਸ਼ਾਸਤਰੀ ਸਰਦਾਰਾ ਸਿੰਘ ਜੌਹਲ, ਆਲੋਚਕ ਤੇਜਵੰਤ ਮਾਨ, ਸ਼੍ਰੋਮਣੀ ਸਾਹਿਤਕਾਰ ਓਮ ਪ੍ਰਕਾਸ਼ ਗਾਸੋ ਇਸ ਲਾਇਬਰੇਰੀ ਦੀ ਸ਼ਾਨ ਵਧਾ ਚੁੱਕੇ ਹਨ। ਤਾਮਿਲਨਾਡੂ ਦੇ ਸਾਬਕਾ ਰਾਜਪਾਲ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ, ਸਾਬਕਾ ਐਮ ਪੀ ਸਿਮਰਨਜੀਤ ਸਿੰਘ ਮਾਨ, ਸਾਬਕਾ ਐਮ ਪੀ ਰਾਜਦੇਵ ਸਿੰਘ ਖਾਲਸਾ, ਸਾਬਕਾ ਮੰਤਰੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸਾਬਕਾ ਕੈਬਨਿਟ ਮੰਤਰੀ ਗੋਬਿੰਦ ਸਿੰਘ ਕਾਂਝਲਾ ਸਮੇਤ ਅਨੇਕਾਂ ਸਿਆਸੀ ਆਗੂ ਵੀ ਇਥੇ ਆ ਚੁੱਕੇ ਹਨ। ਸਿਵਲ ਅਤੇ ਪੁਲਿਸ ਅਧਿਕਾਰੀਆਂ ਦੀ ਗਿਣਤੀ ਤਾਂ ਇਸ ਤੋਂ ਵੀ ਕਿਤੇ ਜ਼ਿਆਦਾ ਹੈ।




**ਪੀੜ੍ਹੀਆਂ ਤੋਂ ਪਾਠਕ:** ਮੇਜਰ ਸਿੰਘ (ਉਮਰ 64 ਸਾਲ) ਦਾ ਕਹਿਣਾ ਸੀ ਕਿ ਉਹ ਲਾਇਬਰੇਰੀ ਦੇ ਖੁੱਲ੍ਹਣ ਵੇਲੇ ਤੋਂ ਹੀ ਇਸ ਨਾਲ ਜੁੜੇ ਹੋਏ ਹਨ ਅਤੇ ਮੇਜਰ ਸਿੰਘ ਦੇ ਪੁੱਤਰ ਦਰਸ਼ਨ ਸਿੰਘ (ਉਮਰ 34 ਸਾਲ) ਦਾ ਵੀ ਕਹਿਣਾ ਸੀ ਕਿ ਉਨ੍ਹਾਂ ਦੋਹਾਂ ਭਰਾਵਾਂ ਨੂੰ ਆਪਣੇ ਪਿਤਾ ਰਾਹੀਂ ਇਥੇ ਆਉਣ ਦੀ ਚੇਟਕ ਲੱਗੀ ਸੀ। ਖੇਤੀਬਾੜੀ ਦੇ ਰੁਝੇਵੇਂ ਵਿਚੋਂ ਜਦੋਂ ਵੀ ਵਕਤ ਮਿਲੇ ਤਾਂ ਉਹ ਲਾਇਬਰੇਰੀ ਵਿਚੋਂ ਕਿਤਾਬਾਂ ਪੜ੍ਹਦੇ ਰਹਿੰਦੇ ਹਨ। ਇਸ ਲਾਇਬਰੇਰੀ ਕਰ ਕੇ ਕਿਤਾਬਾਂ ਪੜ੍ਹਨ ਦਾ ਇਹ ਰੁਝਾਨ ਮੇਜਰ ਸਿੰਘ ਦੀ ਤੀਜੀ ਪੀੜ੍ਹੀ ਤੱਕ ਵਿਰਾਸਤ ਵਾਂਗ ਪਹੁੰਚ ਗਿਆ ਹੈ। ਮੇਜਰ ਸਿੰਘ ਦੇ ਪੋਤਾ ਅਤੇ ਪੋਤੀ ਵੀ ਇਸ ਲਾਇਬਰੇਰੀ ਦੇ ਪਾਠਕ ਹਨ। ਮੇਜਰ ਸਿੰਘ ਦੀ ਪੋਤੀ 13 ਸਾਲਾ ਅਮਨਦੀਪ ਕੌਰ ਅਕਸਰ ਆਪਣੀਆਂ ਸਹੇਲੀਆਂ ਨਾਲ ਇਥੇ ਆਉਂਦੀ ਹੈ।

**ਲਾਇਬਰੇਰੀ ਲਈ ਟਰੱਸਟ ਬਣਾਉਣਾ ਚਾਹੁੰਦੇ ਹਨ:** ਸਰਦਾਰਾ ਸਿੰਘ ਮੁੱਢ ਤੋਂ ਹੀ ਇਸ ਲਾਇਬਰੇਰੀ ਨੂੰ ਆਪਣੇ ਖਰਚੇ 'ਤੇ ਚਲਾ ਰਹੇ ਹਨ। ਉਹ ਕਿਤਾਬਾਂ ਜਾਰੀ ਕਰਨ ਦਾ ਪਾਠਕਾਂ ਤੋਂ ਕੁਝ ਵੀ ਨਹੀਂ ਲੈਂਦੇ ਅਤੇ ਨਾ ਹੀ ਕੋਈ ਸਾਲਾਨਾ ਫੀਸ ਹੈ। ਜ਼ਿਆਦਾਤਰ ਲੋਕ ਕਿਤਾਬਾਂ ਮੋੜ ਜਾਂਦੇ ਹਨ। ਸਰਦਾਰਾ ਸਿੰਘ ਦੀ ਉਮਰ ਹੁਣ 82 ਸਾਲ ਦੀ ਹੋ ਚੁੱਕੀ ਹੈ ਅਤੇ ਉਹ ਆਪਣੀਆਂ ਜਾਇਦਾਦਾਂ ਵਿਚੋਂ ਕੁਝ ਰਕਮ ਰਾਖਵੀਂ ਰੱਖ ਕੇ ਲਾਇਬਰੇਰੀ ਦੀ ਥਾਂ ਟਰਸਟ ਬਣਾ ਕੇ ਉਸ ਦੇ ਨਾਂ ਕਰਵਾਉਣੀ ਚਾਹੁੰਦੇ ਹਨ ਤਾਂ ਕਿ ਉਨ੍ਹਾਂ ਦੇ ਮਰਨ ਤੋਂ ਬਾਅਦ ਵੀ ਇਹ ਲਾਇਬਰੇਰੀ ਚਲਦੀ ਰਹਿ ਸਕੇ।

ਬਰਨਾਲਾ ਦੇ ਰਹਿਣ ਵਾਲੇ ਡਾ. ਅੰਮ੍ਰਿਤਪਾਲ ਜੋ ਸੀਨੀਅਰ ਰੈਜ਼ੀਡੈਂਟ ਦੇ ਤੌਰ 'ਤੇ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਤਾਇਨਾਤ ਹਨ, ਦਾ ਕਹਿਣਾ ਹੈ ਕਿ ਮਾਨਸਿਕ ਸਿਹਤ ਲਈ ਵਿਗਿਆਨਕ ਦ੍ਰਿਸ਼ਟੀਕੋਣ ਬਹੁਤ ਜ਼ਰੂਰੀ ਹੈ ਅਤੇ ਇਸ ਮਾਮਲੇ ਵਿਚ ਕਿਤਾਬਾਂ ਮਨੁੱਖ ਦੀਆਂ ਸਭ ਤੋਂ ਚੰਗੀਆਂ ਦੋਸਤ ਹਨ। ਉਨ੍ਹਾਂ ਮੁਤਾਬਕ ਇਸ ਖੇਤਰ ਵਿਚ ਇਸ ਲਾਇਬਰੇਰੀ ਦਾ ਯੋਗਦਾਨ ਅਣਮੁੱਲਾ ਹੈ ਜਿਸ ਦਾ ਬਰਨਾਲਾ ਅਤੇ ਆਸ ਪਾਸ ਦੇ ਇਲਾਕੇ ਦੇ ਸਾਹਿਤ ਸਭਿਆਚਾਰ ਉਤੇ ਉਸਾਰੂ ਅਸਰ ਰਿਹਾ ਹੈ।

**ਮਸਾਲੇ ਵਾਲੀ ਚਾਹ:** ਕਦੇ ਇਸ ਲਾਇਬਰੇਰੀ ਵਿਚ ਜਾਣ ਦਾ ਸਬੱਬ ਬਣੇ ਤਾਂ ਸਰਦਾਰਾ ਸਿੰਘ ਘਰੇ ਬਣਾਏ ਮਸਾਲੇ ਵਾਲੀ ਚਾਹ ਜ਼ਰੂਰ ਪਿਆਉਣਗੇ। ਚਾਹ ਦੇ ਦੌਰ ਵਿਚ ਉਹ ਦਿਲਚਸਪ ਗੱਲਬਾਤ ਜਾਰੀ ਰੱਖਣਗੇ। ਗੱਲਬਾਤ ਦਾ ਵਿਸ਼ਾ ਕੋਈ ਵੀ ਹੋ ਸਕਦਾ ਹੈ। ਮਸਲਨ, ਗੁਰਬਾਣੀ ਦੇ ਅਰਥਾਂ ਦੀ ਵਿਆਖਿਆ ਬਾਰੇ, ਗੁਰਸਿੱਖ ਹੋਣ ਦੇ ਬਾਵਜੂਦ ਕਦੇ ਗੁਰਦੁਆਰੇ ਨਾ ਜਾਣ ਬਾਰੇ। ਪੰਜਾਬੀ ਸੂਬੇ ਦੇ ਮੋਰਚੇ ਦੀਆਂ ਯਾਦਾਂ ਸਾਂਝੀਆਂ ਹੋ ਸਕਦੀਆਂ ਨੇ ਜਾਂ ਵਖ ਵਖ ਧਾਰਾਵਾਂ ਦੇ ਸਾਹਿਤ ਨੂੰ ਲਾਇਬਰੇਰੀ ਵਿਚ ਸਥਾਨ ਦੇਣ ਬਾਰੇ ਵੀ ਚਰਚਾ ਹੋ ਸਕਦੀ ਹੈ।

*(ਬੀ.ਬੀ.ਸੀ. ਪੰਜਾਬੀ ਤੋਂ ਧੰਨਵਾਦ ਸਹਿਤ)*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਦਸੰਬਰ 2017 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-303



*ਆਪੇ ਥੱਪੀਏ ਰੋਟੀਆਂ ਤੇ ਆਪ ਬਣਾਈਏ ਚਾਹ।*
*ਖੌਰੇ ਕਿਹਦੀ ਲੱਗ ਗਈ ਛੜੇ ਰਹਿਣ ਦੀ ਆਹ।*

### ਕੈਪਸ਼ਨ ਮੁਕਾਬਲਾ-301



ਜਦ ਪੰਜੇ ਦਾ ਮੁੱਕਾ ਬਣਦਾ
ਮੁੱਕਾ ਬਣ ਕੇ ਜਦ ਹੈ ਤਣਦਾ।
ਤਾਂ ਲੋਕ ਬਗਾਵਤ ਆਉਂਦੀ ਹੈ
ਫਿਰ ਮਹਿਲਾਂ ਤਾਈਂ ਹਿਲਾਉਂਦੀ ਹੈ।
*-ਜਗਮੀਤ ਸਿੰਘ ਪੰਧੇਰ*
---
ਜ਼ੁਲਮਾਂ ਨੇ ਹੱਦ ਬੰਨੇ ਟੱਪੇ,
ਹੋਰ ਨਹੀਂ ਸਹਿਣੇ, ਕਹਿੰਦੇ ਲੋਕ।
ਜ਼ਾਲਮ ਨੂੰ ਉਦੋਂ ਛਿੜਦੀ ਕੰਬਣੀ,
ਸਿਰ ਜੋੜ ਜਦ ਬਹਿੰਦੇ ਲੋਕ।
ਭੁੱਖੇ ਨਹੀਂ ਮਰਨਾ, ਲੜ ਕੇ ਮਰੀਏ,
ਤਾਣ ਕੇ ਮੁੱਕੇ ਕਹਿੰਦੇ ਲੋਕ।
*-ਗੁਰਦੇਵ ਸਿੰਘ ਢਿਪਾਲੀ ਬਠਿੰਡਾ*
---
ਚੁੱਪ ਕਰਕੇ ਹੁਣ ਬਹਿ ਨਹੀਂ ਹੋਣਾ,
ਅੰਦਰ ਵੜ ਕੇ ਸਹਿ ਨਹੀਂ ਹੋਣਾ।
ਹੱਕਾਂ ਲਈ ਹੈ ਲੜਨਾ ਪੈਣਾ,
ਇੱਕ ਮੁੱਠ ਹੋ ਕੇ ਖੜ੍ਹਨਾ ਪੈਣਾ।
ਚਿਣਗ ਜੋ ਲੋਕ ਰੋਹ ਦੀ ਉਠੀ,
ਹਾਕਮਾਂ ਨੂੰ ਇਹ ਪਊਗੀ ਪੁੱਠੀ।
*-ਦਵਿੰਦਰ ਕੌਰ*
---
ਸਿਆਸੀ ਮੇਲੇ ਜਾਂ ਖਾਸ ਦਿਨਾਂ 'ਤੇ
ਇਕੱਠੇ ਹੋ ਕੇ ਲੋਕ ਨੇ ਬਹਿੰਦੇ।
ਬਾਂਹ ਉਲਾਰ ਕੇ ਜਦੋਂ ਕੋਈ ਬੋਲੇ
ਮਨ ਆਪਣੇ ਦੀ ਕਹਿਣਾ ਨੇ ਚਾਹੁੰਦੇ।
ਉਠੀ ਮੁੱਠ ਇਕਮੁਠਤਾ ਦਾ ਇਸ਼ਾਰਾ
ਸਮਝੋ ਲੋਕ ਕ੍ਰਾਂਤੀ ਨੇ ਚਾਹੁੰਦੇ।
*-ਗਿਆਨੀ ਜਗਜੀਤ ਕੌਰ ਤੂਰ*
---
ਖਾ ਕੇ ਠੋਕਰਾਂ ਦਰ ਦਰ ਦੀਆਂ,
ਸੁਣਦੇ ਫਿਰ ਮਨ ਦੀ ਪੁਕਾਰ।
ਜੋਸ਼ ਫਿਰ ਠਾਠਾਂ ਮਾਰਦਾ,
ਜਵਾਨੀ ਮਾਰਦੀ ਜਦ ਹੁੰਕਾਰ।
ਨਵੀਆਂ ਸੋਚਾਂ ਪਰਵਾਜ਼ ਭਰਦੀਆਂ,
ਨਵੇਂ ਦਿਸਹੱਦੇ ਕਾਇਮ ਕਰਦੀਆਂ।
ਇੱਕ ਤੋਂ ਅਨੇਕ ਹੋ ਜਾਂਦੇ,
'ਕੱਠੀ ਹੁੰਦੀ ਸਾਰੀ ਖਲਕਤ।
ਮੰਜ਼ਿਲ ਤੀਕ ਪਹੁੰਚ ਜਾਂਦੇ,
ਹੁੰਦੀ ਏਕੇ 'ਚ ਬਰਕਤ।
*-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ*
---
ਹੱਥ ਉਠੇ ਤਾਂ ਗੁੱਸੇ ਦੀ ਨਿਸ਼ਾਨੀ
ਮੁੱਠੀ ਹੁੰਦੀ ਇਕਮੁਠਤਾ-ਵਿਦਰੋਹ।
ਲੋਟੂਆਂ ਦਾ ਯੁਗ ਆਇਆ
ਹੱਕਾਂ ਲਈ ਕਿਰਤੀਆਂ ਦਾ ਜਾਗੇ ਰੋਹ।
ਨਿਤ ਦਿਨ ਹੁੰਦੇ ਰੋਸ ਮੁਜ਼ਾਹਰੇ
ਧਨਾਢ ਲੱਭਣ ਢੰਗ ਫੁਟ ਪਾਉਣ ਦੇ।
ਅੰਤ ਜਦੋਂ ਹੈ ਹੋ ਜਾਣੀ
ਇਨਕਲਾਬ ਵੀ ਨਾ ਰੁਕ ਪਾਉਣਗੇ।
*-ਅਮਰਜੀਤ ਸਿੰਘ ਤੂਰ*
---
ਬੰਦ ਮੁੱਕੀ ਹੈ ਘਸੁੰਨ
ਉਲਾਰਿਆ ਉਤਾਂਹ ਹੱਕ ਮੰਗਦਾ
ਇਕਮੁਠਤਾ, ਲਾਮਬੰਦ ਹੋ ਸੋਚ ਸਿਰਜਦਾ।
ਬੰਦ ਮੁੱਠੀ ਜਦੋਂ ਹਵਾ 'ਚ ਉਲਰੀ
ਆਵਾਮ ਵੀ ਉਠ ਖੜ੍ਹਦਾ ਮਗਰ।
ਪਲਟ ਦਿੰਦੇ ਤਖਤੇ।
ਬਾਗੋ ਬਾਗ ਹੋ ਨੱਚਦੇ, ਗੀਤ ਗਾਉਂਦੇ।
ਨਵੀਂ ਸੱਜਰੀ ਸਵੇਰ ਪੌਣ ਰੁਮਕਦੀ
'ਖਲਜੀ ਬਚਾਓ' ਭੱਜ ਜਾਣਗੇ
ਸਾਂਝੀਵਾਲਤਾ ਦਾ ਝੰਡਾ ਬੁਲੰਦ ਹੋਊ।
*-ਦਰਸ਼ਪਾਲ ਦੋਸਾਂਝ*
---
ਇਨਕਲਾਬ ਲਈ ਉਠਾਉਣਾ ਪੈਂਦਾ
ਬੰਦ ਮੁੱਠੀ ਵਾਲਾ ਹੱਥ।
ਹੋ ਜਾਵਣ ਜਦੋਂ ਲੋਕ ਇਕੱਠੇ
ਸਾਹਮਣੇ ਖੜ੍ਹਨੇ ਨਾ ਘੋੜੇ ਤੇ ਰੱਥ।
ਤਕਦੀਰ ਬਦਲਣ ਲਈ ਕੌਮ ਦੀ
ਫਿਰ ਲਾਉਣੀ ਪੈਂਦੀ ਏ ਸੱਥ।
ਮਿਹਨਤ ਰੰਗ ਲਿਆਉਂਦੀ ਹੈ ਜਿਵੇਂ
ਬਣਦਾ ਸੌ ਦਾ ਹਜ਼ਾਰ ਤੇ ਫਿਰ ਲੱਖ।
*-ਗੌਰਾ ਪ੍ਰਜਾਪਤ, ਨਿਊ ਯਾਰਕ*

# ਬੰਦ ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ

*ਦਿੱਲੀ ਵੱਸਦੇ ਕਲਾ ਆਲੋਚਕ ਅਤੇ ਸ਼ਾਇਰ ਜਗਤਾਰਜੀਤ ਸਿੰਘ ਨੇ ਕਈ ਚਰਚਿਤ ਚਿੱਤਰਾਂ ਦੀ ਬੜੀ ਮਾਰਮਿਕ ਵਿਆਖਿਆ ਕੀਤੀ ਹੈ। ਇਸ ਲੇਖ ਵਿਚ ਉਨ੍ਹਾਂ ਭਾਈ ਮਨੀ ਸਿੰਘ (1644-1737) ਦੀ ਸ਼ਹੀਦੀ ਸਬੰਧੀ ਚਿੱਤਰਕਾਰ ਕਿਰਪਾਲ ਸਿੰਘ ਵੱਲੋਂ ਬਣਾਏ ਚਿੱਤਰ ਦਾ ਜ਼ਿਕਰ ਕੀਤਾ ਹੈ ਅਤੇ ਉਹੀ ਮਾਹੌਲ ਸਿਰਜਣ ਦਾ ਯਤਨ ਕੀਤਾ ਹੈ। ਇਹ ਚਿੱਤਰ 1957 ਦਾ ਬਣਾਇਆ ਹੋਇਆ ਹੈ। ਭਾਈ ਮਨੀ ਸਿੰਘ ਦੀ ਸ਼ਹੀਦੀ ਦਰਸਾਉਣ ਵਾਲਾ ਸੰਭਵ ਤੌਰ 'ਤੇ ਇਹ ਪਹਿਲਾ ਚਿੱਤਰ ਹੈ। -ਸੰਪਾਦਕ*

ਬਾਬਾ ਦੀਪ ਸਿੰਘ ਦੀ ਸ਼ਹਾਦਤ ਤੋਂ ਜਲਦ ਬਾਅਦ ਵਿਦਵਾਨ, ਯੋਧੇ ਅਤੇ ਅੰਮ੍ਰਿਤਸਰ ਦੀ ਮਰਿਆਦਾ ਬੰਨ੍ਹਣ ਵਾਲੇ ਸਿੰਘ ਭਾਈ ਮਨੀ ਸਿੰਘ (1644-1737) ਨੂੰ ਵੀ ਸ਼ਹੀਦ ਕਰ ਦਿੱਤਾ ਗਿਆ। ਚਿਤੇਰੇ ਕਿਰਪਾਲ ਸਿੰਘ ਨੇ ਬੰਦ ਬੰਦ ਕੱਟੇ ਜਾਣ ਦੇ ਸਮੇਂ ਨੂੰ ਚਿਤਵਦਿਆਂ ਚਿੱਤਰ ਤਿਆਰ ਕੀਤਾ ਜੋ 1957 ਦਾ ਬਣਿਆ ਹੋਇਆ ਹੈ। ਇਹ ਤੇਤੀ ਇੰਚ ਗੁਣਾਂ ਤਰਤਾਲੀ ਇੰਚ ਦਾ ਹੈ। ਭਾਈ ਮਨੀ ਸਿੰਘ ਦੀ ਸ਼ਹੀਦੀ ਦਰਸਾਉਣ ਵਾਲਾ ਸੰਭਵ ਤੌਰ 'ਤੇ ਇਹ ਪਹਿਲਾ ਚਿੱਤਰ ਹੈ। ਇਸ ਦਾ ਮਹੱਤਵ ਇਹ ਵੀ ਹੈ ਕਿ ਕਿਸੇ ਦੂਜੇ ਫਨਕਾਰ ਨੇ ਇਸ ਤ੍ਰਾਸਦੀ ਨੂੰ ਵਿਸ਼ਾ ਬਣਾ ਕੇ ਆਪਣੇ ਫਨ ਦਾ ਮੁਜ਼ਾਹਰਾ ਨਹੀਂ ਕੀਤਾ। ਭਾਈ ਮਨੀ ਸਿੰਘ ਦੇ ਬਚਪਨ ਦਾ ਨਾਂ ਮਨੀ ਰਾਮ



**ਜਗਤਾਰਜੀਤ ਸਿੰਘ**
**ਫੋਨ: +91-98990-91186**

(ਮਨੀਆ ਵੀ ਕਹਿ ਲੈਂਦੇ ਸਨ) ਸੀ। ਪਿਤਾ ਰਾਓ ਮਾਈ ਦਾਸ ਅਤੇ ਮਾਤਾ ਮਦਰੀ ਬਾਈ (ਲੱਖੀ ਸ਼ਾਹ ਵਣਜਾਰਾ ਦੀ ਧੀ) ਸਨ। ਮਨੀ ਰਾਮ ਆਪਣੇ ਬਾਰਾਂ ਭਰਾਵਾਂ ਵਿਚੋਂ ਇੱਕ ਸੀ।

ਪਿਤਾ ਤੇਰ੍ਹਾਂ ਸਾਲ ਦੀ ਉਮਰ ਵਿਚ ਮਨੀ ਰਾਮ ਨੂੰ ਗੁਰੂ ਹਰਿਰਾਏ ਪਾਸ ਲਿਆਏ ਸਨ। ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਵੱਲ ਰਵਾਨਗੀ ਸਮੇਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਵੀ ਉਨ੍ਹਾਂ ਦੇ ਨਾਲ ਸਨ। ਉਬਲਦੀ ਦੇਗ ਵਿਚ ਬੈਠਣ ਵਾਲੇ ਭਾਈ ਦਿਆਲਾ, ਭਾਈ ਮਨੀ ਰਾਮ (ਸਿੰਘ) ਦੇ ਭਰਾ ਸਨ।

1699 ਨੂੰ ਗੁਰੂ ਗੋਬਿੰਦ ਸਿੰਘ ਹੱਥੋਂ ਅੰਮ੍ਰਿਤਪਾਨ ਕਰਨ ਉਪਰੰਤ ਉਹ ਮਨੀ ਸਿੰਘ ਬਣੇ। ਇਸ ਉਪਰੰਤ ਗੁਰੂ ਜੀ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਦੀ ਸੇਵਾ ਹਿਤ ਉਥੇ ਭੇਜ ਦਿੱਤਾ, ਕਿਉਂਕਿ 1696 ਤੋਂ ਉਥੇ ਕੋਈ ਨਹੀਂ ਸੀ। ਉਹ ਬਾਣੀ ਗਿਆਤਾ ਦੇ ਨਾਲ-ਨਾਲ ਬਾਣੀ ਵਿਆਖਿਆਕਾਰ ਵੀ ਸਨ। ਇਸ ਤੋਂ ਇਲਾਵਾ ਉਹ ਇੱਕ ਯੋਧੇ ਵੀ ਸਨ। ਉਨ੍ਹਾਂ ਨੇ ਭੰਗਾਣੀ ਅਤੇ ਨਦੌਣ ਦੀਆਂ ਜੰਗਾਂ ਵਿਚ ਹਿੱਸਾ ਲਿਆ।

ਗੁਰੂ ਗੋਬਿੰਦ ਸਿੰਘ ਅਨੰਦਪੁਰ ਛੱਡ ਕੇ ਦਮਦਮਾ ਸਾਹਿਬ ਆਏ ਤਾਂ ਉਨ੍ਹਾਂ ਨੂੰ ਵੀ ਉਥੇ ਸੱਦ ਲਿਆ। ਗੁਰੂ ਸਾਹਿਬ ਨੇ ਬੋਲ ਕੇ ਆਦਿ ਗ੍ਰੰਥ ਦੇ ਉਤਾਰੇ ਤਿਆਰ ਕਰਵਾਏ ਸਨ। ਭਾਈ ਗੁਰਦਾਸ ਦੀਆਂ ਵਾਰਾਂ ਨੂੰ ਸਾਹਮਣੇ ਰੱਖ ਕੇ ਉਨ੍ਹਾਂ 'ਗਿਆਨ ਰਤਨਾਵਲੀ' ਦੀ ਰਚਨਾ ਕੀਤੀ। 'ਭਗਤ ਰਤਨਾਵਲੀ' ਦੀ ਰਚਨਾ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਦੀ ਬਾਣੀ ਰਚਨਾ ਨੂੰ ਇੱਕ ਥਾਂ ਇਕੱਤਰ ਕਰ ਕੇ ਉਸ ਨੂੰ 'ਦਸਮ ਗ੍ਰੰਥ' ਦਾ ਸਰੂਪ ਦਿੱਤਾ। ਕਲਮ ਚਲਾਉਣ ਵਾਲੇ ਹੱਥਾਂ ਨੇ ਤੇਗ ਵੀ ਵਾਹੀ ਅਤੇ ਫਿਰ ਆਪਣੀਆਂ ਉਂਗਲਾਂ ਦੇ ਪੋਟੇ-ਪੋਟੇ ਵੀ ਕਟਵਾਏ। ਚਿੱਤਰਕਾਰ ਕਿਰਪਾਲ ਸਿੰਘ ਦਾ ਚਿੱਤਰ ਪੋਟਾ-ਪੋਟਾ ਕੱਟਣ ਦੀ ਕਾਰਵਾਈ ਦੀ ਸ਼ੁਰੂਆਤ ਤੋਂ ਖਿਣ ਭਰ ਪਹਿਲਾਂ ਦਾ ਬਿੰਬ ਸਾਕਾਰ ਕਰਦਾ ਹੈ।

ਚਿੱਤਰ ਅਤੇ ਇਤਿਹਾਸ ਨਾਲੋ-ਨਾਲ ਚਲਦਾ ਹੈ, ਕਿਉਂਕਿ ਇਸ ਚਿੱਤਰ ਦੇ ਪਿਛੋਕੜ ਵਿਚ ਘਟਨਾਵਾਂ ਦੀ ਲੜੀ ਹੈ। ਚਿੱਤਰ ਕਲਪਨਾ ਆਧਾਰਿਤ ਨਹੀਂ।

ਘਟਨਾ 1737 ਦੀ ਹੈ। ਭਾਈ ਮਨੀ ਸਿੰਘ ਚਾਹੁੰਦੇ ਸਨ ਕਿ ਇਸ ਸਾਲ ਸਾਰੇ ਸਿੱਖ ਮਿਲ ਕੇ ਅੰਮ੍ਰਿਤਸਰ ਵਿਖੇ ਬੰਦੀਛੋੜ ਦਿਵਸ ਮਨਾਉਣ। ਵੇਲੇ ਦਾ ਹੁਕਮਰਾਨ ਜ਼ਕਰੀਆ ਖਾਨ, ਲਾਹੌਰ ਦਾ ਗਵਰਨਰ ਹੈ। ਭਾਈ ਮਨੀ ਸਿੰਘ ਇਹ ਪੱਕ ਕਰਨ ਵਾਸਤੇ ਕਿ ਆਉਣ-ਜਾਣ ਵਾਲੇ ਕਿਸੇ ਸਿੱਖ ਨੂੰ ਕੋਈ ਤਕਲੀਫ ਨਾ ਹੋਵੇ, ਜ਼ਕਰੀਆ ਖਾਨ ਤੋਂ ਵਚਨ ਲੈਣਾ ਚਾਹੁੰਦੇ ਹਨ। ਸੁਰੱਖਿਅਤ ਲਾਂਘਾ ਦੇਣ ਬਦਲੇ ਹਾਕਮ ਵੱਲੋਂ ਪੰਜ ਹਜ਼ਾਰ ਮੋਹਰਾਂ ਦੀ ਮੰਗ ਕੀਤੀ ਜਾਂਦੀ ਹੈ ਜਿਸ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ, ਪਰ ਜ਼ਕਰੀਆ ਖਾਨ ਅਤੇ ਦੀਵਾਨ ਲੱਖਪਤ ਰਾਏ ਆਪਣੇ ਮਨਸੂਬੇ ਮੁਤਾਬਿਕ ਆ-ਜਾ ਰਹੇ ਅਤੇ ਅੰਮ੍ਰਿਤਸਰ ਇਕੱਠੇ ਹੋਣ ਵਾਲੇ ਸਿੱਖਾਂ ਨੂੰ ਘੇਰ ਕੇ ਮਾਰਨ ਦੀ ਸਾਜ਼ਿਸ਼ ਕਰਦੇ ਹਨ ਜਿਸ ਦਾ ਪਤਾ ਭਾਈ ਮਨੀ ਸਿੰਘ ਨੂੰ ਲੱਗ ਜਾਂਦਾ ਹੈ। ਨਸਲਕੁਸ਼ੀ ਦੇ ਬਚਾਅ ਹਿੱਤ ਉਹ ਸਿੱਖ ਜਥੇਬੰਦੀਆਂ ਨੂੰ ਪਹਿਲਾਂ ਹੀ ਦੱਸ ਦਿੰਦੇ ਹਨ। ਇਸ ਕਾਰਨ ਬਹੁਤ ਘੱਟ ਸਿੱਖ ਉਥੇ ਪਹੁੰਚਦੇ ਹਨ।

ਦੀਵਾਲੀ ਉਪਰੰਤ ਜ਼ਕਰੀਆ ਖਾਨ ਮਾਇਆ ਦੀ ਮੰਗ ਕਰਦਾ ਹੈ, ਪਰ ਸਿੱਖਾਂ ਦੇ ਨਾ ਆਉਣ ਕਾਰਨ ਮਾਇਆ ਇਕੱਠੀ ਨਾ ਹੋ ਸਕੀ। ਸਾਰੀ ਸਥਿਤੀ ਭਾਈ ਮਨੀ ਸਿੰਘ ਨੇ ਜ਼ਕਰੀਆ ਖਾਨ ਨੂੰ ਦੱਸ ਦਿੱਤੀ। ਹਾਕਮ ਇਹ ਜਾਣ ਕੇ ਚਿੜ ਗਿਆ, ਕਿਉਂਕਿ ਇੱਕ ਤਾਂ ਉਹ ਸਿੱਖਾਂ ਨੂੰ ਆਪਣੀ ਵਿਉਂਤ ਅਨੁਸਾਰ ਮਾਰਨ ਵਿਚ ਅਸਫਲ ਰਿਹਾ; ਦੂਜਾ, ਉਸ ਨੂੰ ਮੂੰਹ ਮੰਗੇ ਪੈਸੇ ਵੀ ਨਾ ਮਿਲੇ। ਫਲਸਰੂਪ, ਭਾਈ ਮਨੀ ਸਿੰਘ ਨੂੰ ਗ੍ਰਿਫਤਾਰ ਕਰ ਕੇ ਮਾਰਨ ਦਾ ਹੁਕਮ ਦਿੱਤਾ ਗਿਆ। ਉਨ੍ਹਾਂ ਨੂੰ ਫੜ ਕੇ ਲਾਹੌਰ ਲਿਜਾਇਆ ਗਿਆ। ਕਾਜ਼ੀ ਨੇ ਸ਼ਰੀਅਤ ਅਨੁਸਾਰ ਸਜ਼ਾ ਸੁਣਾਉਂਦਿਆਂ ਦੋਸ਼ੀ ਦਾ ਬੰਦ ਬੰਦ ਕੱਟ ਕੇ ਮਾਰਨ ਲਈ ਕਿਹਾ।



ਭਾਈ ਮਨੀ ਸਿੰਘ ਨੂੰ ਨਖਾਸ ਚੌਕ, ਲਾਹੌਰ ਵਿਖੇ ਜਨ ਸਮੂਹ ਸਾਹਮਣੇ ਸ਼ਹੀਦ ਕੀਤਾ ਗਿਆ। ਕਿਰਪਾਲ ਸਿੰਘ ਨੇ ਉਸੇ ਅਨੁਰੂਪ ਚਿੱਤਰ ਦਾ ਵਾਤਾਵਰਣ ਰਚਿਆ ਹੈ। ਜਗ੍ਹਾ ਖੁੱਲ੍ਹੀ ਅਤੇ ਖੁੱਲ੍ਹੇ ਆਕਾਸ਼ ਵਾਲੀ ਹੈ। ਭਾਈ ਮਨੀ ਸਿੰਘ ਚੌਂਕੜਾ ਮਾਰੀ ਬੈਠੇ ਹਨ। ਸਿਰ ਸਫੈਦ ਕੇਸਾਂ ਦਾ ਭਰਵਾਂ ਜੂੜਾ ਹੈ ਅਤੇ ਖੁੱਲ੍ਹਾ ਦਾਹੜਾ ਹੈ। ਦੇਹ ਉਪਰ ਕੋਈ ਵਸਤਰ ਨਹੀਂ। ਤੇੜ ਸਫੈਦ ਕਛਹਿਰਾ ਹੈ। ਉਨ੍ਹਾਂ ਦੇ ਕਰੀਬ ਸੱਜੇ ਵੱਲ ਜੱਲਾਦ ਗੋਡਿਆਂ ਭਾਰ ਬੈਠਾ ਹੈ ਜਿਸ ਦੇ ਸੱਜੇ ਹੱਥ ਟੋਕਾ ਹੈ ਅਤੇ ਆਪਣੇ ਖੱਬੇ ਹੱਥ ਨਾਲ ਭਾਈ ਮਨੀ ਸਿੰਘ ਦੀ ਸੱਜੀ ਬਾਂਹ ਨੂੰ ਗੁੱਟ ਤੋਂ ਘੁੱਟ ਕੇ ਫੜਿਆ ਹੋਇਆ ਹੈ। ਜੱਲਾਦ ਦੇ ਟੋਕੇ ਵਾਲੇ ਹੱਥ ਦੀ ਪਕੜ ਦੇਖਣ ਨੂੰ ਓਨੀ ਮਜ਼ਬੂਤ ਨਹੀਂ ਲੱਗਦੀ ਜਿੰਨੀ ਬਾਂਹ ਵਾਲੀ ਪਕੜ ਮਹਿਸੂਸ ਹੋ ਰਹੀ ਹੈ। ਨੇੜ ਨਿਰੀਖਣ ਰਾਹੀਂ ਭੇਤ ਸਪਸ਼ਟ ਹੋ ਜਾਂਦਾ ਹੈ, ਕਿਉਂਕਿ ਜੱਲਾਦ ਦੀ ਖੱਬੀ ਬਾਂਹ ਦੀਆਂ ਮਾਸਪੇਸ਼ੀਆਂ ਵਿਚ ਖਿਚਾਅ ਹੈ। ਉਸ ਨੂੰ ਅੰਦਰੇ-ਅੰਦਰ ਡਰ ਹੈ ਕਿ ਮਰਨ ਤੋਂ ਡਰਦਾ ਮਾਰਾ ਕਾਫਿਰ ਆਪਣੀ ਬਾਂਹ ਪਿੱਛੇ ਨਾ ਖਿੱਚ ਲਵੇ। ਸਮਾਂ ਤਣਾਅ ਦਾ ਲੱਗਦਾ ਹੈ, ਪਰ ਹੈ ਨਹੀਂ, ਕਿਉਂਕਿ ਦੋਵਾਂ ਵਿਚ ਤਕਰਾਰ ਨਹੀਂ। ਜੇ ਮਾਰਨ ਵਾਲਾ ਤਿਆਰ ਹੈ ਤਾਂ ਮਰਨ ਵਾਲਾ ਉਸ ਤੋਂ ਵੱਧ ਤਿਆਰ ਹੈ। ਕਿੰਤੂ ਮਰਨ ਵਾਲੇ ਵੱਲੋਂ ਕੀਤਾ ਜਾ ਰਿਹਾ ਹੈ ਕਿ ਜੱਲਾਦ ਹੁਕਮ ਦੀ ਮੂਲ ਭਾਵਨਾ ਨੂੰ ਸਮਝਣੋਂ ਅਸਮਰੱਥ ਹੈ, ਕਿਉਂਕਿ ਉਹ ਬੰਦ ਬੰਦ ਕੱਟਣ ਦੇ ਆਦੇਸ਼ ਨੂੰ ਗੁੱਟ ਤੋਂ ਕੱਟਣਾ ਸਮਝਦਾ ਹੈ। ਚਿੱਤਰ ਵਿਚ ਦੋਵੇਂ ਧਿਰਾਂ ਬਿਲਕੁਲ ਕੋਲ ਕੋਲ ਹਨ। ਜ਼ਮੀਨ ਉਪਰ ਹੋਈ ਪਲੇਸਮੈਂਟ ਅਨੁਸਾਰ ਭਾਈ ਜੀ ਜ਼ਰਾ ਕੁ ਉਚੇਰੇ ਲੱਗਦੇ ਹਨ। ਤਾਹੀਓਂ ਅੱਖਾਂ ਵਿਚ ਅੱਖਾਂ ਪਾ ਮਰਨ ਵਾਲਾ ਮਾਰਨ ਵਾਲੇ ਨੂੰ ਆਪਣੀ ਗੱਲ ਸਮਝਾ ਰਿਹਾ ਹੈ ਕਿ 'ਬੰਦ ਬੰਦ ਕੱਟਣ' ਦਾ ਕੀ ਅਰਥ ਹੁੰਦਾ ਹੈ ਜਿਸ ਨੂੰ ਸੁਣ ਨੰਗੇ ਪਿੰਡੇ ਆਪਣੇ ਗੋਡਿਆਂ ਭਾਰ ਬੈਠਾ ਜੱਲਾਦ ਹੈਰਾਨ ਹੋ ਜਾਂਦਾ ਹੈ, ਕਿਉਂਕਿ ਮਰਨ ਵਾਲਾ ਤੈਅ ਕਰ ਰਿਹਾ ਹੈ, ਉਸ ਨੂੰ ਕਿਵੇਂ ਮਾਰਿਆ ਜਾਵੇ। ਦੂਜੇ ਅਰਥਾਂ ਵਿਚ ਕਾਜ਼ੀ ਦੇ ਫੁਰਮਾਨ ਨੂੰ ਜੱਲਾਦ ਨੇ ਨਹੀਂ, ਸਗੋਂ ਮਜ਼ਲੂਮ ਨੇ ਸਮਝਿਆ ਹੈ। ਚਿੱਤਰ ਵਿਚ ਦੋ ਹੀ ਕਿਰਦਾਰ ਹਨ ਜਿਹੜੇ ਇੱਕ-ਦੂਜੇ ਦੇ ਆਹਮੋ-ਸਾਹਮਣੇ ਹਨ। ਜੱਲਾਦ ਭੂਰਾ ਸਿਆਹ ਹੈ। ਚਿਹਰੇ ਉਪਰ ਕਾਟਵੀਂ ਦਾਹੜੀ ਅਤੇ ਡੂੰਘੀਆਂ ਅੱਖਾਂ ਉਸ ਨੂੰ ਡਰਾਵਣਾ ਬਣਾਉਂਦੀਆਂ ਹਨ, ਪਰ ਉਸ ਦਾ ਸਾਹਮਣਾ ਬਿਲਕੁਲ ਵਿਪਰੀਤ ਚਿਹਰੇ-ਮੋਹਰੇ ਨਾਲ ਹੋ ਰਿਹਾ ਹੈ।

ਦ੍ਰਿਸ਼ ਕਾਰਜ ਸ਼ੁਰੂ ਹੋਣ ਤੋਂ ਐਨ ਪਹਿਲਾਂ ਦਾ ਹੈ। ਬੰਦ ਬੰਦ ਕੱਟਦਿਆਂ ਦਾ ਨਹੀਂ। ਲਹੂਹੀਣ ਦਿਸ ਰਿਹਾ ਲੱਕੜ ਦਾ ਗੋਲ ਟੁਕੜਾ (ਜਿਸ ਉਪਰ ਹੱਥ ਫੜ ਕੇ ਟਿਕਾਇਆ ਹੋਇਆ ਹੈ) ਅਗਲੇ ਆਉਣ ਵਾਲੇ ਪਲੀਂ ਲਹੂ ਨਾਲ ਸਿੰਜਿਆ ਜਾਵੇਗਾ ਅਤੇ ਉਸ ਦਾ ਆਲਾ-ਦੁਆਲਾ ਮਾਸ ਮਿੱਝ ਦੇ ਨਿੱਕੇ-ਵੱਡੇ ਟੁਕੜਿਆਂ ਨਾਲ ਭਰ ਜਾਵੇਗਾ।

ਉਹ ਮੰਜ਼ਰ ਹੌਲਨਾਕ ਹੀ ਹੋਵੇਗਾ। ਇਸ ਦਾ ਸੰਕੇਤ ਰਚਨਾ ਵਿਚ ਹਾਜ਼ਰ ਹੈ। ਧੁਰ ਸੱਜੇ ਵੱਲ ਖੜ੍ਹੇ ਬੰਦੀ ਸਿੰਘਾਂ ਪ੍ਰਤੀ ਕਾਜ਼ੀ ਅਤੇ ਜੱਲਾਦਾਂ ਦਾ ਵਿਹਾਰ ਮਨੀ ਸਿੰਘ ਤੋਂ ਭਿੰਨ ਹੋਣ ਵਾਲਾ ਨਹੀਂ।

ਹੁਕਮ ਚਾੜ੍ਹਨ ਵਾਲਾ ਕਾਜ਼ੀ, ਜੱਲਾਦ ਦੇ ਬਿਲਕੁਲ ਪਿੱਛੇ ਖੜ੍ਹਾ ਹੈ। ਉਸ ਦਾ ਖਾਸ ਅੰਦਾਜ਼ ਹੋਰਾਂ ਨਾਲੋਂ ਵੱਖਰਾ ਹੈ। ਲੱਤਾਂ ਫੈਲਾ ਕੇ ਖੜ੍ਹੇ ਕਾਜ਼ੀ ਦੇ ਬਗਲ ਕੁਰਾਨ ਹੈ। ਦੂਜੇ ਹੱਥ ਦੀ ਹਰਕਤ ਨਾਲ ਉਹ ਆਪਣੇ ਕਹੇ ਬੋਲਾਂ ਨੂੰ ਜ਼ੋਰਦਾਰ ਹੱਥ ਸੰਕੇਤ ਨਾਲ ਸਮਝਾ ਰਿਹਾ ਹੈ। ਉਸ ਦੇ ਗਲ ਖੁੱਲ੍ਹਾ ਚੋਲਾ, ਤੇੜ ਸਲਵਾਰ ਅਤੇ ਪੈਰੀਂ ਜੁੱਤੀਆਂ ਹਨ। ਸਿਰ ਕੁੱਲੇਦਾਰ ਪਗੜੀ ਲੱਥੇ ਚਿਹਰੇ ਦੀਆਂ ਅੱਡੀਆਂ ਅੱਖਾਂ ਅਤੇ ਕੱਟੀ ਹੋਈ ਮਹਿੰਦੀ ਰੰਗੀ ਦਾਹੜੀ, ਖੁਸ਼ਗਵਾਰ ਅਸਰ ਨਹੀਂ ਦੇ ਰਹੀ। ਇਹਦੇ ਗਲ ਦੁਆਲੇ ਤਸਬੀਆਂ ਇਹਦੇ ਸਮਾਜਿਕ, ਰਾਜਸੀ ਅਹੁਦੇ ਵੱਲ ਇਸ਼ਾਰਾ ਕਰਦੀਆਂ ਹਨ। ਉਹ ਧਰਮੀ ਹੈ, ਪਰ ਇੱਕ ਵਰਗ ਦਾ। ਉਸ ਦੀ ਕਾਰਜ ਸ਼ੈਲੀ ਨਿਆਂ ਦੇਣ ਵਾਲੀ ਨਹੀਂ, ਸਗੋਂ ਆਪਣੇ ਵਿਰੋਧੀ ਦਾ ਜੀਵਨ ਲੈਣ ਵਾਲੀ ਹੈ। ਕਾਜ਼ੀ ਦੀ ਸਰੀਰਕ ਭਾਸ਼ਾ ਤਾਕਤ ਦੇ ਨਾਲ ਨਾਲ ਨਿਰਣਾ ਦੇਣ ਵਾਲੇ ਦੀ ਦ੍ਰਿੜ੍ਹਤਾ ਦਰਸਾਉਂਦੀ ਹੈ।

ਕਾਜ਼ੀ ਅਤੇ ਜੱਲਾਦ ਤੋਂ ਇਲਾਵਾ ਹਥਿਆਰਾਂ ਨਾਲ ਲੈਸ ਲੰਮਾ-ਚੌੜਾ ਸਿਪਾਹੀ ਨਿਗਰਾਨ ਵਜੋਂ ਖੜ੍ਹਾ ਹੈ। ਇਹਦੀ ਪਿੱਠ ਦਰਸ਼ਕਾਂ ਵੱਲ ਹੈ। ਜ਼ਾਹਰ ਹੈ, ਹਾਕਮ ਧਿਰ ਦਾ ਕਾਰਿੰਦਾ ਹੋਣ ਕਰ ਕੇ ਦਇਆਵਾਨ ਤਾਂ ਨਹੀਂ ਹੋ ਸਕਦਾ। ਕਾਜ਼ੀ ਦੇ ਪਿੱਛੇ ਪੇਤਲਾ ਜਿਹਾ ਹਿੰਦੂ-ਮੁਸਲਮਾਨਾਂ ਦਾ ਦਰਸ਼ਕ ਸਮੂਹ ਹੈ। ਇਨ੍ਹਾਂ ਦੇ ਹਾਵ-ਭਾਵ ਸਾਧਾਰਨ ਨਹੀਂ।

***ਭਾਈ ਮਨੀ ਸਿੰਘ ਨੂੰ ਲਾਹੌਰ ਵਿਖੇ ਜਨ ਸਮੂਹ ਸਾਹਮਣੇ ਸ਼ਹੀਦ ਕੀਤਾ ਗਿਆ। ਕਿਰਪਾਲ ਸਿੰਘ ਨੇ ਉਸੇ ਅਨੁਰੂਪ ਚਿੱਤਰ ਦਾ ਵਾਤਾਵਰਨ ਰਚਿਆ ਹੈ। ਭਾਈ ਮਨੀ ਸਿੰਘ ਚੌਂਕੜਾ ਮਾਰੀ ਬੈਠੇ ਹਨ। ਸਿਰ ਸ਼ਫੈਦ ਕੇਸਾਂ ਦਾ ਭਰਵਾਂ ਜੂੜਾ ਹੈ ਅਤੇ ਖੁੱਲ੍ਹਾ ਦਾਹੜਾ ਹੈ। ਦੇਹ ਉਪਰ ਕੋਈ ਵਸਤਰ ਨਹੀਂ। ਤੇੜ ਸ਼ਫੈਦ ਕਛਹਿਰਾ ਹੈ। ਉਨ੍ਹਾਂ ਦੇ ਕਰੀਬ ਸੱਜੇ ਵੱਲ ਜਲਾਦ ਗੋਡਿਆਂ ਭਾਰ ਬੈਠਾ ਹੈ ਜਿਸ ਦੇ ਸੱਜੇ ਹੱਥ ਟੋਕਾ ਹੈ ਅਤੇ ਆਪਣੇ ਖੱਬੇ ਹੱਥ ਨਾਲ ਭਾਈ ਮਨੀ ਸਿੰਘ ਦੀ ਸੱਜੀ ਬਾਂਹ ਨੂੰ ਗੁੱਟ ਤੋਂ ਘੁੱਟ ਕੇ ਫੜਿਆ ਹੋਇਆ ਹੈ। ਜਲਾਦ ਦੇ ਟੋਕੇ ਵਾਲੇ ਹੱਥ ਦੀ ਪਕੜ ਦੇਖਣ ਨੂੰ ਓਨੀ ਮਜ਼ਬੂਤ ਨਹੀਂ ਲੱਗਦੀ ਜਿੰਨੀ ਬਾਂਹ ਵਾਲੀ ਪਕੜ ਮਹਿਸੂਸ ਹੋ ਰਹੀ ਹੈ।***

ਇਹ ਸਾਦੇ ਜਿਹੇ ਨੰਗੇ ਧੜ ਪੋਟਾ ਪੋਟਾ ਕੱਟੇ ਜਾਣ ਵਾਲੇ ਨੂੰ ਦੇਖਣ ਆਏ ਹਨ, ਪਰ ਜੋ ਦੇਖਣ ਨੂੰ ਮਿਲੇਗਾ, ਉਹ ਹੌਲਨਾਕ ਅਤੇ ਭੈਅ-ਭੀਤ ਕਰਨ ਵਾਲਾ ਹੋਵੇਗਾ। ਇਹ ਲੋਕ ਵੀ ਕੋਮਲ ਭਾਵੀ, ਸਭਿਆਚਾਰੀ ਪ੍ਰਤੀਤ ਨਹੀਂ ਹੋ ਰਹੇ। ਭਾਈ ਮਨੀ ਸਿੰਘ ਨੂੰ ਚੌਰਾਹੇ ਬਿਠਾ ਕੇ ਕਤਲ ਕੀਤਾ ਜਾਣਾ ਹੈ, ਪਰ ਇਸ ਤੋਂ ਪਹਿਲਾਂ ਉਹ ਕੈਦੀ ਵਜੋਂ ਕਿਲੇ ਵਿਚ ਰੱਖੇ ਗਏ ਸਨ। ਉਸੇ ਇਮਾਰਤ ਦਾ ਵਿਸ਼ਾਲ ਹਿੱਸਾ ਚਿੱਤਰ ਵਿਚ ਦ੍ਰਿਸ਼ਮਾਨ ਹੈ। ਇਸ ਨੂੰ ਬਣਾਉਂਦੇ ਸਮੇਂ ਚਿੱਤਰਕਾਰ ਦੇ ਮਨ ਵਿਚ ਕੀ ਵਿਚਾਰ ਰਹੇ ਹੋਣਗੇ, ਪਤਾ ਨਹੀਂ। ਮਜ਼ਬੂਤ, ਚੌੜੀ ਪੱਥਰਾਂ ਦੀ ਦੀਵਾਰ ਪਿਛਾਂਹ ਵੱਲ ਜਾਂਦੀ ਜਾਂਦੀ ਆਪਣਾ ਰੂਪ ਅਤੇ ਆਕਾਰ ਗੁਆ ਲੈਂਦੀ ਹੈ। ਇਹ ਦਰਸ਼ਕਾਂ ਦੇ ਪਿਛੋਕੜ ਦਾ ਕੰਮ ਸਾਰ ਸਕਦੀ ਸੀ, ਪਰ ਹਲਕੇ ਨੀਲੇ ਭੂਰੇ, ਸਲੇਟੀ ਰੰਗਾਂ ਦੇ ਮਿਸ਼ਰਣ ਵਿਚ ਦੂਰ ਦੀ ਤਫਸੀਲ ਅਤੇ ਪੱਥਰਾਂ ਦੀ ਫਾਸੀਲ ਆਪਣੀ ਹੋਂਦ ਗੁਆ ਲੈਂਦੀ ਹੈ। ਇਸ ਧੁਆਂਖੇ ਪਿਛੋਕੜ ਵਿਚੋਂ ਇੱਕ ਗੁੰਬਦ ਦਾ ਆਭਾਸ ਹੁੰਦਾ ਹੈ। ਇਹ ਮਸਜਿਦ ਹੋ ਸਕਦੀ ਹੈ। ਚਿੱਤਰਕਾਰ ਮਹਿਰਾਬ ਪੂਰੀ ਬਣਾ ਸਕਦਾ ਸੀ। ਉਸ ਨੂੰ ਵਧੇਰੇ ਸਪਸ਼ਟਤਾ ਦੇ ਸਕਦਾ ਸੀ, ਪਰ ਵਸਤੂ ਸਥਿਤੀ ਦਾ ਚਿਤਰਣ ਨੇੜਿਓਂ ਹੋਣ ਸਦਕਾ ਏਦਾਂ ਹੋਇਆ ਹੈ। ਵਿਸ਼ਾਲਤਾ ਮਜ਼ਬੂਤੀ ਅਤੇ ਸਥਿਰਤਾ ਦਾ ਸੰਕੇਤ ਹੈ। ਇਹ ਇਮਾਰਤ ਦੇ ਨਾਲੋ-ਨਾਲ ਸੱਤਾ ਉਪਰ ਲਾਗੂ ਹੁੰਦਾ ਹੈ। ਸੱਤਾ ਨਿਰਦੈਤਾ ਦੀ ਹਾਮੀ ਰਹਿੰਦੀ ਆਈ ਹੈ। ਇਸ ਚਿੱਤਰ ਵਿਚ ਇਹੋ ਲਖਸ਼ਿਤ ਹੋ ਰਿਹਾ ਹੈ।

ਦਰਵਾਜ਼ੇ ਦੀ ਮਹਿਰਾਬ ਦੇ ਬਾਹਰ ਵੱਲ ਮਨੀ ਸਿੰਘ ਨੂੰ ਬਿਠਾ ਕੇ ਆਮ ਲੋਕਾਂ ਦੇ ਸਾਹਮਣੇ ਬੰਦ ਬੰਦ ਕੱਟਣਾ ਹੈ। ਦੇਖਣ ਆਏ ਲੋਕਾਂ ਦੇ ਚਿਹਰੇ-ਮੋਹਰਿਆਂ ਦੇ ਹਾਵ-ਭਾਵ ਜ਼ਾਹਰ ਨਹੀਂ ਹੋ ਰਹੇ, ਕਿਉਂਕਿ ਉਸ ਉਦੇਸ਼ ਅਨੁਸਾਰ ਉਨ੍ਹਾਂ ਨੂੰ ਚਿਤਰਿਆ ਨਹੀਂ ਗਿਆ। ਇਨ੍ਹਾਂ ਦਾ ਹੋਣਾ, ਨਾ ਹੋਣਾ ਇੱਕੋ ਜਿਹਾ ਹੈ, ਕਿਉਂਕਿ ਕੁਝ ਕਰਨੋਂ ਅਸਮਰੱਥ ਹਨ। ਸੱਤਾਧਾਰੀ ਧਿਰ ਅਤੇ ਉਸ ਵੱਲੋਂ ਦਿੱਤੀ ਜਾ ਰਹੀ ਮੌਤ ਦੇ ਤਰੀਕੇ ਨੇ ਉਨ੍ਹਾਂ ਨੂੰ ਪਥਰਾਅ ਦਿੱਤਾ ਹੈ। ਦ੍ਰਿਸ਼ ਤੋਂ ਹਟ ਜਾਣ ਬਾਅਦ ਸੰਭਵ ਹੈ ਕਿ ਉਨ੍ਹਾਂ ਦੇ ਬੋਲ ਪਰਤ ਆਉਣ। ਦ੍ਰਿਸ਼ ਦੇ ਕੇਂਦਰ ਵਿਚ ਭਾਈ ਮਨੀ ਸਿੰਘ ਹਨ। ਇਹ ਪ੍ਰਭਾਵ ਦੋਹਰਾ ਹੈ। ਇੱਕ ਤਾਂ ਉਹ ਜੋ ਚਿੱਤਰ ਫਰੇਮ ਵਿਚ ਮੌਜੂਦ ਹਨ ਅਤੇ ਦੂਜਾ ਉਹ ਜੋ ਚਿੱਤਰ ਤੋਂ ਬਾਹਰ ਰਹਿ ਕੇ ਚਿੱਤਰ ਨੂੰ ਦੇਖ ਰਹੇ ਹਨ, ਭਾਵ ਦਰਸ਼ਕ।

ਭਾਈ ਮਨੀ ਸਿੰਘ ਦੇ ਸਰੀਰ ਦਾ ਰੰਗ ਹੋਰਾਂ ਨਾਲੋਂ ਵਧੇਰੇ ਸਾਫ ਹੈ। ਪੂਰਾ ਸਰੀਰ ਗਠੀਲਾ ਅਤੇ ਇਕਹਿਰਾ ਹੈ। ਉਹ ਕਈ ਯੁੱਧਾਂ ਦੇ ਯੋਧੇ ਰਹਿ ਚੁਕੇ ਹਨ। ਸਫੈਦ ਕੇਸ ਅਤੇ ਦਾਹੜਾ ਵੀ ਉਨ੍ਹਾਂ ਦੀ ਖਿੱਚ ਨੂੰ ਵਧਾਉਂਦਾ ਹੈ। ਉਹ ਜਮੀਨ ਉਪਰ ਹੀ ਚੌਂਕੜਾ ਮਾਰ ਕੇ ਬੈਠੇ ਹੋਏ ਹਨ।

ਜੱਲਾਦ ਨਾਲ ਗੱਲਬਾਤ ਉਪਰੰਤ ਉਨ੍ਹਾਂ ਦੀ ਸਰੀਰਕ ਹਰਕਤ ਸਹਿਜ ਹੈ, ਕੋਈ ਨਾਟਕੀ ਹਾਵ-ਭਾਵ ਨਹੀਂ ਹੈ। ਮਰਨਾ ਤਾਂ ਹੈ, ਪਰ ਜਿਸ ਤਰ੍ਹਾਂ ਮਾਰੇ ਜਾਣ ਦਾ ਤਰੀਕਾ ਉਨ੍ਹਾਂ ਵੱਲੋਂ ਜੱਲਾਦ ਤਾਈਂ ਸੁਣਾਇਆ ਗਿਆ, ਉਸ ਦੇ ਭੈਅ ਦਾ ਰਤਾ ਜਿੰਨਾ ਪਰਛਾਵਾਂ ਅੱਖਾਂ ਵਿਚ ਜਾਂ ਚਿਹਰੇ ਉਪਰ ਨਹੀਂ ਹੈ।

ਯੁੱਧ ਭੂਮੀ ਵਿਚ ਵੀ ਭਾਈ ਮਨੀ ਸਿੰਘ ਧਰਮ ਰਾਖੀ ਹਿੱਤ ਲੜਦੇ ਰਹੇ ਅਤੇ ਇਸ ਵਾਰ ਵੀ ਸਵੈ-ਧਰਮ ਦੀ ਰੱਖਿਆ ਹਿੱਤ ਖੁਦ ਨੂੰ ਮਰਵਾ ਰਹੇ ਹਨ। ਯੁੱਧ ਭੂਮੀ ਵਿਚ ਦੋਵੇਂ ਧਿਰਾਂ ਹਥਿਆਰਾਂ ਨਾਲ ਲੈਸ ਹੁੰਦੀਆਂ ਸਨ। ਹੁਣ ਇੱਕ ਧਿਰ ਪਾਸ ਹਥਿਆਰ ਹੈ, ਜਦੋਂਕਿ ਦੂਜੀ ਪਾਸ ਸਬਰ, ਸੰਤੋਖ, ਸ਼ਾਂਤੀ ਅਤੇ ਜਬਰ ਸਹਿਣ ਦੀ ਸ਼ਕਤੀ ਹੈ।

ਚਿੱਤਰ ਵਿਚਲੇ ਹਰ ਕਿਰਦਾਰ ਦੀ ਨਿਗ੍ਹਾ ਭਾਈ ਮਨੀ ਸਿੰਘ 'ਤੇ ਟਿਕੀ ਹੋਈ ਹੈ। ਦੇਖਣ ਦਾ ਕਾਰਨ ਵਿਲੱਖਣ ਹੈ ਕਿਉਂ ਜੋ ਮਾਰਨ ਵਾਲੇ ਨੇ ਪ੍ਰਚੱਲਿਤ ਤੋਂ ਵੱਖਰਾ ਅੰਦਾਜ਼ ਅਪਨਾਇਆ ਹੈ ਜਿਸ ਨੂੰ ਮਰਨ ਵਾਲੇ ਨੇ ਹੋਰ ਸੂਖਮਤਾ ਦੇ ਦਿੱਤੀ ਹੈ।

ਇਸ ਚਿੱਤਰ ਵਿਚ ਭੀੜ ਨਾ ਸੰਘਣੀ ਹੈ ਅਤੇ ਨਾ ਹੀ ਉਸ ਨੂੰ ਕੋਈ ਤੋਰਨ ਵਾਲਾ ਹੈ। ਦਰਸ਼ਕ ਰੂਪ ਵਿਚ ਜੋ ਚਾਰ-ਛੇ ਲੋਕ ਹਨ, ਉਹ ਵੀ ਸਾਧਾਰਨ ਹਨ। ਇਹ ਗਰੀਬ ਥੁੜ੍ਹੇ ਲੋਕ ਹਨ ਜਿਨ੍ਹਾਂ ਦਾ ਆਪਸ ਵਿਚ ਕੋਈ ਸਬੰਧ ਨਹੀਂ। ਸਬੰਧ ਤਾਂ ਭਾਈ ਮਨੀ ਸਿੰਘ ਨਾਲ ਵੀ ਨਹੀਂ। ਉਹ ਮੁਜਰਿਮ ਦੇ ਹਮਾਇਤੀ ਜਾਂ ਹਮਦਰਦ ਵੀ ਨਹੀਂ। ਹਮਖਿਆਲ ਹੋਣਾ ਤਾਂ ਦੂਰ ਦੀ ਗੱਲ ਹੈ। ਇੰਨਾ ਕੁ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਾਰਾ ਕੁਝ ਦੇਖਣ ਤੋਂ ਬਾਅਦ ਇਹ ਹੋਰਾਂ ਨੂੰ ਜਾ ਕੇ ਦੱਸਣਗੇ। ਅਜਿਹੇ ਬੋਲ ਹੀ ਲੋਕ ਇਤਿਹਾਸ ਦਾ ਆਧਾਰ ਬਣਦੇ ਹਨ।

ਇਮਾਰਤੀ ਮਹਿਰਾਬ ਥੱਲੇ ਚਾਰ ਸਿੰਘਾਂ ਦਾ ਜੁਟ ਹੈ ਜਿਨ੍ਹਾਂ ਦੇ ਸਿਰ ਦਸਤਾਰਾਂ, ਗਲਾਂ ਵਿਚ ਚੋਲੇ ਅਤੇ ਤੇੜ ਕਛਹਿਰੇ ਹਨ। ਉਨ੍ਹਾਂ ਨੇ ਗਾਤਰੇ ਵੀ ਧਾਰੇ ਹੋਏ ਹਨ। ਇਹ ਭਾਈ ਮਨੀ ਸਿੰਘ ਦੇ ਹਮਾਇਤੀ, ਹਮਖਿਆਲ, ਹਮਦਰਦ ਹਨ। ਨਿਸ਼ਚਿਤ ਹੈ ਕਿ ਅਗਲੀ ਵਾਰੀ ਇਨ੍ਹਾਂ ਵਿਚੋਂ ਹੀ ਕਿਸੇ ਇੱਕ ਦੀ ਹੋਵੇਗੀ।

ਭੀੜ ਨੂੰ ਆਪਣੇ ਹਸ਼ਰ ਦਾ ਅੰਦਾਜ਼ਾ ਨਹੀਂ, ਪਰ ਇਨ੍ਹਾਂ ਸਿੰਘਾਂ ਨੂੰ ਹੈ। ਹਾਕਮ ਵਾਸਤੇ ਸਿੰਘ ਸਦਾ ਖਤਰੇ ਦਾ ਕਾਰਨ ਹਨ। ਉਨ੍ਹਾਂ ਨੂੰ ਖਤਮ ਕਰਨਾ ਮੁੱਖ ਉਦੇਸ਼ ਹੈ। ਉਨ੍ਹਾਂ ਦਾ ਵਖਰੇਵਾਂ ਪਛਾਣਿਆ ਜਾ ਸਕਦਾ ਹੈ। ਗੁਰੂ ਸਾਹਿਬਾਨ ਨੇ ਭਗਤੀ ਅਤੇ ਸ਼ਕਤੀ ਦੇ ਸੁਮੇਲ ਨੂੰ ਸਲਾਹਿਆ ਹੈ। ਗੁਰਬਾਣੀ ਵੀ ਅਜਿਹੇ ਵਿਅਕਤੀ ਨੂੰ ਆਦਰਸ਼ ਵਿਅਕਤੀ ਸਵੀਕਾਰਦੀ ਹੈ। ਭਾਈ ਮਨੀ ਸਿੰਘ ਅਜਿਹੇ ਹੀ ਵਿਅਕਤੀ ਹਨ। ਕਿਰਪਾਲ ਸਿੰਘ ਕੈਨਵਸ ਉਪਰ ਭਾਈ ਮਨੀ ਸਿੰਘ ਨੂੰ ਉਸੇ ਰੂਪ ਵਿਚ ਚਿਤਰਦਾ ਹੈ। ਚਿੱਤਰਕਾਰ ਨੇ ਕੰਮ ਵਿਚ ਗੂੜ੍ਹੇ ਰੰਗਾਂ ਦੀ ਵਰਤੋਂ ਨਹੀਂ ਕੀਤੀ। ਜਿੱਥੇ-ਜਿੱਥੇ ਨੀਲੇ ਰੰਗ ਦੀ ਵਰਤੋਂ ਹੋਈ ਹੈ, ਉਸ ਵਿਚ ਹੋਰ ਰੰਗ ਮਿਲਾ ਕੇ ਉਸ ਦੇ ਮੂਲ ਸੁਭਾਅ ਨੂੰ ਦਬਾਇਆ ਗਿਆ ਹੈ।

ਭਾਈ ਮਨੀ ਸਿੰਘ ਅਵਤਾਰੀ ਪੁਰਖ ਨਹੀਂ। ਇਸ ਕਰ ਕੇ ਉਨ੍ਹਾਂ ਦੇ ਸਿਰ ਦੁਆਲੇ 'ਹਾਲਾ' ਨਹੀਂ ਹੈ। ਹੋ ਵੀ ਨਹੀਂ ਸਕਦਾ, ਪਰ ਉਨ੍ਹਾਂ ਦਾ ਸਮੁੱਚਾ ਜੀਵਨ 'ਆਦਰਸ਼ ਜੀਵਨ' ਰਿਹਾ ਹੈ। ਲੱਗਦਾ ਹੈ ਕਿ ਚਿੱਤਰਕਾਰ ਨੇ ਆਪਣੀ ਤਰ੍ਹਾਂ ਉਨ੍ਹਾਂ ਦੇ ਗੁਣਾਂ ਅਤੇ ਜੀਵਨ ਨੂੰ ਦਿੱਖ ਰਹੇ ਸਰੀਰ ਰਾਹੀਂ ਚਿਤਰਿਆ ਹੈ। ਸਰੀਰ ਨੂੰ ਉਜਲ ਰੂਪ ਦੇਣ ਹਿੱਤ ਇੱਕ ਜੁਗਤ ਦੀ ਵਰਤੋਂ ਹੋਈ ਹੈ। ਮਹਿਰਾਬ ਥਾਣੀਂ ਆ ਰਹੀ ਲੋਅ ਭਾਈ ਮਨੀ ਸਿੰਘ ਦੀ ਪਿੱਠ ਨੂੰ ਛੂੰਹਦਿਆਂ ਚਿੱਤਰ ਦੇ ਦੂਸਰੇ ਪਾਸਿਓਂ ਅਗਾਂਹ ਨਿਕਲ ਜਾਂਦੀ ਹੈ ਜਾਂ ਮੱਧਮ ਪੈ ਜਾਂਦੀ ਹੈ। ਏਦਾਂ ਨੰਗੀ ਲੋਅ ਨੰਗੇ ਪਿੰਡੇ ਨੂੰ ਦਗ-ਦਗ ਕਰ ਦਿੰਦੀ ਹੈ। 'ਦੇਹ ਦਾ ਦਗ-ਦਗ ਕਰਨਾ' ਹੀ ਕਤਲ ਕੀਤੀ ਜਾ ਰਹੀ ਸ਼ਖਸੀਅਤ ਨੂੰ ਅਲੌਕਿਕਤਾ ਪ੍ਰਦਾਨ ਕਰਦਾ ਹੈ। ਸਾਰੇ ਕੈਨਵਸ ਵਿਚੋਂ ਸਭ ਤੋਂ ਵੱਧ ਪ੍ਰਕਾਸ਼ਿਤ ਵਿਅਕਤੀ ਭਾਈ ਮਨੀ ਸਿੰਘ ਹਨ। ਪ੍ਰਕਾਸ਼ ਦਾ ਸਬੰਧ ਊਰਜਾ ਨਾਲ ਵੀ ਹੈ। ਊਰਜਾ ਵਿਚ ਜੀਵਨ ਹੁੰਦਾ ਹੈ। ਇਸ ਤੱਥ ਨੂੰ ਵਿਸਥਾਰ ਦਿੰਦਿਆਂ ਕਹਿ ਸਕਦੇ ਹਾਂ ਕਿ ਮੌਤ ਨੂੰ ਸਾਹਮਣੇ ਦੇਖ ਕੇ ਵੀ ਨਾ ਡਰਨ ਵਾਲੇ ਲਈ ਜੀਵਨ-ਮਰਨ ਦੀ ਲਕੀਰ ਦਾ ਫਰਕ ਬੇਮਾਅਨੇ ਹੈ।

# ਪੰਜਾਬ ਵਿਚ ਸਭ ਤੋਂ ਵੱਧ ਆਪਣਿਆਂ ਦੀ ਹਵਸ ਦਾ ਸ਼ਿਕਾਰ ਹੋਈਆਂ ਕੁੜੀਆਂ




**ਚੰਡੀਗੜ੍ਹ:** ਪੰਜਾਬ ਵਿਚ 71 ਲੜਕੀਆਂ ਨਾਲ ਉਨ੍ਹਾਂ ਸਕੇ ਸਬੰਧੀਆਂ ਨੇ ਹੀ ਜਬਰ ਜਨਾਹ ਕੀਤਾ ਹੈ। ਇਹ ਖੁਲਾਸਾ ਕੌਮੀ ਅਪਰਾਧ ਰਿਕਾਰਡ ਬਿਊਰੋ ਵੱਲੋਂ ਕੀਤਾ ਗਿਆ ਹੈ। ਤਾਜ਼ਾ ਅੰਕੜਿਆਂ ਅਨੁਸਾਰ ਪੰਜਾਬ 'ਚ ਇਕ ਸਾਲ ਵਿਚ ਹੀ 12 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਨਾਲ ਜਬਰ ਜਨਾਹ ਦੇ 63 ਮਾਮਲੇ ਸਾਹਮਣੇ ਆਏ ਹਨ। ਇਸ ਤੋਂ ਇਲਾਵਾ ਇਕ ਸਾਲ ਦੇ ਸਮੇਂ ਵਿਚ ਹੀ ਲੜਕੀਆਂ ਨਾਲ ਉਨ੍ਹਾਂ ਦੇ ਸਕੇ ਪਰਿਵਾਰਕ ਮੈਂਬਰਾਂ ਅਤੇ ਕਰੀਬੀ ਰਿਸ਼ਤੇਦਾਰਾਂ ਵਲੋਂ ਜਬਰ ਜਨਾਹ ਕਰਨ ਦੇ 71 ਮਾਮਲਿਆਂ ਦਾ ਖੁਲਾਸਾ ਹੋਇਆ ਹੈ। ਬਿਊਰੋ ਵੱਲੋਂ ਜਾਰੀ ਸਾਲ 2016 ਦੇ ਇਨ੍ਹਾਂ ਅੰਕੜਿਆਂ ਅਨੁਸਾਰ ਪੰਜਾਬ ਵਿਚ 6 ਸਾਲ ਤੋਂ ਘੱਟ ਉਮਰ ਦੀਆਂ ਬਾਲੜੀਆਂ ਨਾਲ ਜਬਰ ਜਨਾਹ ਦੇ 15 ਮਾਮਲੇ ਦਰਜ ਹੋਏ।

ਇਸ ਤੋਂ ਇਲਾਵਾ 6 ਤੋਂ 12 ਸਾਲ ਉਮਰ ਦੀਆਂ ਬੱਚੀਆਂ ਨਾਲ ਜਬਰ ਜਨਾਹ ਦੇ 33 ਮਾਮਲੇ ਸਾਹਮਣੇ ਆਏ। ਇੰਨਾ ਹੀ ਨਹੀਂ ਇਸ ਇਕ ਸਾਲ ਦੌਰਾਨ 12 ਤੋਂ 16 ਸਾਲ ਉਮਰ ਦੀਆਂ ਲੜਕੀਆਂ ਨਾਲ ਜਬਰ ਜਨਾਹ ਦੇ 175 ਮਾਮਲੇ ਸਾਹਮਣੇ ਆਏ। ਇਸ ਤੋਂ ਇਲਾਵਾ ਪੰਜਾਬ ਵਿਚੋਂ 39 ਮਾਮਲੇ ਅਜਿਹੇ ਦੱਸੇ ਗਏ ਹਨ, ਜਿਨ੍ਹਾਂ 'ਚ ਲੜਕੀਆਂ ਨਾਲ ਉਨ੍ਹਾਂ ਦੇ ਰਿਸ਼ਤੇਦਾਰਾਂ ਵਲੋਂ ਹੀ ਜਬਰ ਜਨਾਹ ਨੂੰ ਅੰਜਾਮ ਦਿੱਤਾ ਗਿਆ। 16 ਮਾਮਲੇ ਅਜਿਹੇ ਦੱਸੇ ਗਏ ਹਨ, ਜਿਨ੍ਹਾਂ ਵਿਚ ਦਾਦਾ, ਪਿਤਾ, ਭਰਾ ਜਾਂ ਪੁੱਤਰ ਵੱਲੋਂ ਹੀ ਲੜਕੀ ਜਾਂ ਔਰਤ ਨਾਲ ਇਹ ਕਾਰਾ ਕੀਤਾ ਗਿਆ, ਜਦੋਂ ਕਿ 26 ਮਾਮਲੇ ਅਜਿਹੇ ਦਰਸਾਏ ਗਏ ਹਨ, ਜਿਨ੍ਹਾਂ 'ਚ ਜਬਰ ਜਨਾਹ ਕਰਨ ਵਾਲੇ, ਲੜਕੀ ਦੇ ਕਰੀਬੀ ਪਰਿਵਾਰਕ ਮੈਂਬਰ ਸਨ।

ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਪੰਜਾਬ ਬੌਧਿਕ ਪੱਖੋਂ ਅਤੇ ਸਮਾਜਿਕ ਕਦਰਾਂ-ਕੀਮਤਾਂ ਤੋਂ ਹੀਣਾ ਹੁੰਦਾ ਜਾ ਰਿਹਾ ਹੈ।

## ਗਿੱਲ ਕਮਿਸ਼ਨ ਵੱਲੋਂ ਸਿਆਸੀ ਬਦਲਾਖੋਰੀ ਦੇ 30 ਹੋਰ ਕੇਸਾਂ ਦਾ ਪਰਦਾਫਾਸ਼



**ਚੰਡੀਗੜ੍ਹ:** ਜਸਟਿਸ (ਸੇਵਾ ਮੁਕਤ) ਮਹਿਤਾਬ ਸਿੰਘ ਗਿੱਲ ਕਮਿਸ਼ਨ ਨੇ ਪਿਛਲੀ ਅਕਾਲੀ ਸਰਕਾਰ ਦੌਰਾਨ ਦਰਜ ਹੋਏ ਝੂਠੇ ਕੇਸਾਂ ਨਾਲ ਸਬੰਧਤ ਚੌਥੀ ਅੰਤ੍ਰਿਮ ਰਿਪੋਰਟ ਸੌਂਪ ਦਿੱਤੀ ਹੈ। ਇਸ ਰਿਪੋਰਟ ਵਿਚ 112 ਸ਼ਿਕਾਇਤਾਂ ਦੀ ਜਾਂਚ ਵਿਚੋਂ 30 ਕੇਸਾਂ ਉਤੇ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਹੈ। ਇਨ੍ਹਾਂ 30 ਕੇਸਾਂ ਵਿਚ ਕੋਟਕਪੂਰਾ ਦੇ ਪੱਤਰਕਾਰ ਨਰੇਸ਼ ਕੁਮਾਰ ਖਿਲਾਫ਼ ਦਰਜ ਕੇਸ ਸਬੰਧੀ ਵੀ ਕਮਿਸ਼ਨ ਨੇ ਸਿਫਾਰਸ਼ ਕੀਤੀ ਹੈ। ਜਸਟਿਸ ਗਿੱਲ ਕਮਿਸ਼ਨ ਨੇ ਫਰੀਦਕੋਟ ਦੀ ਜੁਡੀਸ਼ਲ ਅਦਾਲਤ ਵੱਲੋਂ ਪੱਤਰਕਾਰ ਨਰੇਸ਼ ਕੁਮਾਰ ਨੂੰ ਬਰੀ ਕੀਤੇ ਜਾਣ ਦਾ ਹਵਾਲਾ ਦਿੰਦਿਆਂ ਉਸ ਖਿਲਾਫ਼ ਦਰਜ ਐਫ.ਆਈ.ਆਰ. ਰੱਦ ਕਰਨ ਦੀ ਸਿਫਾਰਸ਼ ਕੀਤੀ ਹੈ।

ਕਮਿਸ਼ਨ ਨੇ ਵੱਖ-ਵੱਖ ਆਧਾਰ ਉਤੇ 82 ਸ਼ਿਕਾਇਤਾਂ ਅਤੇ ਕੇਸਾਂ ਨੂੰ ਰੱਦ ਕਰ ਦਿੱਤਾ ਹੈ। ਦੋ ਮੈਂਬਰੀ ਕਮਿਸ਼ਨ, ਜਿਸ ਵਿਚ ਸਾਬਕਾ ਜ਼ਿਲ੍ਹਾ ਤੇ ਸੈਸ਼ਨ ਜੱਜ ਬੀ.ਐਸ. ਮਹਿੰਦੀਰੱਤਾ ਵੀ ਮੈਂਬਰ ਹਨ, ਨੇ 31 ਜੁਲਾਈ ਤੱਕ ਹਾਸਲ ਹੋਈਆਂ ਕੁੱਲ 4371 ਸ਼ਿਕਾਇਤਾਂ ਵਿਚੋਂ ਹੁਣ ਤੱਕ 563 ਦਾ ਨਿਪਟਾਰਾ ਕਰ ਦਿੱਤਾ ਹੈ। ਪੰਜਾਬ ਹਰਿਆਣਾ ਹਾਈ ਕੋਰਟ ਨੇ ਵੀ ਕੁਝ ਸ਼ਿਕਾਇਤਾਂ ਕਮਿਸ਼ਨ ਨੂੰ ਸੁਣਵਾਈ ਲਈ ਭੇਜੀਆਂ ਸਨ ਅਤੇ ਉਨ੍ਹਾਂ ਦੀਆਂ ਸਿਫਾਰਸ਼ਾਂ ਨੂੰ ਪ੍ਰਵਾਨ ਕਰਦਿਆਂ ਗ੍ਰਹਿ ਵਿਭਾਗ ਨੂੰ ਢੁਕਵੀਂ ਕਾਰਵਾਈ ਕਰਨ ਦੇ ਹੁਕਮ ਦਿੱਤੇ। ਕਮਿਸ਼ਨ ਨੇ ਪਿਛਲੀ ਸਰਕਾਰ ਵੱਲੋਂ ਸਿਆਸੀ ਬਦਲਾਖੋਰੀ ਤਹਿਤ ਨਿਸ਼ਾਨਾ ਬਣਾਏ ਅਤੇ ਹੁਣ ਅਦਾਲਤਾਂ ਵੱਲੋਂ ਬਰੀ ਕੀਤੇ ਵਿਅਕਤੀਆਂ ਨੂੰ ਮੁਆਵਜ਼ਾ ਦੇਣ ਦੇ ਕੇਸ ਵੀ ਰੈਫਰ ਕੀਤੇ ਹਨ।

## ਲਗਜ਼ਰੀ ਬੱਸ 'ਚ ਮੁਸ਼ਕੀਆਂ ਜੁਰਾਬਾਂ ਪਾ ਚੜ੍ਹੇ ਨੌਜਵਾਨ ਵਿਰੁਧ ਪਰਚਾ



**ਚੰਡੀਗੜ੍ਹ:** ਬਿਹਾਰ ਦਾ ਰਹਿਣ ਵਾਲਾ ਇਕ ਨੌਜਵਾਨ ਜੁਰਾਬਾਂ ਵਿਚੋਂ ਮੁਸ਼ਕ ਆਉਣ ਕਰ ਕੇ ਭਾਰੀ ਮੁਸ਼ਕਲਾਂ ਵਿਚ ਫਸ ਗਿਆ। 27 ਸਾਲਾ ਪ੍ਰਕਾਸ਼ ਕੁਮਾਰ ਦਿੱਲੀ ਤੋਂ ਧਰਮਸ਼ਾਲਾ ਜਾਣ ਲਈ ਲਗਜ਼ਰੀ ਬੱਸ ਵਿਚ ਚੜ੍ਹਿਆ ਤੇ ਕਾਂਗੜਾ ਪਹੁੰਚ ਕੇ ਉਸ ਨੇ ਜੁੱਤੀ ਤੇ ਜੁਰਾਬਾਂ ਉਤਾਰ ਦਿੱਤੀਆਂ। ਉਸ ਦੀਆਂ ਜੁਰਾਬਾਂ ਵਿਚੋਂ ਮੁਸ਼ਕ ਆਉਣ ਕਾਰਨ ਬੱਸ ਵਿਚ ਸਵਾਰ ਹੋਰਨਾਂ ਲੋਕਾਂ ਨੇ ਉਸ ਨੂੰ ਜੁਰਾਬਾਂ ਆਪਣੇ ਬਸਤੇ 'ਚ ਪਾਉਣ ਜਾਂ ਬਾਹਰ ਸੁੱਟਣ ਲਈ ਕਿਹਾ, ਪਰ ਪ੍ਰਕਾਸ਼ ਨੇ ਦੋਵੇਂ ਕੰਮ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ। ਇਸ ਉਤੇ ਮੁਸਾਫਰਾਂ ਨਾਲ ਉਸ ਦੀ ਜ਼ੋਰਦਾਰ ਬਹਿਸ ਹੋਈ, ਜਿਸ ਕਾਰਨ ਬੱਸ ਚਾਲਕ ਤੇ ਕੰਡਕਟਰ ਨੂੰ ਦੋ ਵਾਰ ਬੱਸ ਰੋਕਣੀ ਪਈ। ਮੀਡੀਆ ਰਿਪੋਰਟ ਮੁਤਾਬਕ ਜਦੋਂ ਵਿਵਾਦ ਵਧ ਗਿਆ ਤਾਂ ਮੁਸਾਫਰਾਂ ਨੇ ਬੱਸ ਚਾਲਕ 'ਤੇ ਬੱਸ ਨੂੰ ਪੁਲਿਸ ਸਟੇਸ਼ਨ ਲਿਜਾਉਣ ਲਈ ਜ਼ੋਰ ਪਾਇਆ। ਬੱਸ ਚਾਲਕ ਨੇ ਬੱਸ ਊਨਾ ਜ਼ਿਲ੍ਹਾ ਦੇ ਭੜਵੈਣ ਪੁਲਿਸ ਸਟੇਸ਼ਨ ਅੰਦਰ ਜਾ ਰੋਕੀ। ਮੁਸਾਫਰਾਂ ਨੇ ਪ੍ਰਕਾਸ਼ ਨੂੰ ਪੁਲਿਸ ਦੇ ਹਵਾਲੇ ਕਰਦਿਆਂ ਉਸ ਦੀਆਂ ਮੁਸ਼ਕੀਆਂ ਜੁਰਾਬਾਂ ਕਾਰਨ ਹੋਈ ਦਿੱਕਤ ਦਾ ਖੁਲਾਸਾ ਕੀਤਾ।

## ਜੀ.ਐਸ.ਟੀ. ਮਗਰੋਂ ਪਲੇਠਾ ਬਜਟ ਪਹਿਲੀ ਫਰਵਰੀ ਨੂੰ

**ਨਵੀਂ ਦਿੱਲੀ:** ਵਿੱਤ ਮੰਤਰੀ ਅਰੁਣ ਜੇਤਲੀ ਅਸਿੱਧੇ ਕਰਾਂ ਬਾਰੇ ਪ੍ਰਬੰਧ ਜੀ.ਐਸ.ਟੀ. ਦੇ ਅਮਲ ਵਿਚ ਆਉਣ ਤੋਂ ਬਾਅਦ ਭਾਰਤ ਦਾ ਪਲੇਠਾ ਬਜਟ ਪਹਿਲੀ ਫਰਵਰੀ ਨੂੰ ਪੇਸ਼ ਕਰਨਗੇ। 2019 ਵਿਚ ਲੋਕ ਸਭਾ ਚੋਣਾਂ ਦੇ ਚਲਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ





ਅਗਵਾਈ ਵਾਲੀ ਭਾਜਪਾ ਸਰਕਾਰ ਦਾ ਇਹ ਆਖਰੀ ਪੂਰਾ ਸੂਰਾ ਬਜਟ ਹੋਵੇਗਾ। ਕਾਬਲੇਗੌਰ ਹੈ ਕਿ ਵਿੱਤ ਮੰਤਰੀ ਅਰੁਣ ਜੇਤਲੀ ਨੇ ਅੰਗਰੇਜ਼ਾਂ ਦੇ ਸਮੇਂ ਤੋਂ ਚੱਲੀ ਆ ਰਹੀ ਰਵਾਇਤ ਦਾ ਭੋਗ ਪਾਉਂਦਿਆਂ ਇਸ ਸਾਲ ਬਜਟ ਪਹਿਲੀ ਫਰਵਰੀ ਨੂੰ ਪੇਸ਼ ਕੀਤਾ ਸੀ।

ਬਜਟ ਨੂੰ ਇਕ ਮਹੀਨਾ ਪਹਿਲਾਂ ਪੇਸ਼ ਕਰਨ ਦਾ ਮੁੱਖ ਮੰਤਵ ਇਹ ਯਕੀਨੀ ਬਣਾਉਣਾ ਸੀ ਕਿ ਬਜਟ ਵਿਚ ਕੀਤੀਆਂ ਤਜਵੀਜ਼ਾਂ ਨੂੰ ਪਹਿਲੀ ਅਪਰੈਲ ਭਾਵ ਨਵੇਂ ਵਿੱਤੀ ਵਰ੍ਹੇ ਤੋਂ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾਵੇ। ਇਹੀ ਨਹੀਂ ਰੇਲਵੇ ਲਈ ਵੱਖਰਾ ਬਜਟ ਪੇਸ਼ ਕਰਨ ਦੀ ਸਦੀ ਪੁਰਾਣੀ ਰਵਾਇਤ ਨੂੰ ਵੀ ਖਤਮ ਕਰਦਿਆਂ ਇਸ ਨੂੰ ਆਮ ਬਜਟ ਦੇ ਨਾਲ ਹੀ ਪੇਸ਼ ਕੀਤਾ ਗਿਆ।

## ਪੁਰਾਤਨ ਹਵੇਲੀ ਦੇ ਖਸਤਾ ਹਾਲ ਕਮਰੇ ਵਿਚੋਂ ਮਿਲੇ ਪਾਵਨ ਸਰੂਪ

**ਸ੍ਰੀ ਆਨੰਦਪੁਰ ਸਾਹਿਬ:** ਤਖਤ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਫੂਲਾ ਸਿੰਘ ਦੀ ਅਗਵਾਈ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਨੇ ਇਕ ਪੁਰਾਤਨ ਹਵੇਲੀ ਦੇ ਖਸਤਾਹਾਲ ਕਮਰੇ ਵਿਚ ਛਾਪਾ ਮਾਰਿਆ, ਜਿਥੋਂ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਮਿਲੇ। ਮੁਲਾਜ਼ਮਾਂ ਨੇ ਪੂਰਨ ਗੁਰ ਮਰਿਆਦਾ ਅਨੁਸਾਰ ਪਾਵਨ ਸਰੂਪ ਤਖਤ ਕੇਸਗੜ੍ਹ ਸਾਹਿਬ ਲਿਆਂਦੇ। ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਇਕ ਛੋਟੇ ਜਿਹੇ ਕਮਰੇ ਵਿਚ ਬਿਨਾਂ ਕਿਸੇ ਸਾਂਭ-ਸੰਭਾਲ ਦੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਪਿਛਲੇ ਤਕਰੀਬਨ ਨੌਂ ਮਹੀਨਿਆਂ ਤੋਂ ਪਏ ਹਨ। ਸ਼੍ਰੋਮਣੀ ਕਮੇਟੀ ਦੀ ਟੀਮ ਨੇ ਮੌਕੇ ਉਤੇ ਜਾ ਕੇ ਵੇਖਿਆ ਤਾਂ ਸੂਚਨਾ ਸੱਚ ਨਿਕਲੀ। ਛੋਟੇ ਜਿਹੇ ਕਮਰੇ ਵਿਚ ਜਾਲੇ ਲੱਗੇ ਹੋਏ ਸਨ, ਚੂਹਿਆਂ ਦੀਆਂ ਮੀਂਗਣਾਂ, ਬਿੱਠਾਂ ਦੇ ਨਾਲ ਰੁਮਾਲੇ ਖਸਤਾ ਹਾਲਤ ਵਿਚ ਸਨ, ਜੋ ਕਿ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਇਸ ਘਟਨਾ ਦੀ ਨਿੰਦਾ



ਕਰਦਿਆਂ ਕਿਹਾ ਕਿ ਸਬੰਧਤ ਮਕਾਨ ਦੇ ਮਾਲਕ, ਜੋ ਇਥੇ ਨਹੀਂ ਰਹਿੰਦਾ, ਦਾ ਪਤਾ ਲਗਾ ਕੇ ਉਸ ਨੂੰ ਬੁਲਾਇਆ ਜਾਵੇਗਾ ਅਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

## ਕਿਊਬੈੱਕ ਦੇ ਨਕਾਬ ਵਿਰੋਧੀ ਕਾਨੂੰਨ ਨੂੰ ਬ੍ਰੇਕ

**ਟੋਰਾਂਟੋ:** ਕੈਨੇਡਾ ਦੇ ਕਿਊਬੈੱਕ ਸੂਬੇ ਦੀ ਸਰਕਾਰ ਵੱਲੋਂ ਪਾਸ ਕੀਤੇ ਨਕਾਬ ਵਿਰੋਧੀ 'ਬਿੱਲ-62' ਉਤੇ ਅਦਾਲਤ ਨੇ ਰੋਕ ਲਾ ਦਿੱਤੀ ਹੈ। ਇਸ ਵਿਵਾਦਤ ਕਾਨੂੰਨ ਦੇ ਕੁਝ ਨੁਕਤਿਆਂ ਉਤੇ ਇਤਰਾਜ਼ ਕਰਦਿਆਂ ਸੁਪੀਰੀਅਰ ਕੋਰਟ ਨੇ ਕਿਹਾ ਕਿ ਇਹ 'ਪਾਬੰਦੀ' ਉਨਾ ਚਿਰ ਅਮਲ ਵਿਚ ਨਹੀਂ ਲਿਆਂਦੀ ਜਾ ਸਕਦੀ, ਜਿੰਨਾ ਚਿਰ ਸਰਕਾਰ ਇਸ ਬਾਰੇ ਕੋਈ ਪੁਖਤਾ ਨਿਯਮ ਨਹੀਂ ਬਣਾਉਂਦੀ। ਇਸ ਪਾਬੰਦੀ ਤੋਂ ਕਿਊਬੈੱਕ ਵਿਚ ਰਹਿੰਦਾ ਮੁਸਲਿਮ ਭਾਈਚਾਰਾ ਕਾਫੀ ਖਫ਼ਾ ਹੈ। ਨਵੇਂ ਕਾਨੂੰਨ ਤਹਿਤ ਬੁਰਕਾਧਾਰੀ ਔਰਤਾਂ ਨੂੰ ਬੱਸਾਂ, ਲਾਇਬਰੇਰੀਆਂ, ਹਸਪਤਾਲਾਂ ਜਾਂ ਸਕੂਲਾਂ ਵਿਚ ਸੇਵਾਵਾਂ ਲੈਣ ਸਮੇਂ ਆਪਣਾ ਚਿਹਰਾ ਨੰਗਾ ਰੱਖਣਾ ਜ਼ਰੂਰੀ ਹੋਵੇਗਾ।

ਜੱਜ ਬਾਬੇਕ ਬੈਰਿਨ ਨੇ ਨਕਾਬਬੰਦੀ ਕਾਨੂੰਨ ਦੀ 'ਧਾਰਾ 10' ਨੂੰ ਵਕਤੀ ਤੌਰ ਉਤੇ ਸਸਪੈਂਡ ਕਰ ਦਿੱਤਾ ਹੈ। ਉਧਰ, ਸਰਕਾਰ ਨੇ ਸੰਕੇਤ ਦਿੱਤੇ ਹਨ ਕਿ ਇਸ ਬਾਰੇ ਨਿਯਮ ਅਜੇ ਅਗਲੇ ਸਾਲ ਦੇ ਅਖੀਰ ਤੱਕ ਬਣਨ ਦੀ ਸੰਭਾਵਨਾ ਹੈ। ਇਹ ਨਕਾਬਬੰਦੀ ਵਾਲਾ ਕਾਨੂੰਨ ਕੁਝ ਮਹੀਨੇ ਪਹਿਲਾਂ ਪਾਸ ਹੋਇਆ ਸੀ ਜਿਸ ਨੂੰ ਮੁਸਲਿਮ ਸੰਸਥਾਵਾਂ ਅਤੇ ਲੋਕ ਹੱਕੀ ਵਕੀਲਾਂ ਨੇ ਚੁਣੌਤੀ ਦਿੱਤੀ ਸੀ।

## ਪੰਜਾਬ ਵਿਚ ਸਿੰਗਾਪੁਰ ਦੇ ਨੌਜਵਾਨਾਂ ਦੀ ਪਹਿਲ




**ਸਿੰਗਾਪੁਰ:** ਸਿੰਗਾਪੁਰ ਦੇ ਭਾਰਤੀ ਮੂਲ ਦੇ 20 ਨੌਜਵਾਨ ਪੰਜਾਬ ਦੇ ਇਕ ਪਿੰਡ ਵਿਚ ਸਕੂਲ ਦੀ ਮੁਰੰਮਤ ਕਰਨਗੇ। ਉਹ ਇਥੇ ਤਿੰਨ ਹਫਤਿਆਂ ਦੀ ਛੁੱਟੀ ਬਿਤਾਉਣਗੇ। ਇਨ੍ਹਾਂ ਨੌਜਵਾਨਾਂ ਦੀ ਉਮਰ 18-21 ਸਾਲ ਵਿਚਾਲੇ ਹੈ। ਇਹ ਨੌਜਵਾਨ ਸੰਗਰੂਰ ਜ਼ਿਲ੍ਹੇ ਦੇ ਪਿੰਡ ਰੱਤੋਕੇ ਦੇ ਲੋਕਾਂ ਨਾਲ ਰਹਿਣਗੇ ਅਤੇ ਸਕੂਲ ਦੀ ਮੁਰੰਮਤ ਦੇ ਨਾਲ-ਨਾਲ ਰੰਗ ਰੋਗਨ ਦਾ ਕੰਮ ਕਰਨਗੇ। ਸੰਡੇ ਟਾਈਮਜ਼ ਦੀ ਰਿਪੋਰਟ ਅਨੁਸਾਰ ਇਹ ਪ੍ਰੋਗਰਾਮ 'ਖਾਹਿਸ਼' ਪ੍ਰੋਜੈਕਟ ਤਹਿਤ ਕੀਤਾ ਜਾ ਰਿਹਾ ਹੈ ਜੋ ਯੰਗ ਸਿੱਖ ਐਸੋਸੀਏਸ਼ਨ (ਵਾਈ.ਐਸ.ਏ.) ਦੀ ਪਹਿਲ ਹੈ।

ਇਸ ਸੰਸਥਾ ਦੀ ਨੀਂਹ 2003 ਵਿਚ ਸਿੰਗਾਪੁਰ ਦੇ ਸਤਵੰਤ ਸਿੰਘ ਨੇ ਰੱਖੀ ਸੀ। ਸਤਵੰਤ ਸਿੰਘ ਨੇ ਦੱਸਿਆ ਕਿ ਇਹ ਨੌਜਵਾਨ ਇਸ ਦੌਰਾਨ ਇਥੇ ਇਕ ਲਾਇਬਰੇਰੀ ਦਾ ਨਿਰਮਾਣ ਕਰਨਗੇ ਅਤੇ ਉਸ ਵਿਚ 3000 ਕਿਤਾਬਾਂ ਰੱਖਣਗੇ। ਸਾਫ ਪਾਣੀ ਲਈ ਸਕੂਲ ਵਿਚ ਫਿਲਟਰ ਮਸ਼ੀਨ ਲਾਉਣ ਦੇ ਨਾਲ-ਨਾਲ ਪਖਾਨਿਆਂ ਦੀ ਵੀ ਮੁਰੰਮਤ ਕੀਤੀ ਜਾਵੇਗੀ। ਉਹ ਇਸ ਦੌਰਾਨ ਪਿੰਡ ਦੇ ਗਰੀਬ ਬੱਚਿਆਂ ਨੂੰ ਸਟੇਸ਼ਨਰੀ ਅਤੇ ਕੱਪੜਿਆਂ ਦੇ ਨਾਲ ਹੋਰ ਲੋੜੀਂਦੀਆਂ ਚੀਜ਼ਾਂ ਵੀ ਵੰਡਣਗੇ। ਸ੍ਰੀ ਸਿੰਘ ਜੋ ਪੇਸ਼ੇ ਵਜੋਂ ਵਕੀਲ ਹਨ, ਨੇ ਦੱਸਿਆ ਕਿ ਉਹ ਬੀਤੇ 14 ਸਾਲਾਂ ਤੋਂ ਇਹ ਸੇਵਾ ਦਸੰਬਰ ਮਹੀਨੇ ਵਿਚ ਕਰਦੇ ਆ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਲਈ ਫੰਡ ਦਾ ਕੁਝ ਹਿੱਸਾ ਸਿੰਗਾਪੁਰ ਦੀ ਨੈਸ਼ਨਲ ਯੂਥ ਕੌਂਸਲ ਵੱਲੋਂ ਮੁਹੱਈਆ ਕਰਾਇਆ ਜਾਂਦਾ ਹੈ, ਜਦੋਂ ਕਿ ਬਾਕੀ ਹਿੱਸਾ ਸਤਵੰਤ ਸਿੰਘ ਅਤੇ ਵਾਲੰਟੀਅਰਾਂ ਵੱਲੋਂ ਇਕੱਠਾ ਕੀਤਾ ਜਾਂਦਾ ਹੈ।

### ਵਿਦਿਆਰਥੀਆਂ ਨੂੰ ਅਜੇ ਵੀ ਗਰਮ ਵਰਦੀਆਂ ਦੀ ਉਡੀਕ

**ਸੰਗਰੂਰ:** ਪੰਜਾਬ ਵਿਚ ਠੰਢ ਨੇ ਜ਼ੋਰ ਫੜ ਲਿਆ ਹੈ ਪਰ ਸੂਬੇ ਦੇ ਸਰਕਾਰੀ ਸਕੂਲਾਂ ਦੇ ਅੱਧੇ ਬੱਚੇ ਅਜੇ ਸਰਕਾਰ ਵੱਲੋਂ ਮਿਲਣ ਵਾਲੀ ਵਰਦੀ ਦੀ ਉਡੀਕ ਕਰ ਰਹੇ ਹਨ। ਸਰਵ ਸਿੱਖਿਆ ਅਭਿਆਨ ਤਹਿਤ ਸਾਲ 2017-18 ਦੌਰਾਨ ਸਰਕਾਰੀ ਸਕੂਲਾਂ ਵਿਚ ਪਹਿਲੀ ਤੋਂ 8ਵੀਂ ਜਮਾਤ ਵਿਚ ਪੜ੍ਹ ਰਹੇ ਸਾਰੇ ਵਿਦਿਆਰਥੀਆਂ ਨੂੰ ਸਰਦੀ ਲਈ ਵਰਦੀ ਦਿੱਤੀ ਜਾਣੀ ਹੈ। ਪਹਿਲੀ ਤੋਂ 5ਵੀਂ ਤੱਕ ਦੇ 8,87,914 ਵਿਦਿਆਰਥੀਆਂ ਲਈ ਤਾਂ 35.51 ਕਰੋੜ ਰੁਪਏ ਦੀ ਰਕਮ ਜਾਰੀ ਹੋ ਕੇ ਸਕੂਲਾਂ ਵਿਚ ਪਹੁੰਚ ਚੁੱਕੀ ਹੈ ਪਰ ਫੰਡਾਂ ਦੀ ਘਾਟ ਕਾਰਨ ਇਨ੍ਹਾਂ ਸਕੂਲਾਂ ਵਿਚ 6ਵੀਂ ਤੋਂ 8ਵੀਂ ਜਮਾਤ ਤੱਕ ਦੇ 6, 27, 809 ਵਿਦਿਆਰਥੀਆਂ ਨੂੰ ਅਜੇ ਤੱਕ ਵਰਦੀ ਨਹੀਂ ਮਿਲ ਸਕੀ।

## ਜੇਲ੍ਹਾਂ ਵਿਚ ਪੁਲਿਸ ਤੇ ਤਸਕਰਾਂ ਦੀ ਮਿਲੀਭੁਗਤ ਦੀ ਖੁੱਲ੍ਹ ਗਈ ਪੋਲ

**ਚੰਡੀਗੜ੍ਹ:** ਜੇਲ੍ਹ ਅਧਿਕਾਰੀਆਂ ਅਤੇ ਬੰਦੀਆਂ ਦੀ 'ਜੁਗਲਬੰਦੀ' ਦਾ ਪਤਾ ਲੱਗਾ ਹੈ। ਇਕ ਜੇਲ੍ਹ ਅਧਿਕਾਰੀ ਵੱਲੋਂ ਭ੍ਰਿਸ਼ਟਾਚਾਰ ਵਾਲੀ ਮਾਇਆ ਲਈ ਇਕ ਕੈਦੀ ਦੇ ਪਿਤਾ ਦਾ ਬੈਂਕ ਖਾਤਾ ਵਰਤਣ ਬਾਰੇ ਖੁਲਾਸਾ ਹੋਇਆ ਹੈ। ਇਹ ਕਮਾਈ ਇਸ ਅਧਿਕਾਰੀ ਤੇ ਕੈਦੀ ਵੱਲੋਂ ਫਰੀਦਕੋਟ ਜੇਲ੍ਹ ਵਿਚ ਨਸ਼ਿਆਂ ਦੀ ਤਸਕਰੀ ਨਾਲ ਕੀਤੀ ਸੀ। ਜੇਲ੍ਹ ਵਿਭਾਗ ਇਸ ਨਵੀਂ ਕਾਰਜ ਪ੍ਰਣਾਲੀ ਤੋਂ ਪਰੇਸ਼ਾਨ ਹੈ। ਅਧਿਕਾਰੀਆਂ ਨੇ ਦੱਸਿਆ ਕਿ ਹੋਰ ਅਫਸਰਾਂ ਵੱਲੋਂ ਵੀ ਇਸ ਤਰ੍ਹਾਂ ਦੇ ਹੱਥ-ਕੰਡੇ ਵਰਤੇ ਜਾਣ ਦੀਆਂ ਰਿਪੋਰਟਾਂ ਮਿਲੀਆਂ ਹਨ।

ਸਹਾਇਕ ਸੁਪਰਡੈਂਟ (ਜੇਲ੍ਹ) ਕਰਮਜੀਤ ਭੁੱਲਰ ਖਿਲਾਫ਼ ਬੈਂਕ ਖਾਤਾ ਖੁਲਵਾਉਣ ਅਤੇ ਇਸ ਦੀ ਨਿਗਰਾਨੀ ਕਰਨ ਸਬੰਧੀ ਦੋਸ਼ ਆਇਦ ਹੋਏ ਹਨ। ਜਸਟਿਸ (ਰਿਟਾ.) ਐਮ.ਐਸ. ਰੱਤੂ ਨੇ ਪੜਤਾਲ ਵਿਚ ਪਾਇਆ ਕਿ ਇਸ ਅਧਿਕਾਰੀ ਨੇ ਨਸ਼ਾ ਤਸਕਰ ਪ੍ਰਗਟ ਸਿੰਘ ਨਾਲ ਮਿਲ ਕੇ ਉਸ ਦੇ ਪਿਤਾ ਗੁਰਦੇਵ ਸਿੰਘ ਦੇ ਨਾਂ ਉਤੇ ਖਾਤਾ ਖੋਲ੍ਹਿਆ। ਉਹ ਜੇਲ੍ਹ ਅੰਦਰ ਨਸ਼ੇ ਵੇਚਦੇ ਸਨ ਅਤੇ ਇਸ ਖਾਤੇ ਵਿਚ ਸਿੱਧੇ ਪੈਸੇ ਪੈਂਦੇ ਸਨ। ਜਾਂਚ ਦੌਰਾਨ ਪਤਾ ਲੱਗਾ ਕਿ ਰਾਜਸਥਾਨ ਤੇ ਪੰਜਾਬ 'ਚ ਕਈ ਥਾਵਾਂ ਤੋਂ ਇਸ ਖਾਤੇ ਵਿਚ ਰਕਮ ਜਮ੍ਹਾਂ ਹੋਈ ਹੈ। ਗੁਰਦੇਵ ਸਿੰਘ ਇਕ ਗਰੀਬ ਕਿਸਾਨ ਹੈ ਪਰ ਉਸ ਦੇ ਖਾਤੇ ਵਿਚੋਂ 5.5 ਲੱਖ ਰੁਪਏ ਮਿਲੇ ਹਨ।

ਇਹ ਸਹਾਇਕ ਜੇਲ੍ਹ ਸੁਪਰਡੈਂਟ ਹਰੇਕ ਜਗ੍ਹਾ ਤਾਇਨਾਤੀ ਸਮੇਂ ਡਿਊਟੀ 'ਚ ਅਣਗਹਿਲੀ ਵਰਤਣ, ਗੈਂਗਸਟਰਾਂ ਤੇ ਤਸਕਰਾਂ ਨਾਲ ਸਾਜ਼ਬਾਜ਼ ਹੋਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।

# ਕਾਲਾ ਦੌਰ: ਹਜ਼ਾਰਾਂ ਨੌਜਵਾਨ ਬਣੇ ਝੂਠੇ ਪੁਲਿਸ ਮੁਕਾਬਲਿਆਂ ਦਾ ਸ਼ਿਕਾਰ

**ਚੰਡੀਗੜ੍ਹ:** ਪੰਜਾਬ ਵਿਚ ਖਾੜਕੂਵਾਦ ਦੌਰਾਨ ਫਰਜ਼ੀ ਪੁਲਿਸ ਮੁਕਾਬਲਿਆਂ ਤੇ ਨੌਜਵਾਨਾਂ ਨੂੰ ਲਾਪਤਾ ਕਰਨ ਦਾ ਮਾਮਲਾ ਮੁੜ ਸੁਰਖੀਆਂ ਵਿਚ ਆ ਗਿਆ ਹੈ। ਮਨੁੱਖੀ ਅਧਿਕਾਰਾਂ ਦੀ ਲੜਾਈ ਲੜ ਰਹੀ ਰਾਸ਼ਟਰੀ ਪੱਧਰ ਦੀ ਗੈਰ ਸਰਕਾਰੀ ਸੰਸਥਾ ਪੰਜਾਬ ਐਡਵੋਕੇਸੀ ਅਤੇ ਡਾਕੂਮੈਂਟੇਸ਼ਨ ਪ੍ਰੋਜੈਕਟ (ਪੀ.ਡੀ.ਏ.ਪੀ) ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਸੰਸਥਾ ਨੇ 1980 ਤੋਂ 1995 ਦੇ ਕਾਲੇ ਦੌਰ ਸਮੇਂ ਪੰਜਾਬ ਵਿਚ 8257 ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਨ ਅਤੇ ਲਾਪਤਾ ਹੋਣ ਵਾਲੇ ਲੋਕਾਂ ਦੀ ਪਛਾਣ ਕੀਤੀ ਹੈ। ਇਨ੍ਹਾਂ ਅੰਕੜਿਆਂ ਵਿਚ ਦੋ ਹਜ਼ਾਰ ਲੋਕ ਉਹ ਹਨ, ਜਿਨ੍ਹਾਂ ਦੀ ਪਛਾਣ ਜਸਵੰਤ ਸਿੰਘ ਖਾਲੜਾ ਵੱਲੋਂ ਕੀਤੀ ਗਈ ਸੀ। ਸੰਸਥਾ ਵੱਲੋਂ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਜਾਵੇਗੀ।

### ਗੈਰ ਸਰਕਾਰੀ ਸੰਸਥਾ ਨੇ ਇਕੱਠੇ ਕੀਤੇ ਅੰਕੜੇ




### ਅੰਕੜੇ ਇਕੱਠੇ ਕਰਨ ਦੇ ਰਾਹ ਵਿਚ ਢਾਹੇ ਅੜਿੱਕੇ

ਸੰਸਥਾ ਦਾ ਕਹਿਣਾ ਹੈ ਕਿ ਅੰਕੜੇ ਇਕੱਠੇ ਕਰਨ ਲਈ ਉਨ੍ਹਾਂ ਚੰਡੀਗੜ੍ਹ ਅਤੇ ਅੰਮ੍ਰਿਤਸਰ ਵਿਚ ਲੋਕਾਂ ਨੂੰ ਬੁਲਾਉਣਾ ਸ਼ੁਰੂ ਕੀਤਾ, ਪਰ ਕਿਸੇ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਇਹ ਕਹਿੰਦਿਆਂ ਅਰਜ਼ੀ ਦਾਇਰ ਕਰ ਦਿੱਤੀ ਕਿ ਇਸ ਸੰਸਥਾ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਲੋਕਾਂ ਨੂੰ ਬੁਲਾ ਕੇ ਇਸ ਤਰ੍ਹਾਂ ਡਾਟਾ ਇਕੱਤਰ ਕਰੇ। ਹਾਈ ਕੋਰਟ ਨੇ ਆਪਣੇ ਹੁਕਮਾਂ 'ਚ ਸੰਸਥਾ ਨੂੰ ਅਜਿਹਾ ਕਰਨ ਤੋਂ ਵਰਜਿਆ, ਜਿਸ ਤੋਂ ਬਾਅਦ ਸੁਪਰੀਮ ਕੋਰਟ ਜਾਣਾ ਪਿਆ, ਪਰ ਸੁਪਰੀਮ ਕੋਰਟ ਨੇ ਅਰਜ਼ੀ ਉਤੇ ਸੁਣਵਾਈ ਹੀ ਨਹੀਂ ਕੀਤੀ। ਆਗੂਆਂ ਨੇ ਪੂਰੀ ਰਿਪੋਰਟ ਜਾਰੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਪੂਰੀ ਰਿਪੋਰਟ ਸੁਪਰੀਮ ਕੋਰਟ ਵਿਚ ਹੀ ਦਾਇਰ ਕੀਤੀ ਜਾਵੇਗੀ।




ਸੰਸਥਾ ਦੇ ਅਹੁਦੇਦਾਰ ਸਤਨਾਮ ਸਿੰਘ ਬੈਂਸ ਬਰਿਸਟਰ ਲੰਡਨ, ਬੰਬੇ ਹਾਈ ਕੋਰਟ ਦੇ ਸਾਬਕਾ ਜਸਟਿਸ ਸੁਰੇਸ਼ ਹੋਸਪੇਟ ਤੇ ਐਡਵੋਕੇਟ ਜਗਜੀਤ ਸਿੰਘ ਬਟਾਲਾ ਮੁਤਾਬਕ 87 ਹਜ਼ਾਰ ਦੇ ਕਰੀਬ ਚਸ਼ਮਦੀਦ ਗਵਾਹਾਂ, ਦਸਤਾਵੇਜ਼, ਅੰਕੜਿਆਂ ਦੀ ਰਿਪੋਰਟ, ਵੱਖ-ਵੱਖ ਜ਼ਿਲ੍ਹਿਆਂ ਵਿਚ ਪੀੜਤਾਂ ਨਾਲ ਗੱਲਬਾਤ ਕਰਨ ਅਤੇ ਨਗਰ ਕੌਂਸਲਾਂ ਤੋਂ ਇਕੱਠੇ ਕੀਤੇ ਰਿਕਾਰਡ ਤੋਂ ਇਹ ਤੱਥ ਪ੍ਰਾਪਤ ਕੀਤੇ ਗਏ ਹਨ ਕਿ 1980 ਤੋਂ 1995 ਦਰਮਿਆਨ ਹੋਈਆਂ ਜਨਤਕ ਹੱਤਿਆਵਾਂ ਅਤੇ ਫਰਜ਼ੀ ਮੁਕਾਬਲਿਆਂ ਵਿਚ 8257 ਵਿਅਕਤੀ ਲਾਪਤਾ ਹੋਏ ਸਨ। ਸਿਰਫ 1527 ਮਾਮਲਿਆਂ ਵਿਚ ਹੀ ਪੀੜਤਾਂ ਨੂੰ ਨਾਮ ਮਾਤਰ ਮੁਆਵਜ਼ਾ ਮਿਲਿਆ ਹੈ।

ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਜਾਂਚ ਦਾ ਘੇਰਾ ਸਰਹੱਦੀ ਤਿੰਨ ਜ਼ਿਲ੍ਹਿਆਂ ਦੀਆਂ ਸਿਰਫ 2067 ਹੱਤਿਆਵਾਂ ਤੱਕ ਸੀਮਤ ਰੱਖਿਆ ਸੀ ਜਦਕਿ ਅੰਮ੍ਰਿਤਸਰ ਸ਼ਮਸ਼ਾਨ ਘਾਟ 'ਚ 2097 ਲੋਕਾਂ ਦੇ ਸਸਕਾਰ ਕਰਨ ਦਾ ਰਿਕਾਰਡ ਸੀ। ਸੰਸਥਾ ਦੇ ਆਗੂਆਂ ਨੇ ਕਿਹਾ ਕਿ ਭਾਵੇਂ ਉਨ੍ਹਾਂ ਨੇ ਸੂਬੇ ਦੇ 22 ਜ਼ਿਲ੍ਹਿਆਂ ਦੇ ਕਸਬਿਆਂ, ਸ਼ਹਿਰਾਂ 'ਚ ਪੀੜਤਾਂ ਨਾਲ ਰਾਬਤਾ ਕਾਇਮ ਕੀਤਾ ਪਰ ਗੁਰਦਾਸਪੁਰ ਜ਼ਿਲ੍ਹੇ ਦੇ 1700 ਪਿੰਡਾਂ ਦਾ ਦੌਰਾ ਕਰਨ ਮੌਕੇ ਪਤਾ ਲੱਗਾ ਕਿ ਇਹ ਜ਼ਿਲ੍ਹਾ ਸਭ ਤੋਂ ਵੱਧ ਪ੍ਰਭਾਵਿਤ ਰਿਹਾ ਹੈ।

ਮਨੁੱਖੀ ਅਧਿਕਾਰਾਂ ਦੀ ਸਭ ਤੋਂ ਪਹਿਲਾਂ ਆਵਾਜ਼ ਬੁਲੰਦ ਕਰਨ ਵਾਲੇ ਜਸਵੰਤ ਸਿੰਘ ਖਾਲੜਾ, ਜਿਸ ਨੂੰ ਪੁਲਿਸ ਨੇ ਘਰੋਂ ਚੁੱਕਿਆ ਤੇ ਤਸੀਹੇ ਦੇ ਕੇ ਮਾਰ ਦਿੱਤਾ ਸੀ, ਦੀ ਪਤਨੀ ਪਰਮਜੀਤ ਕੌਰ ਖਾਲੜਾ ਨੇ ਕਿਹਾ ਕਿ ਸਰਕਾਰ ਅਣਪਛਾਤੇ ਲੋਕਾਂ ਦੀ ਪਛਾਣ ਲਈ ਕੁਝ ਨਹੀਂ ਕਰ ਰਹੀ।

ਉਹ ਪਿਛਲੇ 22 ਸਾਲ ਤੋਂ ਨਿਆਂ ਦੀ ਲੜਾਈ ਲੜ ਰਹੇ ਹਨ ਅਤੇ ਸਮੇਂ ਦੇ ਹੁਕਮਰਾਨਾਂ ਨੇ ਲਾਸ਼ਾਂ ਉਤੇ ਰਾਜ ਤਾਂ ਕੀਤਾ ਹੈ, ਪਰ ਪੀੜਤਾਂ ਦੇ ਹਿੱਤ ਲਈ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਬੇਵਕਤੀ ਮੌਤ ਦੇ ਮੂੰਹ ਵਿਚ ਜਾਣ ਵਾਲੇ ਸਿੱਖਾਂ, ਮੁਸਲਮਾਨਾਂ, ਹਿੰਦੂ ਤੇ ਇਸਾਈਆਂ ਵਿਚੋਂ 90 ਫੀਸਦੀ ਲੋਕ ਸਿੱਖ ਸਨ। ਸਤਨਾਮ ਸਿੰਘ ਬੈਂਸ ਨੇ ਹੁਕਮਰਾਨਾਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਐਨ.ਆਰ.ਆਈ ਦੀਆਂ ਜ਼ਮੀਨਾਂ ਦੇ ਮਾਮਲੇ ਨਜਿੱਠਣ ਲਈ ਤਾਂ ਐਨ.ਆਰ.ਆਈ ਕੋਰਟ ਤੱਕ ਬਣਾ ਦਿੱਤੀ ਹੈ ਤੇ ਕੇਸਾਂ ਦਾ ਨਿਪਟਾਰਾ ਵੀ ਸਮਾਂ ਬੱਧ ਕਰ ਦਿੱਤਾ ਹੈ ਪਰ ਪਿਛਲੇ ਢਾਈ ਦਹਾਕਿਆਂ ਤੋਂ ਲਟਕ ਰਹੇ ਇਨ੍ਹਾਂ ਮਾਮਲਿਆਂ ਬਾਰੇ ਕੁਝ ਨਹੀਂ ਕੀਤਾ।

# ਸਾਊਦੀ ਅਰਬ 'ਚ ਇਕ ਹੋਰ ਭਾਰਤੀ ਔਰਤ ਤਸ਼ੱਦਦ ਦਾ ਸ਼ਿਕਾਰ

**ਬਟਾਲਾ:** ਸਾਊਦੀ ਅਰਬ ਵਿਚ ਰਹਿ ਰਹੀ ਮਨਜੀਤ ਕੌਰ ਨੇ ਇਕ ਵੀਡੀਓ ਰਾਹੀਂ ਉਥੋਂ ਦੇ ਲੋਕਾਂ ਉਤੇ ਉਸ ਦੀ ਕੁੱਟਮਾਰ ਕਰਨ, ਕਮਰੇ ਵਿਚ ਬੰਦ ਕਰ ਕੇ ਰੱਖਣ ਅਤੇ ਹੋਰ ਮਾਨਸਿਕ ਪੀੜਾ ਦੇਣ ਦੇ ਦੋਸ਼ ਲਾਉਂਦਿਆਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਸੰਸਦ ਮੈਂਬਰ ਭਗਵੰਤ ਮਾਨ ਤੋਂ ਮੰਗ ਕੀਤੀ ਹੈ ਕਿ ਉਸ ਦੀ ਭਾਰਤ ਵਾਪਸ ਆਉਣ ਵਿਚ ਮਦਦ ਕੀਤੀ ਜਾਵੇ। ਉਸ ਨੇ ਦੋਸ਼ ਲਾਇਆ ਕਿ ਉਸ ਨੂੰ ਬੰਦੀ ਬਣਾਇਆ ਗਿਆ ਹੈ ਅਤੇ ਖਾਣ-ਪੀਣ ਲਈ ਵੀ ਕੁਝ ਨਹੀਂ ਦਿੱਤਾ ਜਾਂਦਾ।

ਬਟਾਲਾ ਨੇੜਲੇ ਪਿੰਡ ਹਸਨਪੁਰ ਕਲਾਂ ਦੀ ਇਸ ਔਰਤ ਦੇ ਪਤੀ ਸੁਖਦੇਵ ਸਿੰਘ, ਜੋ ਅਪੰਗ ਹੈ, ਨੇ ਟਰੈਵਲ ਏਜੰਟ ਖਿਲਾਫ਼ ਲਿਖਤੀ ਦਰਖਾਸਤ ਦਿੱਤੀ ਹੈ। ਉਸ ਨੇ ਸ਼ਿਕਾਇਤ ਵਿਚ ਦੱਸਿਆ ਕਿ ਬਲਵਿੰਦਰ ਸਿੰਘ ਉਰਫ ਕਾਲਾ ਡਰਾਈਵਰ ਵਾਸੀ ਬਟਾਲਾ ਬੀਕੇ ਟਰੈਵਲ ਨਾਮਕ ਕੰਪਨੀ ਵਿਚ ਏਜੰਟ ਹੈ। ਇਸ ਏਜੰਟ ਨੇ ਉਸ ਦੀ ਪਤਨੀ ਮਨਜੀਤ ਕੌਰ ਨੂੰ ਕਰੀਬ 19 ਮਹੀਨੇ ਪਹਿਲਾਂ ਘਰੇਲੂ ਕੰਮ ਕਰਨ ਲਈ ਮਲੇਸ਼ੀਆ ਭੇਜਣਾ ਸੀ, ਜਿਸ ਲਈ ਉਸ ਨੇ ਏਜੰਟ ਨੂੰ 70 ਹਜ਼ਾਰ ਰੁਪਏ ਇਕ ਵਾਰ ਅਤੇ ਵੀਜ਼ਾ ਆਉਣ 'ਤੇ 15 ਹਜ਼ਾਰ ਰੁਪਏ ਵੱਖ ਦਿੱਤੇ ਸਨ।

ਉਸ ਦੀ ਪਤਨੀ ਨੂੰ ਮਲੇਸ਼ੀਆ ਭੇਜਣ ਦੀ ਬਜਾਏ ਸਾਊਦੀ ਅਰਬ ਭੇਜ ਦਿੱਤਾ, ਉਥੇ ਉਸ ਦੀ ਪਤਨੀ ਨਾਲ ਅਣਮਨੁੱਖੀ ਵਰਤਾਅ ਹੋ ਰਿਹਾ ਹੈ। ਦੋ ਧੀਆਂ ਅਤੇ ਇਕ ਪੁੱਤਰ ਦਾ ਪਿਤਾ ਸੁਖਦੇਵ ਸਿੰਘ ਇਸ ਸਬੰਧੀ ਆਮ ਆਦਮੀ ਪਾਰਟੀ ਦੇ ਨੇਤਾ ਭਗਵੰਤ ਮਾਨ ਤੇ ਕਾਂਗਰਸ ਪਾਰਟੀ ਦੇ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੂੰ ਵੀ ਮਿਲ ਚੁੱਕਿਆ ਹੈ।

ਦੂਜੇ ਪਾਸੇ ਟਰੈਵਲ ਏਜੰਟ ਬਲਵਿੰਦਰ ਸਿੰਘ ਨੇ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਮਨਜੀਤ ਕੌਰ ਪਹਿਲਾਂ ਇਥੇ ਪੈਸੇ ਵੀ ਭੇਜਦੀ ਰਹੀ ਹੈ ਅਤੇ ਹੁਣ ਉਸ ਦਾ ਵਰਕ ਪਰਮਿਟ ਪੂਰਾ ਹੋ ਰਿਹਾ ਹੈ।

## ਬੀਮੇ ਲਈ ਘਰ ਸਾੜਨ ਵਾਲੇ ਨੂੰ ਅਦਾਲਤ ਨੇ ਪਾਈ ਝਾੜ

**ਸਿਡਨੀ:** ਆਪਣੇ ਘਰ ਨੂੰ ਅੱਗ ਲਾ ਕੇ ਬੀਮਾ ਕੰਪਨੀ ਤੋਂ ਮੁਆਵਜ਼ਾ ਮੰਗਣ ਵਾਲੇ ਪੰਜਾਬੀ ਮੂਲ ਦੇ ਵਿਅਕਤੀ ਨੂੰ ਸੁਪਰੀਮ ਕੋਰਟ ਨੇ ਝਾੜ ਪਾਉਂਦਿਆਂ ਉਸ ਵੱਲੋਂ ਦਾਖਲ ਕੀਤੀ ਅਰਜ਼ੀ ਖਾਰਜ ਕਰ ਦਿੱਤੀ ਹੈ।

ਅਦਾਲਤ ਦੇ ਤਿੰਨ ਜੱਜਾਂ ਨੇ ਸਚਿਨ ਸ਼ਰਮਾ ਤੇ ਉਸ ਦੇ ਦੋਸਤ ਜੈ ਸੇਨ ਨੂੰ ਅਦਾਲਤੀ ਖਰਚਾ ਭਰਨ ਦਾ ਹੁਕਮ ਦਿੱਤਾ ਹੈ। ਦੱਸਣਯੋਗ ਹੈ ਕਿ ਪੰਜ ਕਮਰਿਆਂ ਵਾਲੇ ਮਕਾਨ ਨੂੰ ਬੀਮਾ ਰਕਮ ਦੇ ਲਾਲਚ ਵਿਚ 12 ਜੂਨ 2012 ਨੂੰ ਅੱਗ ਲਾ ਕੇ ਸਾੜ ਦਿੱਤਾ ਗਿਆ ਸੀ। ਇਹ ਘਟਨਾ ਬੀਮਾ ਪਾਲਿਸੀ ਦੀ ਮਿਆਦ ਖਤਮ ਹੋਣ ਤੋਂ ਦੋ ਮਹੀਨੇ ਪਹਿਲਾਂ ਵਾਪਰੀ ਸੀ।

ਸ੍ਰੀ ਸ਼ਰਮਾ ਨੇ ਬੀਮਾ ਕੰਪਨੀ 'ਦਾ ਨੈਸ਼ਨਲ ਰੋਡਜ਼ ਅਤੇ ਮੋਟਰਿਸਟਜ਼ ਐਸੋਸੀਏਸ਼ਨ' (ਐਨ.ਆਰ.ਐਮ.ਏ.) ਨੂੰ ਅਰਜ਼ੀ ਦੇ ਕੇ ਕਿਹਾ ਸੀ ਕਿ ਉਸ ਦੇ ਮਕਾਨ ਦੀ ਕੀਮਤ 466252 ਅਤੇ ਸਾਮਾਨ 60637 ਆਸਟਰੇਲੀਆਈ ਡਾਲਰ ਹੈ ਜੋ ਅੱਗ ਨਾਲ ਨੁਕਸਾਨਿਆ ਗਿਆ ਹੈ ਤੇ ਉਸ ਨੂੰ ਬੀਮਾ ਦਿੱਤਾ ਜਾਵੇ। ਜਦੋਂ ਕਿ ਘਟਨਾ ਵੇਲੇ ਮਕਾਨ 'ਚ ਕੋਈ ਨਹੀਂ ਰਹਿ ਰਿਹਾ ਸੀ।

# ਖਹਿਰਾ ਵੱਲੋਂ ਸਰਕਾਰ ਨੂੰ ਘੇਰਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਡਰੱਗ ਕੇਸ ਵਿਚੋਂ ਸੁਪਰੀਮ ਕੋਰਟ ਤੋਂ ਰਾਹਤ ਮਿਲਣ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਹਮਲੇ ਤੇਜ਼ ਕਰਦਿਆਂ ਦੋਸ਼ ਲਾਇਆ ਕਿ ਉਨ੍ਹਾਂ 25 ਲੱਖ ਰੁਪਏ ਖਰਚ ਕਰ ਕੇ ਸੁਪਰੀਮ ਕੋਰਟ ਵਿਚ ਉਸ ਵਿਰੁੱਧ ਵਕੀਲ ਖੜ੍ਹਾ ਕੀਤਾ ਸੀ ਤਾਂ ਜੋ ਰਾਹਤ ਨਾ ਮਿਲ ਸਕੇ।



ਸ੍ਰੀ ਖਹਿਰਾ ਨੇ ਦੋਸ਼ ਲਾਇਆ ਕਿ ਉਸ ਨੂੰ ਫਸਾਉਣ ਵਿਚ ਪੰਜਾਬ ਦੇ ਇਕ ਆਈ.ਏ.ਐਸ. ਅਧਿਕਾਰੀ ਦਾ ਵੀ ਹੱਥ ਹੈ ਅਤੇ ਬਰਖਾਸਤ ਪੀ.ਸੀ.ਐਸ. ਅਧਿਕਾਰੀ ਟੀ.ਕੇ. ਗੋਇਲ ਕੋਲ ਪੈਂਤੀ ਲੱਖ ਰੁਪਏ ਰਿਸ਼ਵਤ ਦੇਣ ਦੇ ਮਾਮਲੇ ਦੀ ਡੇਢ ਘੰਟੇ ਦੀ ਆਡੀਓ ਸੀਡੀ ਮੌਜੂਦ ਹੈ, ਜਿਸ ਰਾਹੀਂ ਇਸ ਰਾਸ਼ੀ ਦਾ ਪ੍ਰਬੰਧ ਕਰਨ ਵਾਲੇ ਨੂੰ ਵੀ ਬੇਨਕਾਬ ਕੀਤਾ ਜਾਵੇਗਾ। ਆਮ ਆਦਮੀ ਪਾਰਟੀ (ਆਪ) ਤੇ ਲੋਕ ਇਨਸਾਫ ਪਾਰਟੀ ਦੇ ਵਿਧਾਇਕਾਂ ਸਮੇਤ 'ਆਪ' ਪੰਜਾਬ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਨਾਲ ਮੀਟਿੰਗ ਤੋਂ ਬਾਅਦ ਸ੍ਰੀ ਖਹਿਰਾ ਨੇ ਇਹ ਪ੍ਰੈਸ ਕਾਨਫਰੰਸ ਕੀਤੀ। ਦੱਸਣਯੋਗ ਹੈ ਕਿ ਸ੍ਰੀ ਖਹਿਰਾ ਵਿਰੁੱਧ ਜਦੋਂ ਤੋਂ ਅਦਾਲਤ ਨੇ ਡਰੱਗ ਦੇ ਮੁੱਦੇ ਉਪਰ ਸੰਮਨ ਜਾਰੀ ਕੀਤਾ ਹੈ, ਉਸ ਦਿਨ ਤੋਂ ਇਹ ਦੋਵੇਂ ਆਗੂ ਇਕ ਸਟੇਜ ਉਤੇ ਨਹੀਂ ਆਏ।

ਖਹਿਰਾ ਨੇ ਕਿਹਾ ਕਿ ਕੈਪਟਨ ਨੇ ਆਡੀਓ ਪ੍ਰਤੀ ਵਿਧਾਨ ਸਭਾ ਵਿਚ ਨਿੰਦਾ ਮਤਾ ਪਾਸ ਕਰਵਾ ਕੇ ਉਨ੍ਹਾਂ (ਖਹਿਰਾ ਤੇ ਬੈਂਸ ਭਰਾਵਾਂ) ਨੂੰ ਨਿਆਂਪਾਲਿਕਾ ਦੇ ਦੁਸ਼ਮਣ ਦੱਸ ਕੇ ਦਲਾਲਾਂ ਦੀ ਤਰਫ਼ਦਾਰੀ ਕੀਤੀ ਹੈ। ਉਨ੍ਹਾਂ ਧਮਕੀ ਦਿੱਤੀ ਕਿ ਜੇ ਚੰਡੀਗੜ੍ਹ ਪੁਲਿਸ ਨੇ ਆਡੀਓ ਸੀਡੀ ਬਾਬਤ ਤੁਰਤ ਐਫ.ਆਈ.ਆਰ. ਦਰਜ ਨਾ ਕੀਤੀ ਤਾਂ ਉਹ ਹਾਈ ਕੋਰਟ ਦਾ ਕੁੰਡਾ ਖੜਕਾਉਣਗੇ।

## ਬਜ਼ੁਰਗ ਜੋੜੇ ਨੂੰ 62 ਸਾਲ ਦੀ ਉਮਰੇ ਮਿਲਿਆ ਵਾਰਿਸ

**ਮਾਨਸਾ:** ਜ਼ਿਲ੍ਹਾ ਮਾਨਸਾ ਦੇ ਇਕ ਬਜ਼ੁਰਗ ਜੋੜੇ ਨੇ 62 ਸਾਲ ਦੀ ਉਮਰੇ ਦੋ ਜੌੜੇ ਬੱਚਿਆਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਵਿਚ ਇਕ ਮੁੰਡਾ ਤੇ ਇਕ ਕੁੜੀ। 62 ਸਾਲ ਗੁਰਵਿੰਦਰ ਕੌਰ ਤੇ ਬੱਚੇ ਤੰਦਰੁਸਤ ਹਨ। ਕਿਸਾਨ ਬਲਵੀਰ ਸਿੰਘ ਨੇ ਦੱਸਿਆ ਕਿ ਉਹ ਤੇ ਉਸ ਦੀ ਪਤਨੀ ਦੀ ਉਮਰ 62 ਸਾਲ ਹੈ।

ਉਨ੍ਹਾਂ ਦੇ ਤਿੰਨ ਧੀਆਂ ਹਨ, ਜਿਨ੍ਹਾਂ ਵਿਚੋਂ ਦੋ ਦਾ ਵਿਆਹ ਹੋ ਚੁੱਕਿਆ ਹੈ। ਦੋ ਸਾਲ ਪਹਿਲਾਂ ਉਨ੍ਹਾਂ ਦੇ ਇਕਲੌਤੇ ਪੁੱਤਰ ਦੀ ਬਿਮਾਰੀ ਕਾਰਨ ਮੌਤ ਹੋ ਗਈ ਸੀ, ਜਿਸ ਕਰ ਕੇ ਉਨ੍ਹਾਂ ਨੂੰ ਜਾਇਦਾਦ ਦੇ ਵਾਰਿਸ ਦੀ ਘਾਟ ਮਹਿਸੂਸ ਹੋਣ ਲੱਗੀ ਸੀ। ਗੁਰਵਿੰਦਰ ਕੌਰ ਨੇ ਦੱਸਿਆ ਕਿ ਪੁੱਤਰ ਦੀ ਮੌਤ ਹੋਣ ਤੋਂ ਬਾਅਦ ਉਸ ਨੂੰ ਇਸ ਉਮਰੇ ਪੁੱਤਰ ਮਿਲਣ ਦੀ ਉਮੀਦ ਵੀ ਨਾਮਾਤਰ ਲੱਗੀ।

## ਧਾਰਮਿਕ ਆਗੂਆਂ ਨੂੰ ਡੱਕਣ ਲਈ ਬਿੱਲ ਹੋਵੇਗਾ ਪੇਸ਼

**ਨਵੀਂ ਦਿੱਲੀ:** ਸੰਸਦ ਦੇ 15 ਦਸੰਬਰ ਤੋਂ ਸ਼ੁਰੂ ਹੋ ਰਹੇ ਸਰਦ ਰੁੱਤ ਸੈਸ਼ਨ ਵਿਚ ਇਨੈਲੋ ਦੇ ਸੰਸਦ ਮੈਂਬਰ ਦੁਸ਼ਯੰਤ ਚੌਟਾਲਾ ਵੱਲੋਂ ਪੇਸ਼ ਪ੍ਰਾਈਵੇਟ ਮੈਂਬਰ ਬਿੱਲ ਉਤੇ ਵਿਚਾਰ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਬਿੱਲ ਵਿਚ ਉਨ੍ਹਾਂ ਧਾਰਮਿਕ ਆਗੂਆਂ ਖਿਲਾਫ਼ ਸੱਤ ਸਾਲ ਦੀ ਕੈਦ ਦੀ ਸਜ਼ਾ ਦੀ ਮੰਗ ਕੀਤੀ ਗਈ ਹੈ ਜਿਹੜੇ ਆਪਣੇ ਸ਼ਰਧਾਲੂਆਂ ਨੂੰ ਸਿਆਸੀ ਪਾਰਟੀ ਨੂੰ ਵੋਟ ਪਾਉਣ ਲਈ ਕਹਿਣਗੇ।

# ਕੁਦਰਤੀ ਆਫਤਾਂ ਤੋਂ ਰਾਖੀ ਸਰਕਾਰੀ ਏਜੰਡੇ ਤੋਂ ਬਾਹਰ

**ਚੰਡੀਗੜ੍ਹ:** ਪੰਜਾਬ ਦੇ ਲੋਕਾਂ ਨੂੰ ਕੁਦਰਤੀ ਆਫਤਾਂ ਤੋਂ ਬਚਾਉਣਾ ਸਰਕਾਰਾਂ ਦੇ ਏਜੰਡੇ ਤੋਂ ਬਾਹਰੀ ਜਾਪਦਾ ਹੈ। ਸੂਬੇ ਵਿਚ ਜਦੋਂ ਵੀ ਕਦੇ ਹੜ੍ਹ ਜਾਂ ਅੱਗ ਲੱਗਣ ਦੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਸਰਕਾਰ ਵੱਲੋਂ ਵਿੱਤੀ ਮਦਦ ਦੇਣ ਅਤੇ ਹੋਰ ਰਾਹਤ ਦੇਣ ਦੇ ਦਾਅਵੇ ਅਤੇ ਵਾਅਦੇ ਤਾਂ ਕੀਤੇ ਜਾਂਦੇ ਹਨ ਪਰ ਇਨ੍ਹਾਂ ਆਫਤਾਂ ਤੋਂ ਬਚਾਉਣ ਦੇ ਅਗਾਊਂ ਪ੍ਰਬੰਧ ਕਰਨ ਤੋਂ ਸਰਕਾਰਾਂ ਅਵੇਸਲੀਆਂ ਜਾਪਦੀਆਂ ਹਨ। ਸੂਬੇ ਵਿਚ ਅੱਗ ਲੱਗਣ ਦੀਆਂ ਤਾਜ਼ਾ ਵਾਪਰੀਆਂ ਘਟਨਾਵਾਂ ਖਾਸ ਕਰ ਕੇ ਲੁਧਿਆਣਾ ਦੀ ਘਟਨਾ ਨੇ ਇਸ ਨੂੰ ਮੁੜ ਚਰਚਾ ਦਾ ਮੁੱਦਾ ਬਣਾ ਦਿੱਤਾ ਹੈ।



ਆਫਤ ਪ੍ਰਬੰਧਨ ਤੇ ਸਰਕਾਰੀ ਪੈਸੇ ਦੀ ਵਰਤੋਂ ਦੇ ਇਸ ਗੰਭੀਰ ਮਾਮਲੇ ਵਿਚ ਪਿਛਲੀ ਅਕਾਲੀ-ਭਾਜਪਾ ਸਰਕਾਰ ਦੀ ਕਾਰਗੁਜ਼ਾਰੀ ਬੜੀ ਨਿਰਾਸ਼ਾਜਨਕ ਰਹੀ। ਮਹੱਤਵਪੂਰਨ ਤੱਥ ਇਹ ਹੈ ਕਿ ਅੱਗ ਲੱਗਣ ਤੋਂ ਬਚਾਅ ਦੇ ਪ੍ਰਬੰਧ ਕਰਨ ਅਤੇ ਕੇਂਦਰ ਸਰਕਾਰ ਦੀ ਗਰਾਂਟਾਂ ਦੀ ਸਹੀ ਵਰਤੋਂ ਕਰਨ ਦੇ ਮਾਮਲੇ ਵਿਚ ਕੇਂਦਰ ਸਰਕਾਰ ਨੇ ਪੰਜਾਬ ਨੂੰ 'ਰੈੱਡ ਜ਼ੋਨ' ਵਿਚ ਰੱਖਿਆ ਹੋਇਆ ਹੈ। ਬਾਦਲ ਸਰਕਾਰ ਵੱਲੋਂ ਧੜਾਧੜ ਨਵੀਆਂ ਕਾਲੋਨੀਆਂ ਅਤੇ ਬਹੁ-ਮੰਜ਼ਿਲਾ ਇਮਾਰਤਾਂ ਦੀ ਉਸਾਰੀ ਦੀ ਪ੍ਰਵਾਨਗੀਆਂ ਤਾਂ ਰਾਤੋਂ ਰਾਤ ਦੇ ਦਿੱਤੀਆਂ ਗਈਆਂ ਪਰ ਇਨ੍ਹਾਂ ਆਸਮਾਨ ਛੂੰਹਦੀਆਂ ਇਮਾਰਤਾਂ ਵਿਚ ਰਹਿਣ ਵਾਲੇ ਲੱਖਾਂ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਲਈ ਨਿਯਮਾਂ ਦੀ ਪਾਲਣਾ ਕਰਨ ਨੂੰ ਧਰਮ ਨਹੀਂ ਸਮਝਿਆ।

ਸਥਾਨਕ ਸਰਕਾਰਾਂ ਵਿਭਾਗ ਦਾ ਮੰਨਣਾ ਹੈ ਕਿ 70 ਫੁੱਟ ਉਚੀ ਇਮਾਰਤ ਦੇ ਦੁਆਲੇ 15 ਫੁੱਟ ਖਾਲੀ ਥਾਂ ਛੱਡਣੀ ਜ਼ਰੂਰੀ ਹੈ ਤਾਂ ਜੋ ਹੰਗਾਮੀ ਹਾਲਤ ਵਿਚ ਲੋਕਾਂ ਨੂੰ ਬਚਾਇਆ ਜਾ ਸਕੇ। ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਬਠਿੰਡਾ, ਮੁਹਾਲੀ ਆਦਿ ਸ਼ਹਿਰਾਂ ਵਿਚ ਅਜਿਹੀਆਂ ਇਮਾਰਤਾਂ ਦੀ ਉਸਾਰੀ ਨੂੰ ਹਰੀ ਝੰਡੀ ਦੇ ਦਿੱਤੀ ਗਈ, ਜੋ ਖਾਲੀ ਥਾਂ ਛੱਡਣ ਜਾਂ ਹੋਰ ਨਿਯਮਾਂ ਦੀ ਪਾਲਣਾ ਨਹੀਂ ਕਰਦੀਆਂ। ਵਿਭਾਗ ਨੇ ਇਸ ਸਬੰਧੀ ਹੁਣ ਸਰਵੇਖਣ ਦਾ ਬੀੜਾ ਜ਼ਰੂਰ ਚੁੱਕਿਆ ਹੈ। ਨਿਯਮਾਂ ਮੁਤਾਬਕ 50 ਹਜ਼ਾਰ ਦੀ ਵਸੋਂ ਪਿੱਛੇ ਇਕ ਫਾਇਰ ਬ੍ਰਿਗੇਡ ਦੀ ਗੱਡੀ ਚਾਹੀਦੀ ਹੈ। ਪੰਜਾਬ ਦੀ ਕੁੱਲ ਵਸੋਂ ਇਸ ਸਮੇਂ ਤਿੰਨ ਕਰੋੜ ਦੇ ਕਰੀਬ ਹੈ। ਇਸ ਵਿਚੋਂ ਸਵਾ ਕਰੋੜ ਦੇ ਕਰੀਬ ਲੋਕ ਸ਼ਹਿਰਾਂ ਵਿਚ ਰਹਿੰਦੇ ਹਨ। ਇਸ ਹਿਸਾਬ ਨਾਲ ਸਿਰਫ ਸ਼ਹਿਰਾਂ ਲਈ ਹੀ 250 ਤੋਂ ਵੱਧ ਵਾਹਨ ਚਾਹੀਦੇ ਹਨ।

ਕੈਪਟਨ ਸਰਕਾਰ ਨੇ ਹਾਲ ਹੀ ਵਿਚ ਕੁਝ ਸ਼ਹਿਰਾਂ ਨੂੰ ਫਾਇਰ ਬ੍ਰਿਗੇਡ ਦੇ ਵਾਹਨ ਤਾਂ ਦਿੱਤੇ ਹਨ ਪਰ ਚਲਾਉਣ ਵਾਲਿਆਂ ਦੀ ਕਮੀ ਹੈ। ਅਕਾਲੀ ਸਰਕਾਰ ਸਮੇਂ ਪੰਜਾਬ ਵਿਚ ਕੁੱਲ 54 ਫਾਇਰ ਸਟੇਸ਼ਨਾਂ ਲਈ ਸਿਰਫ 195 ਫਾਇਰ ਵਾਹਨ ਸਨ, ਜਿਨ੍ਹਾਂ ਵਿਚੋਂ 114 ਵੇਲਾ ਵਿਹਾਅ ਚੁੱਕੇ ਹਨ। ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਕੇਂਦਰ ਸਰਕਾਰ ਵੱਲੋਂ ਆਫਤ ਪ੍ਰਬੰਧਨ ਹੇਠ ਫਾਇਰ ਸੇਵਾਵਾਂ ਲਈ 90 ਕਰੋੜ ਰੁਪਏ ਦੀ ਗਰਾਂਟ ਆਈ, ਜਿਸ ਵਿਚ ਸਿਰਫ 17 ਕਰੋੜ ਰੁਪਏ ਖਰਚੇ ਗਏ, ਜਦੋਂ ਕਿ ਬਾਕੀ ਬਿਨਾਂ ਖਰਚੇ ਵਾਪਸ ਹੋ ਗਏ। ਇਥੋਂ ਤੱਕ ਕਿ ਮਾਰਚ 2013 ਵਿਚ ਖਤਮ ਹੋਈ ਕੌਮੀ ਆਫਤ ਪ੍ਰਬੰਧਨ ਦੀ ਇਕ ਸਕੀਮ ਤਹਿਤ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ 3.22 ਕਰੋੜ ਰੁਪਏ ਦੀ ਰਾਸ਼ੀ ਭੇਜੀ ਗਈ ਪਰ ਪੰਜਾਬ ਸਰਕਾਰ ਵੱਲੋਂ ਸਿਰਫ 58 ਲੱਖ ਰੁਪਏ ਦਾ ਵਰਤੋਂ ਸਰਟੀਫਿਕੇਟ (ਯੂ.ਸੀ.) ਭੇਜਿਆ ਗਿਆ।

ਲੁਧਿਆਣਾ, ਜਲੰਧਰ, ਜ਼ੀਰਕਪੁਰ, ਡੇਰਾਬੱਸੀ, ਅੰਮ੍ਰਿਤਸਰ, ਪਟਿਆਲਾ ਤੇ ਬਠਿੰਡਾ ਆਦਿ ਲਈ ਹਾਈਡਰੌਲਿਕ ਪੌੜੀ ਵਾਲੇ ਅਤਿ-ਆਧੁਨਿਕ ਫਾਇਰ ਵਾਹਨ ਲੋੜੀਂਦੇ ਹਨ। ਇਸ ਸਮੇਂ ਅਜਿਹੇ ਵਾਹਨ ਸਿਰਫ ਮੁਹਾਲੀ ਨਗਰ ਨਿਗਮ ਕੋਲ ਹਨ।

# ਈ-ਕਾਮਰਸ ਅਜਾਰੇਦਾਰੀ ਅਤੇ ਬਸਤੀਵਾਦੀ ਹੱਲਾ

*ਈ-ਕਾਮਰਸ ਨੂੰ ਮੋਦੀ ਸਰਕਾਰ ਵਲੋਂ ਆਰਥਿਕ ਤਰੱਕੀ ਵੱਲ ਵੱਡੀ ਪੁਲਾਂਘ ਦੇ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ। ਦਰਅਸਲ ਇਸ ਵਿਚ ਕੀ ਖਤਰੇ ਸਮੋਏ ਹੋਏ ਹਨ, ਇਸ ਪਹਿਲੂ ਦਾ ਵਿਸ਼ਲੇਸ਼ਣ ਖੋਜਕਾਰ ਸਚਿਨ ਕੁਮਾਰ ਜੈਨ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ ਜਿਸ ਦਾ ਬੂਟਾ ਸਿੰਘ ਵਲੋਂ ਕੀਤਾ ਗਿਆ ਅਨੁਵਾਦ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। -ਸੰਪਾਦਕ*

ਸੂਚਨਾ ਤਕਨੀਕ ਅਤੇ ਇਸ ਨਾਲ ਜੁੜੇ ਯੰਤਰ ਕੀ ਸਾਨੂੰ ਨਿਰੀ ਮਸ਼ੀਨ ਬਣਾ ਦੇਣਗੇ? ਜਦੋਂ ਅਸੀਂ ਕਿਸੇ ਜੀਵ ਤੋਂ ਬਾਂਦਰ, ਬਾਂਦਰ ਤੋਂ ਵਣ-ਮਾਨਸ ਅਤੇ ਵਣ-ਮਾਨਸ ਤੋਂ ਮਨੁੱਖ ਬਣਦੇ ਹਾਂ, ਤਾਂ ਇਸ ਵਿਚ ਸਾਡੇ ਵਤੀਰੇ, ਦਖਲ, ਰਹਿਣ-ਸਹਿਣ ਆਦਿ ਤੋਂ ਤੈਅ ਹੁੰਦਾ ਹੈ ਕਿ ਅਸੀਂ ਕੀ ਬਣਨ ਦੀ ਦਿਸ਼ਾ ਵੱਲ ਜਾ ਰਹੇ ਹਾਂ।

ਇੰਟਰਨੈਟ ਸੂਚਨਾ ਯੰਤਰ ਅਤੇ ਜਾਣਕਾਰੀਆਂ ਦੇ ਤੂਫ਼ਾਨ ਦਾ ਮੌਜੂਦਾ ਦੌਰ ਸਾਨੂੰ ਕੀ ਬਣਾਏਗਾ? ਇੰਟਰ-ਐਕਟਿਵ ਡੇਟਾ ਕਾਰਪੋਰੇਸ਼ਨ ਦੇ ਮੁਤਾਬਕ, ਵਿਸ਼ਵ ਵਿਚ ਜਾਣਕਾਰੀਆਂ/ਡੇਟਾ ਦੀ ਮੰਡੀ ਸੰਨ 2016 ਵਿਚ 130.1 ਅਰਬ ਡਾਲਰ ਦੀ ਸੀ ਜੋ ਸੰਨ 2020 ਵਿਚ ਵਧ ਕੇ 203 ਅਰਬ ਡਾਲਰ ਦੀ ਹੋ ਜਾਵੇਗੀ।

**ਸਚਿਨ ਕੁਮਾਰ ਜੈਨ**
**ਅਨੁਵਾਦ: ਬੂਟਾ ਸਿੰਘ**

ਜੋ ਜਾਣਕਾਰੀਆਂ/ਡੇਟਾ ਨੂੰ ਕੰਟਰੋਲ ਕਰ ਰਿਹਾ ਹੈ, ਉਹ ਦੁਨੀਆ ਦੇ ਵਪਾਰ ਅਤੇ ਵਿਹਾਰ ਨੂੰ ਕੰਟਰੋਲ ਕਰੇਗਾ। ਇਹ ਮੌਜੂਦ ਈ-ਕਾਮਰਸ ਦਾ ਮੂਲ ਵਾਕ ਹੈ।

ਵਿਸ਼ਵ ਵਪਾਰ ਸੰਸਥਾ (ਡਬਲਯੂ ਟੀ ਓ) ਦੀ 10 ਤੋਂ 13 ਦਸੰਬਰ 2017 ਨੂੰ ਬਿਊਨਸ ਆਇਰਿਸ (ਅਰਜਨਟਾਈਨਾ) ਵਿਚ ਹੋ ਰਹੀ 11ਵੀਂ ਮੰਤਰੀ ਵਾਰਤਾ ਵਿਚ ਈ-ਕਾਮਰਸ ਨੂੰ ਵਾਰਤਾ ਦੇ ਮੁੱਦੇ ਦੇ ਰੂਪ ਵਿਚ ਸ਼ਾਮਲ ਕਰਨ ਦੀ ਖ਼ਤਰਨਾਕ ਕਵਾਇਦ ਜਾਰੀ ਹੈ ਤਾਂ ਜੋ ਡੇਟਾ/ਜਾਣਕਾਰੀਆਂ ਦੇ ਮੁਕਤ ਵਹਾਅ, ਇੰਟਰਨੈਟ ਉਪਰ ਵਪਾਰ ਲਈ ਮੁਕਤ ਇਸਤੇਮਾਲ ਅਤੇ ਦੁਨੀਆ ਦੀਆਂ ਸਭ ਤੋਂ ਵੱਡੀਆਂ ਸੂਚਨਾ ਤਕਨੀਕ ਕੰਪਨੀਆਂ ਦੀ ਅਜਾਰੇਦਾਰੀ ਨੂੰ ਮਾਨਤਾ ਦਿਵਾਈ ਜਾ ਸਕੇ।

ਸੰਨ 2016 ਵਿਚ ਇੰਟਰਨੈਟ ਦੇ ਜ਼ਰੀਏ ਕੁਲ 1.95 ਲੱਖ ਕਰੋੜ ਡਾਲਰ ਦੀ ਖ਼ਰੀਦ-ਫ਼ਰੋਖ਼ਤ ਹੋਈ। ਇਹ ਸੰਨ 2020 ਵਿਚ ਵਧ ਕੇ 4 ਲੱਖ ਕਰੋੜ ਡਾਲਰ ਹੋਣ ਦੀ ਸੰਭਾਵਨਾ ਹੈ। ਇਸ ਦਾ ਮਤਲਬ ਹੈ ਕਿ ਇੰਟਰਨੈਟ, ਮੋਬਾਈਲ ਸਮਾਰਟਫ਼ੋਨ ਅਤੇ ਸੂਚਨਾ ਤਕਨੀਕ ਕੰਪਨੀਆਂ ਦਾ ਗ਼ਲਬਾ ਭਿਆਨਕ ਤਰੀਕੇ ਨਾਲ ਵਧ ਰਿਹਾ ਹੈ। ਡਿਜੀਟਨ ਆਰਥਿਕਤਾ, ਯਾਨੀ ਕੰਪਿਊਟਰ-ਇੰਟਰਨੈਟ ਦੇ ਜ਼ਰੀਏ ਖ਼ਰੀਦ-ਫ਼ਰੋਖ਼ਤ ਦਾ ਵਿਹਾਰ ਤੇ ਯੋਜਨਾ ਹੁਣ ਜ਼ਿੰਦਗੀ ਦੇ ਕੇਂਦਰ ਵਿਚ ਆ ਗਏ ਹਨ। ਇਸ ਨੂੰ ਕੇਵਲ 8 ਨਵੰਬਰ 2016 ਨੂੰ ਭਾਰਤ ਵਿਚ ਕੀਤੀ ਗਈ ਨੋਟਬੰਦੀ ਜਾਂ ਪੇ ਟੀ ਐਮ ਜਾਂ ਡੈਬਿਟ-ਕ੍ਰੈਡਿਟ ਕਾਰਡ ਨਾਲ ਹੋਣ ਵਾਲੇ ਭੁਗਤਾਨ ਤਕ ਮਹਿਦੂਦ ਕਰ ਕੇ ਨਾ ਦੇਖਿਆ ਜਾਵੇ।

ਈ-ਕਾਮਰਸ ਦਾ ਨਵਾਂ ਅਰਥ ਹੈ ਡੇਟਾ-ਜਾਣਕਾਰੀਆਂ ਦਾ ਮੁਕਤ ਵਹਾਅ, ਸੂਚਨਾ ਤਕਨੀਕ ਅਤੇ ਸੂਚਨਾਵਾਂ ਉਪਰ ਕੋਈ ਸਥਾਨਕ ਕਾਨੂੰਨ ਜਾਂ ਕੰਟਰੋਲ ਨਾ ਹੋਣਾ, ਹਰ ਬੰਦੇ ਦੀ ਨਿੱਜੀ ਜ਼ਿੰਦਗੀ ਵਿਚ ਦਖ਼ਲ ਅਤੇ ਜਾਣਕਾਰੀਆਂ ਦੇ ਆਧਾਰ 'ਤੇ ਸਾਡੇ ਵਿਹਾਰ ਨੂੰ ਬਦਲਣ ਦੀ ਸੁਤੰਤਰਤਾ; ਦਰਅਸਲ ਦੁਨੀਆ ਦੀਆਂ ਪੰਜ ਧੜਵੈਲ ਕਾਰੋਬਾਰੀ ਕੰਪਨੀਆਂ- ਮਾਈਕ੍ਰੋਸਾਫ਼ਟ, ਐਪਲ, ਫੇਸਬੁੱਕ, ਅਲਫਾਬੈਟ (ਗੂਗਲ) ਅਤੇ ਐਮਾਜ਼ੋਨ ਦੁਨੀਆ ਵਿਚ ਸੂਚਨਾ ਤਕਨੀਕ, ਤਕਨੀਕੀ ਵਸਤਾਂ ਅਤੇ ਵਸਤਾਂ ਦੇ ਵਪਾਰ ਦੇ ਸਰਵਸ਼ਕਤੀਮਾਨ ਸਮੂਹ ਹਨ। ਇਨ੍ਹਾਂ ਦੇ ਹੱਥਾਂ ਵਿਚ ਸੂਚਨਾ ਤੰਤਰ ਅਤੇ ਤਕਨੀਕ ਦਾ ਪੂਰਾ ਕੰਟਰੋਲ ਹੈ। ਅੱਜ ਜਦੋਂ ਬੈਂਕਿੰਗ, ਆਵਾਜਾਈ, ਸਿਹਤ, ਲੈਣ-ਦੇਣ, ਦੂਰਸੰਚਾਰ, ਸੈਰ-ਸਪਾਟਾ, ਨਿਗਰਾਨੀ ਤੋਂ ਲੈ ਕੇ ਸਿੱਖਿਆ ਦੇ ਬੁਨਿਆਦੀ ਢਾਂਚੇ ਤਕ ਸਭ ਕੁਝ ਡਿਜੀਟਲ ਤਕਨੀਕ ਅਤੇ ਇੰਟਰਨੈਟ ਦੇ ਜ਼ਰੀਏ ਸੰਚਾਲਿਤ ਹੋ ਰਿਹਾ ਹੈ ਅਤੇ ਕੰਪਿਊਟਰ-ਇੰਟਰਨੈਟ ਦਾ ਤੰਤਰ ਵਿਆਪਕ ਰੂਪ ਵਿਚ ਇਨ੍ਹਾਂ ਪੰਜ ਇਕਾਈਆਂ ਦੇ ਹੱਥ ਵਿਚ ਹੈ ਤਾਂ ਤੁਸੀਂ ਖ਼ੁਦ ਅੰਦਾਜ਼ਾ ਲਗਾ ਸਕਦੇ ਹੋ ਕਿ ਇਨ੍ਹਾਂ ਦੀ ਤਾਕਤ ਦੀ ਹੱਦ ਕੀ ਹੈ?

ਕੀ ਕੋਈ ਵੀ ਸਰਕਾਰ ਇਨ੍ਹਾਂ ਨੂੰ ਨਿਯਮਾਂ ਵਿਚ ਬੰਨ੍ਹ ਸਕਦੀ ਹੈ? ਆਰਥਿਕ ਪ੍ਰਬੰਧ ਦਾ ਉਦਾਰੀਕਰਨ ਤਾਂ ਮੁਕਾਬਲੇਬਾਜ਼ੀ ਦੀ ਬੀਨ ਵਜਾਉਂਦਾ ਹੈ, ਪਰ ਜਦੋਂ ਇਨ੍ਹਾਂ ਪੰਜ ਦੀ ਅਜਾਰੇਦਾਰੀ ਹੈ ਤਾਂ ਕੋਈ ਹੋਰ ਮੰਡੀ ਵਿਚ ਕਿਵੇਂ ਟਿਕੇਗਾ?

ਹਕੀਕਤ ਵਿਚ ਕੁਝ ਚੁਣਵੀਆਂ ਕੰਪਨੀਆਂ ਨੇ ਸਾਡੀ ਕੁਦਰਤੀ-ਸਮਾਜੀ-ਆਰਥਿਕ ਜੀਵਨ ਚੱਕਰ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਹੈ। ਸਾਡੇ ਵਸੀਲੇ, ਖਾਣ-ਪੀਣ, ਸਿਹਤ, ਸਿੱਖਿਆ ਤੋਂ ਲੈ ਕੇ ਸਾਡੇ ਆਪਸੀ ਰਿਸ਼ਤਿਆਂ ਤਕ ਉਨ੍ਹਾਂ ਦੇ ਰਾਜ ਦਾ ਵਿਸਤਾਰ ਹੈ।

ਈ-ਕਾਮਰਸ ਦਾ ਅਰਥ ਅਤੇ ਦਾਇਰਾ: ਇੰਟਰਨੈਟ ਜਾਂ ਹੋਰ ਕੰਪਿਊਟਰ ਨੈਟਵਰਕ ਦੇ ਮਾਧਿਅਮ ਨਾਲ ਉਦਮ, ਪਰਿਵਾਰ, ਵਿਅਕਤੀਆਂ, ਸਰਕਾਰਾਂ ਅਤੇ ਹੋਰ ਜਨਤਕ ਜਾਂ ਨਿੱਜੀ ਸੰਸਥਾਵਾਂ ਦਰਮਿਆਨ ਸੇਵਾਵਾਂ ਅਤੇ ਵਸਤਾਂ ਦੀ ਖ਼ਰੀਦ-ਫ਼ਰੋਖ਼ਤ ਦੀ ਵਿਵਸਥਾ ਨੂੰ ਈ-ਕਾਮਰਸ ਅਤੇ ਵਪਾਰਕ ਕਾਰਜ (ਇਲੈਕਟ੍ਰਾਨਿਕ ਕਾਮਰਸ) ਦੇ ਰੂਪ ਵਿਚ ਪ੍ਰਿਭਾਸ਼ਤ ਕੀਤਾ ਗਿਆ ਹੈ।

ਵਸਤਾਂ ਤੋਂ ਲੈ ਕੇ ਸੇਵਾਵਾਂ ਤਕ ਸਭ ਕੁਝ ਇੰਟਰਨੈਟ ਉਪਰ ਖੋਜੋ ਅਤੇ ਉਸ ਦੇ ਲਈ ਆਦੇਸ਼ ਦੇ ਦਿਓ; ਸਭ ਕੁਝ ਤੁਹਾਡੇ ਘਰ ਹਾਜ਼ਰ ਹੋ ਜਾਵੇਗਾ। ਹੁਣ ਤਾਂ ਡਾਕਟਰ ਨੂੰ ਤੁਹਾਡੀ ਨਬਜ਼ ਦੇਖਣ ਦੀ ਵੀ ਜ਼ਰੂਰਤ ਨਹੀਂ ਹੋਵੇਗੀ, ਸਿੱਖਿਆ ਦੇ ਲਈ ਅਧਿਆਪਕ ਦੀ ਜ਼ਰੂਰਤ ਨਹੀਂ ਹੋਵੇਗੀ।

ਅਸੀਂ ਆਪਣੀ ਇਕੱਲਿਆਂ ਦੀ ਇਕ ਦੁਨੀਆ ਬਣਾ ਸਕਾਂਗੇ ਜਿਸ ਵਿਚ ਕੋਈ ਹੋਰ ਨਹੀਂ ਹੋਵੇਗਾ। ਉਸ ਦੁਨੀਆ ਵਿਚ ਅਸੀਂ ਸਬਜ਼ੀ ਵਾਲੇ ਜਾਂ ਕਿਸਾਨ ਜਾਂ ਕਰਿਆਨੇ ਵਾਲੇ ਦੇ ਬਾਰੇ ਵਿਚ ਕੋਈ ਸੰਵੇਦਨਾ ਨਹੀਂ ਰੱਖਾਂਗੇ। ਸਾਨੂੰ ਕਦੇ ਪਤਾ ਨਹੀਂ ਲੱਗੇਗਾ ਕਿ ਜੋ ਚੌਲ ਅਸੀਂ ਖਾ ਰਹੇ ਹਾਂ ਜਾਂ ਜਿਸ ਮੇਜ਼ ਉਪਰ ਅਸੀਂ ਬੈਠੇ ਹਾਂ, ਉਸ ਦਾ ਉਤਪਾਦਕ ਜਾਂ ਨਿਰਮਾਤਾ ਕੌਣ ਹੈ?

ਕੁਲ ਮਿਲਾ ਕੇ ਅਸੀਂ 'ਸੰਵੇਦਨਾਹੀਣ' ਮੰਡੀ ਦਾ ਹਿੱਸਾ ਹੋਵਾਂਗੇ। ਜ਼ਰਾ ਸੋਚੋ, ਕੀ ਅੱਜ ਸਾਡੇ ਸ਼ਹਿਰੀ ਤੇ ਮੱਧਵਰਗੀ ਸਮਾਜ ਦੇ ਬੱਚਿਆਂ ਨੂੰ ਇਹ ਪਤਾ ਹੈ ਕਿ ਜੋ ਖਾਣਾ ਅਸੀਂ ਖਾਂਦੇ ਹਾਂ, ਉਹ ਕਿਥੋਂ ਆਉਂਦਾ ਹੈ? ਕੌਣ ਉਸ ਦੀ ਪੈਦਾਵਾਰ ਕਰਦਾ ਹੈ? ਉਨ੍ਹਾਂ ਨੂੰ ਬਸ ਇਹੀ ਪਤਾ ਹੈ ਕਿ ਆਟਾ ਜਾਂ ਚੌਲ ਡਿਪਾਰਟਮੈਂਟਲ ਸਟੋਰ ਤੋਂ ਆਉਂਦਾ ਹੈ ਅਤੇ ਦੁੱਧ ਕੋਈ ਕੰਪਨੀ ਪੈਦਾ ਕਰਦੀ ਹੈ ਜੋ ਸਾਨੂੰ ਪੈਕਟਾਂ ਵਿਚ ਮਿਲ ਜਾਂਦਾ ਹੈ। ਈ-ਕਾਮਰਸ ਰਿਸ਼ਤਿਆਂ ਵਿਚ ਇਸ ਦੂਰੀ ਨੂੰ ਐਨਾ ਵਧਾਉਣ ਵਾਲਾ ਹੈ ਕਿ ਸਾਨੂੰ ਸਮਾਜ ਦੇ ਦੂਜੇ ਤਬਕੇ ਬਾਰੇ ਕੁਝ ਪਤਾ ਨਹੀਂ ਹੋਵੇਗਾ। ਇਸ ਦੇ ਨਾਲ ਹੀ ਤਕਨੀਕ ਅਤੇ ਜਾਣਕਾਰੀਆਂ ਉੱਪਰ ਅਜਾਰੇਦਾਰੀ ਵੀ ਵਧਦੀ ਜਾਵੇਗੀ।

ਈ-ਕਾਮਰਸ ਮੌਜੂਦਾ ਕਾਰਜ ਖੇਤਰਾਂ ਵਿਚ ਕਈ ਪਧਰਾਂ ਉਪਰ ਰੁਜ਼ਗਾਰ ਦੇ ਮੌਕੇ ਘਟਾਏਗਾ। ਜ਼ਰਾ ਇਹ ਜਾਣ ਲਓ ਕਿ ਦੁਨੀਆ ਵਿਚ 600 ਤੋਂ ਜ਼ਿਆਦਾ ਸ਼ਹਿਰਾਂ ਵਿਚ ਮੁਸਾਫ਼ਰਾਂ ਦੀ ਆਵਾਜਾਈ ਦੀਆਂ ਸੇਵਾਵਾਂ ਦੇਣ ਵਾਲੀ ਕੰਪਨੀ 'ਊਬਰ' ਕੋਲ ਨਾ ਤਾਂ ਟੈਕਸੀਆਂ ਹਨ, ਨਾ ਡਰਾਈਵਰ।

ਉਹ ਕੰਪਿਊਟਰ ਅਤੇ ਸਾਫਟਵੇਅਰ ਪ੍ਰੋਗਰਾਮ ਦੇ ਜ਼ਰੀਏ ਟੈਕਸੀ ਅਤੇ ਸਫ਼ਰ ਕਰਨ ਵਾਲੇ ਬੰਦੇ ਨੂੰ ਜੋੜਦੀ ਹੈ। ਉਸ ਕੋਲ ਇਹ ਤਕਨੀਕ ਹੈ ਜਿਸ ਨਾਲ ਉਨ੍ਹਾਂ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਤੁਸੀਂ ਜਿਸ ਇਲਾਕੇ ਵਿਚ ਖੜ੍ਹੇ ਹੋ, ਉਥੇ ਉਸ ਵਕਤ ਟੈਕਸੀਆਂ ਦੀ ਕਮੀ ਹੈ, ਜਾਂ ਤੁਹਾਡੇ ਸਮਾਰਟਫ਼ੋਨ ਦੀ ਬੈਟਰੀ ਖਤਮ ਹੋਣ ਵਾਲੀ ਹੈ। ਬਸ ਇਸੇ ਆਧਾਰ 'ਤੇ ਉਹ ਸਫ਼ਰ ਦਾ ਭਾਅ ਵਧਾ ਦਿੰਦੀ ਹੈ। ਦਵਾਈਆਂ ਤੋਂ ਲੈ ਕੇ ਸਬਜ਼ੀ ਤਕ ਸਮਾਨ ਚੰਦ ਮਿੰਟਾਂ ਵਿਚ ਸਾਡੇ ਘਰ ਪੁੱਜਦਾ ਕਰਨ ਦੀ ਵਿਵਸਥਾ ਵਧ ਰਹੀ ਹੈ, ਤਾਂ ਹੀ ਉਬਰ ਨੂੰ ਮੁਨਾਫ਼ਾ ਹੈ।

ਤੁਸੀਂ ਐਮਜ਼ੋਨ ਬਾਰੇ ਤਾਂ ਜਾਣਦੇ ਹੀ ਹੋ। ਹਰ ਸਮਾਰਟਫ਼ੋਨ, ਕੰਪਿਊਟਰ ਅਤੇ ਟੈਬਲੇਟ ਉਪਰ ਐਮਜ਼ੋਨ ਆ ਚੁੱਕਾ ਹੈ। ਇਹ ਇਲੈਕਟ੍ਰਾਨਿਕ ਕਾਰੋਬਾਰੀ ਕੰਪਨੀ ਹੈ। ਇਸ ਦੀ ਇਸ਼ਤਿਹਾਰਬਾਜ਼ੀ ਕਹਿੰਦੀ ਹੈ ਕਿ ਐਮਜ਼ੋਨ 10 ਕਰੋੜ ਤੋਂ ਜ਼ਿਆਦਾ ਤਰ੍ਹਾਂ ਤਰ੍ਹਾਂ ਦੀਆਂ ਵਸਤਾਂ ਵੇਚਦੀ ਹੈ। ਸੂਈ ਤੋਂ ਲੈ ਕੇ ਘਾਹ, ਕੱਪੜੇ, ਬੀਜ, ਰੁਖ, ਦਵਾ, ਬਰਫ਼ੀ; ਸਭ ਕੁਝ; ਲੇਕਿਨ ਇਨ੍ਹਾਂ ਵਿਚੋਂ ਉਹ ਕੁਝ ਵੀ ਨਹੀਂ ਬਣਾਉਂਦੀ। ਉਸ ਦਾ ਕੋਈ ਕਾਰਖਾਨਾ ਨਹੀਂ ਹੈ। ਉਹ ਇੰਟਰਨੈਟ ਦੇ ਜ਼ਰੀਏ ਦੁਨੀਆ ਭਰ ਵਿਚ ਲੋਕਾਂ ਨੂੰ ਤਸਵੀਰਾਂ ਅਤੇ ਵੀਡੀਓ ਦਿਖਾਉਂਦੀ ਹੈ, ਸਮਾਨ ਲਈ ਆਦੇਸ਼ ਦਿੰਦੀ ਹੈ ਅਤੇ ਹੋਰ ਉਤਪਾਦਕਾਂ ਤੋਂ ਸਮਾਨ ਲੈ ਕੇ ਵੇਚ ਦਿੰਦੀ ਹੈ। ਬਿਨਾ ਪੈਦਾਵਾਰ ਕੀਤੇ ਈ-ਕਾਮਰਸ ਨਾਲ ਹੀ ਉਸ ਨੂੰ ਸਾਲਾਨਾ 8900 ਕਰੋੜ ਰੁਪਏ ਦੀ ਕਮਾਈ (ਰੈਵਿਨਿਊ) ਹੁੰਦੀ ਹੈ।

ਅੱਜ ਕੱਲ੍ਹ ਕੰਪਿਊਟਰ ਜ਼ਰੂਰੀ ਹੋ ਗਿਆ ਹੈ, ਹੁਣ ਇਸ ਵਿਚ ਇੰਟਰਨੈਟ ਵੀ ਜੁੜ ਗਿਆ ਹੈ। ਇੰਟਰਨੈਟ ਜਾਣਕਾਰੀਆਂ ਅਤੇ ਸੂਚਨਾਵਾਂ ਦਾ ਹੜ੍ਹ ਹੀ ਨਹੀਂ ਲਿਆ ਰਿਹਾ, ਉਹ ਸਾਨੂੰ ਜਾਣਕਾਰੀਆਂ ਦੇ ਜ਼ਰੀਏ ਵਸਤਾਂ ਅਤੇ ਸੇਵਾਵਾਂ ਦਾ ਇਸਤੇਮਾਲ ਕਰਨ ਦਾ ਆਦੀ ਵੀ ਬਣਾ ਰਿਹਾ ਹੈ। ਬਿਨਾਂ ਮੰਗੇ ਅੰਦਰੂਨੀ ਵਸਤਰਾਂ ਦੀਆਂ ਤਸਵੀਰਾਂ ਦੇ ਰੂਪ ਵਿਚ ਇਸ਼ਤਿਹਾਰ ਸਾਡੇ ਤਕ ਪਹੁੰਚ ਜਾਂਦੇ ਹਨ। ਰੰਗ-ਬਰੰਗੇ, ਵੱਖੋ-ਵੱਖਰੇ ਡਿਜ਼ਾਇਨ ਅਤੇ ਆਕਾਰ ਦੇ ਅੰਦਰੂਨੀ ਵਸਤਰ। ਇਹ ਤੰਤਰ ਸਾਡੇ ਮਨ ਨਾਲ ਖਿਲਵਾੜ ਕਰ ਰਿਹਾ ਹੈ।

ਹੁਣ ਬਸ ਤੋਂ ਲੈ ਕੇ ਟਰੇਨ ਅਤੇ ਹਵਾਈ ਜਹਾਜ਼ ਦੀਆਂ ਟਿਕਟਾਂ ਵੀ ਇੰਟਰਨੈਟ ਉਪਰ ਹਾਸਲ ਹਨ। ਤੁਸੀਂ ਇਕ ਵਾਰ ਦਿੱਲੀ ਤੋਂ ਹੈਦਰਾਬਾਦ ਦੀ ਟਿਕਟ ਬਾਰੇ ਮਹਿਜ਼ 'ਜਾਣਕਾਰੀ' ਚੈੱਕ ਕਰ ਲਓ, ਇਸ ਤੋਂ ਬਾਅਦ ਤੁਹਾਡੇ ਈ-ਮੇਲ, ਮੋਬਾਈਲ ਫ਼ੋਨ, ਫੇਸਬੁਕ ਵਗੈਰਾ ਉਪਰ ਆਪਣੇ ਆਪ ਹੀ ਦਿੱਲੀ ਤੋਂ ਹੈਦਰਾਬਾਦ ਦੀ ਟਿਕਟ ਅਤੇ ਕਿਰਾਏ ਦੀ ਜਾਣਕਾਰੀ ਅਗਲੇ ਇਕ ਮਹੀਨੇ ਤਕ ਆਉਂਦੀ ਰਹੇਗੀ।

ਇੰਟਰਨੈਟ ਕੰਪਨੀਆਂ ਸਾਡੇ ਹਰ ਵਿਹਾਰ ਉਪਰ ਨਜ਼ਰ ਰੱਖਦੀਆਂ ਹਨ ਅਤੇ ਦੇਖਦੀਆਂ ਹਨ ਕਿ ਅਸੀਂ ਕੀ ਲੱਭ ਰਹੇ ਹਾਂ? ਇਹ ਜਾਣਕਾਰੀ ਹਾਸਲ ਕਰ ਕੇ ਉਹ ਸਾਨੂੰ ਹਜ਼ਾਰਾਂ ਬਦਲਵੀਆਂ ਜਾਣਕਾਰੀਆਂ ਵਿਚ ਦਬਾ ਦਿੰਦੀਆਂ ਹਨ। ਐਡੀਡਾਸ ਮੁਤਾਬਕ, ਜਾਣਕਾਰੀਆਂ ਤੇ ਅੰਕੜੇ ਤੇਲ ਹਨ ਅਤੇ ਖਪਤਕਾਰ ਨਾਲ ਜੁੜਨ ਲਈ ਜਾਣਕਾਰੀ ਦਾ ਵਿਸ਼ਲੇਸ਼ਣ ਉਸ ਦਾ ਇੰਜਨ ਹੈ। ਕੱਪੜੇ ਵਾਲੀ ਕੰਪਨੀ ਇਹ ਜਾਣਕਾਰੀ ਇਕੱਠੀ ਕਰਦੀ ਹੈ ਕਿ 6 ਮਹੀਨੇ ਤੋਂ 5 ਸਾਲ ਦੇ ਬੱਚੇ, 16 ਸਾਲ ਦੀ ਲੜਕੀ, ਸਫ਼ਰ ਕਰਨ ਵਾਲੀ ਔਰਤ ਨੂੰ ਕਿਸ ਤਰ੍ਹਾਂ ਦੇ ਕੱਪੜੇ ਚਾਹੀਦੇ ਹਨ! ਜੋ ਲੋਕ ਹਵਾਈ ਜਹਾਜ਼ ਵਿਚ ਸਫ਼ਰ ਕਰਦੇ ਹਨ, ਉਨ੍ਹਾਂ ਨੂੰ ਪੈਰ ਲਟਕਾ ਕੇ ਬੈਠਣਾ ਪੈਂਦਾ ਹੈ, ਉਨ੍ਹਾਂ ਲਈ ਕਿਸ ਤਰ੍ਹਾਂ ਦੀਆਂ ਜੁਰਾਬਾਂ ਚਾਹੀਦੀਆਂ ਹਨ।

ਪੂਰਵ-ਸਕੂਲੀ ਸਿੱਖਿਆ ਤਹਿਤ ਅੱਜ ਦੇ ਮਾਹੌਲ ਵਿਚ ਬੱਚਿਆਂ ਨੂੰ ਕੀ ਸਿਖਾਇਆ ਜਾਣਾ ਚਾਹੀਦਾ ਹੈ, ਇਹ ਜਾਣਕਾਰੀ ਪੁਸਤਕ ਸਮੱਗਰੀ ਬਣਾਉਣ ਵਾਲੀ ਕੰਪਨੀ ਖ਼ੂਬ ਇਸਤੇਮਾਲ ਕਰਦੀ ਹੈ। ਕਾਰ ਚਲਾਉਣ ਲਈ ਮਨੁੱਖ ਦੀ ਜ਼ਰੂਰਤ ਨਹੀਂ, ਬਲਕਿ ਕੰਪਿਊਟਰ ਦਾ ਸਾਫਟਵੇਅਰ ਬਣ ਗਿਆ ਹੈ। ਜੁੱਤੇ ਹੁਣ ਕੇਵਲ ਪਹਿਨਣ ਦੀ ਵਸਤ ਨਹੀਂ ਹਨ, ਬਲਕਿ ਹੁਣ ਇਸ ਨੂੰ 'ਸਿਹਤ ਵਸਤ' ਬਣਾ ਦਿੱਤੀ ਗਈ ਹੈ।

ਭਾਰਤ ਸਰਕਾਰ ਪੂਰੀ ਸ਼ਿੱਦਤ ਨਾਲ ਕਿਸੇ ਵੀ ਤਰ੍ਹਾਂ ਦੇ ਵਿਅਕਤੀ ਦੀ ਜੈਵਿਕ ਸੂਚਨਾ ਵਾਲੀ ਵਿਸ਼ੇਸ਼ ਸ਼ਨਾਖ਼ਤ (ਆਧਾਰ) ਦੀ ਨੀਤੀ ਉਪਰ ਕੰਮ ਕਰ ਰਹੀ ਹੈ। 'ਆਧਾਰ' ਹਕੀਕਤ ਵਿਚ ਕੋਈ ਸ਼ਨਾਖ਼ਤ ਸੰਖਿਆ ਨਹੀਂ ਹੈ। ਇਸ ਨਾਲ ਹਰ ਬੰਦੇ ਦੀ ਨਿੱਜੀ ਜਾਣਕਾਰੀ (ਟੈਲੀਫ਼ੋਨ ਨੰਬਰ, ਬੈਂਕ ਖਾਤਾ, ਸਾਡੀ ਸਿਹਤ, ਜੀਵਨ ਬੀਮਾ ਵਗੈਰਾ) ਵੀ ਜੋੜਿਆ ਜਾ ਰਿਹਾ ਹੈ। ਇਨ੍ਹਾਂ ਜਾਣਕਾਰੀਆਂ ਦੀ ਮੰਡੀ ਨੂੰ ਸਖ਼ਤ ਜ਼ਰੂਰਤ ਹੈ। ਸਾਡੀ ਉਮਰ ਕੀ ਹੈ, ਸਾਡੀ ਆਮਦਨੀ ਕਿੰਨੀ ਹੈ, ਅਸੀਂ ਕਿਥੇ ਸਫ਼ਰ ਕਰਦੇ ਹਾਂ, ਸਾਡਾ ਬੈਂਕ ਖ਼ਾਤਾ ਕਿਥੇ ਹੈ, ਇਹ ਤਮਾਮ ਜਾਣਕਾਰੀਆਂ ਵਖ ਵਖ ਕੰਪਨੀਆਂ ਆਪਣੀ ਵਸਤ ਬਣਾਉਣ ਲਈ ਇਸਤੇਮਾਲ ਕਰਨਗੀਆਂ। ਬੈਂਕ ਸਾਡੇ ਨਾਲ ਪੈਸਾ ਜਮ੍ਹਾਂ ਕਰਨ ਬਾਰੇ ਗੱਲ ਕਰੇਗਾ; ਬੀਮਾ ਕੰਪਨੀ ਬੀਮਾ ਯੋਜਨਾ ਪੇਸ਼ ਕਰੇਗੀ; ਨਿਵੇਸ਼ ਕੰਪਨੀ ਕਹੇਗੀ, ਤੁਹਾਡੇ ਖ਼ਾਤੇ ਵਿਚ ਐਨੀ ਰਕਮ ਹੈ, ਉਹ ਸਾਨੂੰ ਦੇ ਦਿਓ; ਹਸਪਤਾਲ ਵਾਲੇ ਇਲਾਜ ਦੀ ਯੋਜਨਾ ਪੇਸ਼ ਕਰਨਗੇ; ਇਨ੍ਹਾਂ ਵਿਚੋਂ ਹਰ ਕੋਈ ਸਾਥੋਂ ਮੁਨਾਫ਼ਾ ਕਮਾਉਣਾ ਚਾਹੇਗਾ।

ਅਸੁਰੱਖਿਆ ਵੀ ਸਿਖਰਾਂ ਛੂਹੇਗੀ: ਡਬਲਯੂ ਟੀ ਓ ਵਿਚ ਈ-ਕਾਮਰਸ ਨੂੰ ਤਵੱਜੋ ਦਿੱਤੇ ਜਾਣ ਪਿੱਛੇ ਤਰਕ ਇਹ ਹੈ ਕਿ ਇਸ ਨਾਲ ਦਰਮਿਆਨੇ ਅਤੇ ਛੋਟੇ ਕਾਰੋਬਾਰੀਆਂ ਨੂੰ ਫ਼ਾਇਦਾ ਹੋਵੇਗਾ। ਉਨ੍ਹਾਂ ਦੇ ਵਪਾਰ ਨੂੰ ਆਧਾਰ ਹਾਸਲ ਹੋ ਜਾਵੇਗਾ, ਪਰ ਸੱਚ ਇਹ ਹੈ ਕਿ ਛੋਟੇ ਅਤੇ ਦਰਮਿਆਨੇ ਕਾਰੋਬਾਰੀ ਮਾਈਕਰੋਸਾਫ਼ਟ, ਗੂਗਲ, ਫਲਿਪਕਾਰਟ, ਐਮਜ਼ੋਨ ਜਾਂ ਈ-ਬੇਅ ਵਰਗੇ ਸੂਚਨਾ ਤਕਨੀਕ ਦੇ ਧੜਵੈਲ ਖਿਡਾਰੀਆਂ ਦਾ ਮੁਕਾਬਲਾ ਕਰਨ ਦੀ ਹਾਲਤ ਵਿਚ ਨਹੀਂ ਹਨ।

ਅਜਿਹਾ ਇਸ ਕਰ ਕੇ ਵੀ ਹੈ, ਕਿਉਂਕਿ ਇਨ੍ਹਾਂ ਧੜਵੈਲ ਕੰਪਨੀਆਂ ਦਾ ਦਾਇਰਾ ਸੰਸਾਰ ਪੱਧਰੀ ਹੈ। ਇਨ੍ਹਾਂ ਦਾ ਬੁਨਿਆਦੀ ਢਾਂਚਾ ਬਣ ਚੁੱਕਾ ਹੈ। ਇਨ੍ਹਾਂ ਨੂੰ ਟੈਕਸਾਂ ਅਤੇ ਫ਼ੀਸਾਂ ਤੋਂ ਬਚਣ ਦੇ ਤਰੀਕੇ ਪਤਾ ਹਨ। ਇਨ੍ਹਾਂ ਦੇ ਕੋਲ ਰਵਾਇਤੀ ਤੌਰ 'ਤੇ ਸਰਕਾਰੀ ਰਿਆਇਤਾਂ ਦਾ ਲਾਭ ਭੰਡਾਰ ਹੈ।

ਜ਼ਰਾ ਸੋਚੋ, ਹੁਣ ਇਹ ਮੰਗ ਕੀਤੀ ਜਾ ਰਹੀ ਹੈ ਕਿ ਡੇਟਾ/ਜਾਣਕਾਰੀ ਨੂੰ ਸਥਾਨਕ ਪੱਧਰ 'ਤੇ (ਯਾਨੀ ਕੋਈ ਮੁਲਕ ਇਹ ਨਾ ਕਹੇ ਕਿ ਸਾਡੇ ਮੁਲਕ/ਨਾਗਰਿਕਾਂ ਦਾ ਡੇਟਾ ਮੁਲਕ ਤੋਂ ਬਾਹਰ ਨਹੀਂ ਲਿਜਾਇਆ ਜਾ ਸਕਦਾ) ਰੱਖਣ ਦੀ ਬੰਦਸ਼ ਨਹੀਂ ਹੋਣੀ ਚਾਹੀਦੀ। ਫਿਰ ਜਦੋਂ ਡੇਟਾ ਇਕ ਮੁਲਕ ਤੋਂ ਅਮਰੀਕਾ ਜਾਂ ਜਰਮਨੀ ਲਿਜਾਇਆ ਜਾਵੇ, ਤਾਂ ਉਸ ਉਪਰ ਕੋਈ ਫ਼ੀਸ ਨਹੀਂ ਲੱਗਣੀ ਚਾਹੀਦੀ। ਜੋ ਵੀ ਸਾਫਟਵੇਅਰ ਜਾਂ ਤਕਨੀਕ ਇਸਤੇਮਾਲ ਕੀਤੀ ਜਾ ਰਹੀ ਹੈ, ਬਿਨਾ ਲਾਇਸੰਸ ਜਾਂ ਬਿਨਾ ਇਜਾਜ਼ਤ ਇਸਤੇਮਾਲ ਉਪਰ ਪਾਬੰਦੀ ਹੋਣੀ ਚਾਹੀਦੀ ਹੈ।

ਤਜਵੀਜ਼ ਇਹ ਵੀ ਹੈ ਕਿ ਈ-ਕਾਮਰਸ ਜ਼ਰੀਏ ਹੋਣ ਵਾਲੀ ਖ਼ਰੀਦ-ਫ਼ਰੋਖ਼ਤ ਵਿਚ ਸਥਾਨਕ ਸਰਕਾਰ ਨੂੰ ਕੋਈ ਟੈਕਸ ਜਾਂ ਫ਼ੀਸ ਨਹੀਂ ਲਾਉਣੀ ਚਾਹੀਦੀ। ਇਸ ਬਹਿਸ ਵਿਚ ਇਹ ਕਿਹਾ ਜਾ ਰਿਹਾ ਹੈ ਕਿ ਰੁਜ਼ਗਾਰ, ਸਰਕਾਰ ਦੀ ਆਮਦਨੀ ਤੇ ਖੁੱਲ੍ਹੀ ਮੁਕਾਬਲੇਬਾਜ਼ੀ ਖ਼ਤਮ ਕਰ ਦਿਓ ਅਤੇ ਖ਼ੁਸ਼ੀ ਖ਼ੁਸ਼ੀ ਆਰਥਿਕ-ਤਕਨੀਕ ਦੀ ਗ਼ੁਲਾਮੀ ਨੂੰ ਕਬੂਲ ਕਰ ਲਓ।

ਸਾਨੂੰ ਇਹ ਸਮਝ ਲੈਣਾ ਹੋਵੇਗਾ ਕਿ ਈ-ਕਾਮਰਸ ਅਜਾਰੇਦਾਰੀ ਅਤੇ ਬਸਤੀਵਾਦ ਦਾ ਬੇਹੱਦ ਖ਼ਤਰਨਾਕ ਜ਼ਰੀਆ ਹੈ। ਹਿੰਦੁਸਤਾਨ ਨੇ ਮਾਰਚ 2016 ਵਿਚ ਪ੍ਰਚੂਨ ਵਪਾਰ ਦੇ ਪ੍ਰਸੰਗ ਵਿਚ ਈ-ਕਾਮਰਸ ਵਿਚ ਕੁਝ ਸ਼ਰਤਾਂ ਦੇ ਨਾਲ ਸੌ ਫ਼ੀ ਸਦੀ ਸਿੱਧੇ ਬਦੇਸ਼ੀ ਨਿਵੇਸ਼ ਦੀ ਮਨਜ਼ੂਰੀ ਦੇ ਦਿੱਤੀ ਸੀ। ਉਹ ਵੀ ਈ-ਕਾਮਰਸ ਦੇ ਵਿਸਤਾਰ ਦਾ ਹੀ ਜ਼ਰੀਆ ਹੈ। ਡਬਲਯੂ ਟੀ ਓ ਵਿਚ ਭਾਰਤ ਠੋਸ ਪਹਿਲ ਕਰ ਰਿਹਾ ਹੈ। ਭਾਰਤ ਸਰਕਾਰ ਦਾ ਕਹਿਣਾ ਹੈ ਕਿ ਉਹ ਡਬਲਯੂ ਟੀ ਓ ਵਿਚ ਈ-ਕਾਮਰਸ ਉਪਰ ਗੱਲਬਾਤ ਲਈ ਅਜੇ ਤਿਆਰ ਨਹੀਂ ਹੈ। ਇਸ ਹਾਲਤ ਵਿਚ ਡਰ ਇਹ ਹੈ ਕਿ ਕਿਤੇ ਹੋਰ ਮੁੱਦਿਆਂ ਉਪਰ ਅਮਰੀਕਾ ਸਮੇਤ ਹੋਰ ਵਿਕਸਤ ਮੁਲਕਾਂ ਦੀ ਹਮਾਇਤ ਹਾਸਲ ਕਰਨ ਦੇ ਚੱਕਰ ਵਿਚ ਇਹ ਈ-ਕਾਮਰਸ ਉਪਰ ਨਿਯਮ ਬਣਾਉਣ ਵਾਸਤੇ ਗੱਲਬਾਤ ਲਈ ਤਿਆਰ ਨਾ ਹੋ ਜਾਵੇ।

#

*ਸੰਨ 2016 ਵਿਚ ਇੰਟਰਨੈਟ ਦੇ ਜ਼ਰੀਏ ਕੁਲ 1.95 ਲੱਖ ਕਰੋੜ ਡਾਲਰ ਦੀ ਖ਼ਰੀਦ-ਫ਼ਰੋਖ਼ਤ ਹੋਈ। ਇਹ ਸੰਨ 2020 ਵਿਚ ਵਧ ਕੇ 4 ਲੱਖ ਕਰੋੜ ਡਾਲਰ ਹੋਣ ਦੀ ਸੰਭਾਵਨਾ ਹੈ। ਇਸ ਦਾ ਮਤਲਬ ਹੈ ਕਿ ਇੰਟਰਨੈਟ, ਮੋਬਾਈਲ ਸਮਾਰਟਫ਼ੋਨ ਅਤੇ ਸੂਚਨਾ ਤਕਨੀਕ ਕੰਪਨੀਆਂ ਦਾ ਗ਼ਲਬਾ ਭਿਆਨਕ ਤਰੀਕੇ ਨਾਲ ਵਧ ਰਿਹਾ ਹੈ। ਡਿਜੀਟਨ ਆਰਥਿਕਤਾ, ਯਾਨੀ ਕੰਪਿਊਟਰ -ਇੰਟਰਨੈਟ ਦੇ ਜ਼ਰੀਏ ਖ਼ਰੀਦ-ਫ਼ਰੋਖ਼ਤ ਦਾ ਵਿਹਾਰ ਤੇ ਯੋਜਨਾ ਹੁਣ ਜ਼ਿੰਦਗੀ ਦੇ ਕੇਂਦਰ 'ਚ ਆ ਗਏ ਹਨ। ਕੇਵਲ 8 ਨਵੰਬਰ 2016 ਨੂੰ ਭਾਰਤ ਵਿਚ ਕੀਤੀ ਗਈ ਨੋਟਬੰਦੀ ਜਾਂ ਪੇ ਟੀ ਐਮ ਜਾਂ ਡੈਬਿਟ-ਕ੍ਰੈਡਿਟ ਕਾਰਡ ਨਾਲ ਹੋਣ ਵਾਲੇ ਭੁਗਤਾਨ ਤਕ ਮਹਿਦੂਦ ਕਰ ਕੇ ਨਾ ਦੇਖਿਆ ਜਾਵੇ।*



*ਭਾਰਤ ਸਰਕਾਰ ਪੂਰੀ ਸ਼ਿੱਦਤ ਨਾਲ ਕਿਸੇ ਵੀ ਤਰ੍ਹਾਂ ਦੇ ਵਿਅਕਤੀ ਦੀ ਜੈਵਿਕ ਸੂਚਨਾ ਵਾਲੀ ਵਿਸ਼ੇਸ਼ ਸ਼ਨਾਖ਼ਤ (ਆਧਾਰ) ਦੀ ਨੀਤੀ ਉਪਰ ਕੰਮ ਕਰ ਰਹੀ ਹੈ। 'ਆਧਾਰ' ਹਕੀਕਤ ਵਿਚ ਕੋਈ ਸ਼ਨਾਖ਼ਤ ਸੰਖਿਆ ਨਹੀਂ ਹੈ। ਇਸ ਨਾਲ ਹਰ ਬੰਦੇ ਦੀ ਨਿੱਜੀ ਜਾਣਕਾਰੀ (ਟੈਲੀਫ਼ੋਨ ਨੰਬਰ, ਬੈਂਕ ਖ਼ਾਤਾ, ਸਾਡੀ ਸਿਹਤ, ਜੀਵਨ ਬੀਮਾ ਵਗੈਰਾ) ਵੀ ਜੋੜਿਆ ਜਾ ਰਿਹਾ ਹੈ। ਇਨ੍ਹਾਂ ਜਾਣਕਾਰੀਆਂ ਦੀ ਮੰਡੀ ਨੂੰ ਸਖ਼ਤ ਜ਼ਰੂਰਤ ਹੈ। ਸਾਡੀ ਉਮਰ ਕੀ ਹੈ, ਸਾਡੀ ਆਮਦਨੀ ਕਿੰਨੀ ਹੈ, ਅਸੀਂ ਕਿਥੇ ਸਫ਼ਰ ਕਰਦੇ ਹਾਂ, ਸਾਡਾ ਬੈਂਕ ਖ਼ਾਤਾ ਕਿਥੇ ਹੈ, ਇਹ ਤਮਾਮ ਜਾਣਕਾਰੀਆਂ ਵਖ ਵਖ ਕੰਪਨੀਆਂ ਆਪਣੀ ਵਸਤ ਬਣਾਉਣ ਲਈ ਇਸਤੇਮਾਲ ਕਰਨਗੀਆਂ। ਬੈਂਕ ਸਾਡੇ ਨਾਲ ਪੈਸਾ ਜਮ੍ਹਾਂ ਕਰਨ ਬਾਰੇ ਗੱਲ ਕਰੇਗਾ; ਬੀਮਾ ਕੰਪਨੀ ਬੀਮਾ ਯੋਜਨਾ ਪੇਸ਼ ਕਰੇਗੀ; ਨਿਵੇਸ਼ ਕੰਪਨੀ ਕਹੇਗੀ, ਤੁਹਾਡੇ ਖ਼ਾਤੇ ਵਿਚ ਐਨੀ ਰਕਮ ਹੈ, ਉਹ ਸਾਨੂੰ ਦੇ ਦਿਓ; ਹਸਪਤਾਲ ਵਾਲੇ ਇਲਾਜ ਦੀ ਯੋਜਨਾ ਪੇਸ਼ ਕਰਨਗੇ; ਇਨ੍ਹਾਂ ਵਿਚੋਂ ਹਰ ਕੋਈ ਸਾਥੋਂ ਮੁਨਾਫ਼ਾ ਕਮਾਉਣਾ ਚਾਹੇਗਾ।*



# ਨਿੱਕੇ ਨਿੱਕੇ ਨੀਲਕੰਠ

***ਆਪਣੀਆਂ ਲਿਖਤਾਂ ਵਿਚ ਵਿਅੰਗ ਬਾਣ ਛੱਡਣ ਲਈ ਮਸ਼ਹੂਰ ਮਰਹੂਮ ਭੂਸ਼ਨ ਧਿਆਨਪੁਰੀ ਨੇ ਆਪਣੀ ਸਵੈਜੀਵਨੀ 'ਮੇਰੀ ਕਿਤਾਬ' ਨਿੱਠ ਕੇ ਲਿਖੀ ਹੋਈ ਹੈ। ਇਸ ਵਿਚ ਉਸ ਦੇ ਆਪਣੇ ਪਿੰਡ ਦਾ ਭਰਪੂਰ ਜ਼ਿਕਰ ਹੈ, ਜਿਥੇ ਉਹ ਆਪਣੀ ਹਯਾਤੀ ਦੇ ਪਲੇਠੇ 19 ਸਾਲ ਰਿਹਾ। ਇਸ ਕਿਤਾਬ ਵਿਚ ਚੰਡੀਗੜ੍ਹ 'ਤੇ ਵਿਸਤਾਰ ਸਹਿਤ ਤਬਸਰਾ ਕੀਤਾ ਮਿਲਦਾ ਹੈ, ਜਿਥੇ ਉਹ ਉਮਰ ਦੇ ਆਖਰੀ ਪੜਾਅ ਦੌਰਾਨ ਵਿਚਰਿਆ। ਇਸ ਕਿਤਾਬ 'ਚ ਵਿਚਾਰੀਆਂ ਬਹੁਤ ਸਾਰੀਆਂ ਗੱਲਾਂ ਧਿਆਨਪੁਰ ਵਾਲੇ ਇਸ ਸ਼ਖਸ ਵੱਲ ਉਚੇਚਾ ਧਿਆਨ ਖਿੱਚਦੀਆਂ ਹਨ। 'ਨਿੱਕੇ ਨਿੱਕੇ ਨੀਲਕੰਠ' ਲੇਖ ਭਾਵੇਂ ਇਤਿਹਾਸ-ਮਿਥਿਹਾਸ ਦਾ ਮਿਲਗੋਭਾ ਜਿਹਾ ਭਾਸਦਾ ਹੈ, ਪਰ ਇਸ ਵਿਚ ਉਹਦੀ ਗੱਲ ਕਰਨ ਦੀ ਕਲਾ ਦੇ ਖੂਬ ਦਰਸ਼ਨ ਹੁੰਦੇ ਹਨ। -ਸੰਪਾਦਕ***

ਔੜ ਚੱਲ ਰਹੀ ਸੀ। ਸਾਉਣ ਭਾਦੋਂ ਸੁੱਕਾ ਲੰਘ ਗਿਆ। ਹਾਹਾਕਾਰ ਮਚੀ ਹੋਈ ਸੀ, ਫਸਲਵਾੜੀ ਦਾ ਕੀ ਬਣੇਗਾ? ਪਿੰਡ ਸਹਿਮ ਗਿਆ। ਬੰਦਾ ਜਦੋਂ ਬੇਵਸ ਹੋਏ ਤਾਂ ਉਪਰ ਵੱਲ ਨੂੰ ਵੇਖਦਾ ਏ। ਪਿੰਡ ਵਾਲਿਆਂ ਲਈ ਬਾਵਾ ਲਾਲ ਦਾ ਟਿੱਲਾ ਹੀ ਉਪਰ ਏ। ਓਧਰ ਜਾਣਾ ਹੋਏ ਤਾਂ ਬੰਦਾ ਕਹਿੰਦੈ, 'ਉਪਰ ਚੱਲਿਆਂ', ਪਰ ਉਪਰ ਵਾਲੇ ਨੇ ਵੀ ਨਹੀਂ ਸੀ ਸੁਣੀ। ਮੀਂਹ ਲਈ ਕੀਤੇ ਗਏ ਸਾਰੇ ਹਵਨ-ਯੱਗ ਕਿਸੇ ਕੰਮ ਨਾ ਆਏ।



**ਭੂਸ਼ਨ ਧਿਆਨਪੁਰੀ**

ਸਿਰ ਸੁੱਟੀ ਬੈਠਿਆਂ ਨੂੰ ਕਿਸੇ ਨੇ ਦੱਸਿਆ, "ਸ਼ਿਵ ਭੋਲੇ ਭੰਡਾਰੀ ਦਾ ਦਰ ਖੜਕਾਇਆ ਜਾਏ। ਬ੍ਰਹਮਾ, ਵਿਸ਼ਣੂ ਨੂੰ ਪ੍ਰਸੰਨ ਕਰਨਾ ਔਖੈ! ਆਪਣਾ ਸ਼ੰਕਰ ਤਾਂ ਬਿਲ-ਪੱਤਰੀ ਨਾਲ ਈ ਖੁਸ਼ ਹੋ ਜਾਂਦੈ। ਕਿਸੇ ਵੱਡੇ ਅਡੰਬਰ ਦੀ ਮੰਗ ਨਹੀਂ ਕਰਦਾ। ਝਟਪਟ ਖੁਸ਼ ਹੋ ਕੇ ਨਾਲ ਦੀ ਨਾਲ ਵਰਦਾਨ ਦੇ ਦਿੰਦੈ। ਇਸੇ ਲਈ ਉਹਨੂੰ ਆਸ਼ੂਤੋਸ਼ ਆਖਦੇ ਨੇ। ਉਹਦੀ ਕਿਰਪਾ ਹੋ ਜਾਏ ਤਾਂ ਮੀਂਹ ਜ਼ਰੂਰ ਪਏਗਾ।"

ਉਹਦੀ ਕਿਰਪਾ ਦੇ ਪਾਤਰ ਬਣਨ ਲਈ ਕੀ ਕੀਤਾ ਜਾਏ?

-ਤਲਾਅ ਕੰਢੇ ਬਣੇ ਸ਼ਿਵਾਲੇ ਮੂਹਰੇ 'ਕੱਠੇ ਹੋ ਕੇ ਸਾਰਾ ਪਿੰਡ ਸ਼ਿਵ ਜੀ ਦਾ ਭਜਨ ਕੀਰਤਨ ਕਰੇ। ਉਹ ਦੀ ਮਹਿਮਾ ਗਾਏ।

ਏਦਾਂ ਕਰਨ ਨਾਲ ਮੀਂਹ ਨਹੀਂ ਪੈਣਾ!

-ਕਿੱਦਾਂ ਪਏਗਾ ਫਿਰ ਮੀਂਹ?

ਸ਼ਿਵਾਲੇ ਦੇ ਅੰਦਰ ਜਿਹੜਾ ਸ਼ਿਵਲਿੰਗ ਐ ਨਾ! ਇਹਨੂੰ ਭਰਪੂਰ ਇਸ਼ਨਾਨ ਕਰਵਾਉ। ਜਲ ਚੜ੍ਹਾ ਚੜ੍ਹਾ ਕੇ ਪੂਰਾ ਸ਼ਿਵਲਿੰਗ ਡੋਬ ਦਿਓ। ਭੋਲੇ ਨਾਥ ਪ੍ਰਸੰਨ ਹੋ ਕੇ ਜ਼ਰੂਰ ਜਲਥਲ ਕਰ ਦੇਣਗੇ।

ਸਲਾਹ ਮੰਨ ਕੇ ਸਾਰੇ ਜਣੇ, ਬਾਲਟੀਆਂ ਵਗੈਰਾ ਲੈ ਕੇ ਜਾ ਪਹੁੰਚੇ। ਸ਼ਿਵ ਦੀ ਜੈ ਜੈ ਕਾਰ ਦੇ ਰੌਲੇ-ਰੱਪੇ ਵਿਚ ਸ਼ਿਵਾਂ ਦੀ ਬੂਟੀ ਵਾਲੀ ਸ਼ਰਦਾਈ ਦਾ ਪ੍ਰਸ਼ਾਦ ਵਰਤਾਇਆ ਗਿਆ ਤੇ ਸ਼ੁਰੂ ਹੋ ਗਈ ਸ਼ਿਵਲਿੰਗ ਨੂੰ ਸੰਪੂਰਨ ਇਸ਼ਨਾਨ ਕਰਾਉਣ ਦੀ ਮੁਹਿੰਮ। ਇਕ ਪਾਸੇ ਤਲਾਅ ਤੇ ਦੂਜੇ ਪਾਸੇ ਹਲਟੀ ਤੋਂ ਲੈ ਕੇ ਸ਼ਿਵਾ ਦੇ ਥੜ੍ਹੇ ਤੱਕ ਲਾਈਨਾਂ ਲੱਗ ਗਈਆਂ। ਭਰੇ ਹੋਏ ਭਾਂਡੇ ਅੰਦਰ ਪਲਟਾ ਕੇ ਖਾਲੀ ਮੋੜ ਦਿੱਤੇ ਜਾਂਦੇ। ਭਰੇ ਹੋਏ ਮੁੜ ਮੁੜ ਆਈ ਜਾਂਦੇ, ਖੂਹ ਦੀਆਂ ਟਿੰਡਾਂ ਵਾਂਗ। ਸਾਰਿਆਂ ਦੇ ਲਹੂ ਵਿਚ ਹਰਕਤ ਸੀ। ਪਸੀਨੇ ਛੁੱਟ ਰਹੇ ਸਨ। ਜਲ ਚੜ੍ਹ ਰਿਹਾ ਸੀ, ਪਰ ਸ਼ਿਵਲਿੰਗ ਦੇ ਅੱਧ ਤੱਕ ਵੀ ਪਾਣੀ ਨਹੀਂ ਸੀ ਪਹੁੰਚ ਰਿਹਾ।

ਇਕ ਤਾਂ ਮੰਦਿਰ ਦੀਆਂ ਕੰਧਾਂ ਵਿਚ ਤਰੇੜਾਂ ਸਨ। ਦੂਜੇ, ਸ਼ਿਵਾਲੇ ਦੀਆਂ ਦਹਿਲੀਜ਼ਾਂ ਸ਼ਿਵਲਿੰਗ ਦੇ ਸਾਈਜ਼ ਦੇ ਮੁਕਾਬਲੇ ਬਹੁਤ ਨੀਵੀਆਂ ਸਨ। ਪਾਣੀ ਬਾਹਰ ਵੱਲ ਵਗੀ ਜਾਂਦਾ, ਅੰਦਰ ਟਿਕਦਾ ਈ ਨਹੀਂ ਸੀ। ਪੰਜ-ਸੱਤ ਘੰਟਿਆਂ ਦੀ ਇਸ ਕਵਾਇਦ ਨਾਲ ਪਿੰਡ ਥੱਕ ਗਿਆ। ਆਪਣੇ ਵੱਲੋਂ ਤਾਂ ਪੂਰੀ ਕੋਸ਼ਿਸ਼ ਕੀਤੀ, ਪਰ ਮਕਸਦ ਵਿਚ ਸਫਲਤਾ ਨਾ ਮਿਲੀ। ਭੰਗ ਵਾਲੀ ਸ਼ਰਦਾਈ ਦਾ ਪ੍ਰਸ਼ਾਦ ਮੁੜ ਵਰਤਾਇਆ ਗਿਆ ਤੇ ਲੋਕੀਂ ਘਰੋ-ਘਰੀ ਆ ਗਏ। ਸ਼ਿਵ ਜੀ ਦਾ ਭਰਮ ਬਣਿਆ ਰਿਹਾ, ਪਿੰਡ ਵਾਲਿਆਂ ਦਾ ਭਰਮ ਨਾ ਟੁੱਟਿਆ।

ਨਾ ਸ਼ਿਵਲਿੰਗ ਡੁੱਬਿਆ, ਨਾ ਮੀਂਹ ਪਿਆ; ਪਰ ਬਚਪਨ ਵਿਚ ਵੇਖੀ ਇਹ ਖੇਡ ਅਜੇ ਵੀ ਕਈ ਵਾਰੀ ਵੱਖਰੀ ਵੱਖਰੀ ਲੱਗਦੀ ਏ। ਹੁਣ ਪੁਰਾਣਾ ਮੰਦਿਰ ਏਨਾ ਬਦਲ ਚੁਕਾ ਏ ਕਿ ਪਛਾਣਿਆ ਈ ਨਹੀਂ ਜਾਂਦਾ। ਕੰਧਾਂ ਵਿਚ ਤਰੇੜਾਂ ਦਾ ਨਾਂ ਨਿਸ਼ਾਨ ਨਹੀਂ। ਦਹਿਲੀਜ਼ਾਂ ਕਾਫੀ ਉਚੀਆਂ ਨੇ, ਤਕਰੀਬਨ ਸ਼ਿਵਲਿੰਗ ਦੇ ਹਾਣ ਦੀਆਂ। ਦਿਨ ਵੇਲੇ ਵੀ ਟਿਊਬਾਂ ਜਗਦੀਆਂ ਰਹਿੰਦੀਆਂ ਨੇ। ਟਿਊਬਵੈਲਾਂ ਨੇ ਔੜ ਦੇ ਕੰਢੇ ਭੋਰ ਦਿੱਤੇ ਨੇ। ਬਦਲੇ ਹੋਏ ਹਾਲਾਤ ਨੇ ਭੰਗ ਦਾ ਪ੍ਰਸ਼ਾਦ ਛਕਣ ਵਾਲੇ ਬੰਦੇ ਦਾਰੂ ਵੱਲ ਨੂੰ ਤੋਰ ਦਿੱਤੇ ਨੇ।

---

ਬਚਪਨ ਵਿਚ ਇਕ ਗੱਲ ਦੀ ਹੈਰਾਨੀ ਹੁੰਦੀ ਸੀ। ਰਾਮ ਲੀਲ੍ਹਾ ਵਿਚ ਵੇਖਦੇ ਕਿ ਰਾਮ ਚੰਦਰ, ਸ਼ਿਵ ਜੀ ਦੀ ਪੂਜਾ ਕਰਦੈ ਅਤੇ ਰਾਵਣ ਵੀ। ਰਾਮ ਦੀ ਸੈਨਾ 'ਜੈ ਸ੍ਰੀ ਰਾਮ' ਕਹਿੰਦੀ ਏ ਤੇ ਰਾਵਣ ਦੀ ਸੈਨਾ 'ਜੈ ਸ਼ੰਕਰ ਦੀ।' ਦੇਵਤਿਆਂ ਤੇ ਦਾਨਵਾਂ-ਦੋਹਾਂ ਲਈ ਸ਼ਿਵ ਦੀ ਭਗਤੀ ਕਿਉਂ ਜ਼ਰੂਰੀ ਏ?

ਹੌਲੀ ਹੌਲੀ ਪਤਾ ਲੱਗਾ ਕਿ 'ਸ਼ਕਤੀ' ਸ਼ਿਵ ਕੋਲ ਹੀ ਏ। ਵਿਸ਼ਣੂ ਕੋਲ 'ਲੱਛਮੀ' ਏ ਅਤੇ ਬ੍ਰਹਮਾ ਕੋਲ 'ਬ੍ਰਾਹਮਣੀ।' ਯੁੱਧ ਕਰਨ ਅਤੇ ਜਿੱਤ ਪ੍ਰਾਪਤ ਕਰਨ ਲਈ ਸ਼ਕਤੀ ਦੀ ਲੋੜ ਹੁੰਦੀ ਏ। ਸ਼ਕਤੀ ਸਿਰਫ ਸ਼ਿਵ ਦੇ ਨਾਲ ਹੀ ਵਿਚਰਦੀ ਏ। ਉਹਨੂੰ 'ਸ਼ਿਵਾ' ਵੀ ਕਹਿੰਦੇ ਨੇ। ਉਸ ਕੋਲੋਂ ਵਰ ਲੈ ਕੇ ਯੁੱਧ ਜਿੱਤੇ ਜਾ ਸਕਦੇ ਨੇ।

ਸ਼ਿਵ ਨੂੰ ਮਹਾਂਕਾਲ, ਰੁਦਰ, ਭੂਤਨਾਥ, ਮਹਾਂਦੇਵ, ਅਮਰਨਾਥ, ਨੀਲ ਕੰਠ ਆਦਿ ਅਨੇਕਾਂ ਨਾਂਵਾਂ ਨਾਲ ਜਾਣਿਆ ਜਾਂਦੈ। ਸ਼ਿਵ ਦੇ ਸਰੂਪ ਕਈ ਤਰ੍ਹਾਂ ਦੇ ਬਣਾਏ ਜਾਂਦੇ ਨੇ, ਸਿਰ ਵਿਚ ਗੰਗਾ, ਮੱਥੇ ਉਤੇ ਚੰਨ, ਤੀਜਾ ਨੇਤਰ, ਇਕ ਹੱਥ ਡਮਰੂ, ਦੂਜੇ ਵਿਚ ਤ੍ਰਿਸ਼ੂਲ, ਗਲ ਮੁੰਡ-ਮਾਲਾ, ਪਰ ਸ਼ਿਵਾਲਿਆਂ ਵਿਚ ਸਿਰਫ ਸ਼ਿਵਲਿੰਗ ਹੀ ਸਥਾਪਤ ਹੁੰਦੈ। ਇਹਨੂੰ 'ਜਿਓਤੀ ਲਿੰਗਮ' ਵੀ ਕਹਿ ਲੈਂਦੇ ਨੇ। ਬ੍ਰਹਮ ਕੁਮਾਰੀਆਂ ਦਾ ਮਿਸ਼ਨ ਉਸ ਨਾਲ ਪਰਜਾਪਿਤਾ ਅਥਵਾ 'ਸ਼ਿਵ ਬਾਬਾ' ਦਾ ਰਿਸ਼ਤਾ ਗੰਢਦਾ ਹੈ। ਨ੍ਰਿਤ ਤੇ ਥੀਏਟਰ ਵਾਲੀ ਸੰਗਤ ਉਹਨੂੰ 'ਨਟਰਾਜ' ਕਰ ਕੇ ਜਾਣਦੀ ਏ। ਸ਼ਿਵ ਦੀ ਆਸਥਾ ਦਾ ਚਿਰਾਗ ਹਰ ਮੱਥੇ ਵਿਚ ਜਗਦਾ ਏ, ਪਰ ਉਹਦੇ ਤਾਂਡਵ ਨਾਚ ਤੋਂ ਸਭ ਨੂੰ ਡਰ ਲਗਦਾ ਏ।

---

ਸਕੂਲ ਵਿਚ ਸਵਾਮੀ ਦਇਆਨੰਦ ਸਰਸਵਤੀ ਦੇ ਹਵਾਲੇ ਨਾਲ ਪਤਾ ਲੱਗਾ ਸੀ ਕਿ ਉਸ ਮਹਾਂਪੁਰਸ਼ ਨੇ ਬਚਪਨ ਵਿਚ ਸ਼ਿਵਰਾਤਰੀ ਵੇਖਣ ਗਿਆਂ ਚੂਹੇ ਨੂੰ ਸ਼ਿਵਲਿੰਗ ਨਾਲ ਗੁਸਤਾਖੀ ਕਰਦੇ ਵੇਖਿਆ ਸੀ। ਉਹ ਇਤਿਹਾਸਕ ਚੂਹਾ ਤਾਂ ਸ਼ਿਵਾ ਦਾ ਪ੍ਰਸ਼ਾਦ ਵੀ ਜੂਠਾ ਕਰ ਗਿਆ ਸੀ। ਵਿਸ਼ਵਾਸ ਨੂੰ ਠੇਸ ਪਹੁੰਚੀ ਕਿ ਜਿਹੜਾ ਭਗਵਾਨ ਆਪਣੇ ਪਵਿੱਤਰ ਪ੍ਰਸ਼ਾਦ ਨੂੰ ਚੂਹੇ ਤੋਂ ਨਹੀਂ ਬਚਾ ਸਕਦਾ, ਉਹ ਭਲਾ ਆਪਣੇ ਭਗਤਾਂ ਦੀ ਰਾਖੀ ਕਿਵੇਂ ਕਰ ਸਕਦਾ ਹੈ! ਬਾਲਮਨ ਦੀ ਇਸ ਬੇਚੈਨੀ ਨੇ ਲੱਭ ਲਿਆ ਕਿ ਅਸਲੀ ਸ਼ਿਵ ਕੋਈ ਹੋਰ ਹੈ। ਫਿਰ ਉਹਨੇ ਵੇਦਾਂ ਵੱਲ ਨੂੰ ਮੂੰਹ ਕੀਤਾ। ਮੂਰਤੀ ਤੇ ਬੁੱਤ ਪੂਜਾ ਨੂੰ ਬੇਕਾਰ ਦੱਸਿਆ।

ਬਜ਼ੁਰਗ ਇਸ ਵਿਸ਼ੇ 'ਤੇ ਲੰਬੀ ਚੌੜੀ ਬਹਿਸ ਕਰਦੇ ਆਏ ਨੇ। ਸਮਾਜ ਸੁਧਾਰਨ ਲਈ ਉਪਰਾਲੇ ਕਰਦੇ ਆਏ ਨੇ, ਪਰ ਸਮਾਜ ਕਿਹੜਾ ਇਕੋ ਜਿਹਾ ਰਹਿੰਦੈ। ਨਿੱਤ ਬਦਲਦੈ। ਬਦਲਦੇ ਸਮਾਜ ਵਿਚ ਸੰਕਲਪ ਵੀ ਬਦਲਦੇ ਨੇ ਤੇ ਸਿੱਟੇ ਵੀ।

ਬੰਦਾ ਕਿਸੇ ਸਿੱਟੇ 'ਤੇ ਪਹੁੰਚਣ ਲਈ ਨਹੀਂ ਜਿਉਂਦਾ। ਸਿੱਟੇ ਧਰੇ-ਧਰਾਏ ਰਹਿ ਜਾਂਦੇ ਨੇ। ਬੰਦਾ ਅੱਗੇ ਨਿਕਲ ਜਾਂਦੈ। ਕਈ ਵਾਰ ਤਾਂ ਉਹ ਚੂਹੇ ਤੋਂ ਵੀ ਅੱਗੇ ਨਿਕਲ ਜਾਂਦੈ।



ਇਕ ਚੂਹਾ ਸਵਾਮੀ ਦਇਆਨੰਦ ਨੇ ਵੇਖਿਆ। ਇਕ ਚੂਹਾ ਸ਼ਿਵ ਪੁਰਾਣ ਵਿਚ ਪਹਿਲਾਂ ਹੀ ਮੌਜੂਦ ਏ। ਗਣੇਸ਼ ਦੀ ਸਵਾਰੀ। ਕਿੰਨਾ ਦਿਲਚਸਪ ਜੋੜ ਮੇਲ ਏ: ਸਭ ਤੋਂ ਭਾਰਾ ਦੇਵਤਾ ਗਣੇਸ਼ ਤੇ ਸਭ ਤੋਂ ਕਮਜ਼ੋਰ ਵਾਹਨ ਚੂਹਾ!

ਕਹਿੰਦੇ ਨੇ ਕਿ ਜਦੋਂ ਸਾਰੇ ਦੇਵਤਿਆਂ ਨੂੰ ਆਪਣੀਆਂ ਸਵਾਰੀਆਂ ਦੀ ਚੋਣ ਕਰਨ ਲਈ ਕਿਹਾ ਗਿਆ ਤਾਂ ਬਾਕੀਆਂ ਨੇ ਫੁਰਤੀ ਨਾਲ ਵਧੀਆ ਵਾਹਨ ਚੁਣ ਲਏ, ਪਰ ਭਾਰਾ ਸਰੀਰ ਹੋਣ ਕਰ ਕੇ ਗਣੇਸ਼ ਦੇ ਵੰਡੇ ਚੂਹਾ ਹੀ ਆਇਆ। ਉਹੀਓ ਬਾਕੀ ਬਚਿਆ ਸੀ।

ਫਿਰ ਫੈਸਲਾ ਹੋਣਾ ਸੀ ਕਿ ਦੇਵਤਿਆਂ ਵਿਚੋਂ ਉਹ ਕਿਹੜਾ ਦੇਵਤਾ ਹੈ ਜਿਸ ਦੀ ਪੂਜਾ ਸਭ ਤੋਂ ਪਹਿਲਾਂ ਕੀਤੀ ਜਾਇਆ ਕਰੇ? ਸ਼ਰਤ ਰੱਖੀ ਗਈ ਕਿ ਆਪੋ ਆਪਣੇ ਵਾਹਨ 'ਤੇ ਸਵਾਰ ਹੋ ਕੇ ਸਾਰੇ ਦੇਵਤੇ ਧਰਤੀ ਤੇ ਅਸਮਾਨ ਦੇ ਸੱਤ ਸੱਤ ਚੱਕਰ ਲਾਉਣ। ਜਿਹੜਾ ਇਸ ਦੌੜ ਵਿਚ ਜਿੱਤ ਜਾਏ, ਉਹਦੀ ਪੂਜਾ ਸਭ ਤੋਂ ਪਹਿਲਾਂ ਕੀਤੀ ਜਾਇਆ ਕਰੇਗੀ। ਸਭ ਨੂੰ ਭਾਜੜਾਂ ਪੈ ਗਈਆਂ। ਲੱਗੇ ਇਕ ਦੂਜੇ ਦੀਆਂ ਖੁੱਚਾਂ ਭੰਨਣ।

ਜਿੱਤ ਗਣੇਸ਼ ਦੀ ਹੋਈ। ਚੂਹੇ ਵਾਲੇ ਗਣੇਸ਼ ਦੀ। ਉਹਨੇ ਸ਼ਿਵ ਅਤੇ ਪਾਰਬਤੀ ਨੂੰ ਲਾਗੇ ਲਾਗੇ ਬਿਠਾ ਕੇ ਆਰਾਮ ਨਾਲ ਸੱਤ ਗੇੜੇ ਲਾਏ ਅਤੇ ਮੌਜ ਨਾਲ ਬਹਿ ਗਿਆ। ਦੱਸਿਆ ਗਿਆ ਕਿ ਸ਼ਾਸਤਰਾਂ ਵਿਚ ਮਾਂ ਨੂੰ ਧਰਤੀ ਅਤੇ ਪਿਤਾ ਨੂੰ ਆਕਾਸ਼ ਦਾ ਦਰਜਾ ਪ੍ਰਾਪਤ ਹੈ। ਇਸੇ ਲਈ ਅੱਜ ਵੀ ਹਰ ਕਾਰਜ ਅਰੰਭ ਕਰਨ ਵੇਲੇ ਸ੍ਰੀ ਗਣੇਸ਼ ਕਰਨਾ ਹੀ ਪੈਂਦਾ ਏ।

---

ਸ਼ਿਵ ਤਾਂ ਸ਼ਿਵ, ਉਹਦੇ ਨਿਆਣਿਆਂ ਨਾਲ ਵੀ ਅਜੀਬ ਕਹਾਣੀਆਂ ਜੁੜੀਆਂ ਹੋਈਆਂ ਨੇ। ਆਹ ਆਪਣੇ ਗਣੇਸ਼ ਨੂੰ ਈ ਲੈ ਲਉ।

ਮਹਾਂ ਸ਼ਿਵਰਾਤਰੀ ਨੂੰ ਸ਼ਿਵ ਪਾਰਵਤੀ ਦਾ ਵਿਆਹ ਹੋਇਆ ਸੀ। ਵਿਆਹ ਦੀ ਰਸਮ ਪਿਛੋਂ ਸ਼ਿਵ ਤਾਂ ਕੈਲਾਸ਼ ਪਰਬਤ 'ਤੇ ਜਾ ਬੈਠੇ, ਪਾਰਵਤੀ ਇਕੱਲੀ ਰਹਿ ਗਈ, ਉਡੀਕਣ ਜੋਗੀ। ਮਿਲਣ ਦੀ ਖਿੱਚ ਤੇ ਪਿਆਰ ਦੀ ਤੀਬਰਤਾ ਏਨੀ ਤਿੱਖੀ ਸੀ ਕਿ ਸ਼ਿਵ ਦੀ ਗੈਰਹਾਜ਼ਰੀ ਵਿਚ ਪਾਰਵਤੀ ਨੇ ਆਪਣੇ ਤਨ ਦੀ ਮੈਲ ਤੋਂ ਪੁਤਲਾ ਬਣਾਇਆ ਅਤੇ ਸ਼ਿਵਾਂ ਨਾਲ ਆਪਣੇ ਰਿਸ਼ਤੇ ਦੀ ਸ਼ਕਤੀ ਨਾਲ ਉਸ ਪੁਤਲੇ ਵਿਚ ਜਾਨ ਪਾ ਦਿੱਤੀ। ਉਹ ਸੁੰਦਰ ਬਾਲਕ ਆਪਣੀ ਮਾਂ ਦੀ ਇਕੱਲ ਦਾ ਰੁਝੇਵਾਂ ਬਣ ਗਿਆ:

ਮਿੱਟੀ ਦਾ ਬਾਵਾ ਬਣਾਨੀ ਆਂ
ਝੱਗਾ ਪਾਨੀ ਆਂ
ਉਤੇ ਦੇਨੀ ਆਂ ਖੇਸੀ।
ਨਾ ਰੋ ਮਿੱਟੀ ਦਿਆ ਬਾਵਿਆ,
ਤੇਰਾ ਪਿਉ ਪਰਦੇਸੀ!

ਕਹਾਣੀ ਕਹਿੰਦੀ ਹੈ ਕਿ ਪਰਦੇਸੀ ਸ਼ਿਵ ਦਾ ਇਕ ਦਿਨ ਪਾਰਵਤੀ ਨੂੰ ਮਿਲਣ ਲਈ ਚਿੱਤ ਕੀਤਾ। ਉਹ ਕੈਲਾਸ਼ ਤੋਂ ਉਤਰ ਕੇ ਪੂਰੀ ਗਤੀ ਨਾਲ ਪਾਰਵਤੀ ਦੇ ਨਿਵਾਸ ਕੋਲ ਪਹੁੰਚਿਆ ਤਾਂ ਦੁਆਰ ਉਤੇ ਉਸ ਨੌਜਵਾਨ ਨਾਲ ਟਾਕਰਾ ਹੋ ਗਿਆ। ਦੋਹਾਂ ਨੇ ਇਕ ਦੂਜੇ ਨੂੰ ਪਹਿਲਾਂ ਨਹੀਂ ਸੀ ਵੇਖਿਆ ਹੋਇਆ:

ਹਟ ਜਾ ਬਾਲਕ, ਦੁਆਰ ਤੋਂ ਲਾਂਭੇ ਹੋ ਜਾ।

-ਮੈਂ ਦੁਆਰ ਤੋਂ ਲਾਂਭੇ ਨਹੀਂ ਹੋ ਸਕਦਾ।

ਤੂੰ ਨਹੀਂ ਜਾਣਦਾ ਮੈਂ ਕੌਣ ਹਾਂ।

ਮੈਂ ਜਾਣਨਾ ਵੀ ਨਹੀਂ ਚਾਹੁੰਦਾ। ਮੈਂ ਸਿਰਫ ਆਪਣੀ ਮਾਂ ਨੂੰ ਜਾਣਦਾ ਹਾਂ ਅਤੇ ਉਹਦੀ ਆਗਿਆ ਨਾਲ ਇਥੇ ਖੜ੍ਹਾ ਹਾਂ।

ਕੌਣ ਹੈ ਤੇਰੀ ਮਾਤਾ?

-ਮਹਾਂ ਸ਼ਕਤੀ ਪਾਰਵਤੀ ਮੇਰੀ ਮਾਤਾ ਹੈ।

ਤੂੰ ਉਸ ਦਾ ਪੁੱਤਰ ਕਿਵੇਂ ਹੋ ਸਕਦਾ ਏਂ! ਉਹ ਮੇਰੀ ਪਤਨੀ ਏ, ਤੇ ਮੈਂ ਵਿਆਹ ਤੋਂ ਬਾਅਦ ਪਹਿਲੀ ਵਾਰ ਆ ਰਿਹਾਂ। ਹਟ ਜਾ ਮੇਰੇ ਰਸਤੇ 'ਚੋਂ। ਮੈਂ ਪੁੱਛਦਾ ਹਾਂ ਤੇਰੀ ਮਾਤਾ ਨੂੰ...।

-ਉਹ ਇਸ਼ਨਾਨ ਕਰ ਰਹੇ ਨੇ। ਜਿੰਨੀ ਦੇਰ ਉਨ੍ਹਾਂ ਦਾ ਆਦੇਸ਼ ਨਹੀਂ ਹੁੰਦਾ, ਮੈਂ ਕਿਸੇ ਨੂੰ ਵੀ ਅੰਦਰ ਨਹੀਂ ਜਾਣ ਦਿਆਂਗਾ।

ਮੈਂ ਜਾਵਾਂਗਾ।

-ਤੁਹਾਨੂੰ ਮੇਰੇ ਨਾਲ ਯੁੱਧ ਕਰਨਾ ਪਏਗਾ।

ਤੇਰੀ ਇਹ ਮਜਾਲ!

ਤੇ ਕਹਿੰਦੇ ਨੇ, ਸ਼ਿਵਾਂ ਨੇ ਤ੍ਰਿਸ਼ੂਲ ਨਾਲ ਉਸ ਬਾਲਕ ਦਾ ਸਿਰ ਉਡਾ ਦਿੱਤਾ। ਪਤਾ ਨਹੀਂ ਕਿਥੇ ਜਾ ਕੇ ਡਿੱਗਾ!

ਜਦੋਂ ਪਾਰਵਤੀ ਤੋਂ ਸਾਰੀ ਗੱਲ ਦਾ ਪਤਾ ਲੱਗਾ ਤਾਂ ਸ਼ਿਵਾਂ ਨੂੰ ਅਫਸੋਸ ਹੋਇਆ। ਪਾਰਵਤੀ ਨੇ ਸ਼ਰਤ ਰੱਖੀ ਕਿ ਉਨੀ ਦੇਰ ਕੋਈ ਗੱਲ ਨਹੀਂ ਹੋ ਸਕਦੀ, ਜਿੰਨੀ ਦੇਰ ਬਾਲਕ ਨੂੰ ਮੁੜ ਸੁਰਜੀਤ ਨਹੀਂ ਕੀਤਾ ਜਾਂਦਾ। ਅਸਲੀ ਸਿਰ ਤਾਂ ਪਤਾ ਨਹੀਂ ਕਿਥੇ ਜਾ ਡਿੱਗਾ ਸੀ, ਸ਼ਿਵ ਪੁੱਠੇ ਪੈਰੀਂ ਬਾਹਰ ਵੱਲ ਨਿਕਲ ਤੁਰੇ। ਰਾਤ ਪੈ ਚੁਕੀ ਸੀ। ਸਾਰੀ ਦੁਨੀਆਂ ਸੁੱਤੀ ਪਈ ਸੀ।

ਸ਼ਿਵਾਂ ਨੂੰ ਕਿਸੇ ਬੱਚੇ ਦਾ ਸਿਰ ਚਾਹੀਦਾ ਸੀ। ਨਾਨੀ ਇਹ ਕਹਾਣੀ ਸੁਣਾਉਂਦੀ ਦੱਸਦੀ ਹੁੰਦੀ ਸੀ ਕਿ ਸ਼ਿਵ ਪੂਰੀ ਰਾਤ ਭਟਕਦਾ ਰਿਹਾ। ਉਹ ਜਿਹੜੇ ਵੀ ਬੱਚੇ ਲਾਗੇ ਆਪਣੇ ਮਕਸਦ ਲਈ ਜਾਂਦਾ, ਵੇਖਦਾ ਕਿ ਉਹਨੂੰ ਉਹਦੀ ਮਾਂ ਨੇ ਆਪਣੀ ਛਾਤੀ ਨਾਲ ਲਾਇਆ ਹੋਇਆ ਏ। ਉਹਨੂੰ ਇਕ ਵੀ ਮਾਂ ਇਹੋ ਜਿਹੀ ਨਾ ਲੱਭੀ, ਜੀਹਨੇ ਆਪਣੇ ਬੱਚੇ ਵੱਲ ਪਿੱਠ ਕੀਤੀ ਹੋਵੇ।

ਹਾਰ ਕੇ ਸ਼ਿਵ ਸ਼ੰਕਰ ਜੰਗਲ ਵੱਲ ਨਿਕਲ ਗਿਆ। ਸੋਚਿਆ ਕਿ ਜੇ ਇਨਸਾਨ ਦਾ ਨਹੀਂ ਤਾਂ ਕਿਸੇ ਜਾਨਵਰ ਦੇ ਬੱਚੇ ਦਾ ਸਿਰ ਹੀ ਲੈ ਜਾਨਾਂ। ਖਾਲੀ ਹੱਥ ਗਿਆ ਤਾਂ ਗੌਰਜਾਂ ਨੇ ਗੱਲ ਨਹੀਂ ਕਰਨੀ।

ਪਰ ਮਾਂਵਾਂ ਤਾਂ ਮਾਂਵਾਂ ਈ ਹੁੰਦੀਆਂ ਨੇ। ਜਾਨਵਰਾਂ ਦੀਆਂ ਮਾਂਵਾਂ ਵੀ ਆਪਣੇ ਬੱਚਿਆਂ ਨੂੰ ਹਿੱਕਾਂ ਨਾਲ ਲਾਈ ਪਈਆਂ ਸਨ। ਸਿਰਫ ਇਕ ਹਥਣੀ ਨੇ ਥੱਕ ਕੇ ਪਾਸਾ ਪਰਤਿਆ, ਤੇ ਉਹਦੀ ਬੱਚੇ ਵੱਲ ਪਿੱਠ ਹੋ ਗਈ। ਮਾਂ ਦੇ ਸਾਹਮਣੇ ਬੱਚੇ ਦਾ ਸਿਰ ਕਲਮ ਕਰਨਾ ਸ਼ਿਵ ਲਈ ਵੀ ਸੌਖਾ ਨਹੀਂ ਸੀ। ਹੁਣ ਮੌਕਾ ਤਾੜ ਕੇ ਉਹਨੇ ਤ੍ਰਿਸ਼ੂਲ ਨਾਲ ਸਿਰ ਵੱਢਿਆ ਤੇ ਵਾਪਸ ਆ ਕੇ ਹਾਥੀ ਦੇ ਬੱਚੇ ਦਾ ਸਿਰ ਗਣੇਸ਼ ਦੇ ਧੜ ਉਤੇ ਟਿਕਾ ਦਿੱਤਾ। ਉਹ ਮੁੜ ਸੁਰਜੀਤ ਹੋ ਗਿਆ; ਸਗੋਂ ਅਮਰ ਹੋ ਗਿਆ...।

ਪਰ ਸੁਣਿਆ ਕਿ ਉਸ ਦਿਨ ਤੋਂ ਅੱਜ ਤੱਕ ਕੋਈ ਹਥਣੀ ਥੱਕ ਕੇ ਵੀ ਆਪਣੇ ਬੱਚੇ ਵੱਲੋਂ ਪਾਸਾ ਨਹੀਂ ਪਰਤਦੀ...।

---

ਫਿਰ ਕਿਸੇ ਵੇਲੇ ਦੇਵਤਿਆਂ ਤੇ ਦਾਨਵਾਂ ਨੇ ਰਲ ਕੇ ਸਮੁੰਦਰ ਰਿੜਕਿਆ। ਵਿਚੋਂ ਅਨਮੋਲ ਰਤਨ ਨਿਕਲੇ। ਨਿਕਲਦਿਆਂ ਈ ਜ਼ੋਰਾਵਰਾਂ ਨੇ ਕਾਬੂ ਕਰ ਲਏ, ਪਰ ਵਿਸ਼ ਦਾ ਗਾਹਕ ਕੋਈ ਨਹੀਂ ਸੀ। ਜ਼ਹਿਰ ਕੌਣ ਪੀਏ? ਅਖੀਰ ਉਨ੍ਹਾਂ ਨੂੰ ਭੋਲਾ ਭੰਡਾਰੀ ਯਾਦ ਆਇਆ। ਆਸ਼ੂਤੋਸ਼! ਝਟ ਖੁਸ਼ ਹੋਣ ਵਾਲਾ। ਰਤਾ ਕੁ ਖੁਸ਼ਾਮਦ ਕੀਤੀ, ਉਹ ਮੰਨ ਗਿਆ। ਵਿਸ਼ਪਾਨ ਕਰ ਲਿਆ, ਪਰ ਆਪਣੀ ਸ਼ਕਤੀ ਨਾਲ ਗਲੇ ਤੱਕ ਰੱਖਿਆ। ਦਿਲ-ਦਿਮਾਗ ਤੱਕ ਨਹੀਂ ਜਾਣ ਦਿੱਤਾ। 'ਨੀਲ-ਕੰਠ ਭਗਵਾਨ ਕੀ ਜੈ' ਸੁਣ ਕੇ ਸੰਤੁਸ਼ਟ ਹੋ ਗਿਆ। ਅੱਜ ਤੱਕ ਸੰਤੁਸ਼ਟ ਹੈ।

ਪੜ੍ਹਨ-ਪੜ੍ਹਾਉਣ ਦੇ ਚੱਕਰ ਵਿਚ 'ਸਤਿਅਮ, ਸ਼ਿਵਮ, ਸੁੰਦਰਮ' ਵਾਲੇ ਸ਼ਿਵ ਦੇ ਕਲਿਆਣਕਾਰੀ ਰੂਪ ਦੇ ਦਰਸ਼ਨ ਹੋਏ। ਸਾਹਿਤ ਤੇ ਕਲਾ ਦੇ ਸੱਚੇ ਉਪਾਸ਼ਕਾਂ ਵਿਚੋਂ ਸ਼ਿਵ ਦੀ ਅੰਸ਼ ਲੱਭਣ ਦਾ ਯਤਨ ਕੀਤਾ। ਇਹ ਸੱਚੇ ਕਲਾਕਾਰ ਦਰਵੇਸ਼ ਲੋਕ ਸਮਾਜ ਦੇ ਹਿੱਸੇ ਦਾ ਜ਼ਹਿਰ ਕਿੰਨੇ ਸਹਿਜ ਨਾਲ ਸਵੀਕਾਰ ਕਰ ਲੈਂਦੇ ਨੇ। ਬਦਲੇ ਵਿਚ ਚਾਹੁੰਦੇ ਕੀ ਨੇ? ਐਵੇਂ ਮਾੜੀ-ਮੋਟੀ ਦਾਦ! ਨਿੱਕੀਆਂ-ਮੋਟੀਆਂ ਤਾੜੀਆਂ। ਏਨੇ ਨਾਲ ਈ ਖੁਸ਼ ਰਹਿੰਦੇ ਨੇ! ਮਸਤ! ਅਸਮਸਤ!!

ਇਸੇ ਯਾਤਰਾ ਵਿਚ ਸ਼ਿਵ ਕੁਮਾਰ ਮਿਲਿਆ ਜਿਸ ਦੀ ਯਾਤਰਾ ਅਸਲ ਵਿਚ, ਉਹਦੀ ਮੌਤ ਤੋਂ ਬਾਅਦ ਸ਼ੁਰੂ ਹੋਈ ਹੈ।

ਅਚਾਨਕ ਖਿਆਲ ਆਉਂਦੈ ਕਿ ਸ਼ਿਵ ਨਾਲ ਰਾਤਰੀ ਕਿਉਂ ਜੁੜੀ ਹੈ? ਬਾਕੀ ਸਭ ਦੇ ਦਿਨ ਮਨਾਏ ਜਾਂਦੇ ਨੇ, ਤੇ ਸ਼ਿਵ ਦੀ ਰਾਤ! ਦਿਨ ਭਟਕਣ ਦਾ ਨਾਂ ਹੈ। ਰਾਤ ਸਹਿਜ ਹੁੰਦੀ ਏ। ਭਗਤਾਂ, ਦਰਵੇਸ਼ਾਂ, ਫਕੀਰਾਂ, ਸ਼ਾਇਰਾਂ, ਕਲਾਕਾਰਾਂ ਤੇ ਮਸਤੀ ਵਾਲਿਆਂ ਲਈ ਰਾਤ ਵਧੇਰੇ ਮਾਫਕ ਹੁੰਦੀ ਏ।

ਮਹਾਂਸ਼ਿਵਰਾਤਰੀ ਦੇ ਪੁਰਬ ਮੌਕੇ ਪਤਾ ਨਹੀਂ ਮੈਨੂੰ ਇਹ ਬਚਗਾਨੀਆਂ ਜਿਹੀਆਂ ਗੱਲਾਂ ਈ ਕਿਉਂ ਸੁਝ ਰਹੀਆਂ ਨੇ। ਮੈਨੂੰ ਯਾਦ ਆਇਆ, ਅੱਜ ਤਾਂ ਮੇਰਾ ਜਨਮ ਦਿਨ ਏ, ਪਰ ਮੈਂ ਇਸ ਦਿਨ ਨੂੰ ਸ਼ਿਵ ਦੀ ਰਾਤ ਦੇ ਹਵਾਲੇ ਕਰਦਾ ਹਾਂ।

#

***ਪੜ੍ਹਨ-ਪੜ੍ਹਾਉਣ ਦੇ ਚੱਕਰ ਵਿਚ 'ਸਤਿਅਮ, ਸ਼ਿਵਮ, ਸੁੰਦਰਮ' ਵਾਲੇ ਸ਼ਿਵ ਦੇ ਕਲਿਆਣਕਾਰੀ ਰੂਪ ਦੇ ਦਰਸ਼ਨ ਹੋਏ। ਸਾਹਿਤ ਤੇ ਕਲਾ ਦੇ ਸੱਚੇ ਉਪਾਸ਼ਕਾਂ ਵਿਚੋਂ ਸ਼ਿਵ ਦੀ ਅੰਸ਼ ਲੱਭਣ ਦਾ ਯਤਨ ਕੀਤਾ। ਇਹ ਸੱਚੇ ਕਲਾਕਾਰ ਦਰਵੇਸ਼ ਲੋਕ ਸਮਾਜ ਦੇ ਹਿੱਸੇ ਦਾ ਜ਼ਹਿਰ ਕਿੰਨੀ ਸਹਿਜਤਾ ਨਾਲ ਸਵੀਕਾਰ ਕਰ ਲੈਂਦੇ ਨੇ। ਬਦਲੇ ਵਿਚ ਚਾਹੁੰਦੇ ਕੀ ਨੇ? ਐਵੇਂ ਮਾੜੀ-ਮੋਟੀ ਦਾਦ! ਨਿੱਕੀਆਂ-ਮੋਟੀਆਂ ਤਾੜੀਆਂ! ਏਨੇ ਨਾਲ ਈ ਖੁਸ਼ ਰਹਿੰਦੇ ਨੇ! ਮਸਤ! ਅਸਮਸਤ!!... ਇਸੇ ਯਾਤਰਾ ਵਿਚ ਸ਼ਿਵ ਕੁਮਾਰ ਮਿਲਿਆ ਜਿਸ ਦੀ ਯਾਤਰਾ ਅਸਲ ਵਿਚ, ਉਹਦੀ ਮੌਤ ਤੋਂ ਬਾਅਦ ਸ਼ੁਰੂ ਹੋਈ ਹੈ... ਅਚਾਨਕ ਖਿਆਲ ਆਉਂਦੈ ਕਿ ਸ਼ਿਵ ਨਾਲ ਰਾਤਰੀ ਕਿਉਂ ਜੁੜੀ ਹੈ? ਬਾਕੀ ਸਭ ਦੇ ਦਿਨ ਮਨਾਏ ਜਾਂਦੇ ਨੇ, ਤੇ ਸ਼ਿਵ ਦੀ ਰਾਤ! ਦਿਨ ਭਟਕਣ ਦਾ ਨਾਂ ਹੈ। ਰਾਤ ਸਹਿਜ ਹੁੰਦੀ ਏ। ਭਗਤਾਂ, ਦਰਵੇਸ਼ਾਂ, ਫਕੀਰਾਂ, ਸ਼ਾਇਰਾਂ, ਕਲਾਕਾਰਾਂ ਤੇ ਮਸਤੀ ਵਾਲਿਆਂ ਲਈ ਰਾਤ ਵਧੇਰੇ ਮਾਫਕ ਹੁੰਦੀ ਏ। ਮਹਾਂਸ਼ਿਵਰਾਤਰੀ ਦੇ ਪੁਰਬ ਮੌਕੇ ਪਤਾ ਨਹੀਂ ਮੈਨੂੰ ਇਹ ਬਚਗਾਨੀਆਂ ਜਿਹੀਆਂ ਗੱਲਾਂ ਈ ਕਿਉਂ ਸੁਝ ਰਹੀਆਂ ਨੇ।***

# ਨਹੀਂ ਸੁਲਝ ਰਿਹਾ ਮਸਲਾ ਕੈਲੰਡਰ ਦਾ

**ਪੰਥਕ ਮਸਲੇ**

***ਨਾਨਕਸ਼ਾਹੀ ਕੈਲੰਡਰ ਨੂੰ ਲੈ ਕੇ ਸਿੱਖਾਂ ਵਿਚ ਚੱਲ ਰਿਹਾ ਵਿਵਾਦ ਮੁੱਕਣ ਦਾ ਸੱਚਮੁੱਚ ਹੀ ਨਾਂ ਨਹੀਂ ਲੈ ਰਿਹਾ। ਇਸ ਮਾਮਲੇ ਨੂੰ ਲੈ ਕੇ ਵੱਖ ਵੱਖ ਧਿਰਾਂ ਦੇ ਵੱਖ ਵੱਖ ਪੈਂਤੜੇ ਹਨ। ਲੇਖਕ ਹਜ਼ਾਰਾ ਸਿੰਘ ਨੇ ਇਕ ਵੱਖਰਾ ਤੇ ਸੰਤੁਲਿਤ ਨਜ਼ਰੀਆ ਦੇਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਿੱਖਾਂ ਦੀ ਵੱਖਰੀ ਪਛਾਣ ਵੱਖਰੇ ਕਰਮ ਕਰਨ ਨਾਲ ਬਣਦੀ ਹੈ, ਨਾ ਕਿ ਕੰਧ ਉਪਰ ਟੰਗੇ ਕਿਸੇ ਕੈਲੰਡਰ ਨਾਲ। -ਸੰਪਾਦਕ***

ਨਾਨਕਸ਼ਾਹੀ ਕੈਲੰਡਰ ਦਾ ਮਸਲਾ ਅਸਲ ਵਿਚ ਕੁਝ ਵੀ ਨਹੀਂ ਹੈ, ਪਰ ਪੰਥ ਨੂੰ ਇਸ ਉਲਝਣ ਵਿਚੋਂ ਨਿਕਲਣ ਦਾ ਰਾਹ ਨਹੀਂ ਲੱਭ ਰਿਹਾ। ਹਾਲਾਂਕਿ ਹੁਣ ਪੰਥ ਵਿਚ ਨਾਨਕਸ਼ਾਹੀ ਕੈਲੰਡਰ ਦੇ ਬਾਨੀ ਵਿਦਵਾਨ ਸ. ਪਾਲ ਸਿੰਘ ਪੁਰੇਵਾਲ ਸਮੇਤ ਕੈਲੰਡਰ ਵਿਗਿਆਨੀਆਂ ਦੀ ਭਰਮਾਰ ਹੋਈ ਪਈ ਹੈ ਪਰ ਕੈਲੰਡਰ ਦੀ ਫਾਹੀ ਗਲੋਂ ਲੱਥਣ ਦਾ ਨਾਂ ਨਹੀਂ ਲੈ ਰਹੀ। ਇਸੇ ਉਲਝਣ ਕਾਰਨ ਹੀ ਪਿੱਛੇ ਜਿਹੇ ਗੁਰੂ ਰਾਮਦਾਸ ਜੀ ਦਾ ਪੁਰਬ ਦੋ ਵੱਖ ਵੱਖ ਦਿਨਾਂ ਨੂੰ ਮਨਾਉਣ ਦੀਆਂ

**ਹਜ਼ਾਰਾ ਸਿੰਘ ਮਿਸੀਸਾਗਾ**
**ਫੋਨ: 905-795-3428**

ਖਬਰਾਂ ਆਈਆਂ ਸਨ। ਹੁਣ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ ਅਤੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਨ ਇੱਕੋ ਦਿਨ ਆ ਜਾਣ ਕਾਰਨ ਕੌਮ ਵਿਚ 'ਸੰਕਟ' ਖੜ੍ਹਾ ਹੋਇਆ ਪਿਆ ਹੈ।

ਮੁੱਕਦੀ ਗੱਲ, ਕੈਲੰਡਰ ਦਾ ਮਸਲਾ ਵਾਰ ਵਾਰ ਉੱਭਰਿਆ ਹੀ ਰਹਿੰਦਾ ਹੈ ਜਿਵੇਂ ਕਿ ਇਸ ਤੋਂ ਗੰਭੀਰ ਕੋਈ ਹੋਰ ਮੁੱਦਾ ਹੋਏ ਹੀ ਨਾ। ਇਸੇ ਦੇ ਹੱਲ ਲਈ ਨਾਰਥ ਅਮਰੀਕਾ ਵਿਚ ਕੁਝ 'ਚਿੰਤਾਵਾਨ' ਸਿੱਖਾਂ ਵੱਲੋਂ 'ਕੈਲੰਡਰ ਕਾਨਫਰੰਸਾਂ' ਦਾ ਪ੍ਰਵਾਹ ਵੀ ਲਗਾਤਾਰ ਚਲਾਇਆ ਜਾ ਰਿਹਾ ਹੈ। ਇਨ੍ਹਾਂ ਕਾਨਫਰੰਸਾਂ ਵਿਚ ਬਜ਼ੁਰਗ 'ਕੈਲੰਡਰ ਵਿਗਿਆਨੀ' ਸ. ਪਾਲ ਸਿੰਘ ਪੁਰੇਵਾਲ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਜਦ 'ਕੈਲੰਡਰ ਵਿਗਿਆਨ' ਦਾ ਪਿਟਾਰਾ ਖੋਲ੍ਹ ਕੇ ਮਜ੍ਹਮਾ ਲਾਉਂਦੇ ਹਨ ਤਾਂ ਸੁਣਨ-ਦੇਖਣ ਵਾਲੇ ਇੱਕ ਵਾਰ ਤਾਂ ਅਸ਼-ਅਸ਼ ਕਰ ਉਠਦੇ ਹਨ। ਮੰਤਰ ਮੁਗਧ ਹੋਏ ਲੋਕ ਇੱਕ ਵਾਰ ਭੁੱਲ ਹੀ ਜਾਂਦੇ ਹਨ ਕਿ ਸਿੱਖਾਂ ਦਾ ਇਹ ਮਸਲਾ ਕੈਲੰਡਰ ਵਿਗਿਆਨ ਦਾ ਮਸਲਾ ਨਹੀਂ ਹੈ। ਮਸਲਾ ਕੈਲੰਡਰ ਬਣਾਉਣ ਦੀ ਮੁਸ਼ਕਿਲ ਦਾ ਨਹੀਂ ਹੈ, ਕੇਵਲ ਕੁਝ ਤਾਰੀਖਾਂ ਪੱਕੀਆਂ ਕਰਨ ਦਾ ਹੈ।

'ਕੈਲੰਡਰ ਕਾਨਫਰੰਸਾਂ' ਦੀ ਲੜੀ ਵਿਚ ਐਸੀ ਹੀ ਇੱਕ ਕਾਨਫਰੰਸ 11 ਅਤੇ 12 ਨਵੰਬਰ ਨੂੰ ਸ਼ਿਕਾਗੋ ਵਿਚ ਹੋ ਕੇ ਹਟੀ ਹੈ ਜਿਸ ਵਿਚ ਪੁਰਾਣੇ ਅਤੇ ਨਵੇਂ ਪੈਦਾ ਹੋਏ ਕੈਲੰਡਰ 'ਵਿਗਿਆਨੀਆਂ' ਨੇ ਪੂਰੇ ਜਾਹੋ-ਜਲਾਲ ਨਾਲ ਹਿੱਸਾ ਲਿਆ। ਕਾਨਫਰੰਸ ਵਿਚ ਨਾ ਕੋਈ ਨਵੀਂ ਗੱਲ ਹੋਣੀ ਸੀ, ਨਾ ਹੋਈ। ਕੈਲੰਡਰ ਵਿਗਿਆਨ ਦਾ ਉਹੋ ਪੁਰਾਣਾ ਰਾਗ ਉਸੇ ਪੁਰਾਣੀ ਤੁਣਤੁਣੀ ਨਾਲ ਫਿਰ ਅਲਾਪਿਆ ਗਿਆ। ਜਿਨ੍ਹਾਂ ਬੁਲਾਰਿਆਂ ਨੂੰ ਇਸ ਵਿਸ਼ੇ ਦਾ ਬਹੁਤਾ ਗਿਆਨ ਨਹੀਂ ਸੀ, ਉਨ੍ਹਾਂ ਨੇ ਨਾਨਕਸ਼ਾਹੀ ਕੈਲੰਡਰ ਨੂੰ ਸਿੱਖਾਂ ਦੀ ਵੱਖਰੀ ਪਛਾਣ ਦਾ ਸਾਧਨ ਦੱਸ ਕੇ ਹਾਜ਼ਰੀਆਂ ਲਵਾਈਆਂ। ਕਈ ਬੁਲਾਰਿਆਂ ਨੇ ਕੈਲੰਡਰ ਦੇ ਇਤਿਹਾਸ 'ਤੇ ਚਾਨਣਾ ਪਾ ਕੇ ਇਤਿਹਾਸਕਾਰੀ 'ਤੇ ਹੱਥ ਅਜ਼ਮਾਇਆ।

ਕੈਲੰਡਰ ਬਾਰੇ ਕੋਈ ਨਾ ਕੋਈ ਵਿਵਾਦ ਤਾਂ ਕਈ ਵਰ੍ਹਿਆਂ ਤੋਂ ਚਲਦਾ ਹੀ ਆ ਰਿਹਾ ਹੈ ਪਰ ਐਤਕਾਂ ਜਥੇਦਾਰਾਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ 25 ਦਸੰਬਰ ਨੂੰ ਮਨਾਏ ਜਾਣ ਦੇ ਕੀਤੇ ਹੁਕਮਾਂ ਕਾਰਨ ਇਹ ਵਿਵਾਦ ਦੋ ਧਿਰਾਂ ਵਿਚਕਾਰ ਜ਼ੋਰ-ਅਜ਼ਮਾਈ ਦਾ ਮੁੱਦਾ ਬਣ ਗਿਆ ਹੈ। ਜਥੇਦਾਰਾਂ ਦਾ ਵਿਰੋਧ ਕਰਨ ਵਾਲੇ ਇਹ ਪੁਰਬ 5 ਜਨਵਰੀ ਨੂੰ ਮਨਾਉਣ ਲਈ ਅਪੀਲਾਂ ਕਰ ਰਹੇ ਹਨ। ਸੋ, ਕੈਲੰਡਰ ਦਾ ਇਹ ਮੁੱਦਾ ਹੁਣ ਅਕਾਲ ਤਖਤ ਵੱਲੋਂ ਕੀਤੇ ਆਦੇਸ਼ਾਂ ਦੀ ਤਾਕਤ ਪਰਖਣ ਦਾ ਨੁਕਤਾ ਬਣ ਗਿਆ ਹੈ। ਇਸ ਤੋਂ ਪਤਾ ਲੱਗੇਗਾ ਕਿ ਤਖਤਾਂ ਦੇ ਜਥੇਦਾਰਾਂ ਵੱਲੋਂ ਆਦੇਸ਼ ਜਾਰੀ ਕਰਨ ਵਾਲੀ ਪਰਿਪਾਟੀ ਅਜੇ ਕਿੰਨੀ ਕੁ ਮਜ਼ਬੂਤ ਹੈ। ਜਥੇਦਾਰਾਂ ਨੂੰ ਚਾਬੀ ਨਾਲ ਚਲਾਉਣ ਵਾਲੇ ਵੀ ਇਹ ਪਰਖਣਾ ਚਾਹੁਣਗੇ ਕਿ ਜਥੇਦਾਰਾਂ ਰਾਹੀਂ ਸਿੱਖ ਪੰਥ ਨੂੰ ਕਾਬੂ ਰੱਖਣ ਵਾਲੀ ਤਕਨੀਕ ਹੁਣ ਕਿਤਨੀ ਕੁ ਕਾਰਗਾਰ ਰਹਿ ਗਈ ਹੈ।

ਖੈਰ! ਕੈਲੰਡਰ ਦੇ ਅਸਲ ਮੁੱਦੇ ਦੀ ਗੱਲ ਕਰੀਏ ਤਾਂ ਸਿੱਖ ਜਗਤ ਵਾਸਤੇ ਨਾ ਸੁਲਝਣ ਵਾਲੀ ਇਸ ਮਾਮੂਲੀ ਅੜਾਉਣੀ ਦੇ ਕੁਝ ਪੱਖ ਇਸ ਤਰ੍ਹਾਂ ਹਨ:

**ਪਿਛੋਕੜ ਅਤੇ ਲੋੜ:** ਸਿੱਖ ਆਪਣੇ ਬਹੁਤੇ ਪੁਰਬ ਦੇਸੀ ਮਹੀਨਿਆਂ ਅਨੁਸਾਰ ਹੀ ਮਨਾਉਂਦੇ ਸਨ। ਇਸ ਕਾਰਨ ਇਨ੍ਹਾਂ ਦੀਆਂ ਤਾਰੀਖਾਂ ਬਦਲਦੀਆਂ ਰਹਿੰਦੀਆਂ ਸਨ। ਦੇਸੀ ਮਹੀਨਿਆਂ ਮੁਤਾਬਕ ਚੱਲਣ ਕਾਰਨ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ ਕਦੇ ਤਾਂ ਅੰਗਰੇਜ਼ੀ ਕੈਲੰਡਰ ਅਨੁਸਾਰ ਸਾਲ ਵਿਚ ਦੋ ਵਾਰ ਆ ਜਾਂਦਾ ਅਤੇ ਕਦੇ ਇੱਕ ਵਾਰ ਵੀ ਨਾ ਆਉਂਦਾ। ਆਮ ਸਿੱਖਾਂ ਨੂੰ ਤਾਰੀਖਾਂ ਦਾ ਇਹ ਭੰਬਲਭੂਸਾ ਚੰਗਾ ਨਾ ਲਗਦਾ। ਇਸ ਅਸੁਵਿਧਾ ਕਾਰਨ ਦੇਸ਼-ਵਿਦੇਸ਼ ਦੇ ਸਿੱਖਾਂ ਦੀ ਭਾਵਨਾ ਸੀ ਕਿ ਸਾਲ ਵਿਚ ਮਨਾਏ ਜਾਣ ਵਾਲੇ ਇਨ੍ਹਾਂ ਪੁਰਬਾਂ ਦੀਆਂ ਤਾਰੀਖਾਂ ਇੱਕ ਵਾਰ ਪੱਕੀਆਂ ਕਰ ਲਈਆਂ ਜਾਣ। ਇਸ ਤਰ੍ਹਾਂ ਤਾਰੀਖਾਂ ਮੁਕੱਰਰ ਕਰ ਲਏ ਜਾਣ ਨਾਲ ਸਾਰੇ ਸੰਸਾਰ ਵਿਚ ਸਿੱਖਾਂ ਦੇ ਦਿਹਾੜੇ ਮਨਾਉਣ ਸਬੰਧੀ ਤਾਰੀਖਾਂ ਦਾ ਭੰਬਲਭੂਸਾ ਸਦਾ ਲਈ ਖਤਮ ਹੋ ਜਾਣਾ ਸੀ। ਸੰਸਾਰ ਭਰ ਦੇ ਸਿੱਖ ਐਸਾ ਕਰਨਾ ਲੋਚਦੇ ਸਨ।

ਜਦ 1994 ਦੇ ਆਸ-ਪਾਸ ਐਡਮੰਟਨ ਵਾਸੀ ਸ. ਪੁਰੇਵਾਲ ਨੇ ਐਸਾ ਉਪਰਾਲਾ ਕਰਨ ਦਾ ਬੀੜਾ ਚੁੱਕਿਆ ਤਾਂ ਸਭ ਨੇ ਜੀ ਆਇਆਂ ਕਿਹਾ। ਤਾਰੀਖਾਂ ਵਾਲੇ ਮਸਲੇ ਦੇ ਹੱਲ ਲਈ ਇਤਿਹਾਸਕਾਰਾਂ ਤੇ ਬੁੱਧੀਜੀਵੀਆਂ ਦੀ ਕਮੇਟੀ ਬਣੀ, ਜਿਸ ਨੇ ਇਤਿਹਾਸਕ ਦਸਤਾਵੇਜ਼ ਖੰਗਾਲ ਕੇ ਦੇਸੀ ਮਹੀਨਿਆਂ ਦੀਆਂ ਤਾਰੀਖਾਂ ਅਨੁਸਾਰ ਅੰਗਰੇਜ਼ੀ ਤਾਰੀਖਾਂ ਲੱਭੀਆਂ ਜਿਸ ਵਿਚ ਸ. ਪੁਰੇਵਾਲ ਨੇ ਆਪਣੀ ਕੈਲੰਡਰ ਵਿਗਿਆਨ ਦੀ ਮੁਹਾਰਤ ਦਾ ਭਰਪੂਰ ਯੋਗਦਾਨ ਪਾਇਆ।

ਕੈਲੰਡਰ ਦਾ ਪ੍ਰਾਜੈਕਟ ਅਹਿਮ ਸਿੱਖ ਦਿਨਾਂ ਦੀਆਂ ਤਾਰੀਖਾਂ ਨਿਯਤ ਕਰਨ ਤੱਕ ਸੀਮਿਤ ਨਾ ਰਹਿ ਕੇ ਗੁਰਬਾਣੀ ਦਾ ਰੁੱਤਾਂ ਅਨੁਸਾਰ ਤਾਲਮੇਲ ਬਿਠਾਉਣ ਅਤੇ ਵੱਖਰੇ ਕੈਲੰਡਰ ਰਾਹੀਂ ਵੱਖਰੀ ਹਸਤੀ ਦੇ ਨਿਰਮਾਣ ਤੱਕ ਵਧਾ ਲਿਆ ਗਿਆ ਜਿਸ ਦੀ ਪੂਰਤੀ ਲਈ ਸ. ਪੁਰੇਵਾਲ ਨੇ ਘਾਲਣਾ ਘਾਲ ਕੇ ਨਵੇਂ ਚੇਤ, ਵੈਸਾਖ ਘੜੇ। ਇਸ ਤਰ੍ਹਾਂ ਕੁਝ ਦਿਨਾਂ ਦੀਆਂ ਤਾਰੀਖਾਂ ਪੱਕੀਆਂ ਕਰਨ ਵਾਲਾ ਪ੍ਰਾਜੈਕਟ ਇੱਕ ਨਵਾਂ ਕੈਲੰਡਰ ਘੜਨ ਵਾਲਾ ਵੱਡਾ ਪ੍ਰਾਜੈਕਟ ਬਣ ਗਿਆ ਜਿਸ ਵਾਸਤੇ ਕਈ ਮੀਟਿੰਗਾਂ ਅਤੇ ਸੈਮੀਨਾਰ ਕਰਨੇ ਪਏ। ਸ. ਪੁਰੇਵਾਲ ਨੂੰ ਕੈਨੇਡਾ ਤੋਂ ਭਾਰਤ ਦੇ ਕਈ ਗੇੜੇ ਲਾਉਣੇ ਪਏ। ਕਈ ਵਰ੍ਹਿਆਂ ਦੀ ਮਿਹਨਤ ਪਿਛੋਂ ਕੈਲੰਡਰ ਬਣ ਗਿਆ ਪਰ 3 ਦਿਨਾਂ-ਦੀਵਾਲੀ ਜਾਂ ਬੰਦੀਛੋੜ ਦਿਵਸ, ਗੁਰੂ ਨਾਨਕ ਪ੍ਰਕਾਸ਼ ਪੁਰਬ ਅਤੇ ਹੋਲੇ ਮਹੱਲੇ ਨੂੰ ਪੁਰਾਣੀ ਰਵਾਇਤ ਮੁਤਾਬਿਕ ਰੱਖਦਿਆਂ 2003 'ਚ ਸ਼੍ਰੋਮਣੀ ਕਮੇਟੀ ਨੇ ਲਾਗੂ ਕਰ ਦਿੱਤਾ। ਇਸ ਮਿਲਗੋਭਾ ਕੈਲੰਡਰ ਨੂੰ ਹੀ ਮੂਲ ਨਾਨਕਸ਼ਾਹੀ ਕੈਲੰਡਰ ਵਜੋਂ ਜਾਣਿਆ ਜਾਂਦਾ ਹੈ।

**ਕੀ ਸੀ 2003 ਵਾਲਾ ਕੈਲੰਡਰ:** ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਬਹੁਤੇ ਸਿੱਖ ਦਿਨਾਂ ਦੀਆਂ ਤਾਰੀਖਾਂ ਤਾਂ ਪੱਕੀਆਂ ਕਰ ਦਿੱਤੀਆਂ ਗਈਆਂ ਸਨ ਪਰ ਦੀਵਾਲੀ, ਗੁਰੂ ਨਾਨਕ ਪ੍ਰਕਾਸ਼ ਪੁਰਬ ਅਤੇ ਹੋਲੇ ਮਹੱਲੇ ਦੀਆਂ ਤਾਰੀਖਾਂ ਪੱਕੀਆਂ ਨਹੀਂ ਸਨ ਕੀਤੀਆਂ ਗਈਆਂ ਕਿਉਂਕਿ ਕੈਲੰਡਰ ਕਮੇਟੀ ਅਨੁਸਾਰ ਸੱਭਿਆਚਾਰਕ ਅਤੇ ਇਤਿਹਾਸਕ ਮਹੱਤਵ ਕਾਰਨ ਇਨ੍ਹਾਂ ਦਿਨਾਂ ਨੂੰ ਪਹਿਲਾਂ ਵਾਂਗ ਹੀ ਰੱਖਣਾ ਯੋਗ ਸੀ। ਭਾਵ ਇਹ 3 ਦਿਨ ਤਾਂ ਪੁਰਾਣੇ ਢੰਗ ਨਾਲ ਹੀ ਹਰ ਸਾਲ ਬਦਲਦੀਆਂ ਤਾਰੀਖਾਂ ਨੂੰ ਮਨਾਉਣੇ ਮੰਨ ਲਏ ਪਰ ਬਾਕੀ ਦਿਹਾੜੇ ਅੰਗਰੇਜ਼ੀ ਕੈਲੰਡਰ ਮੁਤਾਬਕ ਹਰ ਸਾਲ ਪੱਕੀਆਂ ਤਾਰੀਖਾਂ ਨੂੰ ਮਨਾਉਣ ਦਾ ਫੈਸਲਾ ਕਰਕੇ ਇੱਕ ਮਿਲਗੋਭਾ ਕੈਲੰਡਰ ਪ੍ਰਵਾਨ ਕਰ ਲਿਆ। ਬੱਸ ਕੁਝ ਕੱਚਾ ਅਤੇ ਕੁਝ ਪੱਕਾ ਹੋਣਾ ਹੀ ਮੁਸੀਬਤ ਬਣ ਗਿਆ। 3 ਦਿਨਾਂ ਦੀਆਂ ਤਾਰੀਖਾਂ ਬਦਲਦੀਆਂ ਹੋਣ ਕਾਰਨ ਹਰ ਸਾਲ ਹੀ ਕੋਈ ਨਾ ਕੋਈ ਵਿਵਾਦ ਖੜ੍ਹਾ ਹੋਣ ਲੱਗ ਪਿਆ। ਕਦੇ ਤਾਂ ਇੱਕ ਦੋ ਦਿਨਾਂ ਦੇ ਮਨਾਉਣ ਨੂੰ ਅੱਗੇ ਪਿੱਛੇ ਕਰਕੇ ਕੰਮ ਚਲਾਇਆ ਅਤੇ ਕਦੇ ਕੈਲੰਡਰ ਵਿਚ ਕੁਝ ਸੋਧਾਂ ਕਰਕੇ, ਪਰ ਇਸ ਬਾਰੇ ਆਮ ਸਹਿਮਤੀ ਕਦੇ ਵੀ ਨਾ ਬਣੀ। ਇਸ ਦੌਰਾਨ ਰਹਿ ਗਏ 3 ਦਿਨਾਂ ਦੀਆਂ ਤਾਰੀਖਾਂ ਪੱਕੀਆਂ ਕਰਨ ਦਾ ਜੇਰਾ ਵੀ ਨਾ ਕੀਤਾ ਗਿਆ। ਹੈਰਾਨੀ ਦੀ ਗੱਲ ਸੀ ਕਿ ਗੁਰੂ ਨਾਨਕ ਸਾਹਿਬ ਦੇ ਨਾਂ 'ਤੇ ਘੜੇ ਕੈਲੰਡਰ ਵਿਚ ਉਨ੍ਹਾਂ ਦਾ ਜਨਮ ਦਿਨ ਵੀ ਪੁਰਾਣੀ ਰੀਤ ਮੁਤਾਬਕ ਹੀ ਰਹਿਣ ਦਿੱਤਾ ਗਿਆ।

ਇਸ ਕੈਲੰਡਰ ਵਿਚ ਰਵਾਇਤੀ ਚੇਤ, ਵੈਸਾਖ ਨਾਲੋਂ ਵੱਖਰੇ ਚੇਤ ਵੈਸਾਖ ਵੀ ਘੜੇ ਗਏ। ਨਾਨਕਸ਼ਾਹੀ ਸਾਲ ਪਹਿਲੀ ਚੇਤ (14 ਮਾਰਚ) ਤੋਂ ਸ਼ੁਰੂ ਹੋ ਕੇ 30 ਫੱਗਣ (13 ਮਾਰਚ) 365 ਦਿਨਾਂ ਦਾ ਬਣਾ ਦਿੱਤਾ ਗਿਆ। ਅੰਗਰੇਜ਼ੀ ਕੈਲੰਡਰ ਵਾਂਗ ਹੀ ਲੀਪ ਦਾ ਸਾਲ 366 ਦਿਨਾਂ ਦਾ ਮਿਥ ਲਿਆ ਗਿਆ। ਇਸ ਤਰ੍ਹਾਂ ਤਾਰੀਖਾਂ ਪੱਕੀਆਂ ਕਰਨ ਲੱਗਿਆਂ ਪੰਜਾਬ ਦੇ ਸੱਭਿਆਚਾਰ ਵਿਚ ਦੋ ਤਰ੍ਹਾਂ ਦੇ ਦੇਸੀ ਮਹੀਨੇ ਪ੍ਰਚਲਿਤ ਹੋ ਗਏ। ਇੱਕ ਰਵਾਇਤੀ ਚੇਤ, ਵੈਸਾਖ ਅਤੇ ਦੂਸਰਾ ਨਾਨਕਸ਼ਾਹੀ ਵਾਲਾ, ਜਿਸ ਕਾਰਨ ਸੰਗਰਾਂਦਾਂ ਦਾ ਨਵਾਂ ਭੰਬਲਭੂਸਾ ਪੈਦਾ ਹੋ ਗਿਆ। ਕਹਿਣ ਨੂੰ ਤਾਂ ਸਿੱਖੀ ਵਿਚ ਸੰਗਰਾਂਦਾਂ ਆਦਿ ਦੀ ਕੋਈ ਥਾਂ ਨਹੀਂ ਪਰ ਨਾਨਕਸ਼ਾਹੀ ਕੈਲੰਡਰ ਵਿਚ ਵੀ ਸੰਗਰਾਂਦ, ਪੂਰਨਮਾਸ਼ੀ ਅਤੇ ਮੱਸਿਆ ਦੀਆਂ ਤਾਰੀਖਾਂ ਵੀ ਬਾਕਾਇਦਾ ਸ਼ਾਮਿਲ ਕੀਤੀਆਂ ਗਈਆਂ। ਤਾਰੀਖਾਂ ਪੱਕੀਆਂ ਕੀਤੇ ਜਾਣ ਕਾਰਨ ਇਹ ਜ਼ਰੂਰੀ ਨਹੀਂ ਹੈ ਕਿ ਜਿਨ੍ਹਾਂ ਦਿਨਾਂ (ਹਰ ਮਹੀਨੇ ਦੀ ਪਹਿਲੀ ਤਾਰੀਖ) ਨੂੰ ਸੰਗਰਾਂਦ ਕਿਹਾ ਗਿਆ ਹੈ, ਉਸ ਦਿਨ ਸੰਗਰਾਂਦ ਹੋਵੇ ਵੀ। ਸੂਰਜੀ ਚਾਲ ਵਾਲੀ ਸੰਗਰਾਂਦ ਨਾਨਕਸ਼ਾਹੀ ਕੈਲੰਡਰ ਦੀ ਸੰਗਰਾਂਦ ਨਾਲੋਂ ਵੱਖਰੀ ਵੀ ਹੋ ਸਕਦੀ ਹੈ।

***ਕੈਲੰਡਰ ਦੀ ਨਿਰਮੂਲ ਅਤੇ ਬੇਲੋੜੀ ਬਹਿਸ ਵਿਚ ਕੇਵਲ ਸਮਾਂ ਅਤੇ ਸ਼ਕਤੀ ਹੀ ਵਿਅਰਥ ਨਹੀਂ ਗਈ ਸਗੋਂ ਇਸ ਵਿਵਾਦ ਕਾਰਨ ਭਾਈਚਾਰੇ ਵਿਚ ਇੱਕ ਹੋਰ ਵੰਡ ਪੈਦਾ ਹੋ ਗਈ। ਖਰਾਬ ਰਹੇ ਹਾਲਾਤ ਦੌਰਾਨ ਜਦੋਂ ਬੰਦੂਕ ਨੇ ਅਕਲ ਅੱਗੇ ਲਾਈ ਹੋਈ ਸੀ, ਉਦੋਂ ਹੀ ਸਿੱਖ ਪੰਥ ਦੇ ਵਿਹੜੇ ਵਿਚ ਬੌਧਿਕ ਰੇਗਿਸਤਾਨ ਪਸਰਨਾ ਸ਼ੁਰੂ ਹੋ ਚੁਕਾ ਸੀ ਜੋ ਕਿ ਕੈਲੰਡਰ ਵਰਗੇ ਨਿਗੂਣੇ ਮੁੱਦਿਆਂ ਦੇ ਮੋਢੇ ਚੜ੍ਹ ਕੇ ਹੋਰ ਦੂਣ ਸਵਾਇਆ ਹੋ ਗਿਆ ਹੈ। ਇਸ ਸਮੇਂ ਨੂੰ ਕਿਸੇ ਚੰਗੀ ਭਵਿੱਖੀ ਨੀਤੀ ਦੀ ਘਾੜਤ ਲੇਖੇ ਲਾਇਆ ਜਾ ਸਕਦਾ ਸੀ।***

ਭਾਵੇਂ ਇਸ ਮਿਲਗੋਭਾ ਕੈਲੰਡਰ ਨੇ ਤਾਰੀਖਾਂ ਪੱਕੀਆਂ ਕਰਨ ਵਾਲਾ ਮਸਲਾ ਵੀ ਪੂਰੀ ਤਰ੍ਹਾਂ ਹੱਲ ਨਹੀਂ ਸੀ ਕੀਤਾ, ਫਿਰ ਵੀ ਕਈ ਸਿੱਖ ਹਲਕੇ ਇਸ ਕੈਲੰਡਰ ਨੂੰ ਵੱਖਰੀ ਸਿੱਖ ਹਸਤੀ ਦੇ ਪ੍ਰਤੀਕ ਵਜੋਂ ਦੇਖ ਕੇ ਖੁਸ਼ ਸਨ। ਇਸ ਕੈਲੰਡਰ ਰਾਹੀਂ ਉਹ ਗੁਰਬਾਣੀ ਅਤੇ ਮੌਸਮਾਂ ਦੇ ਤਾਲਮੇਲ ਵਿਚ ਪੈਦਾ ਹੋਣ ਵਾਲੇ ਸੰਭਾਵੀ ਵਿਗਾੜ ਦੇ ਤੌਖਲੇ ਦਾ ਮਸਲਾ ਹੱਲ ਹੋਇਆ ਸਮਝ ਕੇ ਇੱਕ ਸੁਖਦ ਅਹਿਸਾਸ ਮਹਿਸੂਸ ਕਰ ਰਹੇ ਸਨ। ਐਸੇ ਸੱਜਣ 14 ਮਾਰਚ (ਪਹਿਲੀ ਚੇਤ) ਨੂੰ ਸਿੱਖਾਂ ਦਾ ਨਵਾਂ ਸਾਲ ਉਤਸ਼ਾਹ ਨਾਲ ਮਨਾਉਣ ਦੀਆਂ ਅਪੀਲਾਂ ਕਰਦੇ ਸਨ। ਇਹ ਕਿਸੇ ਨੇ ਵੀ ਸਪੱਸ਼ਟ ਨਹੀਂ ਕੀਤਾ ਕਿ ਸਿੱਖਾਂ ਲਈ ਅਹਿਮੀਅਤ 14 ਮਾਰਚ ਦੀ ਹੈ ਜਾਂ ਪਹਿਲੀ ਚੇਤ ਦੀ! ਨਵੇਂ ਸਾਲ ਦਾ ਗੁਰੂ ਨਾਨਕ ਜਾਂ ਸਿੱਖ ਇਤਿਹਾਸ ਦੀ ਕਿਸੇ ਵੱਡੀ ਘਟਨਾ ਨਾਲ ਵੀ ਕੋਈ ਸਬੰਧ ਨਾ ਜੋੜਿਆ ਗਿਆ।

**ਗੁਰਬਾਣੀ ਅਤੇ ਰੁੱਤਾਂ ਦੇ ਜੋੜ ਵਿਚਲੇ ਵਿਗਾੜ ਦਾ ਤੌਖਲਾ:** ਸ. ਪਾਲ ਸਿੰਘ ਪੁਰੇਵਾਲ ਕੈਲੰਡਰ ਦੇ ਮਾਹਿਰ ਸਨ, ਜਿਨ੍ਹਾਂ ਦਾ ਮੁੱਖ ਕੰਮ ਬਿਕਰਮੀ ਕੈਲੰਡਰ ਦੀਆਂ ਤਾਰੀਖਾਂ ਮੁਤਾਬਕ ਈਸਵੀ ਕੈਲੰਡਰ ਦੀਆਂ ਤਾਰੀਖਾਂ ਲੱਭਣਾ ਹੋਣਾ ਚਾਹੀਦਾ ਸੀ ਪਰ ਉਨ੍ਹਾਂ ਇੱਕ ਨਵਾਂ ਤੌਖਲਾ ਪ੍ਰਚਲਿਤ ਕਰ ਦਿੱਤਾ ਕਿ ਜਿਸ ਤਰ੍ਹਾਂ ਬਿਕਰਮੀ ਕੈਲੰਡਰ ਦੀਆਂ ਤਾਰੀਖਾਂ ਬਦਲ ਰਹੀਆਂ ਹਨ, ਉਸ ਕਾਰਨ ਕੋਈ 13 ਹਜ਼ਾਰ ਸਾਲਾਂ ਬਾਅਦ ਪੋਹ ਦਾ ਮਹੀਨਾ ਗਰਮੀਆਂ ਵਿਚ ਅਤੇ ਹਾੜ੍ਹ ਦਾ ਮਹੀਨਾ ਸਰਦੀਆਂ ਵਿਚ ਆਉਣ ਲੱਗ ਪਏਗਾ ਜਿਸ ਕਾਰਨ ਗੁਰਬਾਣੀ ਵਿਚ ਰੁੱਤਾਂ ਦੇ ਆਏ ਜ਼ਿਕਰ ਗਲਤ ਹੋ ਜਾਣਗੇ। ਗੁਰਬਾਣੀ ਤਾਂ ਪੋਹ ਦੇ ਠੰਢੇ ਅਤੇ ਹਾੜ੍ਹ ਮਹੀਨੇ ਦੇ ਤਪਣ ਦੀ ਗੱਲ ਕਰੇਗੀ ਪਰ ਅਸਲ ਵਿਚ ਪੋਹ ਗਰਮ ਹੋਏਗਾ ਅਤੇ ਹਾੜ੍ਹ ਠੰਢਾ। ਇਸ ਲਈ ਗੁਰਬਾਣੀ ਦਾ ਰੁੱਤਾਂ ਨਾਲ ਤਾਲਮੇਲ ਬਣਾਈ ਰੱਖਣ ਲਈ ਬਾਰਾਂ ਮਾਹਾ ਅੰਦਰ ਆਏ ਮਹੀਨਿਆਂ ਦੀ ਲੰਬਾਈ ਨਿਯਤ ਕਰਕੇ ਇੱਕ ਨਵਾਂ ਕੈਲੰਡਰ ਘੜਨਾ ਪਏਗਾ (ਕੌਣ ਕਹਿੰਦਾ ਸਿੱਖ ਦੂਰ ਅੰਦੇਸ਼ ਨਹੀਂ ਹਨ!)।

ਸ. ਪੁਰੇਵਾਲ ਦੇ ਇਸ ਤੌਖਲੇ ਕਾਰਨ ਬਹੁਤੇ ਸਿੱਖ ਧੁਰ ਅੰਦਰ ਤੱਕ ਹਿੱਲ ਗਏ, ਜਿਨ੍ਹਾਂ ਵਿਚ ਡਾ. ਦਰਸ਼ਨ ਸਿੰਘ ਚੰਡੀਗੜ੍ਹ ਅਤੇ ਡਾ. ਬਲਵੰਤ ਸਿੰਘ ਢਿੱਲੋਂ ਵਰਗੇ ਯੂਨੀਵਰਸਿਟੀਆਂ ਦੇ ਪ੍ਰੋਫੈਸਰ ਸਿੱਖ ਵਿਦਵਾਨ ਵੀ ਸ਼ਾਮਿਲ ਸਨ। ਹੁਣ ਸਭ ਨੂੰ ਤਾਰੀਖਾਂ ਪੱਕੀਆਂ ਕਰਨ ਵਾਲੀ ਸਮੱਸਿਆ ਤਾਂ ਭੁੱਲ ਗਈ ਪਰ ਗੁਰਬਾਣੀ ਦੇ ਝੂਠੇ ਪੈ ਜਾਣ ਦਾ ਡਰ ਸਤਾਉਣ ਲੱਗ ਪਿਆ। ਇਸ ਡਰ ਦੀ ਤੀਬਰਤਾ ਅਜੇ ਤੱਕ ਘਟੀ ਨਹੀਂ। ਕੁਝ ਸਾਲ ਪਹਿਲਾਂ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਵੀ ਇਸੇ ਡਰ ਦੇ ਪ੍ਰਭਾਵ ਹੇਠ ਕਹਿ ਰਹੇ ਸਨ ਕਿ ਜੇ ਨਾਨਕਸ਼ਾਹੀ ਕੈਲੰਡਰ ਲਾਗੂ ਨਹੀਂ ਕਰਦੇ ਤਾਂ ਗੁਰਬਾਣੀ ਝੂਠੀ ਹੋ ਜਾਏਗੀ ਅਤੇ ਜੇ ਗੁਰਬਾਣੀ ਝੂਠੀ ਹੋ ਗਈ ਤਾਂ ਸਾਡੇ ਪੱਲੇ ਕੀ ਰਹਿ ਗਿਆ! ਆਪਣੀ ਜਾਚੇ ਜਥੇਦਾਰ ਨੰਦਗੜ ਅਤੇ ਦੂਸਰੇ ਕੈਲੰਡਰ ਹਮਾਇਤੀ ਗੁਰਬਾਣੀ ਨੂੰ ਝੂਠੀ ਪੈਣ ਤੋਂ ਬਚਾਉਣ ਦੇ ਯਤਨ ਕਰ ਰਹੇ ਸਨ (ਹਨ)। ਜੇ ਇਹ ਗੱਲ ਹੈ, ਫਿਰ ਤਾਂ ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿਚ ਗੁਰਬਾਣੀ ਝੂਠੀ ਪੈ ਹੀ ਚੁਕੀ ਹੈ, ਕਿਉਂਕਿ ਉਥੇ ਨਾ ਤਾਂ ਪੋਹ ਮਹੀਨੇ ਠੰਢ ਪੈਂਦੀ ਹੈ ਅਤੇ ਨਾ ਹੀ ਹਾੜ੍ਹ ਮਹੀਨੇ ਗਰਮੀ। ਇਸੇ ਤਰ੍ਹਾਂ ਦੱਖਣੀ ਭਾਰਤ ਵਿਚ ਪੋਹ ਠੰਢਾ ਨਹੀਂ ਹੁੰਦਾ ਅਤੇ ਹਿਮਾਚਲ ਵਿਚ ਹਾੜ੍ਹ ਨਹੀਂ ਤਪਦਾ।

ਇਸੇ ਤਰ੍ਹਾਂ ਕੱਤੇ ਨੂੰ ਬੀਜਾਈਆਂ ਅਤੇ ਵੈਸਾਖ ਨੂੰ ਵਾਢੀਆਂ ਦੀ ਦਲੀਲ ਦਿੱਤੀ ਜਾਂਦੀ ਹੈ। ਇਹ ਵੀ ਠੀਕ ਨਹੀਂ, ਕਿਉਂਕਿ ਕੈਨੇਡਾ ਵਿਚ ਬੀਜਾਈਆਂ ਵੈਸਾਖ-ਜੇਠ ਅਤੇ ਵਾਢੀਆਂ ਅੱਸੂ-ਕੱਤੇ ਵਿਚ ਹੁੰਦੀਆਂ ਹਨ। ਇਸ ਲਈ ਕੈਨੇਡਾ ਦੇ ਇਲਾਕੇ ਵਿਚ ਵੀ ਗੁਰਬਾਣੀ ਝੂਠੀ ਪੈ ਜਾਂਦੀ ਹੈ? ਹੁਣ ਇੱਥੇ ਕਿਹੜਾ ਕੈਲੰਡਰ ਵਰਤਿਆ ਜਾਏ? ਕੀ ਗੁਰਬਾਣੀ ਇੱਕ ਖਾਸ ਇਲਾਕੇ ਲਈ ਹੈ? ਅਸਲ ਵਿਚ ਇਹ ਨਿਰਮੂਲ ਤੌਖਲਾ ਗੁਰਬਾਣੀ ਨੂੰ ਆਪਣੀ ਸੀਮਿਤ ਸਮਝ ਦੇ ਮੇਚ ਦਾ ਬਣਾਉਣ ਕਾਰਨ ਪੈਦਾ ਹੋਇਆ, ਜਿਸ ਦਾ ਮੂਲ ਕਾਰਨ ਕੈਲੰਡਰ ਦੇ ਮਾਹਿਰ ਨੂੰ ਗੁਰਬਾਣੀ ਦਾ ਵੀ ਮਾਹਿਰ ਮੰਨ ਲਏ ਜਾਣ ਦੀ ਕੀਤੀ ਗਈ ਉਕਾਈ ਸੀ। ਇਹ ਜ਼ਰੂਰੀ ਨਹੀਂ ਕਿ ਹਸਪਤਾਲ ਦੀ ਵਧੀਆ ਇਮਾਰਤ ਬਣਾਉਣ ਵਾਲਾ ਇਮਾਰਤਸਾਜ਼ ਮਾਹਿਰ ਡਾਕਟਰ ਵੀ ਹੋਏ। ਸ. ਪੁਰੇਵਾਲ ਕੈਲੰਡਰ ਦੇ ਗਿਆਤਾ ਸਨ ਨਾ ਕਿ ਗੁਰਮਤਿ ਦੇ। ਸੋ, ਗੁਰਬਾਣੀ ਨੂੰ ਰੁੱਤਾਂ ਅਨਸਾਰ ਠੀਕ ਰੱਖਣ ਦੇ ਗਲਤ ਨੁਕਤੇ ਨੇ ਨਵਾਂ ਕੈਲੰਡਰ ਘੜਨ ਦੀ ਲੋੜ ਪੈਦਾ ਕਰ ਦਿੱਤੀ, ਜਿਸ ਦੀ ਕੋਈ ਜ਼ਰੂਰਤ ਹੈ ਹੀ ਨਹੀਂ ਸੀ ਕਿਉਂਕਿ ਗੁਰਬਾਣੀ ਦਾ ਸੱਚ ਸਰਵ ਵਿਆਪੀ ਹੈ, ਇਸ ਨੂੰ ਇੱਕ ਖਿੱਤੇ ਤੱਕ ਸੀਮਿਤ ਕਰਕੇ ਦੇਖਣਾ ਜਾਂ ਸਮਝਣਾ ਨਾਦਾਨੀ ਹੈ। ਪਰ ਸ. ਪੁਰੇਵਾਲ ਵੱਲੋਂ ਇਸ ਤੌਖਲੇ ਨੂੰ ਲੋੜੋਂ ਵੱਧ ਤੂਲ ਦਿੱਤੇ ਜਾਣ ਕਾਰਨ ਚੰਗੇ-ਭਲੇ ਬੁੱਧੀਜੀਵੀ ਵੀ ਇਸ ਡਰ ਦੇ ਸ਼ਿਕਾਰ ਹੋ ਗਏ ਅਤੇ ਅਜੇ ਵੀ ਇਸ ਭੈਅ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੋ ਰਹੇ।

**ਸਿੱਖਾਂ ਦੀ ਵੱਖਰੀ ਪਛਾਣ ਅਤੇ ਕੈਲੰਡਰ:** ਸਿੱਖਾਂ ਦਾ ਇੱਕ ਵਰਗ ਇਸ ਕੈਲੰਡਰ ਨੂੰ ਸਿੱਖਾਂ ਦੀ ਵੱਖਰੀ ਪਛਾਣ ਦਾ ਪ੍ਰਤੀਕ ਸਮਝ ਕੇ ਇਸ ਨੂੰ 'ਹਮ ਹਿੰਦੂ ਨਹੀਂ' ਦਾ ਆਖਰੀ ਐਲਾਨ ਜਾਣਦਾ ਹੈ। ਉਨ੍ਹਾਂ ਵਾਸਤੇ ਤਾਰੀਖਾਂ ਦੇ ਝਮੇਲੇ ਤੋਂ ਮੁਕਤ ਹੋਣਾ ਐਨਾ ਅਹਿਮ ਨਹੀਂ, ਜਿੰਨਾ ਸਿੱਖਾਂ ਦਾ ਹਿੰਦੂਆਂ ਨਾਲੋਂ ਨਾੜੂਆ ਕੱਟੇ ਜਾਣ ਦੇ ਯਤਨ ਕਰਨਾ। ਉਨ੍ਹਾਂ ਲਈ ਇਹ ਜ਼ਰੂਰੀ ਨਹੀਂ ਕਿ ਕੈਲੰਡਰ ਵਿਚ ਕੀ ਹੋਏ, ਉਹ ਸਿਰਫ ਵੱਖਰਾ ਕੈਲੰਡਰ ਚਾਹੁੰਦੇ ਹਨ, ਭਾਵੇਂ ਇਹ ਕੇਵਲ ਕਹਿਣ ਨੂੰ ਹੀ ਹੋਏ। ਜਿਵੇਂ ਹਿੰਦੂ ਮੈਰਿਜ ਐਕਟ ਦੇ ਤੱਤ ਨਾਲ ਬਹੁਤਾ ਲੈਣ-ਦੇਣ ਨਹੀਂ ਪਰ ਨਾਂ ਨਾਲ ਖਿਝ ਹੈ। ਇਸ ਲਈ ਵੱਖਰਾ ਅਨੰਦ ਮੈਰਿਜ ਐਕਟ ਹੋਣਾ ਚਾਹੀਦਾ ਹੈ, ਜਿਸ ਦਾ ਪੂਰਾ ਤੱਤ ਭਾਵੇਂ ਹਿੰਦੂ ਐਕਟ ਵਾਲਾ ਹੀ ਕਿਉਂ ਨਾ ਹੋਏ।

ਇਸ ਸੋਚ ਵਾਲੇ ਸਿੱਖਾਂ ਵਾਸਤੇ ਕੈਲੰਡਰ ਤਾਰੀਖਾਂ ਦਾ ਸਾਧਨ ਘੱਟ ਪਰ ਵੱਖਰੀ ਪਛਾਣ ਦਾ ਸੁਖਦ ਅਹਿਸਾਸ ਕਰਾਉਣ ਦਾ ਸਾਧਨ ਵੱਧ ਹੈ। ਪਰ ਕੋਈ ਵੀ ਇਹ ਨਹੀਂ ਸੋਚਦਾ ਕਿ ਵੱਖਰੀ ਪਛਾਣ ਬਣਾਉਣ ਲਈ ਵੱਖਰੇ ਕੈਲੰਡਰ ਦੀ ਥਾਂ ਕੁਝ ਦਿਨ ਵੱਖਰੇ ਮਨਾਉਣ ਦਾ ਹੀਆ ਵੀ ਕਰਨਾ ਪਏਗਾ। ਮਿਸਾਲ ਵਜੋਂ, ਘੱਟੋ ਘੱਟ ਦਰਬਾਰ ਸਾਹਿਬ ਅੰਦਰ ਦੀਵਾਲੀ ਮਨਾਉਣੀ ਬੰਦ ਕਰਨੀ ਪਏਗੀ, ਗੁਰੂ ਨਾਨਕ ਪ੍ਰਕਾਸ਼ ਪੁਰਬ ਪੂਰਨਮਾਸ਼ੀ ਨਾਲੋਂ ਤੋੜਨਾ ਪਏਗਾ, ਹੋਲੇ ਮਹੱਲੇ ਦਾ ਦਿਨ ਨਿਯਤ ਕਰਨਾ ਪਏਗਾ, ਸੰਗਰਾਂਦਾਂ ਅਤੇ ਪੂਰਨਮਾਸ਼ੀਆਂ ਛੱਡਣੀਆਂ ਪੈਣਗੀਆਂ ਅਤੇ ਖਾਲਸੇ ਦਾ ਸਾਜਨਾ ਦਿਵਸ ਵੈਸਾਖੀ ਨਾਲੋਂ ਤੋੜਨ ਦਾ ਜੇਰਾ ਕਰਨਾ ਪਵੇਗਾ। ਐਸਾ ਨਾ ਕਰਨ ਦੀ ਸੂਰਤ ਵਿਚ ਕੰਧ 'ਤੇ ਟੰਗਿਆ ਕੋਈ ਵੀ ਕੈਲੰਡਰ ਵੱਖਰੀ ਪਛਾਣ ਦਾ ਪ੍ਰਤੀਕ ਨਹੀਂ ਹੋ ਸਕਦਾ ਕਿਉਂਕਿ ਪਛਾਣ ਅਮਲਾਂ ਨਾਲ ਬਣਦੀ ਹੈ, ਨਾ ਕਿ ਕੈਲੰਡਰਾਂ ਨਾਲ! ਉਂਜ ਵੀ ਮਿਲਗੋਭਾ ਕਿਸਮ ਦਾ ਕੈਲੰਡਰ ਵੱਖਰੀ ਪਛਾਣ ਕਾਇਮ ਕਰਨ ਦੀ ਸਮਰੱਥਾ ਨਹੀਂ ਰੱਖਦਾ। ਜਿਸ ਕੈਲੰਡਰ ਵਿਚ 3 ਦਿਨ ਪੱਕੇ ਨਾ ਕੀਤੇ ਹੋਣ, ਉਸ ਕਾਰਨ ਵੱਖਰੇ ਬਖੇੜੇ ਤਾਂ ਖੜ੍ਹੇ ਹੋ ਸਕਦੇ ਹਨ ਪਰ ਵੱਖਰੀ ਪਛਾਣ ਪੈਦਾ ਨਹੀਂ ਹੋ ਸਕਦੀ।

**ਕੀ ਵੱਖਰੇ ਕੈਲੰਡਰ ਦੀ ਲੋੜ ਹੈ ਵੀ?:** ਕੈਲੰਡਰ ਦੁਨਿਆਵੀ ਕਾਰਜਾਂ ਨੂੰ ਨਿਰਵਿਘਨ ਨੇਪਰੇ ਚਾੜ੍ਹਨ ਲਈ ਤਾਰੀਖਾਂ ਦੀ ਜਾਣਕਾਰੀ ਦਾ ਸਾਧਨ ਹਨ। ਸਿੱਖਾਂ ਦੇ ਸਭ ਕਾਰਜ ਪ੍ਰਚਲਿਤ ਈਸਵੀ ਕੈਲੰਡਰ ਦੀ ਵਰਤੋਂ ਨਾਲ ਰਾਸ ਆ ਸਕਦੇ ਹਨ। ਇਸ ਲਈ ਨਵੇਂ ਕੈਲੰਡਰ ਦੀ ਘਾੜਤ ਘੜਨ ਦੀ ਜ਼ਰੂਰਤ ਹੀ ਨਹੀਂ ਸੀ। ਇੰਜ ਲਗਦਾ ਹੈ ਜਿਵੇਂ ਸ. ਪੁਰੇਵਾਲ ਨੇ ਰੁੱਤਾਂ ਅਤੇ ਗੁਰਬਾਣੀ ਦਾ ਤਾਲਮੇਲ ਵਿਗੜ ਜਾਣ ਦਾ ਖੌਫ ਖੜ੍ਹਾ ਕਰਕੇ ਨਵਾਂ ਕੈਲੰਡਰ ਘੜਨ ਦੀ ਲੋੜ ਮਹਿਸੂਸ ਕਰਵਾ ਕੇ ਗੰਜਿਆਂ ਨੂੰ ਕੰਘੀਆਂ ਵੇਚਣ ਵਾਲੀ ਗੱਲ ਕੀਤੀ ਹੋਏ। ਵੱਖਰੀ ਪਛਾਣ ਵਾਲਾ ਮਸਲਾ ਵੀ ਨਵੇਂ ਕੈਲੰਡਰ ਦੇ ਖਲਜਗਣ ਵਿਚ ਪਏ ਬਿਨਾ ਸਹਿਜੇ ਹੀ ਹੱਲ ਕੀਤਾ ਜਾ ਸਕਦਾ ਹੈ। ਜੇ ਸਾਰਾ ਜ਼ੋਰ ਲਾ ਕੇ ਕੈਲੰਡਰ ਬਣਾ ਵੀ ਲਿਆ ਜਾਂਦਾ ਹੈ ਤਾਂ ਇਸ ਦੀ ਰੋਜ਼ਾਨਾ ਜ਼ਿੰਦਗੀ 'ਚ ਤਾਂ ਵਰਤੋਂ ਫਿਰ ਵੀ ਨਹੀਂ ਹੋ ਸਕੇਗੀ। ਅਸੀਂ ਸਾਰੇ ਕਾਰ ਵਿਹਾਰ ਤਾਂ ਈਸਵੀ ਕੈਲੰਡਰ ਮੁਤਾਬਕ ਹੀ ਕਰਦੇ ਹਾਂ ਅਤੇ ਕਰਦੇ ਰਹਾਂਗੇ।

**ਕੈਲੰਡਰ ਵਿਵਾਦ ਦੇ ਦੁਰਪ੍ਰਭਾਵ:** ਕੈਲੰਡਰ ਦੀ ਨਿਰਮੂਲ ਅਤੇ ਬੇਲੋੜੀ ਬਹਿਸ ਵਿਚ ਕੇਵਲ ਸਮਾਂ ਅਤੇ ਸ਼ਕਤੀ ਹੀ ਵਿਅਰਥ ਨਹੀਂ ਗਈ ਸਗੋਂ ਇਸ ਵਿਵਾਦ ਕਾਰਨ ਭਾਈਚਾਰੇ ਵਿਚ ਇੱਕ ਹੋਰ ਵੰਡ ਪੈਦਾ ਹੋ ਗਈ। ਖਰਾਬ ਰਹੇ ਹਾਲਾਤ ਦੌਰਾਨ ਜਦੋਂ ਬੰਦੂਕ ਨੇ ਅਕਲ ਅੱਗੇ ਲਾਈ ਹੋਈ ਸੀ, ਉਦੋਂ ਹੀ ਸਿੱਖ ਪੰਥ ਦੇ ਵਿਹੜੇ ਵਿਚ ਬੌਧਿਕ ਰੇਗਿਸਤਾਨ ਪਸਰਨਾ ਸ਼ੁਰੂ ਹੋ ਚੁਕਾ ਸੀ ਜੋ ਕਿ ਕੈਲੰਡਰ ਵਰਗੇ ਨਿਗੂਣੇ ਮੁੱਦਿਆਂ ਦੇ ਮੋਢੇ ਚੜ੍ਹ ਕੇ ਹੋਰ ਦੂਣ ਸਵਾਇਆ ਹੋ ਗਿਆ ਹੈ। ਇਸ ਸਮੇਂ ਨੂੰ ਕਿਸੇ ਚੰਗੀ ਭਵਿੱਖੀ ਨੀਤੀ ਦੀ ਘਾੜਤ ਲੇਖੇ ਲਾਇਆ ਜਾ ਸਕਦਾ ਸੀ।

**ਹੱਲ ਕੀ ਹੈ:** ਕੈਲੰਡਰ ਨਾਲ ਕੋਈ ਵੱਡੀ ਸਮੱਸਿਆ ਜੁੜੀ ਹੋਈ ਨਹੀਂ ਸੀ। ਬੁਨਿਆਦੀ ਤਕਲੀਫ ਤਾਰੀਖਾਂ ਦਾ ਬਦਲਦੇ ਰਹਿਣ ਕਾਰਨ ਆ ਰਹੀਆਂ ਮਾਮੂਲੀ ਦਿੱਕਤਾਂ ਸਨ, ਜਿਨ੍ਹਾਂ ਦੇ ਹੱਲ ਲਈ ਹਰ ਸਾਲ ਮਨਾਏ ਜਾਣ ਵਾਲੇ 10-12 ਅਹਿਮ ਦਿਨਾਂ ਦੀਆਂ ਤਾਰੀਖਾਂ ਪੱਕੀਆਂ ਕਰ ਲਈਆਂ ਜਾਣੀਆਂ ਚਾਹੀਦੀਆਂ ਸਨ ਅਤੇ ਬਾਕੀ ਸਭ ਕੁਝ ਸਥਾਨਕ ਲੋਕਾਂ ਨੂੰ ਆਪੋ ਆਪਣੀ ਸਹੂਲਤ ਮੁਤਾਬਕ ਕਰ ਲੈਣ ਲਈ ਕਹਿ ਦੇਣਾ ਚਾਹੀਦਾ ਸੀ। ਜਿਵੇਂ ਕਿ ਗੁਰੂਆਂ ਦੇ ਪੁਰਬ ਤਾਂ ਸਾਰੇ ਸੰਸਾਰ ਵਿਚ ਮਨਾਏ ਜਾਂਦੇ ਹਨ, ਇਸ ਲਈ ਇਹ ਤਾਰੀਖਾਂ ਪੱਕੀਆਂ ਹੋ ਜਾਣ ਨਾਲ ਸਭ ਨੂੰ ਸੌਖਾ ਹੋ ਜਾਏਗਾ। ਪਰ ਬਾਬੇ ਬੁੱਢੇ ਦਾ ਜਨਮ ਦਿਨ ਤਾਂ ਸਾਰੇ ਸੰਸਾਰ ਵਿਚ ਨਹੀਂ ਮਨਾਇਆ ਜਾਂਦਾ, ਇਸ ਲਈ ਐਸੇ ਦਿਨਾਂ ਦੀ ਤਾਰੀਖਾਂ ਪੱਕੀਆਂ ਕਰਨ 'ਤੇ ਜ਼ੋਰ ਲਾਉਣ ਨਾਲੋਂ ਸਥਾਨਕ ਲੋਕਾਂ ਉਪਰ ਛੱਡ ਦੇਣਾ ਯੋਗ ਹੋਏਗਾ।

ਗੁਰਬਾਣੀ ਦਾ ਰੁੱਤਾਂ ਨਾਲ ਤਾਲਮੇਲ ਬਿਠਾਉਣ ਲਈ ਕੈਲੰਡਰ ਬਣਾਉਣ ਵਾਲਾ ਫੁਰਨਾ ਗੈਰ-ਸਿਧਾਂਤਕ ਹੋਣ ਕਾਰਨ ਛੱਡ ਦੇਣਾ ਵਾਜਿਬ ਹੋਏਗਾ। ਜਿਨ੍ਹਾਂ ਵੱਖਰੀ ਪਛਾਣ ਦੇ ਯਤਨ ਕਰਨੇ ਹਨ, ਉਨ੍ਹਾਂ ਲਈ ਵੱਖਰਾ ਕੈਲੰਡਰ ਯੋਗ ਰਾਹ ਸਾਬਿਤ ਨਹੀਂ ਹੋਇਆ, ਉਨ੍ਹਾਂ ਨੂੰ ਵੱਖਰੀ ਪਛਾਣ ਲਈ ਵੱਡੇ ਯਤਨ ਕਰਨੇ ਪੈਣਗੇ। ਜਿਨ੍ਹਾਂ ਵਿਚ ਲੋਕਾਂ ਨੂੰ ਵੱਡੀਆਂ ਤਬਦੀਲੀਆਂ ਜਿਵੇਂ ਦੀਵਾਲੀ, ਪੂਰਨਮਾਸ਼ੀ, ਮੱਸਿਆ, ਸੰਗਰਾਂਦ ਆਦਿ ਤੋਂ ਮੁਕਤ ਹੋਣ, ਗੁਰੂ ਨਾਨਕ ਪ੍ਰਕਾਸ਼ ਪੁਰਬ ਪੁਰਨਮਾਸ਼ੀ ਨਾਲੋਂ ਅਲੱਗ ਕਰਨ, ਖਾਲਸੇ ਦਾ ਸਾਜਨਾ ਦਿਵਸ ਵੈਸਾਖੀ ਨਾਲੋਂ ਅਲੱਗ ਕਰਨ, ਹੋਲੇ ਮਹੱਲੇ ਦਾ ਦਿਨ ਮੁਕੱਰਰ ਕਰਨ ਅਤੇ ਘੱਟੋ ਘੱਟ ਦਰਬਾਰ ਸਾਹਿਬ ਅੰਦਰ ਦੀਵਾਲੀ ਆਦਿ ਮਨਾਉਣਾ ਬੰਦ ਕਰਨ ਵਾਸਤੇ ਤਿਆਰ ਕਰਨਾ ਹੋਏਗਾ। ਕਿਉਂਕਿ ਵੱਖਰੀ ਪਛਾਣ ਵੱਖਰੇ ਕਰਮ ਕਰਨ ਨਾਲ ਬਣਦੀ ਹੈ, ਨਾ ਕਿ ਕੰਧ 'ਤੇ ਟੰਗੇ ਕਿਸੇ ਕੈਲੰਡਰ ਨਾਲ।

# ਧੁੱਖਦੇ ਸਿਵੇ ਦਾ ਧੂੰਆਂ

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਮੌਤ ਦੇ ਅਟੱਲ ਹੋਣ ਦੀ ਗਾਥਾ ਬਿਆਨਦਿਆਂ ਕਿਹਾ ਹੈ ਕਿ ਮੌਤ ਦੀ ਦਸਤਕ, ਜਦ ਗੈਰ-ਕੁਦਰਤੀ ਵਰਤਾਰਿਆਂ ਦਾ ਸੇਕ ਬਣ ਜਾਵੇ ਤਾਂ ਵਸਦੇ-ਰਸਦੇ ਘਰਾਂ ਵਿਚ ਵਿਰਲਾਪ ਦੀ ਸਫ ਵਿਛਾਉਂਦੀ, ਕਿਸੇ ਦੇ ਸੁੱਚੇ ਚਾਅਵਾਂ 'ਚ ਧੁੱਖਦਾ ਗੋੜਾ ਟਿਕਾਉਂਦੀ ਅਤੇ ਕਿਸੇ ਦੇ ਭਾਵਾਂ ਨੂੰ ਹਟਕੋਰਿਆਂ ਦਾ ਜਾਗ ਲਾਉਂਦੀ ਮੌਤ ਇਕ ਦਰਿੰਦਗੀ ਭਰਿਆ ਉਲਾਂਭਾ ਬਣ ਜਾਂਦੀ ਏ। ਉਹ ਨਸੀਹਤ ਕਰਦੇ ਹਨ, ਮੌਤ ਨੂੰ ਕਦੇ ਵੀ ਆਪਣੀ ਮਾਨਸਿਕ ਅਤੇ ਸਰੀਰਕ ਤੰਦਰੁਸਤੀ 'ਤੇ ਹਾਵੀ ਨਾ ਹੋਣ ਦਿਉ ਕਿਉਂਕਿ ਗੁਰਬਾਣੀ ਦਾ ਫੁਰਮਾਨ ਹੈ, 'ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥' -ਸੰਪਾਦਕ***

ਦਿਨ ਢਲ ਰਿਹਾ ਏ। ਸ਼ਾਮ ਦੇ ਉਤਰਨ ਦੀ ਤਿਆਰੀ। ਪਰਿੰਦਿਆਂ ਦੀ ਆਲ੍ਹਣਿਆਂ ਵੰਨੀਂ ਉਡਾਰੀ। ਹਰ ਮਨੁੱਖ ਨੂੰ ਆਪਣੇ ਘਰ ਪਹੁੰਚਣ ਦੀ ਕਾਹਲ। ਕੰਮ ਤੋਂ ਘਰ ਪਰਤ ਰਿਹਾ ਸ਼ਖਸ। ਫੋਨ ਵਜਦਾ ਏ। ਇਕ ਉਦਾਸ ਆਵਾਜ਼, ਵਰਤੇ ਭਾਣੇ ਦਾ ਸਿੱਕਾ ਕੰਨਾਂ ਵਿਚ ਢਾਲ ਮਾਤਮੀ ਚੁੱਪ ਵਿਚ ਗੁੰਮ ਜਾਂਦੀ ਏ। ਚਾਕੂਆਂ ਦੇ ਜਖਮਾਂ ਦੀ ਤਾਬ ਨਾ ਝੱਲਦਿਆਂ ਮੀਆਂ-ਬੀਵੀ ਦਾ ਇਕੱਠਿਆਂ ਮਰ ਜਾਣਾ। ਇੱਕੋ ਵਕਤ ਦੋ ਕਤਲ। ਧੀਆਂ-ਪੁੱਤਰ ਲਈ ਅਣਕਿਆਸਿਆ ਸਦਮਾ। ਭੈਣਾਂ-ਭਰਾਵਾਂ ਲਈ ਇਕ ਡੂੰਘਾ ਖਲਾਅ। ਮਿੱਤਰਾਂ-ਸਨੇਹੀਆਂ ਲਈ ਸਦੀਵੀ ਘਾਟ। ਨਿਹਾਇਤ ਸ਼ਰੀਫ ਜੋੜੀ, ਗੈਰ-ਕੁਦਰਤੀ ਮੌਤ ਦਾ ਸ਼ਿਕਾਰ। ਜਾਣਕਾਰਾਂ ਲਈ ਵਕਤ ਦਾ ਕਹਿਰ।

ਜਦ ਕੋਈ ਆਪਣਾ ਇਸ ਤਰ੍ਹਾਂ ਆਪਣਿਆਂ ਤੋਂ ਦੂਰ ਤੁਰ ਜਾਂਦਾ ਏ ਤਾਂ ਉਮਰਾਂ ਦੀ ਸਾਂਝ ਪਲਾਂ ਵਿਚ ਟੁੱਟ ਜਾਂਦੀ ਏ, ਮੋਹ ਦੀਆਂ ਤੰਦਾਂ ਵਿਚ ਹੰਝੂ ਉਗਦੇ ਨੇ, ਆਪਣਿਆਂ ਦੇ ਰਾਹਾਂ 'ਚ ਵਿਛਾਏ ਜਾਣ ਵਾਲੇ ਦੀਦਿਆਂ 'ਚ ਸੋਗ ਦਾ ਤਸੱਵਰ ਤਰਦਾ ਏ ਅਤੇ ਹਉਕਾ ਹਉਕਾ ਹੋ ਕੇ ਜੀਣਾ ਜੀਵਨ ਦਾ ਧੂੰਆਂਖਿਆ ਹਾਸਲ ਬਣ ਜਾਂਦਾ ਏ।

ਬੜਾ ਔਖਾ ਹੁੰਦਾ ਏ ਸਾਹਾਂ ਤੋਂ ਪਿਆਰੇ ਨੂੰ ਕੰਧ 'ਤੇ ਲਟਕਦੀ ਉਦਾਸ ਜਿਹੀ ਤਸਵੀਰ 'ਚੋਂ ਨਿਹਾਰਨਾ। ਉਸ ਦੀਆਂ ਯਾਦਾਂ ਦੇ ਚਿਤਰਪੱਟ ਨੂੰ ਅੱਖੀਆਂ ਦੇ ਪਰਦੇ 'ਤੇ ਉਤਾਰਨਾ। ਉਸ ਨਾਲ ਜੁੜੀਆਂ ਸਾਂਝਾਂ ਨੂੰ ਮਸਤਕ ਦੀ ਬੀਹੀ 'ਚ ਵਿਸਥਾਰਨਾ। ਉਸ ਦੇ ਨਿੱਕੇ-ਨਿੱਕੇ ਹਾਸਿਆਂ ਤੇ ਨਿਰਮੋਹੇ ਜਿਹੇ ਰੋਸਿਆਂ ਨੂੰ ਬੀਤੇ ਵਕਤਾਂ ਦੀ ਵਹੀ 'ਤੇ ਖਿਲਾਰਨਾ ਅਤੇ ਉਸ ਦੇ ਮੁਹਾਂਦਰੇ 'ਚੋਂ ਆਪਣੇ ਨਕਸ਼ਾਂ ਨੂੰ ਪਛਾਣਨਾ।

ਬਹੁਤ ਕਠਿਨ ਹੁੰਦਾ ਏ ਸਾਹਾਂ ਦੇ ਸੰਦਲੀ ਸਰਵਰ 'ਚ ਹਉਕਿਆਂ ਨੂੰ ਹੰਘਾਲਣਾ, ਮਿੰਨੇ ਮਿੰਨੇ ਬੋਲਾਂ ਦੀ ਕੁੱਖ 'ਚੋਂ ਹਰਖ-ਸੋਗ ਨੂੰ ਨਿਤਾਰਨਾ, ਹਰ ਹਰਫ ਦੇ ਅਰਥਾਂ 'ਚੋਂ ਸੋਗ ਨੂੰ ਲਿਸ਼ਕਾਰਨਾ ਅਤੇ ਆਪਣੇ ਆਪੇ ਕੋਲੋਂ ਆਪ ਹੀ ਹਾਰਨਾ।

ਮੌਤ, ਮੌਤ ਹੀ ਹੁੰਦੀ ਏ-ਇਕ ਕੌੜਾ ਸੱਚ, ਅੰਤਿਮ ਸੱਚਾਈ। ਉਮਰ ਦੀ ਟੁੱਟੀ ਹੋਈ ਤੰਦ। ਚਾਰੇ ਪਾਸੇ ਪਸਰਦਾ ਹਨੇਰਾ। ਚਾਨਣ ਦੀ ਖੁਦਕੁਸ਼ੀ। ਇਕ ਧੜਕਦੇ ਜੀਵ ਤੋਂ ਸਦੀਵੀ ਖਾਮੋਸ਼ੀ ਤਕ ਦਾ ਸਫਰ। ਸੁਪਨਿਆਂ ਦਾ ਆਖਰੀ ਪੜਾਅ। ਟੁੱਟੀ ਪੀਂਘ। ਅੱਧ ਅੰਬਰੀਂ ਲਟਕਦਾ ਰਹਿ ਗਿਆ ਹੁਲਾਰਾ। ਖਾਹਿਸ਼ਾਂ ਦੇ ਖੇਤ 'ਤੇ ਗੜੇਮਾਰੀ। ਆਸਾਂ ਦੇ ਬੂਰ ਦਾ ਧਰਤ 'ਤੇ ਕਿਰ ਜਾਣਾ। ਅੰਬਰ ਉਡਦੇ ਪਰਿੰਦੇ ਦੇ ਮਸਤਕ ਵਿਚ ਧਰਤੀ ਦਾ ਨਸੀਬ। ਲੰਮੇ-ਚੌੜੇ ਦਾਈਏ ਕਰਨ ਵਾਲੇ ਲਈ ਸਿਰਫ ਢਾਈ ਹੱਥ ਥਾਂ। ਧਰਤ ਦੀ ਆਖਰੀ ਪਨਾਹ ਅਤੇ ਮਿੱਟੀ 'ਚੋਂ ਉਗ ਕੇ ਮਿੱਟੀ 'ਚ ਮਿੱਟੀ ਹੋਣ ਦਾ ਸਫਰ। ਕੋਈ ਨਹੀਂ ਹੋ ਸਕਦਾ ਇਸ ਸਫਰ ਤੋਂ ਮੁਨਕਰ ਅਤੇ ਨਾ ਹੀ ਚਲਦੀ ਏ ਇਸ ਅੱਗੇ ਕਿਸੇ ਦੀ ਕੋਈ ਵੀ ਚਾਰਾਜੋਈ।

ਹਰ ਜਿਉਂਦੇ ਪ੍ਰਾਣੀ ਨੇ ਆਪਣੀ ਅਉਧ ਪੁਗਾ ਕੇ ਤੁਰ ਜਾਣਾ ਹੁੰਦਾ ਏ। ਕੋਈ ਨਹੀਂ ਸਦੀਵੀ ਜਿਉਂਦਾ ਅਤੇ ਕਦੇ ਨਹੀਂ ਮੁੱਕਦੀ ਜੀਣ ਦੀ ਲਾਲਸਾ। ਪਰ ਮੌਤ ਦੀ ਦਸਤਕ, ਜਦ ਗੈਰ-ਕੁਦਰਤੀ ਵਰਤਾਰਿਆਂ ਦਾ ਸੇਕ ਬਣ ਜਾਵੇ ਤਾਂ ਵਸਦੇ-ਰਸਦੇ ਘਰਾਂ ਵਿਚ ਵਿਰਲਾਪ ਦੀ ਸਫ ਵਿਛਾਉਂਦੀ, ਕਿਸੇ ਦੇ ਸੁੱਚੇ ਚਾਅਵਾਂ 'ਚ ਧੁੱਖਦਾ ਗੋੜਾ ਟਿਕਾਉਂਦੀ ਅਤੇ ਕਿਸੇ ਦੇ ਭਾਵਾਂ ਨੂੰ ਹਟਕੋਰਿਆਂ ਦਾ ਜਾਗ ਲਾਉਂਦੀ ਮੌਤ ਇਕ ਦਰਿੰਦਗੀ ਭਰਿਆ ਉਲਾਂਭਾ ਬਣ ਜਾਂਦੀ ਏ।

ਅਣਿਆਈ ਮੌਤ ਲਈ ਸੂਖਮ ਮਨ 'ਚੋਂ ਇਕ ਰੋਸਾ ਜਰੂਰ ਨਿਕਲਦਾ ਏ ਜਦ ਕੋਈ ਜਵਾਨ ਪੁੱਤ ਮਾਪਿਆਂ ਦੀ ਹਿੱਕ 'ਚ ਸਦੀਵੀ ਸਿਵਾ ਬਾਲ ਕੇ ਤੁਰ ਜਾਂਦਾ ਏ, ਕਿਸੇ ਧੀ ਦੀ ਸ਼ਗਨਾਂ ਦੀ ਰੁੱਤ ਆਪਣਿਆਂ ਹੱਥੋਂ ਵਿਧਵਾ ਹੋ ਜਾਂਦੀ ਏ, ਕਿਸੇ ਬੁੱਢੜੇ ਮੋਢਿਆਂ ਨੂੰ ਆਪਣੇ ਲਾਡਲੇ ਦੀ ਅਰਥੀ ਢੋਣੀ ਪੈਂਦੀ ਏ, ਕਿਸੇ ਅੱਛਰਾਂ ਵਰਗੀ ਮਾਂ ਨੂੰ ਪੂਰਨ-ਪੁੱਤ ਦੀ ਲਾਸ਼ 'ਤੇ ਵੈਣਾਂ ਦਾ ਹੋਕਰਾ ਲਾਉਣਾ ਪੈਂਦਾ ਏ, ਕਿਸੇ ਸੱਜ-ਵਿਆਹੀ ਦੇ ਟੁੱਟੇ ਚੂੜੇ ਦੀਆਂ ਕਿਰਚਾਂ ਦਗਦੀ ਦੁਪਹਿਰ ਦੀ ਅੱਖ 'ਚ ਚੁਭਦੀਆਂ ਨੇ, ਕਿਸੇ ਮਾਂ-ਮਛੋਰ ਦੇ ਹੱਥਾਂ ਦੀ ਬੁਰਕੀ ਕਾਂ ਖੋਹ ਲੈਂਦੇ ਨੇ, ਕਿਸੇ ਅਣਜੰਮੀ ਧੀ ਦੀ ਲੋਰੀ ਦੀ ਹਿੱਕ 'ਚ ਸਦਮਾ ਬੀਜਿਆ ਜਾਂਦਾ ਏ, ਸਿਰਾਂ ਦੀ ਛਾਂ ਤੇ ਗੋਦ ਦਾ ਨਿੱਘ ਕਾਲੀਆਂ ਹਨੇਰੀਆਂ ਦੀ ਭੇਟਾ ਚੜ੍ਹ ਜਾਂਦਾ ਏ, ਕਿਸੇ ਘਰ ਦੇ ਬਨੇਰਿਆਂ ਦੀ ਦੀਵਾਲੀ ਨੂੰ ਮੱਸਿਆ ਦੀ ਰਾਤ ਦਾ ਸੰਤਾਪ ਭੋਗਣ ਲਈ ਮਜਬੂਰ ਹੋਣਾ ਪੈਂਦਾ ਏ ਜਾਂ ਕਿਸੇ ਦੀਆਂ ਕੋਮਲ ਅਤੇ ਸੂਖਮ ਸੋਚਾਂ ਦੀ ਤਲੀ 'ਤੇ ਦਗਦੇ ਅੰਗਿਆਰ ਧਰੇ ਜਾਂਦੇ ਨੇ।

ਮੌਤ ਇਕ ਸੁਖਨ ਵੀ ਹੁੰਦੀ ਏ ਜਦ ਕੋਈ ਅਰਥ-ਭਰਪੂਰ ਜ਼ਿੰਦਗੀ ਜੀਅ ਕੇ ਮਲਕੜੇ ਜਿਹੇ ਉਂਗਲੀ ਛੁਡਾ ਸਾਥੋਂ ਸਦਾ ਲਈ ਦੂਰ ਤੁਰ ਜਾਵੇ। ਸਮਾਜ, ਕੌਮ ਜਾਂ ਦੇਸ਼ ਦੇ ਲੇਖੇ ਆਪਣੇ ਹਰ ਸਾਹ ਲਾਉਂਦਾ, ਆਪਣੀ ਸਾਹਾਂ ਦੀ ਅਕੀਦਤ ਵਿਚੋਂ ਹੀ ਦੂਸਰਿਆਂ ਦੀ ਅਰਾਧਨਾ ਕਰਦਾ ਰਹੇ, ਕਿਸੇ ਦੀ ਪੀੜ ਨੂੰ ਹਰਨ ਲਈ ਆਪਣੀ ਹਿੱਕ 'ਚ ਪੀੜ ਧਰ ਪੀੜਾ-ਪੀੜਾ ਹੋ ਕੇ ਤੁਰ ਜਾਵੇ। ਕੁਦਰਤੀ ਮੌਤ ਇਸ ਰਹਿਤਲ ਤੋਂ ਸਦੀਵੀ ਜਾਣ ਦਾ ਸਬੱਬ ਬਣੇ ਅਤੇ ਫਿਰ ਹਰ ਅੱਖ ਉਸ ਦੇ ਅਲਵਿਦਾ ਮੌਕੇ ਇਕ ਤਰਦੇ ਹੰਝੂ ਦੀ ਲਿਸ਼ਕੋਰ ਸੰਗ ਨਤਮਸਤਕ ਹੋਵੇ।

ਕੋਈ ਆਪਣਾ ਜਦ ਪੱਲਾ ਝਾੜ ਕੇ ਤੁਹਾਥੋਂ ਦੂਰ ਤੁਰ ਜਾਂਦਾ ਏ ਤਾਂ ਯਾਦ ਆਉਂਦੀ ਏ, ਉਮਰਾਂ ਦੀ ਸਾਂਝ, ਨਿੱਘੇ ਪਲਾਂ ਵਿਚ ਵੱਡੇ ਵੱਡੇ ਅਰਥਾਂ ਵਾਲੇ ਬੋਲ ਅਤੇ ਉਨ੍ਹਾਂ ਬੋਲਾਂ 'ਚੋਂ ਜ਼ਿੰਦਗੀ 'ਚ ਭਰੀ ਰੰਗੀਨਤਾ ਅਤੇ ਕਰੂਰਤਾ।

ਜਦ ਇਕ ਦਰਵੇਸ਼ਨੁਮਾ ਸ਼ਖਸ ਗੱਲਾਂ ਕਰਦਾ ਕਰਦਾ ਸਦੀਵੀ ਚੁੱਪ ਹੋ ਜਾਂਦਾ ਏ ਤਾਂ ਇਕ ਸਿਵਾ ਹਿੱਕ ਵਿਚ ਧੁੱਖਦਾ ਏ। ਸਿਵਾ ਜਿਸ ਦਾ ਧੂੰਆਂ ਅੱਖਾਂ ਗਾਲਦਾ ਏ ਅਤੇ ਖਾਰੇ ਹੰਝੂਆਂ ਨਾਲ ਤਰ ਨੈਣਾਂ 'ਚ ਫੈਲਿਆ ਧੁੰਦਲਕਾ। ਇਸ ਦੇ ਸੇਕ 'ਚ ਝੁਲਸ ਜਾਣਾ ਮਾਸੂਮ ਜਿਹੇ ਵਿਚਾਰਾਂ ਦਾ ਅਤੇ ਅਲ੍ਹੇ ਸਰੋਕਾਰਾਂ ਦਾ। ਸਿਵੇ ਦਾ ਧੁੱਖਣਾ ਬਣ ਜਾਂਦਾ ਏ ਪੀੜ-ਪਰਾਗਾ, ਦਰਦ-ਗਾਥਾ, ਗਮ-ਗੜੀਰਾ ਹਉਕੇ ਦੀ ਹੂਕ ਅਤੇ ਚੀਥੜੇ ਹੋਏ ਚਾਅਵਾਂ ਦੀ ਲਾਂਗਰ।

ਕਿਸੇ ਪਿਆਰੇ ਦੇ ਗਮ ਦਾ ਅਹਿਸਾਸ ਉਦੋਂ ਹੁੰਦਾ ਏ ਜਦ ਪਿੰਡੇ 'ਤੇ ਹੰਢਾਉਂਦੇ ਹਾਂ ਆਪਣਿਆਂ ਦੀ ਸੋਗਵਾਰ ਰੁੱਤ ਦਾ ਸੋਗਮਈ ਰਾਗ, ਸੜ ਜਾਂਦੇ ਨੇ ਕਿਸੇ ਤੱਤੜੀ ਦੇ ਭਾਗ ਅਤੇ ਦਿਲ ਦੇ ਵਿਹੜੇ 'ਚ ਲੱਗ ਜਾਂਦਾ ਏ ਇਕ ਸਦੀਵੀ ਦਾਗ।

ਮਰ ਗਏ ਪਿਆਰੇ ਦੀਆਂ ਯਾਦਾਂ ਦੀ ਘੁੰਮਣ ਘੇਰੀ 'ਚ ਗੁਆਚਿਆ ਵਿਅਕਤੀ ਵਕਤ ਦਾ ਅਜਿਹਾ ਵਰਕਾ, ਜਿਸ ਦੇ ਹਰ ਸ਼ਬਦ ਵਿਚ ਗੁਣਗੁਣਾ ਰਿਹਾ ਏ ਚੀਸ ਦਾ ਨਗਮਾ, ਜਿਸ ਦੀ ਜਰਜ਼ਰੀ ਹੋਂਦ ਕਿਰਕਿਰੇ ਸਾਹਾਂ ਦਾ ਆਖਰੀ ਹੰਭਲਾ ਅਤੇ ਜਿਸ ਨੂੰ ਆਖਰੀ ਸਾਹਾਂ ਦੀ ਅਣਪੂਰਤੀ ਦਾ ਸਰਾਪ ਅਤੇ ਧੁੱਖ ਧੁੱਖ ਕੇ ਮੌਤ ਮੰਗਣ ਦਾ ਵਿਰਲਾਪ।

ਅਜੋਕੇ ਸਮਿਆਂ ਦੀ ਕੇਹੀ ਤ੍ਰਾਸਦੀ ਹੈ ਕਿ ਗੈਰ-ਕੁਦਰਤੀ ਮੌਤਾਂ ਦੀ ਗਿਣਤੀ ਵੱਧ ਰਹੀ ਏ। ਉਹ ਭਾਵੇਂ ਏਡਜ਼, ਸੜਕੀ/ਹਵਾਈ/ਸਮੁੰਦਰੀ ਦੁਰਘਟਨਾਵਾਂ, ਕਤਲਾਂ, ਆਤਮ ਹੱਤਿਆਵਾਂ ਜਾਂ ਕੁੱਖਾਂ ਵਿਚ ਮਰਦੀਆਂ ਧੀਆਂ ਨਾਲ ਸਬੰਧਤ ਹੋਣ। ਲੋੜ ਹੈ, ਸੋਚਣ ਦੀ ਕਿ ਅਜਿਹਾ ਕਿਉਂ ਹੋ ਰਿਹਾ ਏ? ਕੀ ਸਾਡੀ ਜੀਵਨ-ਸ਼ੈਲੀ ਇਸ ਲਈ ਜ਼ਿੰਮੇਵਾਰ ਤਾਂ ਨਹੀਂ? ਕੀ ਮਨੁੱਖੀ ਵਰਤਾਰਿਆਂ ਵਿਚ ਅਣਚਾਹੀਆਂ ਤਬਦੀਲੀਆਂ ਨੇ ਮਨੁੱਖੀ ਜੀਵਨ 'ਤੇ ਮੌਤ ਦੇ ਨਕਸ਼ ਤਾਂ ਨਹੀਂ ਉਘਾੜ ਦਿੱਤੇ? ਕਿਉਂ ਮਨੁੱਖੀ ਫਿਤਰਤ ਵਿਚ ਆਪਣਾ ਮਰਸੀਆ ਖੁਦ ਪੜ੍ਹਨ ਦਾ ਰੁਝਾਨ ਭਾਰੂ ਹੋ ਰਿਹਾ ਏ? ਕਿਹੜੇ ਕਾਰਨ ਹਨ ਕਿ ਮਰਨ-ਤਮੰਨਾ ਅਜੋਕੇ ਮਨੁੱਖ ਦੇ ਕਿਰਦਾਰ 'ਤੇ ਹਾਵੀ ਹੋ ਰਹੀ ਏ? ਜਰਾ ਕੁ! ਇਸ ਬਾਰੇ ਬਰੀਕੀ ਨਾਲ ਸੋਚਣ ਦੀ ਕੋਸ਼ਿਸ਼ ਕਰਿਉ! ਤੁਹਾਡੇ ਵਿਚ ਮਾਨਸਿਕ ਪਰਦਾਦਾਰੀਆਂ 'ਚੋਂ ਸੱਚ ਨੂੰ ਨਿਤਾਰਨ ਦੀ ਚਾਹਨਾ ਜ਼ਰੂਰ ਪੈਦਾ ਹੋਵੇਗੀ।

***ਖੁਦਾਇਆ! ਮੌਤ ਜ਼ਰੂਰ ਦਈਂ। ਮੌਤ ਜਿਸ ਵਿਚ ਕੁਦਰਤੀ ਵਰਤਾਰਿਆਂ ਦੀ ਭਾਅ ਹੋਵੇ, ਜਿਸ ਦਾ ਤੁਰ ਜਾਣਾ ਪਿਛੇ ਰਹਿੰਦਿਆਂ ਲਈ ਸਦੀਵੀ ਮਾਰਗ ਦਰਸ਼ਕ ਬਣ ਜਾਵੇ, ਜਿਸ ਦਾ ਜਾਣਾ ਸਦੀਵਤਾ ਦੇ ਨਕਸ਼ਾਂ ਦੀ ਨਿਸ਼ਾਨਦੇਹੀ ਕਰੇ, ਜਿਸ ਦੇ ਤੁਰ ਜਾਣ ਨਾਲ ਅੰਬਰ ਜਾਰੋ-ਜਾਰ ਰੋਵੇ ਅਤੇ ਇਸ ਦਾ ਖਾਰਾ ਪਾਣੀ ਚਾਰੇ ਪਾਸੇ ਫੈਲੀਆਂ ਸਮਾਜਿਕ ਕੁੜਿੱਤਣਾਂ ਨੂੰ ਮਲ ਮਲ ਧੋਵੇ।***

ਖੁਦਾਇਆ! ਮੌਤ ਜ਼ਰੂਰ ਦਈਂ। ਮੌਤ ਜਿਸ ਵਿਚ ਕੁਦਰਤੀ ਵਰਤਾਰਿਆਂ ਦੀ ਭਾਅ ਹੋਵੇ, ਜਿਸ ਦਾ ਤੁਰ ਜਾਣਾ ਪਿਛੇ ਰਹਿੰਦਿਆਂ ਲਈ ਸਦੀਵੀ ਮਾਰਗ ਦਰਸ਼ਕ ਬਣ ਜਾਵੇ, ਜਿਸ ਦਾ ਜਾਣਾ ਸਦੀਵਤਾ ਦੇ ਨਕਸ਼ਾਂ ਦੀ ਨਿਸ਼ਾਨਦੇਹੀ ਕਰੇ, ਜਿਸ ਦੇ ਤੁਰ ਜਾਣ ਨਾਲ ਅੰਬਰ ਜਾਰੋ-ਜਾਰ ਰੋਵੇ ਅਤੇ ਇਸ ਦਾ ਖਾਰਾ ਪਾਣੀ ਚਾਰੇ ਪਾਸੇ ਫੈਲੀਆਂ ਸਮਾਜਿਕ ਕੁੜਿੱਤਣਾਂ ਨੂੰ ਮਲ ਮਲ ਧੋਵੇ।

ਜਦ ਮੌਤ ਅਛੋਪਲੇ ਜਿਹੇ ਝਪਟ ਕੇ ਮਨੁੱਖੀ ਜੀਵ ਨੂੰ ਆਪਣੇ ਪੰਜਿਆਂ ਵਿਚ ਲਪੇਟ ਕੇ ਤੁਰ ਜਾਵੇ, ਕਿਸੇ ਤੁਰੇ ਜਾਂਦੇ ਦਾ ਖੁਰਾ-ਖੋਜ ਰਾਹਾਂ ਵਿਚ ਹੀ ਮਿਟ ਜਾਵੇ ਜਾਂ ਕਿਸੇ ਅਰਥੀ 'ਤੇ ਸੁੱਕਾ ਫੁੱਲ ਧਰਿਆ ਜਾਵੇ ਤਾਂ ਮੌਤ ਦਾ ਕਹਿਰ ਸਮਿਆਂ ਦਾ ਉਹ ਦਰਦ ਹੁੰਦਾ ਏ ਜਿਸ ਦੀ ਹਾਥ ਕਿਸੇ ਨਾ ਪਾਈ ਅਤੇ ਨਾ ਹੀ ਕਿਸੇ ਨੇ ਅਜਿਹੀ ਮੌਤ ਸਲਾਹੀ।

ਜੰਗਾਂ, ਭੁਚਾਲਾਂ, ਸੁਨਾਮੀਆਂ, ਹੜ੍ਹਾਂ, ਦੰਗਿਆਂ, ਭੁੱਖਮਰੀ ਆਦਿ 'ਚ ਜਦ ਮੌਤ ਦਾ ਤਾਂਡਵ ਨਾਚ ਹੁੰਦਾ ਹੈ ਤਾਂ ਹਰ ਘਰ ਦੀ ਸਰਦਲ ਦਹਿਲ ਜਾਂਦੀ ਏ। ਹਰ ਦਰਵਾਜ਼ੇ 'ਤੇ ਮੌਤ ਦੀ ਦਸਤਕ ਦਾ ਤੌਖਲਾ ਮਨਾਂ 'ਚ ਕੰਬਣੀ ਛੇੜ ਦਿੰਦਾ ਏ। ਘਰ ਮਰਨ-ਰੁੱਤ ਦਾ ਸੰਤਾਪ ਹੰਢਾਉਂਦੇ ਖੰਡਰ ਹੋ ਜਾਂਦੇ ਨੇ। ਲੱਖਾਂ ਮਾਸੂਮਾਂ ਦੇ ਤੋਤਲੇ ਬੋਲ ਗੁੰਮ ਹੋ ਜਾਂਦੇ ਨੇ। ਉਨ੍ਹਾਂ ਦੇ ਖਿਡੌਣਿਆਂ ਨੂੰ ਨਜ਼ਰ ਲੱਗ ਜਾਂਦੀ ਏ। ਅਜਿਹੀ ਮਾਤਮੀ ਫਿਜ਼ਾ 'ਚ ਆਪਣੀ ਅਉਧ ਦਾ ਕਿਸ ਨੇ ਮਾਣ ਕਰਨਾ, ਕਿਸ ਨੇ ਸਾਹ-ਸੂਤਵੀਂ 'ਵਾ ਨੂੰ ਆਪਣਾ ਦੁੱਖ ਦੱਸਣਾ, ਕਿਸ ਨੇ ਹੁੰਗਾਰਾ ਬਣਨਾ ਅਤੇ ਕਿਸ ਨੇ ਮਰਨ ਕਿਨਾਰੇ ਰੁੱਖੜੇ ਦੀ ਡੰਗੋਰੀ ਬਣਨਾ।

ਜਦ ਕਿਸੇ ਘਰ 'ਚੋਂ ਅਰਥੀ ਉਠਦੀ ਏ, ਘਰ ਦੀਆਂ ਕੰਧਾਂ ਦੇ ਗੱਲ ਲਗ ਕੇ ਰੋਣ ਵਾਲਾ ਵੀ ਕੋਈ ਨਹੀਂ ਥਿਆਉਂਦਾ। ਪਰ ਘਰ 'ਚੋਂ ਜਦ ਅਰਥੀਆਂ ਉਠਣ ਤਾਂ ਉਸ ਘਰ ਦੇ ਧੁੱਖਦੇ ਨਸੀਬ, ਦੇਖਣ ਵਾਲੇ ਦੀ ਅੱਖ 'ਚ ਸਦੀਵੀ ਹੰਝੂ ਧਰ ਜਾਂਦੇ ਨੇ।

ਬੜਾ ਔਖਾ ਹੁੰਦਾ ਏ ਅਜਿਹੇ ਦਰਦਮਈ ਮੌਕਿਆਂ 'ਚ ਕਿਸੇ ਦਾ ਧੀਰਜ ਬੰਨਾਉਣਾ। ਉਸ ਦੀਆਂ ਪਤਾਲ 'ਚ ਗਰਕ ਰਹੀਆਂ ਭਾਵਨਾਵਾਂ ਨੂੰ ਕਿਸੇ ਆਸ ਦਾ ਚਾਨਣ ਦਿਖਾਉਣਾ। ਪਰ ਸਮੇਂ ਨਾਲ ਹੌਲੀ ਹੌਲੀ ਭਰ ਜਾਂਦੇ ਨੇ ਡੂੰਘੇ ਜਖਮ, ਚੁੱਪ ਹੋ ਜਾਂਦੀਆਂ ਨੇ ਹਿੱਚਕੀਆਂ। ਸਿਰਫ ਬਚ ਜਾਂਦੇ ਨੇ ਜਖਮਾਂ ਦੇ ਨਿਸ਼ਾਨ, ਹਉਕਿਆਂ ਦੀ ਡੂੰਘੀ ਮਾਤਮੀ ਚੁੱਪ ਅਤੇ ਕਹਿਰਵਾਨ ਵਕਤਾਂ ਦੀ ਦਰਦੀਲੀ ਯਾਦ। ਕੁਝ ਖੱਟ-ਮਿੱਠੀਆਂ ਯਾਦਾਂ ਦਾ ਅਸੀਮ ਭੰਡਾਰ ਅਤੇ ਘਰ ਦੀ ਕਿਸੇ ਕੰਧ 'ਤੇ ਲਟਕਦੀ ਉਦਾਸ ਜਿਹੀ ਤਸਵੀਰ।

ਸਿਵਿਆਂ ਤੋਂ ਘਰ ਪਰਤਦੇ ਪੈਰਾਂ ਲਈ ਬੜਾ ਔਖਾ ਹੁੰਦਾ ਏ ਸੰਭਲਣਾ। ਸਾਬਤ ਕਦਮਾਂ ਨਾਲ ਜ਼ਿੰਦਗੀ ਦੀ ਤੋਰ ਨੂੰ ਕਾਇਮ ਰੱਖਣਾ, ਪਰ ਸਦਮੇ 'ਚੋਂ ਉਠਣਾ ਹੀ ਇਕ ਮਨੁੱਖ ਦੀ ਸੱਚੀ ਪਛਾਣ। ਉਸ ਦੀ ਜੀਵਨ-ਜਾਚ ਦਾ ਸਹਿਜਮਈ ਸੁਖਨ। ਉਸ ਦੀਆਂ ਭਾਵਨਾਵਾਂ ਅਤੇ ਤਮੰਨਾਵਾਂ ਦੀ ਸੁੱਚੀ ਤਰਜਮਾਨੀ। ਉਸ ਦਾ ਆਪਣੇ, ਆਪਣੇ ਪਰਿਵਾਰ ਅਤੇ ਸਮਾਜ ਪ੍ਰਤੀ ਸੁਘੜ ਨਿਸ਼ਠਾ। ਸਦਮੇ 'ਚੋਂ ਉਭਰ ਕੇ ਲੋਕ ਇਤਿਹਾਸ ਬਣਦੇ ਨੇ।

ਮੌਤ ਦੇ ਗਮ ਨੂੰ ਜ਼ਰੂਰ ਹੰਢਾਉ, ਪਰ ਇਸ ਨੂੰ ਕਦੇ ਵੀ ਆਪਣੀ ਮਾਨਸਿਕ ਅਤੇ ਸਰੀਰਕ ਤੰਦਰੁਸਤੀ 'ਤੇ ਹਾਵੀ ਨਾ ਹੋਣ ਦਿਉ ਕਿਉਂਕਿ ਗੁਰਬਾਣੀ ਦਾ ਫੁਰਮਾਨ ਹੈ,

ਜੋ ਆਇਆ ਸੋ ਚਲਸੀ
ਸਭੁ ਕੋਈ ਆਈ ਵਾਰੀਐ॥

# ਨਾਂ ਬਦਲੂ ਰਾਜਨੀਤੀ

**ਅਵਤਾਰ ਸਿੰਘ (ਪ੍ਰੋ.)**
**ਫੋਨ: 91-94175-18384**

ਅੱਜਕਲ ਮਹੱਲਿਆਂ, ਸ਼ਹਿਰਾਂ, ਚੌਂਕਾਂ, ਸੜਕਾਂ ਅਤੇ ਸੰਸਥਾਵਾਂ ਦੇ ਨਾਂ ਰੱਖਣ ਤੇ ਪੁਰਾਣੇ ਨਾਂ ਬਦਲਣ ਦੀ ਸਿਆਸਤ ਜ਼ੋਰਾਂ 'ਤੇ ਹੈ। ਨਾਂ ਬਦਲਣ ਨਾਲ ਕੋਈ ਖੁਸ਼ ਹੋ ਜਾਂਦਾ ਹੈ, ਕੋਈ ਨਾਰਾਜ਼।

ਨਾਂਵਾਂ ਵਿਚ ਸਾਡਾ ਇਤਿਹਾਸ ਸਾਂਭਿਆ ਪਿਆ ਹੈ। ਨਾਂ ਬਦਲ ਕੇ ਅਸੀਂ ਆਪਣੇ ਬੁਰੇ ਇਤਿਹਾਸ 'ਤੋਂ ਨਿਜਾਤ ਨਹੀਂ ਪਾ ਸਕਦੇ। ਨਾਂ ਬਦਲਣ ਨਾਲ ਕਿਸੇ ਚੰਗੇ ਇਤਿਹਾਸ ਦੀ ਸਿਰਜਣਾ ਵੀ ਨਹੀਂ ਹੁੰਦੀ। ਇਤਿਹਾਸ ਦੀ ਸਿਰਜਣਾ ਸਾਡੇ ਕਾਰਜ ਅਤੇ ਕਾਰਜ ਸ਼ੈਲੀ 'ਤੇ ਨਿਰਭਰ ਕਰਦੀ ਹੈ। ਨਾਂ ਬਦਲਣ ਅਤੇ ਨਵੇਂ ਨਾਂ ਰੱਖਣ 'ਚੋਂ ਸਿਰਫ ਸਾਡੀ ਮਾਨਸਿਕ ਵਿਚਾਰਗੀ ਹੀ ਝਲਕਦੀ ਹੈ।

ਨਾਂ ਰੱਖਣ ਵੇਲੇ ਅਸੀਂ ਆਪਣੀਆਂ ਸਿਆਸੀ 'ਰੋਟੀਆਂ' ਨੂੰ ਹੀ ਸਾਹਮਣੇ ਰੱਖਦੇ ਹਾਂ; ਇਖਲਾਕੀ ਉਪਲਕਸ਼ ਨਹੀਂ ਵਿਚਾਰਦੇ। ਨਾ ਹੀ ਆਪਣੀ ਮਾਂ ਬੋਲੀ ਦੀ ਪ੍ਰਕਿਰਤੀ ਦਾ ਖਿਆਲ ਰੱਖਦੇ ਹਾਂ। ਅਸੀਂ ਇਹ ਵੀ ਖਿਆਲ ਨਹੀਂ ਰੱਖਦੇ ਕਿ ਅਸੀਂ ਕਿਸੇ ਨਵਜੰਮੇਂ ਬੱਚੇ ਦਾ ਨਾਂ ਨਹੀਂ ਰੱਖ ਰਹੇ, ਕਿਸੇ ਚੌਂਕ, ਮਹੱਲੇ, ਸ਼ਹਿਰ, ਸੜਕ ਜਾਂ ਸੰਸਥਾ ਦਾ ਨਾਂ ਰੱਖ ਰਹੇ ਹਾਂ।

ਮੁਹਾਲੀ ਨੂੰ 'ਸਾਹਿਬਜ਼ਾਦਾ ਅਜੀਤ ਸਿੰਘ ਨਗਰ' ਕੋਈ ਨਹੀਂ ਕਹਿੰਦਾ, ਉਹ ਅੱਜ ਵੀ ਮੁਹਾਲੀ ਹੈ। ਜੇ ਉਸ ਦਾ ਨਾਂ 'ਅਜੀਤਗੜ੍ਹ' ਜਾਂ 'ਅਜੀਤ ਨਗਰ' ਹੁੰਦਾ ਤਾਂ ਸ਼ਾਇਦ ਪ੍ਰਚਲਿਤ ਹੋ ਜਾਂਦਾ ਤੇ ਸੋਹਣਾ ਵੀ ਲੱਗਦਾ। ਲੁਧਿਆਣੇ ਦੇ 'ਸਤਿਗੁਰੂ ਪ੍ਰਤਾਪ ਸਿੰਘ ਚੌਂਕ' ਦਾ ਨਾਂ ਜੇ ਸਿਰਫ 'ਪ੍ਰਤਾਪ ਚੌਂਕ' ਹੁੰਦਾ ਤਾਂ ਚੰਗਾ ਲੱਗਣਾ ਸੀ ਤੇ ਸਭ ਦੇ ਮੂੰਹ ਚੜ੍ਹ ਜਾਣਾ ਸੀ।

ਨਵੇਂ ਸ਼ਹਿਰ ਦਾ ਨਾਂ ਅੱਜ ਵੀ 'ਨਵਾਂ ਸ਼ਹਿਰ' ਹੈ। ਨਵਾਂ ਸ਼ਹਿਰ ਤਹਿਸੀਲ ਦਾ ਨਾਂ ਵੀ 'ਨਵਾਂ ਸ਼ਹਿਰ' ਹੈ। ਸਿਰਫ ਨਵੇਂ ਸ਼ਹਿਰ ਜ਼ਿਲ੍ਹੇ ਦਾ ਨਾਂ 'ਸ਼ਹੀਦ ਭਗਤ ਸਿੰਘ ਨਗਰ' ਰੱਖ ਦਿੱਤਾ ਗਿਆ। 'ਸ਼ਹੀਦ ਭਗਤ ਸਿੰਘ ਨਗਰ' ਨਾਂ ਦਾ ਕੋਈ ਨਗਰ ਨਹੀਂ ਹੈ। ਕਿੱਡੀ ਹਾਸੋ ਹੀਣੀ ਗੱਲ ਹੈ! ਬਿਹਤਰ ਹੁੰਦਾ ਜੇ ਪਿੰਡ ਖਟਕੜ ਕਲਾਂ ਦਾ ਨਾਂ ਬਦਲ ਕੇ 'ਭਗਤਗੜ੍ਹ' ਰੱਖ ਦਿੰਦੇ!

ਸੁਣਿਆ ਹੈ, ਕਈ ਅੰਮ੍ਰਿਤਸਰ ਦੀ ਟਿੱਪੀ ਉਡਾ ਕੇ ਉਸ ਨੂੰ 'ਅਮ੍ਰਿਤਸਰ' ਬਣਾਉਣਾ ਚਾਹੁੰਦੇ ਹਨ। ਫਿਰ ਇਸ ਨੂੰ 'ਅੰਬਰਸਰ' ਕਹਿਣ ਵਾਲੇ 'ਅੱਬਰਸਰ' ਕਿਹਾ ਕਰਨਗੇ!




ਚੰਡੀਗੜ੍ਹ ਦੇ ਹਵਾਈ ਅੱਡੇ ਦੇ ਨਾਂ ਦਾ ਰੱਫੜ ਪਿਆ ਹੋਇਆ ਹੈ। ਪੰਜਾਬ ਤੇ ਹਰਿਆਣੇ ਦਰਮਿਆਨ ਕਸ਼ਮਕਸ਼ ਜਾਰੀ ਹੈ। ਇਕ ਅਖਬਾਰ ਨੇ ਆਖਿਆ ਹੈ ਕਿ ਆਦਮਪੁਰ ਦੇ ਹਵਾਈ ਅੱਡੇ ਦਾ ਨਾਂ ਭਗਤ ਰਵਿਦਾਸ ਜੀ ਦੇ ਨਾਂ 'ਤੇ ਰੱਖਣ ਦੀ ਤਜਵੀਜ਼ ਨਾਲ 'ਦਲਿਤ ਬਾਗ ਬਾਗ' ਹੋ ਗਏ ਹਨ।

ਪਟਿਆਲਾ ਸਰਹਿੰਦ ਸੜਕ ਦਾ ਨਾਂ 'ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਮਾਰਗ' ਸਾਡੀ ਲਿਆਕਤ, ਲਗਾਉ ਅਤੇ ਸਧਾਰਣ ਸੂਝ-ਬੂਝ ਦੇ ਦੀਵਾਲੀਏਪਨ ਦਾ ਸੂਚਕ ਹੈ।

ਲੰਗੂਰ ਦੀ ਪੂਛ ਤੋਂ ਵੀ ਲੰਬੇ ਲੰਬੇ ਨਾਂ ਸਾਡੇ ਨਾਇਕਾਂ ਦਾ ਜਲੂਸ ਕੱਢ ਕੇ ਰੱਖ ਦਿੰਦੇ ਹਨ।

ਚੰਡੀਗੜ੍ਹ ਵਿਚ ਥੀਏਟਰ ਦਾ ਨਿਰਮਾਣ ਹੋਇਆ। ਨਾਂ ਰੱਖਿਆ 'ਟੈਗੋਰ ਥੀਏਟਰ।' ਜੇ ਰੱਖ ਲੈਂਦੇ 'ਮਹਾਂ ਕਵੀ ਰਾਵਿੰਦਰ ਨਾਥ ਟੈਗੋਰ ਥੀਏਟਰ' ਤਾਂ ਕਿਸੇ ਦੇ ਮੂੰਹ ਨਾ ਚੜ੍ਹਦਾ।

'ਗਾਂਧੀ ਭਵਨ' ਦਾ ਨਾਂ ਜੇ 'ਰਾਸ਼ਟਰ ਪਿਤਾ ਮੋਹਨ ਦਾਸ ਕਰਮ ਚੰਦ ਗਾਂਧੀ ਮਹਾਤਮਾ ਭਵਨ' ਤਾਂ ਇਹ ਨਾਂ ਨਾ ਹੁੰਦਾ, ਗਾਂਧੀ 'ਤੇ ਲੇਖ ਬਣ ਜਾਂਦਾ।

'ਕਬੀਰ ਪਾਰਕ', ਫੁੱਟਬਾਲ ਚੌਂਕ', 'ਮਟਕਾ ਚੌਂਕ', 'ਹਰਗੋਬਿੰਦ ਨਗਰ' ਅਤੇ 'ਗੋਬਿੰਦ ਸਾਗਰ' ਕਿੰਨੇ ਸੋਹਣੇ ਨਾਂ ਹਨ।

ਕੇਵਲ 'ਟੌਹੜਾ ਮਾਰਗ' ਕਿੰਨਾ ਫੱਬਣਾ ਸੀ!

ਸ਼ੁਕਰ ਹੈ, ਜਲੰਧਰ ਦੇ ਅੰਗਰੇਜ਼ੀ 'ਚ ਸਪੈਲਿੰਗ ਹੀ ਬਦਲੇ ਹਨ; ਕਿਤੇ ਇਸ ਨੂੰ 'ਜਲਧਾਰਾ' ਨਹੀਂ ਬਣਾ ਦਿੱਤਾ! ਨਿੱਕੇ ਨਿੱਕੇ ਨਾਂਵਾਂ 'ਚ ਵਿਗੜਨ ਦੀ ਗੁੰਜਾਇਸ਼ ਨਹੀਂ ਹੁੰਦੀ। ਵੱਡੇ ਵੱਡੇ ਨਾਂ ਹਰ ਹਾਲ ਵਿਗੜਨੇ ਹੁੰਦੇ ਹਨ। ਦਰਅਸਲ ਸਾਡੀ ਰਾਜਨੀਤੀ ਸੱਭਿਆਚਾਰਕ ਮਜ਼ਾਕ ਬਣ ਗਈ ਹੈ।

ਦਿੱਲੀ ਦੇ ਦਿਆਲ ਸਿੰਘ ਈਵਨਿੰਗ ਕਾਲਜ ਦੇ ਨਾਂ ਵਿਚ ਸੰਖੇਪਤਾ ਦੀ ਸਿੱਖ ਕਸ਼ਿਸ਼ ਹੈ। ਕਿਸੇ ਕਾਲਜ ਨੂੰ 'ਵੰਦੇ ਮਾਤਰਮ' ਕਹਿਣਾ ਭਾਈ ਦਿਆਲ ਸਿੰਘ ਨਾਲੋਂ ਵੱਧ 'ਵੰਦੇ ਮਾਤਰਮ' ਦੀ ਤੌਹੀਨ ਹੈ।

ਨਾਂਵਾਂ ਦੇ ਸੁਹਜ ਦੀ ਸਮਝ ਸਾਨੂੰ ਉਦੋਂ ਆਵੇਗੀ, ਜਦੋਂ ਅਸੀਂ ਮਜ਼੍ਹਬੀ ਕੁਚੇਸ਼ਟਾ ਭਰਪੂਰ ਰਾਜਸੀ ਹਵਸ ਤੋਂ ਨਿਜਾਤ ਪਾ ਲਵਾਂਗੇ। ਨਹੀਂ ਤਾਂ ਅਸੀਂ ਆਪਣੇ ਇਤਿਹਾਸ ਨੂੰ ਕਰੂਪ ਅਤੇ ਕਲੰਕਿਤ ਕਰਦੇ ਰਹਾਂਗੇ। ਆਉਣ ਵਾਲੇ ਸਮੇਂ ਵਿਚ ਸਾਡੇ ਬੱਚੇ, ਸਾਡੀ ਭੱਦੀ ਮਾਨਸਿਕਤਾ 'ਤੇ ਹੱਸਣਗੇ। ਜ਼ਮਾਨਾ ਸਾਨੂੰ ਭਲੇ ਹੀ ਮਾਫ ਕਰ ਦੇਵੇ ਪਰ ਸਾਡੀ ਜੱਗ ਹਸਾਈ ਰੋਕ ਨਹੀਂ ਸਕੇਗਾ।

# ਕਹਾਣੀਆਂ ਦਾ ਕੋਹੇਨੂਰ ਵਰਿਆਮ ਸਿੰਘ ਸੰਧੂ

***ਪ੍ਰਿੰਸੀਪਲ ਸਰਵਣ ਸਿੰਘ ਬੇਸ਼ਕ ਬਹੁਤਾ ਖੇਡ ਲੇਖਕ ਵਜੋਂ ਜਾਣੇ ਜਾਂਦੇ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਕਥਾ ਰਸ ਕਮਾਲ ਦਾ ਹੁੰਦਾ ਹੈ। ਇਸੇ ਕਰਕੇ ਉਨ੍ਹਾਂ ਦੀਆਂ ਖੇਡ ਲਿਖਤਾਂ ਵੀ ਕਹਾਣੀਆਂ ਵਾਂਗ ਜਾਪਦੀਆਂ ਹਨ। ਉਂਜ ਉਨ੍ਹਾਂ ਕਹਾਣੀਆਂ ਲਿਖੀਆਂ ਵੀ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੀਆਂ ਰਚਨਾਵਾਂ ਪਾਠਕ ਬੜੀ ਦਿਲਚਸਪੀ ਨਾਲ ਪੜ੍ਹਦੇ ਹਨ। ਜੀਵਨੀਨੁਮਾ ਲੇਖ ਵੀ ਉਹ ਬਹੁਤ ਸੋਹਣੇ ਲਿਖਦੇ ਹਨ। ਪਿਛਲੇ ਕੁਝ ਸਮੇਂ ਵਿਚ 'ਪੰਜਾਬ ਟਾਈਮਜ਼' ਦੇ ਪਾਠਕ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਵਰਗਾ ਇਨਕਲਾਬੀ ਗੀਤ ਲਿਖਣ ਵਾਲੇ ਸ਼ਾਇਰ ਮਰਹੂਮ ਸੰਤ ਰਾਮ ਉਦਾਸੀ, ਨਾਟਕਕਾਰ (ਨਾਟਕਬਾਜ਼) ਬਲਵੰਤ ਗਾਰਗੀ ਅਤੇ ਸਾਹਿਤਕਾਰ ਤੇ ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਬਾਰੇ ਉਨ੍ਹਾਂ ਦੇ ਲੰਮੇ ਲੇਖ ਪੜ੍ਹ ਚੁਕੇ ਹਨ। ਹੁਣ ਕਹਾਣੀਕਾਰ ਵਰਿਆਮ ਸਿੰਘ ਸੰਧੂ ਬਾਰੇ ਉਸ ਦੀਆਂ ਲੰਮੀਆਂ ਕਹਾਣੀਆਂ ਵਾਂਗ ਹੀ ਪ੍ਰਿੰਸੀਪਲ ਸਰਵਣ ਸਿੰਘ ਨੇ ਇਹ ਲੰਮਾ ਲੇਖ ਲਿਖਿਆ ਹੈ ਜੋ ਅਸੀਂ ਕਿਸ਼ਤਾਂ ਵਿਚ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਦੇਖੀਏ ਪ੍ਰਿੰਸੀਪਲ ਸਾਹਿਬ ਆਪਣੇ ਗੋਤੀ ਮਝੈਲ ਭਾਊ ਦਾ ਕਿੰਨਾ ਕੁ ਪੱਖ ਪੂਰਦੇ ਨੇ। ਪਹਿਲੀ ਕਿਸ਼ਤ ਹਾਜਰ ਹੈ। -ਸੰਪਾਦਕ***

ਵਰਿਆਮ, ਵਰਿਆਮ ਹੀ ਹੈ। ਕਹਿਣੀ ਤੇ ਕਰਨੀ ਦਾ ਕੱਦਾਵਰ ਲੇਖਕ। ਦਰਸ਼ਨੀ ਸ਼ਖਸੀਅਤ। ਲੰਮੀਆਂ ਕਹਾਣੀਆਂ ਦਾ ਕੌਮੀ ਚੈਂਪੀਅਨ। ਗਲਪ ਗਗਨ ਦਾ ਚੰਦ। ਉਹਦੀ ਕਹਾਣੀ 'ਚੌਥੀ ਕੂਟ' ਭਾਰਤੀ ਭਾਸ਼ਾਵਾਂ 'ਚੋਂ ਚੋਟੀ ਦੀਆਂ ਬਾਰਾਂ ਕਹਾਣੀਆਂ ਦੇ ਮਿਨੀ ਕ੍ਰਿਸ਼ਨਨ ਦੀ ਸੰਪਾਦਨਾ ਹੇਠ ਛਪੇ ਅੰਗਰੇਜ਼ੀ ਸੰਗ੍ਰਿਹ 'ਮੈਮੋਰੇਬਲ ਸਟੋਰੀਜ਼ ਆਫ ਇੰਡੀਆ: ਟੈੱਲ ਮੀ ਏ ਲੌਂਗ ਸਟੋਰੀ' ਵਿਚ ਪ੍ਰਕਾਸ਼ਤ ਹੋਈ। ਉਹ ਰਣ-ਤੱਤੇ ਵਿਚ ਵੀ ਜੂਝਿਆ ਤੇ ਰਚਨਾਵਾਂ ਵਿਚ ਵੀ ਜੂਝ ਰਿਹੈ। ਮੌਤ ਨੇ ਉਹਦੇ 'ਤੇ ਕਈ ਵਾਰ ਹਮਲੇ ਕੀਤੇ ਪਰ ਉਹ ਉਹਦੇ ਹੱਥ ਨਹੀਂ ਆਇਆ। ਪੰਜਾਬੀ ਦਾ ਉਹ ਮਾਣਮੱਤਾ ਤੇ ਸ਼ਾਨਾਂਮੱਤਾ ਲੇਖਕ ਹੈ। ਵਿਰਲਾ ਤੇ ਵਿਲੱਖਣ। ਸਾਨੂੰ ਉਹਦੇ ਅੰਗ-ਸੰਗ ਹੋਣ ਦਾ ਮਾਣ ਹੈ, ਪਈ ਅਸੀਂ ਵਰਿਆਮ ਸੰਧੂ ਦੇ ਜੁਗ ਵਿਚ ਜੀਅ ਰਹੇ ਆਂ!



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਨਵੰਬਰ 1993 ਦਾ 'ਵਰਿਆਮ ਅੰਕ' ਕੱਢਦਿਆਂ ਸੰਪਾਦਕ ਜਗਦੀਸ਼ ਸਿੰਘ ਵਰਿਆਮ ਨੇ ਸੰਪਾਦਕੀ ਵਿਚ ਲਿਖਿਆ ਸੀ:

ਇਕ ਬਹਿ ਕੋਲ ਖੁਸ਼ਾਮਦ ਕਰਦੇ,
ਪਰ ਗਰਜ਼ੀ ਹੋਣ ਕਮੀਨੇ।
ਇਕ ਬੇਪਰਵਾਹ ਨਾ ਪਾਸ ਖਲੋਵਣ,
ਪਰ ਹੋਵਣ ਯਾਰ ਨਗੀਨੇ।

ਇਨ੍ਹਾਂ ਨਗੀਨੇ ਯਾਰਾਂ 'ਚੋਂ ਹੀ ਹੈ ਵਰਿਆਮ ਸਿੰਘ ਸੰਧੂ! ਵੱਡੇ ਵੱਡੇ ਆਲੋਚਕ ਤੇ ਸਾਹਿਤਕਾਰ ਉਸ ਨੂੰ ਮਹਾਨ ਲੇਖਕ ਮੰਨਦੇ ਹਨ। ਉਸ ਦੀ ਹਰ ਰਚਨਾ ਹਿਲਾ ਕੇ ਰੱਖ ਦਿੰਦੀ ਹੈ। ਕਹਾਣੀ ਪੜ੍ਹਨ ਤੋਂ ਬਾਅਦ ਪਾਠਕ ਦੀ ਹਾਲਤ ਉਸ ਤੋਂ ਕਿਤੇ ਵੱਖਰੀ ਹੁੰਦੀ ਹੈ ਜੋ ਪੜ੍ਹਨ ਤੋਂ ਪਹਿਲਾਂ ਸੀ।

***ਵਰਿਆਮ ਬਾਤਾਂ ਦਾ ਬਾਪੂ ਹੈ। ਉਹਨੂੰ ਪੰਜਾਬੀ ਕਹਾਣੀ ਦਾ ਮੁਕਟ ਕਿਹਾ ਜਾਂਦੈ। ਬਾਤਾਂ ਪਾਉਂਦਾ ਉਹ ਬਤੋਲੀਆਂ ਵੀ ਪਾ ਦਿੰਦੈ ਤੇ ਬੁਝਾਰਤਾਂ ਵੀ। ਲਿਸ਼-ਲਿਸ਼ ਕਰਦੀਆਂ ਨੇ ਉਹਦੀਆਂ ਲਿਖਤਾਂ। ਹੀਰੇ ਜਵਾਹਰਾਤ ਦੀ ਗੱਲ ਛੱਡੋ, ਉਹ ਕਥਾ-ਕਹਾਣੀਆਂ ਦਾ ਡਲ੍ਹਕਾਂ ਮਾਰਦਾ ਕੋਹੇਨੂਰ ਹੈ। ਉਹਦਾ ਕੱਦ ਵੀ ਲੰਮਾ ਹੈ, ਕਹਾਣੀਆਂ ਵੀ ਲੰਮੀਆਂ ਲਿਖਦੈ ਤੇ ਭਾਸ਼ਣ ਵੀ ਲੰਮੇ ਦਿੰਦੈ। ਪਰ ਨਾ ਉਹਦੀਆਂ ਕਹਾਣੀਆਂ ਲੰਮੀਆਂ ਲੱਗਦੀਆਂ ਨੇ ਤੇ ਨਾ ਭਾਸ਼ਣ ਲੰਮੇ। ਆਖੀਦੈ, ਕਿਤੇ ਛੇਤੀ ਨਾ ਮੁੱਕ ਜਾਣ। ਉਹਦੇ ਲਿਖਣ ਬੋਲਣ 'ਚ ਟੂਣੇਹਾਰੀ ਖਿੱਚ ਹੈ। ਕਿਹਾ ਜਾਂਦੈ, ਉਹਦੀ ਕਲਮ ਤੇ ਜ਼ੁਬਾਨ ਉਤੇ ਸਰਸਵਤੀ ਸਵਾਰ ਐ। ਉਹਦੀ ਗੱਲ-ਕਥ 'ਚ ਬਾਤਾਂ ਵਾਲੀ ਉਤਸੁਕਤਾ ਤਾਂ ਹੁੰਦੀ ਹੀ ਹੈ, ਬੀਰ ਰਸ ਵੀ ਹੁੰਦੈ, ਕਰੁਣਾ ਵੀ ਹੁੰਦੀ ਹੈ, ਹੈਰਾਨੀ ਵੀ ਤੇ ਹਾਸੇ ਮਖੌਲ ਦਾ ਰੰਗ ਵੀ। ਉਹ ਗੱਲਾਂ 'ਚੋਂ ਗੱਲ ਕੱਢਦਾ, ਢਾਈ ਨਾਲ ਢਾਈ ਮੇਲਦਾ ਤੁਰਿਆ ਜਾਂਦੈ। ਸੁਨੇਹਾ ਹਮੇਸ਼ਾਂ ਹਿੰਮਤ ਤੇ ਉਤਸ਼ਾਹ ਦਾ ਹੀ ਦਿੰਦੈ। ਹਰ ਪੱਖੋਂ ਹਾਂ ਪੱਖੀ। ਆ ਪਈਆਂ ਮੁਸੀਬਤਾਂ ਬਾਰੇ ਅਕਸਰ ਆਖਦੈ, "ਕਿਹੜੀ ਆਖਰ ਆ ਚੱਲੀ ਏ!"***

ਉਹ ਨਰੋਆ ਸੋਚਦਾ ਹੈ, ਵਧੀਆ ਲਿਖਦਾ ਹੈ, ਧੜੱਲੇਦਾਰ ਬੁਲਾਰਾ ਹੈ ਅਤੇ ਆਪਣੇ ਨੁਕਤਿਆਂ ਦੀ ਵਜ਼ਾਹਤ ਕਰਨ ਵਾਲਾ ਕੁਸ਼ਲ ਵਕੀਲ ਵੀ ਹੈ। ਉਹਦੇ ਸਟੇਜ ਸੰਚਾਲਨ ਵਿਚ ਮਜਾਲ ਹੈ ਕਿਤੇ ਕਾਣ ਆਵੇ।

ਇਸੇ ਅੰਕ ਵਿਚ ਪੰਜਾਬੀ ਦੇ ਨਾਮਵਰ ਆਲੋਚਕ ਡਾ. ਅਤਰ ਸਿੰਘ ਨੇ ਲਿਖਿਆ, "ਪੰਜਾਬ ਜਿਸ ਘੋਰ ਸੰਕਟ ਵਿਚੋਂ ਲੰਘਿਆ ਹੈ, ਉਸ ਦੀ ਥਾਹ ਅਜੇ ਕਿਸੇ ਨੇ ਨਹੀਂ ਪਾਈ। ਇਸ ਖੇਤਰ ਵਿਚ ਵਰਿਆਮ ਸੰਧੂ ਦੀਆਂ ਦੋ ਕਹਾਣੀਆਂ 'ਭੱਜੀਆਂ ਬਾਹੀਂ' ਅਤੇ 'ਮੈਂ ਹੁਣ ਠੀਕ ਠਾਕ ਹਾਂ' ਪੰਜਾਬੀ ਕਹਾਣੀ ਦੀ ਵਡਮੁੱਲੀ ਪ੍ਰਾਪਤੀ ਹਨ। ਇਨ੍ਹਾਂ ਕਹਾਣੀਆਂ ਵਿਚ ਸੰਕਟ ਦੀ ਵਿਰਾਟਤਾ ਅਤੇ ਇਸ ਤੋਂ ਉਤਪੰਨ ਹੋਈਆਂ ਅਨੇਕ ਪਰਤਾਂ ਨੇ ਮਾਨਵੀ ਪ੍ਰਸਥਿਤੀਆਂ ਤੇ ਪ੍ਰਵਿਰਤੀਆਂ ਨੂੰ ਸਾਕਾਰ ਕਰਨ ਲਈ ਪੰਜਾਬੀ ਲੇਖਕਾਂ ਤੇ ਬੁਧੀਜੀਵੀਆਂ ਲਈ ਬੜੇ ਬਿਖਮ ਚੈਲੰਜ ਪੈਦਾ ਕੀਤੇ ਹਨ। ਇਸ ਸੰਕਟ ਵਿਚ ਬਹੁਤੇ ਲੇਖਕ ਆਪਣੇ ਮਾਨਵੀ ਆਦਰਸ਼ਾਂ ਤੋਂ ਡੋਲ ਗਏ ਸਨ। ਉਨ੍ਹਾਂ ਦਾ ਸੰਬੋਧਨ ਮਾਨਵਤਾ ਦੀ ਥਾਂ ਸਿੱਖੀ ਮਾਨਸਿਕਤਾ ਤਕ ਸੀਮਿਤ ਹੋ ਕੇ ਰਹਿ ਗਿਆ ਸੀ। ਵਰਿਆਮ ਸੰਧੂ ਨੇ ਆਪਣੇ ਮਾਨਵਵਾਦੀ ਪਰਿਪੇਖ ਨੂੰ ਹੋਰ ਵੀ ਨਿਸ਼ਠਾ ਨਾਲ ਕਾਇਮ ਰੱਖਿਆ। ਉਸ ਦਾ ਸੰਬੋਧਨ ਪੰਜਾਬੀ ਜਾਂ ਭਾਰਤੀ ਮਾਨਸਿਕਤਾ ਤਕ ਸੀਮਤ ਨਹੀਂ ਰਿਹਾ ਸਗੋਂ ਸਮੁੱਚੀ ਮਾਨਵਤਾ ਤਕ ਫੈਲ ਗਿਆ। ਮੇਰੀ ਜਾਚੇ ਇਹ ਦੋਵੇਂ ਕਹਾਣੀਆਂ ਮਾਡਰਨ ਵਰਲਡ ਕਲਾਸਿਕਸ ਵਿਚ ਆਪਣਾ ਸਥਾਨ ਪ੍ਰਾਪਤ ਕਰਨ ਦੇ ਸਮਰੱਥ ਹਨ।"

ਡਾ. ਕੇਸਰ ਸਿੰਘ ਕੇਸਰ ਅਨੁਸਾਰ "ਸਮਕਾਲੀ ਪੰਜਾਬੀ ਕਹਾਣੀਕਾਰਾਂ ਵਿਚ ਵਰਿਆਮ ਸਿੰਘ ਸੰਧੂ ਇਕ ਉਘਾ ਨਾਂ ਹੈ। ਉਸ ਦੀ ਕਹਾਣੀ ਇਕੱਲੇ-ਦੁਕੱਲੇ ਪਾਤਰ ਜਾਂ ਇਕੱਲੀ-ਕਾਰੀ ਅਨੋਖੀ ਘਟਨਾ ਦੀ ਕਹਾਣੀ ਨਹੀਂ ਹੁੰਦੀ, ਸਗੋਂ ਪੰਜਾਬ ਦੀ ਪੂਰੀ ਦੀ ਪੂਰੀ ਕਲਚਰ, ਵਿਸ਼ੇਸ਼ ਤੌਰ 'ਤੇ ਪੰਜਾਬ ਦੀ ਅਤਿ-ਗਰੀਬ ਤੇ ਮੰਝਲੀ ਕਿਸਾਨੀ ਦੀ ਕਲਚਰ ਹੈ, ਜਿਹੜੀ ਅਜੋਕੇ ਭਾਰਤੀ ਬੁਰਜੂਆ ਸੰਸਕ੍ਰਿਤੀ ਤੇ ਰਾਜਨੀਤੀ ਦੇ ਸ਼ਿਕੰਜੇ ਤੋਂ ਆਜ਼ਾਦ ਹੋਣ ਲਈ ਇਕ ਚੇਤੰਨ ਵਿਦਰੋਹ ਦੇ ਰਾਹ ਪੈ ਚੁਕੀ ਹੈ। ਪੰਜਾਬੀ ਕਿਸਾਨੀ ਦੇ ਇਸ ਗੁੰਝਲਦਾਰ ਘੋਲ ਦੁਆਰਾ ਜੋ ਇਤਿਹਾਸ ਸਿਰਜਿਆ ਜਾ ਰਿਹਾ ਹੈ ਤੇ ਜੋ ਸਿਰਜਿਆ ਜਾਣਾ ਹੈ, ਉਸ ਦੀ ਦਵੰਦਾਤਮਕ ਗਤੀ ਤੇ ਦਿਸ਼ਾ ਨੂੰ ਸੰਧੂ ਨੇ ਜਿਸ ਕਲਾ ਕੌਸ਼ਲਤਾ ਨਾਲ ਪੇਸ਼ ਕੀਤਾ ਹੈ, ਉਸ ਤੋਂ ਕਿਹਾ ਜਾ ਸਕਦਾ ਹੈ ਕਿ ਇਹ ਕਹਾਣੀਆਂ ਸਾਧਾਰਨ ਮਨੁੱਖਾਂ ਦੀ ਸਾਧਾਰਣਤਾ ਜਾਂ ਲਘੂ ਮਾਨਵਾਂ ਦੀਆਂ ਨਹੀਂ, ਸਗੋਂ 'ਲੋਹੇ ਦੇ ਹੱਥਾਂ ਵਾਲੇ ਮਹਾਂ-ਮਾਨਵਾਂ' ਦੀਆਂ ਹਨ, ਉਨ੍ਹਾਂ ਦੇ ਅਸਾਧਾਰਣ ਸਿਰੜ, ਸਬਰ, ਅਣਖ ਤੇ ਰੋਹ ਦੀਆਂ ਕਹਾਣੀਆਂ ਹਨ।"

ਵਰਿਆਮ ਬਾਤਾਂ ਦਾ ਬਾਪੂ ਹੈ। ਉਹਨੂੰ ਪੰਜਾਬੀ ਕਹਾਣੀ ਦਾ ਮੁਕਟ ਕਿਹਾ ਜਾਂਦੈ। ਬਾਤਾਂ ਪਾਉਂਦਾ ਉਹ ਬਤੋਲੀਆਂ ਵੀ ਪਾ ਦਿੰਦੈ ਤੇ ਬੁਝਾਰਤਾਂ ਵੀ। ਲਿਸ਼-ਲਿਸ਼ ਕਰਦੀਆਂ ਨੇ ਉਹਦੀਆਂ ਲਿਖਤਾਂ। ਹੀਰੇ ਜਵਾਹਰਾਤ ਦੀ ਗੱਲ ਛੱਡੋ, ਉਹ ਕਥਾ-ਕਹਾਣੀਆਂ ਦਾ ਡਲ੍ਹਕਾਂ ਮਾਰਦਾ ਕੋਹੇਨੂਰ ਹੈ। ਉਹਦਾ ਕੱਦ ਵੀ ਲੰਮਾ ਹੈ, ਕਹਾਣੀਆਂ ਵੀ ਲੰਮੀਆਂ ਲਿਖਦੈ ਤੇ ਭਾਸ਼ਣ ਵੀ ਲੰਮੇ ਦਿੰਦੈ। ਪਰ ਨਾ ਉਹਦੀਆਂ ਕਹਾਣੀਆਂ ਲੰਮੀਆਂ ਲੱਗਦੀਆਂ ਨੇ ਤੇ ਨਾ ਭਾਸ਼ਣ ਲੰਮੇ। ਆਖੀਦੈ, ਕਿਤੇ ਛੇਤੀ ਨਾ ਮੁੱਕ ਜਾਣ। ਉਹਦੇ ਲਿਖਣ ਬੋਲਣ 'ਚ ਟੂਣੇਹਾਰੀ ਖਿੱਚ ਹੈ। ਕਿਹਾ ਜਾਂਦੈ, ਉਹਦੀ ਕਲਮ ਤੇ ਜ਼ੁਬਾਨ ਉਤੇ ਸਰਸਵਤੀ ਸਵਾਰ ਐ। ਉਹਦੀ ਗੱਲ-ਕਥ 'ਚ ਬਾਤਾਂ ਵਾਲੀ ਉਤਸੁਕਤਾ ਤਾਂ ਹੁੰਦੀ ਹੀ ਹੈ, ਬੀਰ ਰਸ ਵੀ ਹੁੰਦੈ, ਕਰੁਣਾ ਵੀ ਹੁੰਦੀ ਹੈ, ਹੈਰਾਨੀ ਵੀ ਤੇ ਹਾਸੇ ਮਖੌਲ ਦਾ ਰੰਗ ਵੀ। ਉਹ ਗੱਲਾਂ 'ਚੋਂ ਗੱਲ ਕੱਢਦਾ, ਢਾਈ ਨਾਲ ਢਾਈ ਮੇਲਦਾ ਤੁਰਿਆ ਜਾਂਦੈ। ਸੁਨੇਹਾ ਹਮੇਸ਼ਾਂ ਹਿੰਮਤ ਤੇ ਉਤਸ਼ਾਹ ਦਾ ਹੀ ਦਿੰਦੈ। ਹਰ ਪੱਖੋਂ ਹਾਂ ਪੱਖੀ। ਆ ਪਈਆਂ ਮੁਸੀਬਤਾਂ ਬਾਰੇ ਅਕਸਰ ਆਖਦੈ, "ਕਿਹੜੀ ਆਖਰ ਆ ਚੱਲੀ ਏ!"

ਮੈਂ ਜਦੋਂ ਵੀ ਉਹਦੇ ਨਾਲ ਹੋਏ ਆਪਣੇ ਮੇਲ-ਮਿਲਾਪ ਨੂੰ ਯਾਦ ਕਰਦਾ ਹਾਂ ਤਾਂ ਉਸ ਨੂੰ ਅਨੇਕਾਂ ਰੰਗਾਂ-ਰੂਪਾਂ ਵਿਚ ਵੇਖਦਾ ਹਾਂ। ਮੈਨੂੰ ਉਹਦਾ ਮਿਲਣਾ-ਗਿਲਣਾ ਹਰ ਵਾਰ ਪ੍ਰਭਾਵਿਤ ਕਰਦਾ ਰਿਹੈ। ਕਦੇ ਪੰਜਾਬ ਦੀਆਂ ਸਾਹਿਤ ਸਭਾਵਾਂ ਵਿਚ, ਕਦੇ ਕਾਲਜਾਂ ਦੇ ਸਮਾਗਮਾਂ ਵਿਚ, ਯੂਨੀਵਰਸਿਟੀਆਂ, ਸੈਮੀਨਾਰਾਂ, ਵਿਸ਼ਵ ਕਾਨਫਰੰਸਾਂ ਤੇ ਕਦੇ ਮੇਲਿਆਂ-ਗੇਲਿਆਂ ਵਿਚ। ਕਦੇ ਆਲਮੀ ਕਾਨਫਰੰਸ ਲਾਹੌਰ ਵਿਚ, ਕਦੇ ਸਿਆਟਲ, ਕਦੇ ਵੈਨਕੂਵਰ ਤੇ ਕਦੇ ਟੋਰਾਂਟੋ ਵਿਚ। ਸੰਭਵ ਹੈ, ਸ਼ਿਕਾਗੋ ਵੀ 'ਕੱਠੇ ਹੋਈਏ।

ਪੰਜਾਹ ਸਾਲਾਂ ਦੀ ਜਾਣ-ਪਛਾਣ ਹੈ, ਵਰਿਆਮ ਸਿੰਘ ਸੰਧੂ ਨਾਲ। ਦਸਾਂ ਸਾਲਾਂ ਤੋਂ ਉਹ ਬਰੈਂਪਟਨ ਵਿਚ ਰਹਿ ਰਿਹੈ ਤੇ ਮੈਂ ਵੀ ਸਤਾਰਾਂ ਸਾਲਾਂ ਤੋਂ ਉਥੇ ਹੀ ਹਾਂ। ਪੰਦਰੀਂ ਵੀਹੀਂ ਦਿਨੀਂ ਸਾਡੇ ਮਿਲਣ-ਗਿਲਣ ਦਾ ਸਬੱਬ ਆਮ ਹੀ ਬਣ ਜਾਂਦੈ। ਅੱਜ ਉਹਦੇ ਬਾਰੇ ਲਿਖਣ ਲੱਗਾ ਹਾਂ ਤਾਂ ਮੇਲ-ਮਿਲਾਪ ਦੀਆਂ ਅਨੇਕਾਂ ਯਾਦਾਂ ਉਮੜ ਆਈਆਂ ਹਨ ਜੋ ਲਿਖੀਆਂ ਜਾਣ ਲਈ ਖੌਰੂ ਪਾ ਰਹੀਆਂ ਹਨ। ਉਹਦੀਆਂ ਰਚਨਾਵਾਂ ਸਿਰ ਚੜ੍ਹ ਕੇ ਬੋਲ ਰਹੀਆਂ ਹਨ। ਪਤਾ ਨਹੀਂ ਲੱਗਦਾ ਕਿਹੜੀ ਗੱਲ ਕਿਥੋਂ ਸ਼ੂਰੂ ਕਰਾਂ? ਕਿਥੋਂ ਤੰਦ ਫੜਾਂ ਤੇ ਕਿਥੇ ਛੱਡਾਂ? ਜਿਵੇਂ ਉਹਦੀਆਂ ਕਥਾ-ਕਹਾਣੀਆਂ ਵਿਚ ਗੱਲ 'ਚੋਂ ਗੱਲ ਨਿਕਲੀ ਤੁਰੀ ਜਾਂਦੀ ਹੈ, ਮੈਨੂੰ ਲੱਗਦੈ ਉਵੇਂ ਉਹਦੇ ਇਸ ਰੇਖਾ ਚਿੱਤਰ ਵਿਚ ਵੀ ਇਹੋ ਕੁਝ ਹੋਵੇਗਾ। ਵਰਿਆਮ ਦੀਆਂ ਲੰਮੀਆਂ ਕਹਾਣੀਆਂ ਵਿਚ ਚਲੋ ਇਕ ਲੰਮੀ ਕਹਾਣੀ ਹੋਰ ਸਹੀ!

ਵਰਿਆਮ ਉਮਰ 'ਚ ਮੈਥੋਂ ਪੰਜ ਕੁ ਸਾਲ ਛੋਟਾ ਹੈ ਪਰ ਕੱਦ 'ਚ ਦੋ ਤਿੰਨ ਇੰਚ ਉਚਾ। ਮੈਨੂੰ ਉਹ 1965-66 'ਚ ਪੜ੍ਹਨ ਲੱਗਾ ਸੀ ਤੇ ਮੈਂ ਉਸ ਨੂੰ 70-71 ਵਿਚ। ਮੈਂ ਉਸ ਦਾ ਲਗਾਤਾਰ ਪਾਠਕ ਹਾਂ ਤੇ ਮੈਨੂੰ ਲੱਗਦੈ ਉਹ ਵੀ ਮੇਰਾ ਲਗਾਤਾਰ ਪਾਠਕ ਹੋਵੇਗਾ। 2013 ਵਿਚ ਉਸ ਨੇ ਮੇਰੇ ਬਾਰੇ 'ਪੰਜਾਬੀ ਵਾਰਤਕ ਦਾ ਉਚਾ ਬੁਰਜ' ਪੁਸਤਕ ਸੰਪਾਦਿਤ ਕੀਤੀ ਤਾਂ ਉਸ ਦੇ ਮੁੱਖ ਬੰਦ ਵਿਚ ਲਿਖਿਆ, "ਲਿਖਣ ਦੇ ਮੈਦਾਨ ਵਿਚ ਪੈਰ ਧਰਦਿਆਂ ਸਰਵਣ ਸਿੰਘ ਨੇ ਪੈਂਦੀ ਸੱਟੇ ਸੋਲਾਂ ਹੱਥ ਲੰਮੀ ਛਾਲ ਮਾਰੀ ਤਾਂ 'ਦਰਸ਼ਕਾਂ' ਨੂੰ ਹੈਰਾਨੀ-ਭਰੀ ਖੁਸ਼ੀ ਹੋਈ। ਇਨ੍ਹਾਂ ਪਾਠਕ 'ਦਰਸ਼ਕਾਂ' ਵਿਚ ਮੈਂ ਵੀ ਸਾਂ। 1960ਵਿਆਂ ਦੌਰਾਨ 'ਆਰਸੀ' ਵਿਚ ਖਿਡਾਰੀਆਂ ਬਾਰੇ ਉਹਦੇ ਰੇਖਾ ਚਿਤਰ ਛਪਣ ਲੱਗੇ ਤਾਂ ਉਹਦੀ ਲਿਖਤ ਦੀ ਜਾਦੂਗਰੀ ਨੇ ਮੈਨੂੰ ਵੀ ਕੀਲ ਲਿਆ। ਗੁਰਬਚਨ ਰੰਧਾਵੇ ਬਾਰੇ ਉਹਦਾ ਪਹਿਲਾ ਆਰਟੀਕਲ 'ਆਰਸੀ' ਵਿਚ ਛਪਿਆ, 'ਮੁੜ੍ਹਕੇ ਦਾ ਮੋਤੀ'। ਗੁਰਬਚਨ ਦਾ ਇਸ ਵਿਚ ਅਜਿਹਾ ਜੀਵੰਤ ਚਿਤਰ ਖਿੱਚਿਆ ਹੋਇਆ ਸੀ ਕਿ ਸਾਹਮਣੇ ਸੱਚਮੁਚ ਦੀ ਫਿਲਮ ਚੱਲਦੀ ਨਜ਼ਰ ਆਉਣ ਲੱਗੀ। ਆਪਣੇ ਮਝੈਲ 'ਭਾਊ' ਬਾਰੇ ਘਿਓ-ਗੁੱਝੀ ਚੂਰੀ ਵਰਗਾ ਬਿਰਤਾਂਤ ਪੜ੍ਹ ਕੇ ਸਰਵਣ ਸਿੰਘ ਨਾਲ ਪੈਂਦੀ ਸੱਟੇ ਅਪਣੱਤ ਦਾ ਰਿਸ਼ਤਾ ਜੁੜ ਗਿਆ। ਅਗਲਾ ਰੇਖਾ-ਚਿਤਰ ਸੀ ਪਰਵੀਨ ਕੁਮਾਰ ਬਾਰੇ 'ਧਰਤੀ ਧੱਕ'। ਪਰਵੀਨ ਸਾਡਾ ਬੇਲੀ ਸੀ। 1962-64 ਵਿਚ ਮੈਂ ਸਰਹਾਲੀ ਤੋਂ ਜੇ. ਬੀ. ਟੀ. ਕੀਤੀ ਸੀ। ਪਰਵੀਨ ਉਦੋਂ ਸਰਹਾਲੀ ਦੇ ਖਾਲਸਾ ਸਕੂਲ ਵਿਚ ਨੌਵੀਂ ਦਾ ਵਿਦਿਆਰਥੀ ਸੀ। ਅਸੀਂ ਰੋਜ਼ ਮਿਲਦੇ ਤੇ ਹਾਸਾ ਠੱਠਾ ਚੱਲਦਾ। 'ਧਰਤੀ ਧੱਕ' ਪੜ੍ਹ ਕੇ ਸਾਨੂੰ ਲੱਗਾ ਸਾਡਾ ਪਰਵੀਨ ਉਹ ਸਾਰੇ ਹਾਸੇ ਠੱਠੇ, ਜਿਹੜੇ ਸਰਵਣ ਸਿੰਘ ਨੇ ਬਿਆਨ ਕੀਤੇ ਸਨ, ਸਾਡੇ ਨਾਲ ਹੀ ਕਰਦਾ ਤੁਰਿਆ ਫਿਰਦਾ ਹੈ। ਮੇਰੇ ਲਈ ਵਰਤੇ ਜਾਣ ਵਾਲੇ ਅਲੰਕਾਰ ਨਾਲ ਉਹ ਪਤਲੂਣ ਪਾਈ ਕਿਸੇ ਪਤਲੀਆਂ ਲੱਤਾਂ ਵਾਲੇ ਸਾਥੀ ਅਥਲੀਟ ਦੀ 'ਵਡਿਆਈ' ਕਰ ਰਿਹਾ ਸੀ, 'ਲੱਤਾਂ ਵੇਖ, ਜਿਵੇਂ ਝੋਲੇ 'ਚ ਪੰਪ ਪਾਇਆ ਹੁੰਦਾ!'

ਮੈਂ ਤੇ ਮੇਰਾ ਦੋਸਤ ਭੁਪਿੰਦਰ ਚੜ੍ਹੇ ਮਹੀਨੇ ਅੰਬਰਸਰ ਪਹੁੰਚ ਕੇ 'ਆਰਸੀ' ਹੱਥ ਹੇਠਾਂ ਕਰਦੇ। ਸਾਨੂੰ ਸਰਵਣ ਸਿੰਘ ਦੇ ਖੇਡ ਨਾਇਕਾਂ ਨੂੰ ਮਿਲਣ ਦੀ ਕਾਹਲ, ਖੁਤਖੁਤੀ ਤੇ ਖਿੱਚ ਹੁੰਦੀ। ਉਦੋਂ 'ਪ੍ਰੀਤ ਲੜੀ' ਨੂੰ ਛੇਤੀ ਖਰੀਦਣਾ ਤੇ ਪੜ੍ਹਨਾ ਸਾਡੀ ਪਹਿਲ ਹੁੰਦੀ ਸੀ ਪਰ ਸਰਵਣ ਸਿੰਘ ਦੀ ਲਿਖਤ ਦੀ ਧੂਹਵੀਂ ਖਿੱਚ ਨੇ 'ਆਰਸੀ' ਪਹਿਲੇ ਨੰਬਰ 'ਤੇ ਲੈ ਆਂਦੀ। ਉਹ ਮੇਰਾ ਚਹੇਤਾ ਲੇਖਕ ਬਣ ਗਿਆ ਸੀ। ਉਹਦੀ ਲਿਖਤ ਮੈਂ ਚਾਹਤ ਨਾਲ ਉਡੀਕਦਾ ਤੇ ਉਡ ਕੇ ਪੜ੍ਹਦਾ। ਗੁਰਬਖਸ਼ ਸਿੰਘ ਪ੍ਰੀਤ ਲੜੀ ਜੇ ਉਨ੍ਹਾਂ ਦਿਨਾਂ ਵਿਚ ਮੇਰੇ 'ਦਿਮਾਗ' ਦੇ ਨੇੜੇ ਸੀ ਤਾਂ ਸਰਵਣ ਸਿੰਘ ਮੇਰੇ 'ਦਿਲ' ਦੇ ਨੇੜੇ ਹੋ ਗਿਆ।"

ਮੇਰਾ ਤੇ ਵਰਿਆਮ ਦਾ ਪਿਛੋਕੜ ਇਕੋ ਜਿਹਾ ਹੈ। ਨਿਮਨ ਕਿਰਸਾਣੀ ਵਾਲਾ, ਪੇਂਡੂ ਸਭਿਆਚਾਰ ਵਾਲਾ, ਸਿੱਖੀ ਦੀ ਸਮਾਜਵਾਦੀ ਸੈਕੂਲਰ ਸੋਚ ਵਾਲਾ ਪਰ ਲੋੜ ਪੈਣ ਉਤੇ ਜਟਕੀ ਟੈਂਅ ਵਾਲਾ। ਮੇਰੇ ਵਡੇਰੇ ਉਹਦੇ ਪਿੰਡ ਸੁਰਸਿੰਘ ਲਾਗਿਓਂ ਸਰਹਾਲੀ ਤੋਂ ਉਠ ਕੇ ਮਾਲਵੇ ਦੇ ਪਿੰਡ ਚਕਰ ਆ ਗਏ ਸਨ। ਮਾਝੇ ਦਾ ਮਾੜਾ-ਮੋਟਾ ਅਸਰ ਮੇਰੇ 'ਤੇ ਵੀ ਹੈ। ਵਰਿਆਮ ਸੰਧੂ ਆਪਣੇ ਸਾਹਿਤਕ ਪਿਛੋਕੜ ਦੀ ਜਾਣਕਾਰੀ ਇੰਜ ਦਿੰਦੈ, "ਮੇਰਾ ਇਹ ਦਾਅਵਾ ਹਰਗਿਜ਼ ਨਹੀਂ ਕਿ ਮੋਗੇ ਦੇ ਖਾਨਦਾਨੀ ਵੈਦਾਂ ਦੀ 'ਵੈਦਗੀ' ਵਾਂਗ ਸਾਹਿਤਕਾਰੀ ਵੀ ਮੈਨੂੰ 'ਵਿਰਾਸਤ' ਵਿਚ ਮਿਲੀ ਹੈ! ਜਿੱਥੋਂ ਤੱਕ ਮੇਰਾ ਧਿਆਨ ਜਾਂਦਾ ਹੈ, ਮੇਰੇ ਨਾਨਕਿਆਂ ਤੇ ਦਾਦਕਿਆਂ-ਦੋਹਾਂ ਪਰਿਵਾਰਾਂ ਵਿਚੋਂ ਮੇਰਾ ਪਿਓ ਪਹਿਲਾ ਆਦਮੀ ਸੀ ਜਿਸ ਨੇ ਸੱਤ ਜਮਾਤਾਂ ਪਾਸ ਕੀਤੀਆਂ ਅਤੇ ਆਪਣੇ ਖਾਨਦਾਨ ਵਿਚੋਂ ਮੈਂ ਪਹਿਲਾ ਆਦਮੀ ਸਾਂ ਜਿਸ ਨੇ ਦਸ ਜਮਾਤਾਂ ਪਾਸ ਕੀਤੀਆਂ। ਇੰਜ ਪੜ੍ਹਨ-ਲਿਖਣ ਦਾ ਨਿਸਚੈ ਹੀ ਮੇਰਾ ਕੋਈ ਗੌਰਵਸ਼ਾਲੀ ਪਿਛੋਕੜ ਨਹੀਂ।"

ਉਹ ਕਹਿੰਦਾ ਹੈ, "ਮਾਝੇ ਦੀ ਧੁੰਨੀ ਦੇ ਨਾਮ ਨਾਲ ਪ੍ਰਸਿੱਧ, ਜਿਸ ਇਲਾਕੇ ਵਿਚ ਮੈਂ ਜੰਮਿਆ ਪਲਿਆ ਤੇ ਪ੍ਰਵਾਨ ਚੜ੍ਹਿਆ ਉਸ ਭੁਗੋਲਿਕ ਖਿੱਤੇ ਵਿਚ 'ਤੇਗ ਦੇ ਧਨੀ' ਤਾਂ ਬਹੁਤ ਹੋਏ ਪਰ 'ਕਲਮ ਦਾ ਧਨੀ' ਕੋਈ ਵਿਰਲਾ ਹੀ ਹੋਇਆ। ਪਹਿਲਾਂ ਲਾਹੌਰ, ਆਜ਼ਾਦੀ ਪਿੱਛੋਂ ਅੰਮ੍ਰਿਤਸਰ ਅਤੇ ਹੁਣ ਵਾਲੇ ਜ਼ਿਲ੍ਹੇ ਤਰਨਤਾਰਨ ਵਿਚਲੇ ਮੇਰੇ ਆਪਣੇ ਪਿੰਡ ਸੁਰਸਿੰਘ ਦੇ ਭਾਈ ਬਿਧੀ ਚੰਦ ਅਤੇ ਭਾਈ ਮਹਾਂ ਸਿੰਘ ਤੋਂ ਇਲਾਵਾ ਮਾਈ ਭਾਗੋ (ਝਬਾਲ), ਜੱਸਾ ਸਿੰਘ ਰਾਮਗੜ੍ਹੀਆ, ਨਵਾਬ ਕਪੂਰ ਸਿੰਘ (ਸਿੰਘਪੁਰਾ), ਸ਼ਹੀਦ ਭਾਈ ਤਾਰੂ ਸਿੰਘ (ਪੂਹਲਾ), ਸ਼ਹੀਦ ਬਾਬਾ ਦੀਪ ਸਿੰਘ (ਪਹੂਵਿੰਡ), ਸੁੱਖਾ ਸਿੰਘ (ਮਾੜੀ ਕੰਬੋਕੇ), ਬਾਬਾ ਬੀਰ ਸਿੰਘ ਆਦਿ ਅਨੇਕ ਸ਼ਹੀਦਾਂ ਸੂਰਮਿਆਂ ਦੀਆਂ ਯਾਦਾਂ ਨਾਲ ਸਬੰਧਤ ਪਿੰਡ ਇੱਕ ਦੂਜੇ ਦੀ ਵੱਖੀ ਨਾਲ ਵੱਖੀ ਲਾਈ ਖੜੋਤੇ ਹਨ। ਇਨ੍ਹਾਂ ਸੂਰਮਿਆਂ ਦੇ ਖੜਕਦੇ ਖੰਡਿਆਂ ਤੇ ਲਿਸ਼ਕਦੀਆਂ ਤਲਵਾਰਾਂ ਤੋਂ ਪਾਰ ਕਸੂਰ ਵਿਚ ਬਾਬਾ ਬੁੱਲੇ ਸ਼ਾਹ ਵੀ ਹੁਣ ਨਜ਼ਰੀਂ ਪੈ ਰਿਹਾ ਹੈ ਅਤੇ ਪਰ੍ਹੇ ਰਾਵੀ ਤੋਂ ਪਾਰ ਬਾਬਾ ਨਾਨਕ ਆਪਣੀ ਬਾਣੀ ਅਲਾਪ ਰਿਹਾ ਹੈ। ਇਹ ਦੋਵੇਂ ਸ਼ਾਇਰ ਭਾਵੇਂ ਸਮੁੱਚੀ ਪੰਜਾਬੀ ਕੌਮ ਦੀ ਮਹਾਨ ਵਿਰਾਸਤ ਹਨ ਪਰ ਮੈਨੂੰ ਲੇਖਕ ਬਣਾਉਣ ਵਿਚ ਇਨ੍ਹਾਂ ਦਾ ਕੋਈ ਤਤਕਾਲੀ ਰੋਲ ਨਹੀਂ।

ਉਂਜ ਵੀ ਜੱਟ ਭਾਈਚਾਰੇ ਦਾ ਮੁੱਖ ਕੰਮ ਮਾਲ-ਡੰਗਰ ਸਾਂਭਣਾ ਤੇ ਖੇਤੀ ਕਰਨਾ ਰਿਹਾ ਹੈ। ਪੜ੍ਹਨ-ਲਿਖਣ ਤੋਂ ਬਿਨਾ ਹੀ ਸਾਰ ਲੈਣ ਵਿਚ ਇਸ ਭਾਈਚਾਰੇ ਨੂੰ ਕਦੇ ਬਹੁਤਾ ਉਜਰ ਨਹੀਂ ਰਿਹਾ। ਹਾਂ, ਸਾਡੇ ਸੰਧੂ ਵਡੇਰਿਆਂ ਵਿਚੋਂ ਬਾਬਾ ਜੱਲ੍ਹਣ ਜ਼ਰੂਰ ਇੱਕ ਸ਼ਾਇਰ ਹੋਇਆ ਹੈ ਜਿਸ ਦੀ ਹਾਸ-ਰਸੀ ਖੜਕਵੀਂ ਕਵਿਤਾ ਦੀ ਮਿਸਾਲ ਪੰਜਾਬੀ ਸਾਹਿਤ ਦੇ ਇਤਿਹਾਸ ਵਿਚੋਂ ਮਿਲ ਜਾਂਦੀ ਹੈ। ਮੇਰੇ ਵਡੇਰਿਆਂ ਦੇ ਪਿੰਡ ਭਡਾਣਾ ਦੇ ਗੁਆਂਢੀ ਪਿੰਡ ਨੌਸ਼ਹਿਰਾ-ਢਾਲਾ ਵਿਚ ਪੈਦਾ ਹੋਏ ਬਾਬੇ ਜੱਲ੍ਹਣ ਨਾਲ ਜ਼ਰੂਰ ਮੇਰੀ ਕਿਤੇ ਨਾ ਕਿਤੇ ਜਾ ਕੇ ਖ਼ੂਨ ਦੀ ਸਾਂਝ ਬਣ ਜਾਂਦੀ ਹੋਣੀ ਹੈ ਕਿਉਂਕਿ 'ਭਡਾਣਾ' ਅਤੇ 'ਨੌਸ਼ਹਿਰਾ' ਦੋਵੇਂ ਸੰਧੂਆਂ ਦੇ ਵਸਾਏ ਪਿੰਡ ਹਨ। ਸੰਧੂ ਕਾਦਰਯਾਰ ਵਾਂਗ ਸੰਧੂ ਜੱਲ੍ਹਣ ਜੱਟ ਮੇਰੇ ਗੋਤੀ ਅਤੇ ਭਾਈਚਾਰਕ 'ਮਾਣ' ਦਾ ਕਾਰਨ ਤਾਂ ਹੋ ਸਕਦੇ ਹਨ ਪਰ ਮੈਨੂੰ ਲੇਖਕ ਬਣਾਉਣ ਵਿਚ ਉਨ੍ਹਾਂ ਦਾ ਕੋਈ ਯੋਗਦਾਨ ਨਹੀਂ ਆਖਿਆ ਜਾ ਸਕਦਾ। ਕਸੂਰ ਦੇ ਨੇੜਲੇ ਪਿੰਡ ਕਾਦੀਵਿੰਡ ਦਾ ਜੰਮਪਲ ਸ਼੍ਰੋਮਣੀ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਭਾਵੇਂ ਪਿੱਛੋਂ ਜਾ ਕੇ ਇੱਕ ਬਹੁਤ ਮਾਣਯੋਗ ਨਾਵਲਕਾਰ ਵਜੋਂ ਵੀ ਉਭਰਿਆ; ਪਰ ਮੇਰੇ ਲਿਖਣ ਵਾਲੇ ਮੁੱਢਲੇ ਸਾਲਾਂ ਵਿਚ ਅਸੀਂ ਉਸ ਨੂੰ ਸਿਰਫ ਢਾਡੀ ਵਾਰਾਂ ਦੇ ਲੇਖਕ ਵਜੋਂ ਹੀ ਜਾਣਦੇ ਹੁੰਦੇ ਸਾਂ।

ਤਾਂ ਕੀ ਮੈਂ ਰੱਬ ਵੱਲੋਂ 'ਵਰੋਸਾਈ' ਕੋਈ ਸ਼ਖ਼ਸੀਅਤ ਹਾਂ?

ਕਿਸੇ ਵਿਅਕਤੀ ਨੂੰ ਪ੍ਰਾਪਤ ਵਾਤਾਵਰਣ/ਪਰਿਵੇਸ਼ ਜਿੱਥੇ ਉਸ ਦੀ ਸ਼ਖਸੀਅਤ ਦੀ ਉਣਤਰ-ਬਣਤਰ ਵਿਚ ਅਹਿਮ ਯੋਗਦਾਨ ਪਾਉਂਦਾ ਹੈ, ਉਥੇ ਉਹ ਆਪਣੇ ਮਾਪਿਆਂ ਤੋਂ ਪ੍ਰਾਪਤ ਜੀਨਜ਼ ਰਾਹੀਂ, ਪੀੜ੍ਹੀ-ਦਰ-ਪੀੜ੍ਹੀ ਦੂਰ ਤੱਕ, ਆਪਣੇ ਖਾਨਦਾਨੀ ਵਡੇਰਿਆਂ ਤੋਂ ਵੀ ਅਜਿਹੇ ਸਰੀਰਕ/ਮਾਨਸਿਕ ਗੁਣ-ਲੱਛਣ ਗ੍ਰਹਿਣ ਕਰਦਾ ਹੈ, ਜਿਨ੍ਹਾਂ ਦਾ ਉਸ ਦੀ ਸ਼ਖਸੀਅਤ ਦੀ ਉਸਾਰੀ ਵਿਚ ਗੁੱਝਾ ਅਤੇ ਸਹਿਜ ਯੋਗਦਾਨ ਵੀ ਅਣਗੌਲਿਆ ਨਹੀਂ ਕੀਤਾ ਜਾ ਸਕਦਾ।"

---

ਆਮ ਲੇਖਕਾਂ/ਆਲੋਚਕਾਂ ਦਾ ਕਹਿਣਾ ਹੈ ਕਿ ਵਰਿਆਮ ਬੜਾ ਧੀਮਾ ਲਿਖਦੈ। ਕਈ-ਕਈ ਮਹੀਨੇ ਕੀ, ਕਈ-ਕਈ ਸਾਲ ਨਹੀਂ ਲਿਖਦਾ। ਕਈ ਤਾਂ ਇਹ ਵੀ ਕਹਿੰਦੇ ਸੁਣ ਜਾਂਦੇ ਨੇ ਕਿ ਲਿਖਣ ਵੱਲੋਂ ਹੁਣ ਵਰਿਆਮ ਦਾ ਚੱਕਾ ਜਾਮ ਹੋ ਚੁਕੈ! ਰਾਮ ਸਰੂਪ ਅਣਖੀ ਨੇ 'ਵਰਿਆਮ ਅੰਕ' ਵਿਚ 'ਮੇਰਾ ਮਹਿਬੂਬ ਕਥਾਕਾਰ ਵਰਿਆਮ ਸਿੰਘ ਸੰਧੂ' ਸਿਰਲੇਖ ਹੇਠ ਲਿਖਿਆ, "ਵਰਿਆਮ ਸਿੰਘ ਸੰਧੂ ਸਾਡੇ ਸਮਿਆਂ ਦਾ ਘੱਟ ਲਿਖਣ ਵਾਲਾ ਵੱਡਾ ਕਹਾਣੀਕਾਰ ਹੈ। ਉਹ ਦੂਜਿਆਂ ਦੀ ਚੰਗੀ ਰਚਨਾ ਪੜ੍ਹ ਕੇ ਤਾਰੀਫ ਕਰਦਾ ਹੈ ਜਦਕਿ ਉਹਦੀ ਰਚਨਾ ਦੀ ਕੋਈ ਤਾਰੀਫ ਕਰੇ ਤਾਂ ਸ਼ਰਮਾ ਜਾਂਦਾ ਹੈ। ਕਿਸੇ ਵੱਡੇ ਲੇਖਕ ਦਾ ਇਹ ਵੀ ਗੁਣ ਹੁੰਦਾ ਹੈ ਕਿ ਉਹ ਹੋਰਨਾਂ ਦਾ ਵੀ ਪ੍ਰਸ਼ੰਸਕ ਹੋਵੇ। ਵਰਿਆਮ ਸੰਧੂ ਦੀ ਜਿਨ੍ਹਾਂ ਨੇ ਵੀ ਨਿੰਦਿਆ ਕੀਤੀ, ਆਪ ਛੋਟੇ ਹੋ ਗਏ। ਉਹ ਉਥੇ ਦਾ ਉਥੇ ਖੜ੍ਹਾ ਹੈ, ਥੰਮ੍ਹ ਵਾਂਗ।"

ਅਣਖੀ ਨੇ ਅਗਾਂਹ ਲਿਖਿਆ, "ਪੰਜਾਬੀ ਦੇ ਬਹੁਤ ਘੱਟ ਲੇਖਕ ਹਨ, ਜਿਨ੍ਹਾਂ ਦੀ ਹਰ ਕਹਾਣੀ ਮੈਂ ਪੜ੍ਹਦਾ ਹਾਂ। ਵਰਿਆਮ ਸੰਧੂ ਦੀ ਹਰ ਕਹਾਣੀ ਪੜ੍ਹਨੀ ਕੀ ਔਖੀ ਹੈ? ਉਹ ਸਾਲ ਵਿਚ ਮਸਾਂ ਇੱਕ ਕਹਾਣੀ ਲਿਖਦਾ, ਕਿਸੇ-ਕਿਸੇ ਸਾਲ ਦੋ ਵੀ ਲਿਖ ਦਿੰਦਾ ਹੈ। ਮੈਂ ਕੀ, ਕੌਣ ਹੈ ਜੋ ਵਰਿਆਮ ਸੰਧੂ ਦੀ ਹਰ ਕਹਾਣੀ ਨਹੀਂ ਪੜ੍ਹਦਾ?"

2011 ਵਿਚ ਉਸ ਨੂੰ 'ਹੁਣ' ਮੈਗਜ਼ੀਨ ਵਾਲਿਆਂ ਨੇ 'ਗੱਲਾਂ' ਕਾਲਮ ਲਈ ਪਹਿਲੀ ਗੱਲ ਪੁੱਛੀ ਸੀ, "ਕੁਝ ਚਿਰ ਹੋਇਆ ਜਦੋਂ 'ਹੁਣ' ਨੇ ਤੁਹਾਨੂੰ ਕੋਈ ਨਵੀਂ ਰਚਨਾ ਭੇਜਣ ਲਈ ਕਿਹਾ ਸੀ ਤਾਂ ਤੁਹਾਡਾ ਉਤਰ ਸੀ ਕਿ ਅੱਜ ਕੱਲ੍ਹ 'ਚੱਕਾ ਜਾਮ' ਹੋ ਗਿਆ ਹੈ। ਕੀ ਚੱਕਾ ਜਾਮ ਦੀ ਇਹ ਕਿਰਿਆ ਹਰ ਲੇਖਕ ਨਾਲ ਵਾਪਰਦੀ ਹੈ?"

ਵਰਿਆਮ ਸੰਧੂ ਦਾ ਜਵਾਬ ਉਹਦੀ ਕਹਾਣੀ ਵਾਂਗ ਹੀ ਲੰਮਾ ਸੀ, "ਮੇਰਾ ਤਾਂ ਸਦਾ ਈ ਚੱਕਾ ਜਾਮ ਰਿਹੈ। ਮੈਂ 1960 ਦੇ ਨਜ਼ਦੀਕ ਲਿਖਣਾ ਸ਼ੁਰੂ ਕੀਤਾ ਸੀ। 1960-70 ਦਾ ਦਹਾਕਾ ਮੇਰੇ ਲਿਖਣ ਦਾ ਸਿਖਾਂਦਰੂ ਦੌਰ ਕਿਹਾ ਜਾ ਸਕਦਾ ਹੈ। ਜਦੋਂ ਅਜੇ ਪਤਾ ਨਹੀਂ ਸੀ 'ਲਿਖਣਾ ਚੀਜ਼ ਕੀ ਹੁੰਦੀ ਹੈ' ਉਦੋਂ ਬੜਾ ਲਿਖਿਆ। ਕਵਿਤਾ ਵੀ ਲਿਖੀ, ਕਹਾਣੀਆਂ ਵੀ ਤੇ ਇੱਕ ਨਾਵਲ ਵੀ। ਪਰ ਜਦੋਂ ਥੋੜ੍ਹੀ ਥੋੜ੍ਹੀ ਅਕਲ ਜਿਹੀ ਆਉਣ ਲੱਗੀ ਤਾਂ ਪਤਾ ਲੱਗਾ ਕਿ ਲਿਖਣਾ ਕੋਈ ਛੋਕਰਿਆਂ ਦੀ ਖੇਡ ਨਹੀਂ। 'ਲੋਹੇ ਦੇ ਹੱਥ' ਕਹਾਣੀ-ਸੰਗ੍ਰਹਿ (1971) ਪ੍ਰਕਾਸ਼ਿਤ ਕਰਨਾ ਸੀ ਤਾਂ ਉਦੋਂ ਤੱਕ ਲਿਖੀਆਂ

***(ਬਾਕੀ ਅਗਲੇ ਸਫੇ 'ਤੇ)***

ਗਈਆਂ ਲਗਭਗ ਪੰਜ ਦਰਜਨ ਕਹਾਣੀਆਂ ਦੇ 'ਥੱਬੇ' ਵਿਚੋਂ ਚੋਣ ਕਰਨੀ ਪਈ ਤਾਂ ਮਸਾਂ ਅੱਸੀ ਕੁ ਕਿਤਾਬੀ ਸਫਿਆਂ ਜੋਗੀਆਂ ਦਸ ਕੁ ਕਹਾਣੀਆਂ ਹੀ ਕੰਮ ਦੀਆਂ ਲੱਭੀਆਂ। ਬਾਕੀ ਕਹਾਣੀਆਂ ਅਤੇ ਲਿਖਿਆ ਹੋਇਆ ਹੋਰ ਮਸਾਲਾ ਮੈਂ ਮਾਂ ਨੂੰ ਚੁੱਲ੍ਹੇ ਵਿਚ ਅੱਗ ਬਾਲਣ ਲਈ ਸਹਾਇਕ ਸਮੱਗਰੀ ਦੇ ਤੌਰ 'ਤੇ ਵਰਤਣ ਲਈ ਦੇ ਦਿੱਤਾ। ਉਸ ਤੋਂ ਬਾਅਦ ਮੈਂ ਬਹੁਤ ਹੀ ਧੀਮੀ ਗਤੀ ਨਾਲ ਲਿਖਿਆ। 1970 ਤੋਂ 2010 ਤੱਕ ਚਾਲੀ ਸਾਲਾਂ ਵਿਚ ਕੇਵਲ ਚਵ੍ਹੀ ਕਹਾਣੀਆਂ ਲਿਖੀਆਂ ਹਨ। ਪਹਿਲਾਂ ਵੀ ਕਈ ਵਾਰ ਕਹਾਣੀ ਲਿਖਣ ਵਿਚ ਤਿੰਨ ਤੋਂ ਪੰਜ ਸਾਲ ਤੱਕ ਦਾ ਵਕਫਾ ਪੈ ਜਾਂਦਾ ਸੀ ਪਰ ਜਿਹੜੇ 'ਚੱਕਾ-ਜਾਮ' ਦੀ ਤੁਸੀਂ ਗੱਲ ਕਰ ਰਹੇ ਓ, ਇਹ 2000 ਸੰਨ ਤੋਂ ਬਾਅਦ ਦਾ ਸਮਾਂ ਹੈ। ਇਸ ਦੌਰ ਵਿਚ ਮੈਂ ਕਈ ਸਾਲ ਕਹਾਣੀ ਨਹੀਂ ਲਿਖੀ। ਉਂਜ ਇਨ੍ਹਾਂ ਸਾਲਾਂ ਵਿਚ ਮੈਂ ਅਸਲੋਂ ਚੁੱਪ ਕਰਕੇ ਨਹੀਂ ਬੈਠਾ ਰਿਹਾ। ਇਕ ਸਫਰਨਾਮਾ 'ਵਗਦੀ ਏ ਰਾਵੀ' ਲਿਖਿਆ। ਪੰਜਾਬੀ ਯੂਨੀਵਰਸਿਟੀ ਲਈ 'ਸਾਹਿਤਕ ਸਵੈਜੀਵਨੀ' ਲਿਖੀ। ਆਪਣੇ ਜੀਵਨ ਦੇ ਸੰਕਟਕਾਲੀਨ ਸਮਿਆਂ ਨੂੰ ਸਵੈਜੀਵਨਕ ਬਿਰਤਾਂਤ ਵਿਚ ਉਲੀਕਿਆ। ਆਲੋਚਨਾ ਵੀ ਕੀਤੀ ਤੇ ਆਲੋਚਨਾ ਦੀਆਂ ਦੋ ਕਿਤਾਬਾਂ 'ਪੜ੍ਹਿਆ-ਵਾਚਿਆ' ਅਤੇ 'ਨਾਵਲਕਾਰ ਸੋਹਣ ਸਿੰਘ ਸੀਤਲ' ਵੀ ਛਪੀਆਂ। ਹਾਂ, ਕਹਾਣੀ ਮੈਂ ਨਾ ਲਿਖੀ। ਤੁਸੀਂ ਪੁੱਛਦੇ ਹੋ, ਕੀ ਚੱਕਾ ਜਾਮ ਦੀ ਇਹ ਕਿਰਿਆ ਹਰ ਲੇਖਕ ਨਾਲ ਵਾਪਰਦੀ ਹੈ? ਸੁਣਿਆਂ ਤਾਂ ਇੰਜ ਹੀ ਹੈ ਕਿ ਹੋਰਾਂ ਨਾਲ ਵੀ ਕਦੀ-ਕਦੀ ਇੰਜ ਵਾਪਰਦੀ ਹੈ। ਹਰੇਕ ਦੇ ਕਾਰਨ ਵੀ ਵੱਖਰੇ-ਵੱਖਰੇ ਹੋਣਗੇ। ਮੈਂ ਤਾਂ ਆਪਣੇ ਬਾਰੇ ਹੀ ਦੱਸ ਸਕਦਾਂ। ਮੇਰੀ ਆਪਣੀ ਸਦਾ ਹੀ ਸਮੱਸਿਆ ਰਹੀ ਹੈ ਕਿ ਮੈਂ ਨਾ ਤਾਂ 'ਹਰ-ਵਰ੍ਹਿਆਈ' ਮੱਝ ਵਾਂਗ ਹਰ ਸਾਲ ਕੋਈ ਕਿਤਾਬ ਸੂਣ ਦੀ ਕਦੀ ਯੋਜਨਾ ਬਣਾਈ ਹੈ ਤੇ ਨਾ ਹੀ ਉਤੋੜਿਤੀ ਬੱਚਿਆਂ ਦੇ ਢੇਰ ਜਣਨ ਵਾਂਗ ਵੱਡੀ ਗਿਣਤੀ ਵਿਚ 'ਕਹਾਣੀਆਂ' ਜਣਨ ਦੀ ਕਦੀ ਕੋਈ ਅਭਿਲਾਸ਼ਾ ਰਹੀ ਹੈ। ਕਾਰਨ ਇਸ ਦਾ ਇਹ ਸੀ ਕਿ ਮੈਨੂੰ ਸਮਝ ਪੈ ਗਈ ਸੀ ਕਿ ਨਿਰੀ 'ਗਿਣਤੀ' ਕੋਈ ਅਰਥ ਨਹੀਂ ਰੱਖਦੀ। ਜਿਉਂ ਜਿਉਂ ਸਮਾਂ ਅੱਗੇ ਤੁਰਦਾ ਰਿਹਾ, ਤਿਉਂ ਤਿਉਂ ਮੈਨੂੰ ਲੱਗਦਾ ਰਿਹਾ ਕਿ ਲਿਖਣਾ ਤਾਂ ਕੰਮ ਈ ਬੜਾ ਔਖਾ ਹੈ। ਐਵੇਂ ਝੱਖ ਮਾਰਨ ਨਾਲੋਂ ਮੈਂ ਚੁੱਪ ਰਹਿਣਾ ਬਿਹਤਰ ਸਮਝਦਾ ਰਿਹਾ। ਸੋਚਦਾਂ, ਜੇ ਪੰਜਾਹ ਕਹਾਣੀਆਂ ਲਿਖ ਕੇ ਵੀ, ਮਸਾਂ ਮਰ ਕੇ, 'ਮੰਨੀਆਂ' ਜਾਂ 'ਪਰਵਾਨੀਆਂ' ਤਾਂ ਪੰਜ ਕੁ ਹੀ ਜਾਣੀਆਂ ਨੇ ਤਾਂ ਵਾਧੂ ਦੀਆਂ ਪੰਜਤਾਲੀ ਕਹਾਣੀਆਂ ਲਿਖ ਕੇ ਆਪਣਾ ਤੇ ਪਾਠਕਾਂ ਦਾ ਸਮਾਂ ਖਰਾਬ ਕਿਉਂ ਕਰਨਾ ਹੋਇਆ! ਮੈਂ ਇਹ ਵੀ ਸੋਚਦਾ ਹਾਂ ਕਿ ਪੰਜਾਬੀ ਕਹਾਣੀ ਵਿਚ ਜੇ ਕੁਝ ਨਵਾਂ ਤੇ ਵੱਖਰਾ ਜੋੜ ਨਹੀਂ ਸਕਦਾ ਤੇ ਆਪਣੇ ਹੀ ਕਾਇਮ ਕੀਤੇ ਮਿਆਰ ਦੇ ਬਰਾਬਰ ਉਤਰ ਨਹੀਂ ਸਕਦਾ ਤਾਂ ਮੇਰੀ ਖਾਮੋਸ਼ੀ ਨਾਲ ਪੰਜਾਬੀ ਕਹਾਣੀ ਦਾ ਕੁਝ ਵਿਗੜਨ ਨਹੀਂ ਲੱਗਾ। ਇਹ ਵੱਖਰੀ ਗੱਲ ਹੈ ਕਿ ਦਰਜਨ ਭਰ ਕਹਾਣੀਆਂ ਮੇਰੇ ਅੰਦਰ ਹਰ ਵੇਲੇ ਕੁਲਬੁਲਾਉਂਦੀਆਂ ਰਹਿੰਦੀਆਂ ਨੇ। ਪਰ ਜਦੋਂ ਮੈਂ ਕਲਮ ਚੁੱਕਣ ਲੱਗਦਾਂ ਤਾਂ ਮੇਰੀਆਂ ਪਹਿਲੀਆਂ ਕਹਾਣੀਆਂ ਦੇ ਕੱਦ, ਉਨ੍ਹਾਂ ਨੂੰ ਪਾਠਕਾਂ-ਆਲੋਚਕਾਂ ਵੱਲੋਂ ਮਿਲੀ ਵਿਆਪਕ ਪ੍ਰਵਾਨਗੀ ਤੇ ਪ੍ਰਸ਼ੰਸਾ ਕਰਕੇ ਲਿਖਣ ਤੋਂ ਡਰਨ ਲੱਗਦਾਂ। ਇਹ ਡਰ ਮੈਨੂੰ ਸਦਾ ਹੀ ਕਲਮ ਚੁੱਕਣ ਤੋਂ ਰੋਕ ਦਿੰਦਾ ਰਿਹਾ ਹੈ।

ਮੈਂ ਸਾਲਾਂ ਬੱਧੀ ਮਨ ਵਿਚ ਹੀ ਕਹਾਣੀਆਂ ਲਿਖਦਾ ਰਿਹਾਂ। ਜਦੋਂ ਮੈਨੂੰ ਭਰੋਸਾ ਹੁੰਦਾ ਰਿਹਾ ਕਿ ਹਾਂ, ਹੁਣ ਗੱਲ ਬਣ ਗਈ ਹੈ, ਤਾਂ ਹੀ ਕਹਾਣੀ ਨੂੰ ਕਾਗਜ਼ 'ਤੇ ਉਤਾਰਦਾ ਰਿਹਾਂ। ਇਸ ਲਈ ਮੈਂ ਹਰੇਕ ਕਹਾਣੀ ਤੋਂ ਬਾਅਦ ਚੰਗੀ ਕਹਾਣੀ ਦਾ ਨਵਾਂ ਮਾਪ-ਦੰਡ ਆਪ ਹੀ ਆਪਣੇ ਲਈ ਸਿਰਜ ਲੈਂਦਾ ਰਿਹਾਂ। ਪਿਛਲੇ ਦਹਾਕੇ 'ਚ ਇਹ ਖੌਫ ਕੁਝ ਜ਼ਿਆਦਾ ਹੀ ਸਤਾਉਣ ਲੱਗਾ ਤਾਂ ਮੈਂ ਕਹਾਣੀ ਤੋਂ ਥੋੜ੍ਹੀ ਟੇਢ ਵੱਟ ਕੇ ਵਾਰਤਕ ਵੱਲ ਮੋੜਾ ਪਾ ਲਿਆ। ਮੇਰੇ ਮਨ ਵਿਚ ਬੜੇ ਸਾਲਾਂ ਦੀ ਕੁਲਬਲਾਹਟ ਹੈ ਕਿ ਮੈਂ ਨਾਵਲ ਲਿਖਾਂ, ਪਰ ਨਾਵਲ ਵੀ ਕਹਾਣੀ ਵਾਂਗ ਨਵਾਂ ਤੇ ਵੱਖਰਾ ਹੋਵੇ। ਇਹ ਵੀ ਕਿਹੜਾ ਸੌਖਾ ਕੰਮ ਹੈ! ਕੀ ਲਿਖਾਂ? ਕਹਾਣੀ ਕਿ ਨਾਵਲ? ਇਸ ਦੁਬਿਧਾ ਵਿਚੋਂ ਵੀ ਨਿਕਲਣਾ ਔਖਾ ਸੀ। ਸੋਚਦਾ ਰਿਹਾ, ਸੋਚੀ ਗਿਆ ਪਰ ਰਾਹ ਨਾ ਲੱਭਾ। ਸੋ ਖਾਮੋਸ਼ ਰਿਹਾ। ਫਿਰ ਇਹ ਵੀ ਖਿਆਲ ਆਉਂਦਾ ਕਿ ਲਿਖ-ਲਿਖ ਕੇ ਅੱਗੇ ਕਿਹੜੇ ਪਹਾੜ ਢਾਹ ਲਏ ਨੇ! ਜੇ ਤੇਰੇ ਮਨ ਵਿਚ ਲਿਖ ਕੇ ਕੋਈ 'ਅਮਰ ਹੋਣ' ਦੀ ਇੱਛਾ ਹੈ ਤਾਂ ਇਹ ਵੀ ਐਵੇਂ ਭਰਮ ਹੈ। ਇਥੇ ਕੌਣ ਕਿਸੇ ਨੂੰ ਯਾਦ ਰੱਖਦਾ ਹੈ। ਵੱਡੇ ਵੱਡੇ 'ਲੱਦ ਗਏ', ਉਨ੍ਹਾਂ ਦਾ ਕੋਈ ਨਾਂ ਤੱਕ ਨਹੀਂ ਲੈਂਦਾ। ਤੂੰ ਕਿਸ ਬਾਗ ਦੀ ਮੂਲੀ ਏਂ! ਫਿਰ ਏਨੇ ਨਾਲ ਹੀ ਤਸੱਲੀ ਹੋ ਜਾਂਦੀ ਕਿ ਜਿੰਨਾ ਲਿਖਿਆ ਏ, ਉਹਦੇ ਤੋਂ ਜਿੰਨਾ ਮਾਣ-ਸਨਮਾਨ ਮਿਲ ਗਿਆ, ਉਹੋ ਹੀ ਬਹੁਤ ਹੈ। ਜਿੰਨਾ ਨ੍ਹਾਤੀ ਓਨਾ ਪੁੰਨ!

ਪਰ ਇਨ੍ਹਾਂ ਵਰ੍ਹਿਆਂ ਵਿਚ ਮੇਰੇ ਕਹਾਣੀ ਦੇ ਪਾਠਕ ਮੇਰੇ ਕੋਲੋਂ ਬੜੀ ਤੀਬਰਤਾ ਨਾਲ ਕਹਾਣੀ ਦੀ ਉਮੀਦ ਤੇ ਮੰਗ ਰੱਖਦੇ ਰਹੇ। ਮੈਂ ਉਪਰ ਦੱਸੇ ਬਹਾਨਿਆਂ ਨਾਲ ਉਨ੍ਹਾਂ ਨੂੰ ਤੇ ਆਪਣੇ ਆਪ ਨੂੰ ਟਾਲਦਾ ਰਿਹਾ। ਇਹ ਵੀ ਆਖਦਾ ਕਿ ਮੇਰਾ ਤਾਂ ਹੁਣ 'ਸਵਾਰੀ' ਕਰਨ ਨੂੰ ਮਨ ਈ ਨਹੀਂ ਕਰਦਾ। ਪਰ ਹਕੀਕਤ ਇਹ ਸੀ, ਬਹਾਨਾ ਭਾਵੇਂ ਕੋਈ ਹੋਵੇ, ਮੇਰਾ ਚੱਕਾ ਜਾਮ ਹੋਇਆ ਪਿਆ ਸੀ। ਮੇਰੇ ਕੁਝ 'ਸ਼ੁਭ-ਚਿੰਤਕਾਂ' ਦੀ ਇਕ ਛੋਟੀ ਜਿਹੀ ਜੁੰਡਲੀ ਬੜੇ ਚਿਰ ਤੋਂ ਮੇਰੀ ਖਾਮੋਸ਼ੀ ਨੂੰ ਬਹਾਨਾ ਬਣਾ ਕੇ ਇਹ ਸਾਬਤ ਕਰਨ 'ਤੇ ਲੱਗੀ ਹੋਈ ਸੀ ਕਿ ਮੈਂ ਕੋਈ 'ਮਰਿਆ-ਮੁੱਕਿਆ' ਤੇ 'ਭੁੱਲਿਆ-ਵਿੱਸਰਿਆ' ਕਹਾਣੀਕਾਰ ਹੋ ਗਿਆਂ। ਪਿਛਲੇ ਸਾਲ ਉਨ੍ਹਾਂ ਕੁਝ ਜ਼ਿਆਦਾ ਹੀ ਰੌਲਾ ਪਾਇਆ ਤਾਂ ਮੇਰੇ ਅੰਦਰ ਖੌਲ ਰਹੀਆਂ ਕਹਾਣੀਆਂ ਮੇਰੇ ਨਾਲ ਗੁੱਸੇ ਹੋ ਕੇ ਆਖਣ ਲੱਗੀਆਂ, 'ਇੰਜ ਮਿਹਣੇ ਈ ਸੁਣਦਾ ਰਹੇਂਗਾ ਕਿ ਸਾਨੂੰ ਬਾਹਰ ਆਉਣ ਦਾ ਰਾਹ ਵੀ ਦੇਵੇਂਗਾ! ਅੰਦਰੇ ਈ ਨਾ ਮਾਰ ਸੁੱਟੀਂ। ਸਾਨੂੰ ਬਾਹਰ ਆਉਣ ਦੇਹ।' ਤੇ ਮੈਂ ਕਹਾਣੀਆਂ ਨੂੰ ਬਾਹਰ ਆਉਣ ਲਈ ਰਾਹ ਦੇ ਦਿੱਤਾ ਹੈ। ਇਸ ਨਾਲ ਮੇਰੇ ਚੱਕੇ ਨੂੰ ਤੇਲ ਮਿਲ ਗਿਆ ਤੇ ਹੁਣ ਇਹ ਮੁੜ ਤੋਂ ਰਵਾਂ ਹੋ ਗਿਐ।"



ਡਾ. ਸਰਦਾਰਾ ਸਿੰਘ ਜੌਹਲ, ਵਰਿਆਮ ਸਿੰਘ ਸੰਧੂ ਵੱਲੋਂ ਸੰਪਾਦਤ ਪੁਸਤਕ 'ਪੰਜਾਬੀ ਵਾਰਤਕ ਦਾ ਉਚਾ ਬੁਰਜ ਸਰਵਣ ਸਿੰਘ' ਰਿਲੀਜ਼ ਕਰਦੇ ਹੋਏ। ਨਾਲ ਖੜ੍ਹੇ ਹਨ ਜਸਵੰਤ ਸਿੰਘ ਕੰਵਲ, ਪ੍ਰਿੰਸੀਪਲ ਸਰਵਣ ਸਿੰਘ ਤੇ ਅਮਰਦੀਪ ਕਾਲਜ ਮੁਕੰਦਪੁਰ ਦੇ ਬਾਨੀ ਗੁਰਚਰਨ ਸਿੰਘ ਸ਼ੇਰਗਿੱਲ।

ਸ਼ੁਕਰ ਹੈ, ਵਰਿਆਮ ਦਾ ਚੱਕਾ ਮੁੜ ਤੋਂ ਰਵਾਂ ਹੋ ਗਿਐ! ਜੇ ਜਾਮ ਨਾ ਹੁੰਦਾ ਫੇਰ ਭਲਾ ਕੀ ਹੁੰਦਾ? ਫੇਰ ਤਾਂ 'ਨ੍ਹੇਰੀ ਲਿਆ ਦੇਣੀ ਸੀ ਵੀਰ ਮੇਰੇ ਨੇ। ਹੋ ਸਕਦੈ ਗਿੱਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿਚ ਐਂਟਰੀ ਪਾਉਣੀ ਪੈਂਦੀ! ਆਓ ਰਤਾ ਚੱਕਾ ਜਾਮ ਹੋਏ ਵਰਿਆਮ ਦੀਆਂ ਰਚੀਆਂ ਰਚਨਾਵਾਂ 'ਤੇ ਝਾਤ ਮਾਰੀਏ। ਉਹਦੀਆਂ ਪ੍ਰਕਾਸ਼ਤ ਪੁਸਤਕਾਂ 'ਚ ਵੱਖ-ਵੱਖ ਸਾਹਿਤ ਰੂਪਾਂ ਦੇ ਤਿੰਨ ਦਰਜਨ ਦੇ ਕਰੀਬ ਟਾਈਟਲ ਪਏ ਦਿਸਦੇ ਹਨ। ਉਹ ਕਹਾਣੀਕਾਰ ਹੀ ਨਹੀਂ, ਸਗੋਂ ਸਰਬਾਂਗੀ ਸਾਹਿਤਕਾਰ ਹੈ। ਸੰਪਾਦਕ ਹੈ, ਆਲੋਚਕ ਹੈ, ਸਫਰਨਾਮੀਆ, ਖੋਜਕਾਰ, ਨਿਬੰਧਕਾਰ, ਜੀਵਨੀਕਾਰ, ਸਵੈਜੀਵਨੀਕਾਰ ਤੇ ਇਤਿਹਾਸਕਾਰ ਵੀ ਹੈ। ਅਨੁਵਾਦਕ ਬਣਨਾ ਹੀ ਬਾਕੀ ਹੈ! ਕੀ ਪਤਾ ਮਨ ਵਿਚਲੀ ਕੁਲਬਲਾਹਟ ਨਾਵਲ ਵੀ ਲਿਖਵਾ ਦੇਵੇ?

ਜੇ ਇਕ ਬੰਨੇ ਕਹਾਣੀਆਂ ਦੇ ਟਾਈਟਲ: 'ਲੋਹੇ ਦੇ ਹੱਥ', 'ਅੰਗ-ਸੰਗ', 'ਭੱਜੀਆਂ ਬਾਹੀਂ', 'ਚੌਥੀ ਕੂਟ', 'ਚੋਣਵੀਆਂ ਕਹਾਣੀਆਂ', 'ਤਿਲ-ਫੁੱਲ', 'ਤਿਲ-ਫੁੱਲ ਤੇ ਹੋਰ ਕਹਾਣੀਆਂ', ਸ਼ਾਹਮੁਖੀ ਲਿਪੀ ਵਿਚ 'ਦਲਦਲ', ਹਿੰਦੀ ਵਿਚ 'ਚੌਥੀ ਦਿਸ਼ਾ', 'ਵਰਿਆਮ ਸਿੰਹ ਸੰਧੂ ਕੀ ਸ੍ਰੇਸ਼ਠ ਕਹਾਨੀਆਂ', 'ਵਾਪਸੀ' ਅਤੇ ਅੰਗਰੇਜ਼ੀ ਵਿਚ ਛਪੇ ਦੋ ਕਹਾਣੀ ਸੰਗ੍ਰਿਹ 'ਸਿਲੈਕਟਿਡ ਸ਼ੌਰਟ ਸਟੋਰੀਜ਼ ਆਫ ਵਰਿਆਮ ਸਿੰਘ ਸੰਧੂ' ਤੇ 'ਦਿ ਫੋਰਥ ਡਾਇਰੈਕਸ਼ਨ ਐਂਡ ਅਦਰ ਸਟੋਰੀਜ਼' ਪਏ ਹਨ ਤਾਂ ਦੂਜੇ ਬੰਨੇ ਸੰਪਾਦਿਤ ਸੰਗ੍ਰਿਹ 'ਕਰਵਟ', 'ਕਥਾ-ਧਾਰਾ', 'ਆਤਮ-ਅਨਾਤਮ', 'ਕਥਾ-ਰੰਗ', 'ਆਜ਼ਾਦੀ ਤੋਂ ਬਾਅਦ ਦੀ ਪੰਜਾਬੀ ਕਹਾਣੀ', 'ਪੰਜਾਬੀ ਕਹਾਣੀ ਆਲੋਚਨਾ-ਰੂਪ ਤੇ ਰੁਝਾਨ', 'ਦਾਇਰਾ', 'ਵੀਹਵੀਂ ਸਦੀ ਦੀ ਪੰਜਾਬੀ ਵਾਰਤਕ', 'ਭਗਤ ਸਿੰਘ ਦੀ ਪਛਾਣ', 'ਅਲਵਿਦਾ! ਗੁਰਬਖਸ਼ ਸਿੰਘ ਬੰਨੋਆਣਾ', 'ਪੰਜਾਬੀ ਵਾਰਤਕ ਦਾ ਉਚਾ ਬੁਰਜ ਸਰਵਣ ਸਿੰਘ' ਅਤੇ ਸੁਰ ਸਿੰਘ ਦੇ ਗਦਰੀ ਯੋਧਿਆਂ ਦੀ ਯਾਦ ਵਿਚ ਗਦਰ ਸ਼ਤਾਬਦੀ ਕਮੇਟੀ ਟੋਰਾਂਟੋ ਤੇ ਦੇਸ਼ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਪ੍ਰਕਾਸ਼ਤ ਸਾਲ-2013 ਦੇ ਕੈਲੰਡਰ ਵਾਸਤੇ 'ਗਦਰ ਪਾਰਟੀ ਦਾ ਸੰਖੇਪ ਇਤਿਹਾਸ' ਆਦਿ ਪਏ ਹਨ। 'ਗਦਰ ਸ਼ਤਾਬਦੀ ਕੈਲੰਡਰ' ਵਿਚ ਗਦਰ ਲਹਿਰ ਦੀਆਂ ਅਹਿਮ ਘਟਨਾਵਾਂ ਨੂੰ ਤਾਰੀਕਵਾਰ ਲਿਖਿਆ ਗਿਆ ਜਿਸ ਦੀਆਂ 75 ਹਜ਼ਾਰ ਕਾਪੀਆਂ ਲੋਕਾਂ ਦੇ ਘਰਾਂ ਦਾ ਸ਼ਿੰਗਾਰ ਬਣੀਆਂ।

ਇਤਿਹਾਸਕਾਰ ਵਜੋਂ 'ਗਦਰ ਲਹਿਰ ਦੀ ਗਾਥਾ' ਤੇ 'ਗਦਰੀ ਬਾਬੇ ਕੌਣ ਸਨ' ਪੁਸਤਕਾਂ ਪਈਆਂ ਹਨ। ਜੀਵਨੀਕਾਰ ਵਜੋਂ 'ਗਦਰੀ ਜਰਨੈਲ ਕਰਤਾਰ ਸਿੰਘ ਸਰਾਭਾ', 'ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ', 'ਕੁਸ਼ਤੀ ਦਾ ਧਰੂ-ਤਾਰਾ ਕਰਤਾਰ', ਹਿੰਦੀ ਵਿਚ 'ਕੁਸ਼ਤੀ ਕਾ ਧਰੁਵ-ਤਾਰਾ ਕਰਤਾਰ ਸਿੰਹ' ਜੀਵਨੀਆਂ ਤੇ ਮੇਰੀ ਸਾਹਿਤਕ ਸਵੈਜੀਵਨੀ ਪਈ ਹੈ, ਉਥੇ 'ਗੁਫਾ ਵਿਚਲੀ ਉਡਾਣ' ਵਰਗਾ ਸਵੈਜੀਵਨਕ ਬਿਰਤਾਂਤ ਵੀ ਪਿਆ ਹੈ। ਦੋ ਸਫਰਨਾਮੇ 'ਪਰਦੇਸੀ ਪੰਜਾਬ' ਤੇ 'ਵਗਦੀ ਏ ਰਾਵੀ' ਪਏ ਦਿਸਦੇ ਹਨ। ਆਲੋਚਕ ਵਜੋਂ 'ਕੁਲਵੰਤ ਸਿੰਘ ਵਿਰਕ ਦਾ ਕਹਾਣੀ ਸੰਸਾਰ', 'ਨਾਵਲਕਾਰ ਸੋਹਣ ਸਿੰਘ ਸੀਤਲ-ਸਮਾਜ ਸ਼ਾਸ਼ਤਰੀ ਪਰਿਪੇਖ' ਅਤੇ 'ਪੜ੍ਹਿਆ-ਵਾਚਿਆ' ਪੁਸਤਕਾਂ ਦੇ ਟਾਈਟਲ ਪਏ ਦਿਸਦੇ ਹਨ। ਭਾਰਤੀ ਭਾਸ਼ਾਵਾਂ ਦੀਆਂ ਚੋਟੀ ਦੀਆਂ ਕਹਾਣੀਆਂ ਦੇ ਅੰਗਰੇਜ਼ੀ ਸੰਗ੍ਰਿਹ ਵਿਚ ਪੰਜਾਬੀ ਦੀ ਇਕੋ ਇਕ ਕਹਾਣੀ ਵਰਿਆਮ ਸੰਧੂ ਦੀ ਹੀ ਸ਼ਾਮਲ ਕੀਤੀ ਗਈ ਹੈ।

ਉਸ ਦੀਆਂ ਕਹਾਣੀਆਂ 'ਤੇ ਆਧਾਰਤ ਸਟੇਜੀ ਨਾਟਕ ਤੇ ਰੇਡੀਓ ਨਾਟਕ ਖੇਡੇ ਜਾ ਰਹੇ ਹਨ ਅਤੇ ਟੈਲੀ ਫਿਲਮਾਂ ਵਿਖਾਈਆਂ ਜਾ ਰਹੀਆਂ ਹਨ। ਨੈਸ਼ਨਲ ਅਵਾਰਡ ਜੇਤੂ ਫਿਲਮ 'ਚੌਥੀ ਕੂਟ' ਨੂੰ ਵਿਸ਼ਵ ਪੱਧਰੀ ਫਿਲਮ ਜਗਤ 'ਚ ਮਾਨਤਾ ਮਿਲੀ ਹੈ। ਉਸ ਦੀ ਕਹਾਣੀ ਕਲਾ ਬਾਰੇ ਹੋਰਨਾਂ ਲੇਖਕਾਂ/ਆਲੋਚਕਾਂ ਵੱਲੋਂ ਲਿਖੀਆਂ ਪੁਸਤਕਾਂ ਦੀ ਗਿਣਤੀ ਹੀ ਦਰਜਨ ਦੇ ਕਰੀਬ ਹੈ। ਉਹਦੀ ਕਹਾਣੀ ਕਲਾ ਉਤੇ ਦਰਜਨ ਕੁ ਖੋਜ ਪ੍ਰਬੰਧ (ਥੀਸਸ) ਵੀ ਲਿਖੇ ਜਾ ਚੁਕੇ ਹਨ। ਉਹਦੀਆਂ ਕਿਤਾਬਾਂ, ਕਹਾਣੀਆਂ ਤੇ ਫੁਟਕਲ ਰਚਨਾਵਾਂ ਸਕੂਲਾਂ ਤੇ ਯੂਨੀਵਰਸਿਟੀਆਂ ਦੇ ਕੋਰਸਾਂ ਵਿਚ ਪੜ੍ਹਾਈਆਂ ਜਾ ਰਹੀਆਂ ਹਨ। ਵਰਿਆਮ ਸਿੰਘ ਸੰਧੂ ਬਤੌਰ ਕਹਾਣੀਕਾਰ ਆਈ. ਏ. ਐਸ. ਦੇ ਇਮਤਿਹਾਨਾਂ ਲਈ ਸਿਲੇਬਸ ਵਿਚ ਸ਼ਾਮਲ ਹੈ। ਗਦਰ ਲਹਿਰ ਬਾਰੇ ਉਹ ਪ੍ਰਾਈਮ ਏਸ਼ੀਆ ਟੀ. ਵੀ. ਚੈਨਲ 'ਤੇ ਸਵਾ ਸੌ ਘੰਟਿਆਂ ਤੋਂ ਵੱਧ ਦੀ ਰਿਕਾਰਡਿੰਗ ਕਰਾ ਚੁਕੈ। 2012 ਤੋਂ 17 ਤੱਕ ਕਾਲਜਾਂ, ਯੂਨੀਵਰਸਿਟੀਆਂ ਅਤੇ ਵਿਦੇਸ਼ੀ ਮੰਚਾਂ ਉਤੇ ਗਦਰ ਲਹਿਰ ਬਾਰੇ ਸੌ ਦੇ ਕਰੀਬ ਭਾਸ਼ਣ ਦੇ ਚੁਕੈ। ਕਹਾਣੀ ਉਤਸਵ ਤੇ ਗਦਰੀ ਮੇਲੇ ਕਰਵਾ ਚੁਕੈ। ਨਾਲ 'ਸੀਰਤ' ਮੈਗਜ਼ੀਨ ਚਲਾਈ ਜਾਂਦੈ। ਰੇਡੀਓ, ਟੀ. ਵੀ. ਲਈ ਇੰਟਰਵਿਊ ਵੀ ਦੇਈ ਜਾ ਰਿਹੈ ਤੇ ਪਾਠਕਾਂ/ਸਰੋਤਿਆਂ ਦੇ ਰੂਬਰੂ ਵੀ ਹੋਈ ਜਾ ਰਿਹੈ। ਅਜੇ ਉਹਦਾ ਚੱਕਾ ਜਾਮ ਐ! ਕਾਸ਼! ਉਹਦੇ ਸਮਕਾਲੀ ਲੇਖਕਾਂ ਦਾ ਵੀ ਉਹਦੇ ਵਾਂਗ ਚੱਕਾ ਜਾਮ ਹੋਵੇ!

*(ਚਲਦਾ)*

## ਕਾਵਿ ਜਗਤ

### ਦਿਲ ਦਾ ਹਾਲ

ਮੁਹੱਬਤ ਦੇ ਵਿਚੋਂ ਤਰਾਸ਼ੀ
ਮੂਰਤ ਤੂੰ ਬੁੱਤਾਂ ਵਰਗੀ।
ਹਾਸੇ ਤੇਰੇ ਮਹਿਕਾਂ ਵੰਡਣ
ਬਦਲਦੀ ਰੁੱਤਾਂ ਵਰਗੀ।
ਸੁਪਨਿਆਂ ਦਾ ਮਹਿਲ ਬਣਾ ਕੇ
ਆ ਯਾਦਾਂ ਵਿਚ ਜੜ੍ਹੀਏ ਨੀ।
ਦਿਲ ਦਾ ਤੂੰ ਹਾਲ ਸੁਣਾ ਦੇ
ਬਹਿ ਜਾ ਪਲ ਅੜੀਏ ਨੀ।

ਰਾਹੀ ਮੈਂ ਸੁੰਨੇ ਰਾਹ ਦਾ
ਮੰਜ਼ਿਲ ਤੈਨੂੰ ਮੰਨ ਬੈਠਾ।
ਖਿਲਰੇ ਜੋ ਪਏ ਸੀ ਮਣਕੇ
ਧਾਗੇ ਵਿਚ ਬੰਨ ਬੈਠਾ।
ਅੱਖਾਂ ਦੀ ਪਾਈ ਬੁਝਾਰਤ
ਚਿਹਰੇ ਤੋਂ ਪੜ੍ਹੀਏ ਨੀ...।

ਨੀ ਤੇਰੇ ਸੰਗ ਜਿਉਣ ਵਾਲਾ
ਸੁਪਨਾ ਮੈਂ ਬੁਣ ਲਿਆ ਏ।
ਤੇਰੇ ਅਤੇ ਜ਼ਿੰਦਗੀ ਵਿਚੋਂ
ਤੈਨੂੰ ਹੀ ਚੁਣ ਲਿਆ ਏ।
ਦਿਲ ਨਾ ਤੂੰ ਤੋੜ ਦੀਂ ਕਿਧਰੇ
ਫੁੱਲਾਂ ਦੀ ਕਲੀਏ ਨੀ...।

ਤੇਰੇ ਪਿਆਰ 'ਚ 'ਆਲੀਕੇ'
ਚਾਹੁੰਦਾ ਏ ਖੁਦ ਨੂੰ ਰੰਗਣਾ ਨੀ।
'ਬਲਜਿੰਦਰ' ਦੇ ਨਾਮ ਦਾ ਤੂੰ ਵੀ
ਪਾ ਲੈ ਬਾਹੀਂ ਕੰਗਣਾ ਨੀ।
ਸੰਗ ਜਿਉਣ ਦਾ ਵਾਅਦਾ ਕਰਕੇ
ਹੱਥ ਇੱਕ ਦੂਜੇ ਦਾ ਫੜੀਏ ਨੀ।
ਦਿਲ ਦਾ ਤੂੰ ਹਾਲ ਸੁਣਾ ਦੇ
ਬਹਿ ਜਾ ਪਲ ਅੜੀਏ ਨੀ।

*-ਬਲਜਿੰਦਰ ਆਲੀਕੇ*
*ਫੋਨ: 91-94645-62678*

---

### ਵਾਪਸੀ

ਇੱਕ ਸੂਰਜ ਦੀ ਸੋਹਣੀ ਜਾਈ,
ਪੋਲੇ ਪੈਰੀਂ ਪੂਰਬ ਤੋਂ ਆਈ,
ਉਂਗਲ ਫੜ੍ਹ ਮੇਰੀ ਉਹ ਬੋਲੀ
ਚੜ੍ਹਦੇ ਦੀ ਮੈਂ ਕਿਰਨ ਪਲੇਠੀ,
ਘਰ ਚੱਲ ਤੈਨੂੰ ਲੈਣ ਮੈਂ ਆਈ।

ਜੰਦਰੇ ਲੱਗੇ ਘਰ ਦੇ ਬੰਨੇ,
ਕਾਂ ਪਿਆ ਦੱਸੇ ਤੇਰਾ ਆਉਣਾ,
ਆਪਣੀ ਕਾਂ ਕਾਂ ਆਪੇ ਸੁਣਦਾ,
ਚੂਰੀ ਦੇ ਸੁਪਨੇ ਪਿਆ ਬੁਣਦਾ,
ਤੇਰੇ ਆਉਣ ਦੀ ਦੇਵੇ ਗਵਾਹੀ।

ਇੱਕ ਚਿੜੀਆਂ ਦਾ ਜੋੜਾ ਉਥੇ,
ਚੂੰ ਚੂੰ ਕਰਦਾ ਕੁਝ ਪਿਆ ਲੱਭੇ,
ਭੋਰ ਕੇ ਰੋਟੀ ਕੋਈ ਨਾ ਸੁੱਟੇ,
ਫਿਰ ਵੀ ਵਿਹੜਾ ਨਾ ਉਹ ਛੱਡੇ,
ਘਰ ਦੀ ਰਾਖੀ ਉਨ੍ਹਾਂ ਲਾਈ।

ਧੁੱਪ ਵਿਚਾਰੀ, ਗੂੰਗੀ ਬੋਲੀ,
ਸਿਰ ਸੁੱਟ ਵਿਹੜੇ ਫੇਰਾ ਪਾਵੇ,
ਲੱਭੇ ਵਾਣ ਦੀ ਢਿੱਲ੍ਹੀ ਮੰਜੀ,
ਬੈਠਾ ਕੋਈ ਨਜ਼ਰ ਨਾ ਆਵੇ,
ਵਕਤ ਦੀ ਗਾਥਾ ਸਮਝ ਨਾ ਪਾਈ।

ਘਰ ਕੱਖਾਂ ਦਾ, ਨਿੱਘ ਲੱਖਾਂ ਦਾ,
ਕੰਧ ਰੀਝਾਂ ਦੀ, ਛੱਤ ਖਾਬਾਂ ਦੀ,
ਬੂਹੇ ਬਾਰੀਆਂ, ਘਰ ਦੀਆਂ ਅੱਖਾਂ
ਵਾਂਗ ਮਾਂਵਾਂ ਦੇ ਰਾਹ ਦੇਖਦੀਆਂ,
ਬਿਨ ਮਾਲੀ ਦੇ ਰੁਲੇ ਖੁਦਾਈ।

*-ਦਿਲਜੋਧ ਸਿੰਘ, ਵਿਸਕਾਨਸਿਨ*
*diljodh@yahoo.com*

---

### ਜੀਵਨ ਪੰਧ ਪਰਵਾਸੀ ਦਾ

ਪਹਿਲਾਂ ਖੁਦ ਨੂੰ ਪਰਵਾਸੀ ਅਖਵਾਉਂਦਾ ਹੈ।
ਬਾਅਦ 'ਚ ਉਹੀ ਸੁਰਗਵਾਸੀ ਫਰਮਾਉਂਦਾ ਹੈ।
ਪਿਟਰ-ਪਿਟਰ ਅੰਗਰੇਜ਼ੀ ਜੋ ਨਾ ਬੋਲ ਸਕੇ
ਨੌਕਰੀ ਦੇਣ ਤੋਂ ਹਰ ਗੋਰਾ ਟਰਕਾਉਂਦਾ ਹੈ।
ਦੇਸ਼ 'ਚ ਸਰਦਾ-ਪੁਜਦਾ ਮਾਲਿਕ ਵਿਹਲੜ ਸੀ
ਬਾਹਰ ਕਰ ਮਜਦੂਰੀ ਟੌਹਰ ਵਿਖਾਉਂਦਾ ਹੈ।
ਇਕ ਨੰਬਰ ਵਿਚ ਵੀਜ਼ਾ ਜੇਕਰ ਮਿਲਦਾ ਨਹੀਂ
ਨਕਲੀ ਏਜੰਟਾਂ ਤੋਂ ਠੱਗੀ ਮਰਵਾਉਂਦਾ ਹੈ।
ਆਈਲੈਟਸ 'ਚੋਂ ਫੇਲ੍ਹ ਹੋਇਆ ਅੱਕ ਕੇ ਫਿਰ
ਨਕਲੀ ਵਿਆਹ ਕਰਵਾ ਜੁਗਾੜ ਲਗਾਉਂਦਾ ਹੈ।
ਘਰ ਤੇ ਕਾਰਾਂ ਬੈਂਕ ਤੋਂ ਲੈ ਕੇ ਕਰਜੇ ਉਤੇ
ਸਾਰਾ ਜੀਵਨ ਕਿਸ਼ਤਾਂ ਵਿਚ ਲੰਘਾਉਂਦਾ ਹੈ।
ਪੱਛਮੀ ਸਭਿਆਚਾਰ 'ਚ ਪਾਲ ਕੇ ਬੱਚਿਆਂ ਨੂੰ
ਖੁਦ ਨਾਲੋਂ ਮੋਹ-ਪਿਆਰ ਘਟਾਉਂਦਾ ਹੈ।
ਬੁੱਢੇ ਵਾਰੇ ਪਰਿਵਾਰ ਵਿਛੋੜਾ ਹੋਣ ਤੋਂ ਬਾਅਦ
ਬਿਰਧ ਆਸ਼ਰਮ ਜਾ ਕੇ ਡੇਰਾ ਲਾਉਂਦਾ ਹੈ।
ਕਬਰ ਖਰੀਦ, ਬੀਮਾ ਕਰਵਾ ਕੇ ਅੰਤ ਸਮੇਂ
ਲਿਮੋਜ਼ੀਨ 'ਤੇ ਪੈ ਸਸਕਾਰ ਕਰਵਾਉਂਦਾ ਹੈ।

*-ਜੁਗਰਾਜ ਗਿੱਲ, ਯੌਰਕ*
*ਫੋਨ: 704-257-6693*

### ਔਰਤ

ਜੱਗ ਦੀ ਹੈ ਜਨਨੀ, ਸਾਰੀ ਖਲਕਤ ਹੈ ਜਾਣਦੀ।
ਧੀ ਜੰਮ ਪਵੇ ਤਾਂ ਫਿਰ ਕਿਉਂ ਨਹੀਂ ਸਹਾਰਦੀ।
ਜਾਂਚ ਕਰਾਉਂਦੇ ਗਰਭ 'ਚ, ਮੁੰਡਾ ਹੈ ਜਾਂ ਕੁੜੀ ਹੈ
ਜੇ ਕੁੜੀ ਹੈ ਤਾਂ ਸਮਝੋ, ਪਿਛਲੇ ਪੈਰੀਂ ਮੁੜੀ ਹੈ।

ਜਹਾਨ ਵਿਚ ਮਾਂ ਤੋਂ ਬਿਨਾ, ਨਾ ਦੇਵੇ ਕੋਈ ਲੋਰੀਆਂ
ਵੀਰ ਦੇ ਵਿਆਹ ਵਿਚ, ਭੈਣਾਂ ਹੀ ਗਾਵਣ ਘੋੜੀਆਂ।
ਧੀ ਬਾਝੋਂ ਮਾਂ ਦੀਆਂ, ਸੱਧਰਾਂ ਨਾ ਹੋਣ ਪੂਰੀਆਂ
ਵਿਹੜੇ ਵਿਚ ਖੇਡੇ, ਨਾਲੇ ਚੋਵੇ ਮੱਝਾਂ ਬੂਰੀਆਂ।

ਮਾਂ, ਧੀ, ਭੈਣ ਬਿਨਾ ਘਰ ਸੁੰਨਾ ਸੁੰਨਾ ਲੱਗਦਾ
ਮਿੱਠੜੀ ਆਵਾਜ਼ ਬਾਝੋਂ ਸਭ ਫਿੱਕਾ ਫਿੱਕਾ ਲੱਗਦਾ।
ਬਣ ਕੇ ਸੁਲੱਖਣੀ ਜਦੋਂ, ਸਹੁਰੇ ਘਰ ਜਾਂਦੀ ਹੈ
ਨਰਕਾਂ ਦੇ ਢੋਅ ਕੇ ਬੂਹੇ, ਫਿਰ ਸਵਰਗ ਦਿਖਾਂਦੀ ਹੈ।

ਸੁਸ਼ੀਲ ਸੁਭਾਅ ਦੀ ਪਤਨੀ, ਘਰ ਸਾਂਭ-ਸਾਂਭ ਰੱਖਦੀ
ਕੌੜੀ ਹੋਵੇ ਨਿੰਮ ਵਾਂਗ, ਕਲੇਸ਼ ਨਿੱਤ ਰੱਖਦੀ।
ਕਹਿੰਦੇ ਨੇ ਸਿਆਣੇ ਸਦਾ, ਨਾਰੀ ਕੁਦਰਤ ਦਾ ਅਜੂਬਾ ਹੈ
ਗਦ ਗਦ ਹੋਵੇ ਦਿਲ, ਜਦੋਂ ਬਣਦੀ ਮਹਿਬੂਬਾ ਹੈ।

ਹਮੇਸ਼ਾ ਰੱਖੇ ਤਨ ਸਾਫ, ਲਾਵੇ ਅਤਰ ਸੁਗੰਧੀਆਂ
ਲਾਉਂਦੀ ਹੱਥੀਂ ਪੈਰੀਂ ਮਹਿੰਦੀ, ਲਾਵੇ ਮੱਥੇ ਉਤੇ ਬਿੰਦੀਆਂ।
ਮੀਢੀਆਂ ਪਾ ਗੁੰਦੇ ਵਾਲ, ਜੂੜਾ ਕਰਦੀ ਜਾਲੀ ਪਾ
ਅੰਗ ਸਜਾ ਗਲ ਪੋਚ, ਗਲ ਗਹਿਣੇ ਲਵੇ ਪਾ।

ਨੈਣ-ਨਕਸ਼ ਮਟਕਾਵੇ ਜਦੋਂ, ਧਾਰੀ ਬੰਨ੍ਹ ਕੱਜਲ ਪਾ ਕੇ
ਹੁਸਨ ਭਰਮਾਵੇ ਫਿਰ, ਉਡੀਕੇ ਮਾਹੀ ਨੂੰ ਮੂੜ੍ਹਾ ਡਾਹ ਕੇ।
ਮੋਰਨੀ ਦੀ ਤੋਰ ਤੁਰੇ, ਯਾਦ ਕਰੇ ਪਤੀ ਭਗਵਾਨ ਨੂੰ
ਉਮੰਗਾਂ ਨੇ ਅੰਗਾਂ ਵਿਚ, ਉਚਰੇ ਮਿੱਠੀ ਜ਼ਬਾਨ ਨੂੰ।

ਖਿਆਲ ਵਿਚ ਜਵਾਰਭਾਟੇ, ਫਿਰ ਵਗਣ ਹਨੇਰੀਆਂ
ਤਰੰਗਾਂ 'ਚ ਜਵਾਨ ਦਿਲ, ਹੋਣ ਗੱਲਾਂ ਤੇਰੀਆਂ ਤੇ ਮੇਰੀਆਂ।
ਜਦੋਂ ਕਦੇ ਮਰਦ ਭੈੜਾ, ਕਰੇ ਨਾ ਕਲੋਲ-ਪਿਆਰ
ਅਜਾਈਂ ਫਿਰ ਜਾਂਵਦੇ, ਲਾਏ ਸਭ ਸੋਲ੍ਹਾਂ-ਸ਼ਿੰਗਾਰ।

ਚੜ੍ਹਦੀ ਖੁਮਾਰੀ ਇਸ਼ਕ ਦੀ, ਤਾਰੀ ਲਾਉਂਦੀ ਪੱਤਣਾਂ
ਸੜ ਜਾਵੇ ਥਲਾਂ ਵਿਚ, ਕਦੇ ਪਹਾੜ ਪਵੇ ਪੱਟਣਾ।
ਕਰੇ ਜਦੋਂ ਤ੍ਰੀਅ ਹੱਠ, ਸਾਰੇ ਪਿਆਰ ਭੁੱਲ ਜਾਂਵਦੀ
ਗੁੱਸੇ ਵਿਚ ਕਲਾ-ਕਲੇਸ਼, ਫਿਰ ਘਰ ਨੂੰ ਲਿਆਂਵਦੀ।


ਮਿਹਣੇ ਮਾਰ ਸਕਿਆਂ 'ਚ, ਕਦੇ ਮਹਾਂ ਭਾਰਤ ਕਰਾਂਵਦੀ
ਖੂਨ ਦੇ ਪਿਆਸੇ ਫਿਰ ਮਾਂ ਜਾਇਆਂ ਨੂੰ ਬਣਾਂਵਦੀ।
ਬਦਕਾਰ ਜੇ ਜਨਾਨੀ ਹੋਵੇ ਪਤੀ ਫਿਰ ਲੱਗੇ ਗੈਰ
ਸਹੇੜੇ ਨਿੱਤ ਨਵੇਂ ਮਰਦ, ਪੁਆਵੇ ਰੋਜ਼ ਨਵੇਂ ਵੈਰ।

ਵਟਾ ਕੇ ਰੂਪ ਚੰਡੀ ਦਾ, ਕਦੇ ਦੈਂਤਾਂ ਤਾਈਂ ਵੰਗਾਰਦੀ
ਕਦੇ ਬਣ ਸਰਸਵਤੀ ਦੇਵੀ, ਸੁਰਾਂ ਤਾਈਂ ਸੰਵਾਰਦੀ।
ਕੁਰਬਾਨੀ ਮਾਤਾ ਗੁਜਰੀ ਦੀ, ਭਾਗੋ ਬਣ ਰਣ 'ਚ ਗੱਜਦੀ
'ਲੇਡੀ ਵਿਦ ਦੀ ਲੈਂਪ', ਜੱਗ ਤੋਂ ਮਾਣ ਕਮਾਵੇ।
ਬਣ ਕਲਪਨਾ ਚਾਵਲਾ ਕਦੇ ਅਸਮਾਨੀਂ ਪਈ ਗੇੜੇ ਲਾਵੇ।

ਕਹਿੰਦਾ ਸਾਰਾ ਜੱਗ ਭਾਵੇਂ, ਚਰਿੱਤਰਾਂ ਦੀ ਪੰਡ ਹੈ
ਨਾਰੀ ਪਿੱਛੇ ਫਿਰ ਵੀ, ਪੈਂਦੀ ਸਦਾ ਡੰਡ ਹੈ।
ਚੁੱਪ ਕਰ ਦੇਖੀ ਚੱਲ 'ਨੂਰਪੁਰੀ' ਤਮਾਸ਼ਾ ਜੱਗ ਦਾ
ਅੰਨ੍ਹਿਆਂ ਨੂੰ ਨ੍ਹੇਰਿਆਂ 'ਚ, ਨਾ ਕਦੇ ਕੁਝ ਲੱਭਦਾ।

*-ਸੇਵਾ ਸਿੰਘ ਨੂਰਪੁਰੀ, ਮਿਨੀਸੋਟਾ*
*ਫੋਨ: 408-912-3438*

# ਚੂਹੇ ਨੇ ਪਹਾੜ ਖੋਦਿਆ




*ਖਲੀਲ ਜਿਬਰਾਨ (1883-1931) ਲਿਬਨਾਨੀ ਲਿਖਾਰੀ ਹੋਇਆ ਹੈ। ਅੰਗਰੇਜ਼ੀ ਵਿਚ 1923 ਵਿਚ ਛਪੀ ਉਹਦੀ ਕਿਤਾਬ 'ਦਿ ਪਰੌਫਟ' (ਪੈਗੰਬਰ) ਨਾਲ ਉਹ ਕੁਲ ਦੁਨੀਆ ਵਿਚ ਛਾ ਗਿਆ। ਉਸ ਦੀ ਮੌਤ ਤੋਂ ਤਿੰਨ ਵਰ੍ਹੇ ਬਾਅਦ ਉਹਦੇ ਮਿੱਤਰ ਮਿਖਾਈਲ ਨਈਮੀ ਨੇ 1934 ਵਿਚ ਅਰਬੀ ਵਿਚ ਉਹਦੀ ਜੀਵਨੀ ਲਿਖੀ। ਇਸ ਕਿਤਾਬ ਦਾ ਅੰਗਰੇਜ਼ੀ ਅਨੁਵਾਦ ਦੋ ਸਾਲ ਬਾਅਦ 1936 ਵਿਚ ਛਪਿਆ। ਸੰਸਾਰ ਦੇ ਕਲਾਸਿਕ ਨਾਵਲਾਂ ਉਤੇ ਤਬਸਰਾ ਕਰਨ ਲਈ ਮਸ਼ਹੂਰ ਜੰਗ ਬਹਾਦੁਰ ਗੋਇਲ ਨੇ ਹੁਣ ਇਸ ਕਿਤਾਬ ਦਾ ਪੰਜਾਬੀ ਅਨੁਵਾਦ ਛਪਵਾਇਆ ਹੈ। ਇਸ ਕਿਤਾਬ ਦਾ ਇਕ ਕਾਂਡ ਅਸੀਂ ਆਪਣੇ ਪਾਠਕਾਂ ਲਈ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਜ਼ਿੰਦਗੀ ਲਈ ਤਾਂਘ ਦਾ ਸਮੁੰਦਰ ਠਾਠਾਂ ਮਾਰਦਾ ਦਿਸਦਾ ਹੈ। -ਸੰਪਾਦਕ*

1626 ਵਿਚ ਜਦੋਂ ਮਹਾਂਪ੍ਰਭੂ ਨੇ ਜਨਮ ਲਿਆ ਤਾਂ ਇਹ ਫਰਮਾਨ ਜਾਰੀ ਕੀਤਾ ਕਿ "ਬਿਨਾਂ ਮੁੱਲ ਤੋਂ ਜੋ ਕੁਝ ਤੈਨੂੰ ਹਾਸਲ ਹੋਇਆ ਹੈ, ਉਹ ਬਿਨਾਂ ਮੁੱਲ ਤੋਂ ਹੀ ਦੂਜਿਆਂ ਵਿਚ ਵੰਡ ਦੇਵੀਂ।"

ਦਿ ਗ੍ਰੇਟ ਪੈਨੀ ਜਦੋਂ ਤਖ਼ਤ 'ਤੇ ਬਿਰਾਜਮਾਨ ਹੋਇਆ ਤਾਂ ਉਸ ਨੇ ਆਪਣੇ ਸਲਾਹਕਾਰਾਂ ਨੂੰ ਮੁਖਾਤਬ ਹੋ ਕੇ ਕਿਹਾ: "ਜਦੋਂ ਤੋਂ ਲੋਕਾਂ ਨੇ ਆਪਣੀ ਜ਼ਿੰਦਗੀ ਦੀ ਵਾਗਡੋਰ ਮੇਰੇ ਹਵਾਲੇ ਕੀਤੀ ਹੈ, ਉਦੋਂ ਤੋਂ ਹੀ ਮੈਂ ਉਨ੍ਹਾਂ ਨੂੰ ਖੁਸ਼ ਰੱਖਣ ਲਈ ਦਿਨ-ਰਾਤ ਮਿਹਨਤ ਕਰ ਰਿਹਾ ਹਾਂ। ਇਕ ਤੋਂ ਬਾਅਦ ਇਕ ਕ੍ਰਿਸ਼ਮਾ ਕਰ ਕੇ ਮੈਂ ਉਨ੍ਹਾਂ ਨੂੰ ਦੁੱਖਾਂ ਵਿਚੋਂ ਬਾਹਰ ਕੱਢ ਰਿਹਾ ਹਾਂ।

"ਮੈਂ ਸੁਣਿਆ ਹੈ ਕਿ ਆਦਮੀ ਆਪਣੀ ਜੀਭ ਹੱਥੋਂ ਬੇਵਸ ਹੈ, ਕਿਉਂਕਿ ਇਹ ਅਣਚਾਹਿਆਂ ਕਈ ਭੁਲੇਖੇ ਪਾਉਂਦੀ ਹੈ। ਮੈਂ ਆਦਮੀ ਨੂੰ ਇਕੋ ਜੀਭ ਦਿੱਤੀ ਹੈ ਜੋ ਮੈਂ ਖੁਦ ਹੀ ਹਾਂ। ਮੈਂ ਹੀ ਅੱਖਰ ਹਾਂ, ਮੈਂ ਹੀ ਧੁਨੀ ਹਾਂ ਤੇ ਮੈਂ ਹੀ ਉਚਾਰਨ ਹਾਂ। ਜਦੋਂ ਦੋ-ਚਾਰ ਆਦਮੀ ਇਕੱਠੇ ਹੋ ਕੇ ਮੇਰਾ ਨਾਮ ਲੈਂਦੇ ਹਨ ਤਾਂ ਉਨ੍ਹਾਂ ਦੀ ਸੋਚ ਇਕੋ ਜਿਹੀ ਹੋ ਜਾਂਦੀ ਹੈ। ਉਹ ਇਕ



**ਮਿਖ਼ਾਈਲ ਨਈਮੀ**
**ਅਨੁਵਾਦ: ਜੰਗ ਬਹਾਦੁਰ ਗੋਇਲ**

ਦੂਜੇ ਦੀ ਭਾਸ਼ਾ ਨਹੀਂ ਬੋਲ ਸਕਦੇ। ਇਹ ਮੇਰਾ ਪਹਿਲਾ ਕ੍ਰਿਸ਼ਮਾ ਹੈ ਕਿ ਸਭ ਦੀ ਸੋਚ ਇਕ ਹੈ ਤੇ ਸਭ ਦੀ ਬੋਲੀ ਵੀ ਇਕੋ ਹੀ ਹੈ।

"ਮੈਂ ਵੇਖਿਆ ਹੈ ਕਿ ਲੋਕ ਬਹੁਤ ਸਾਰੇ ਦੇਵਤਿਆਂ ਕਾਰਨ ਆਪਸ ਵਿਚ ਵੰਡੇ ਹੋਏ ਹਨ। ਇਸ ਲਈ ਮੈਂ ਉਨ੍ਹਾਂ ਦੀ ਸਹੂਲਤ ਲਈ ਇਕੋ ਦੇਵਤਾ ਸਿਰਜਿਆ ਹੈ, ਜੋ ਖੁਦ ਮੈਂ ਹੀ ਹਾਂ। ਮੈਂ ਹੀ ਤੱਕੜੀ ਹਾਂ, ਤੇ ਮੈਂ ਹੀ ਤੋਲਾ ਹਾਂ। ਮੈਂ ਹੀ ਫੈਸਲਾ ਹਾਂ, ਤੇ ਮੈਂ ਹੀ ਮੁਨਸਿਫ਼ ਹਾਂ। ਲੋਕ ਇਕਾਗਰ ਮਨ ਨਾਲ ਸਿਰਫ਼ ਮੇਰੀ ਪੂਜਾ ਕਰਦੇ ਹਨ। ਹੋਰਨਾਂ ਦੇਵਤਿਆਂ ਦੀ ਪੂਜਾ ਉਹ ਸਿਰਫ਼ ਬੁੱਲ੍ਹਾਂ ਬੁੱਲ੍ਹਾਂ ਵਿਚ ਹੀ ਕਰਦੇ ਹਨ। ਇਹ ਮੇਰਾ ਦੂਜਾ ਕ੍ਰਿਸ਼ਮਾ ਹੈ।

"ਮੈਂ ਵੇਖਿਆ ਹੈ ਕਿ ਲੋਕ ਖੁਸ਼ੀ ਦੀ ਤਲਾਸ਼ ਵਿਚ ਇਕ ਦਰ ਤੋਂ ਦੂਜੇ ਦਰ ਤਕ ਭਟਕ ਰਹੇ ਹਨ। ਮੈਂ ਉਨ੍ਹਾਂ ਨੂੰ ਖੁਸ਼ੀ ਦਾ ਰਾਹ ਵਿਖਾਉਂਦਾ ਹਾਂ, ਜੋ ਖੁਦ ਮੈਂ ਹੀ ਹਾਂ। ਮੈਂ ਹੀ ਰਸਤਾ ਹਾਂ, ਤੇ ਮੈਂ ਹੀ ਮੰਜ਼ਿਲ ਹਾਂ- ਇਹ ਮੇਰਾ ਤੀਜਾ ਕ੍ਰਿਸ਼ਮਾ ਹੈ।

"ਮੈਂ ਮਨੁੱਖ ਦੇ ਦਿਲ ਵਿਚ ਵਾਸ ਕਰਦਾ ਹਾਂ। ਉਸ ਦੇ ਨਾਲ ਹੀ ਬੈਠ ਕੇ ਖਾਂਦਾ-ਪੀਂਦਾ ਹਾਂ। ਮੈਂ ਵੇਖਿਆ ਹੈ ਕਿ ਸ਼ਹਿਜ਼ਾਦੇ ਆਪਣੇ ਮੰਤਰੀਆਂ ਨਾਲ ਰਹਿੰਦੇ ਹਨ, ਤੇ ਉਨ੍ਹਾਂ ਦੀਆਂ ਪਤਨੀਆਂ ਆਪਣੀਆਂ ਸੇਵਿਕਾਵਾਂ ਨਾਲ; ਪਰ ਮੈਂ ਉਨ੍ਹਾਂ ਨੂੰ ਸਮਾਨਤਾ ਦਾ ਹੱਕ ਮੰਗਦਿਆਂ ਸੁਣਿਆ ਹੈ। ਮੈਂ ਉਨ੍ਹਾਂ ਸਭ ਨੂੰ ਇਕੋ ਹੀ ਹਲ ਵਿਚ ਜੋਤ ਦਿੱਤਾ ਹੈ, ਜੋ ਮੈਂ ਆਪ ਹੀ ਹਾਂ। ਮੈਂ ਹੀ ਹਲ ਹਾਂ, ਮੈਂ ਹੀ ਪੰਜਾਲੀ ਹਾਂ। ਮੇਰੀ ਇਸ ਪੰਜਾਲੀ ਹੇਠਾਂ ਰਾਜਾ ਤੇ ਪਰਜਾ ਇਕੋ ਹੀ ਰੱਸੇ ਨਾਲ ਨੂੜੇ ਹੋਏ ਹਨ। ਇਹੀ ਮੇਰਾ ਚੌਥਾ ਕ੍ਰਿਸ਼ਮਾ ਹੈ।

"ਮੈਂ ਲੋਕਾਂ ਦੇ ਦਿਲਾਂ ਵਿਚ ਝਾਤ ਮਾਰ ਕੇ ਵੇਖਿਆ ਹੈ ਕਿ ਆਦਮੀ ਦੇ ਦਿਲ ਵਿਚ ਅਨਾਰ ਦੇ ਦਾਣਿਆਂ ਵਾਂਗ ਅਣਗਿਣਤ ਇੱਛਾਵਾਂ ਹੁੰਦੀਆਂ ਹਨ। ਉਹ ਇਨ੍ਹਾਂ ਨੂੰ 'ਬੁਰੀਆਂ' ਅਤੇ 'ਚੰਗੀਆਂ' ਦੀ ਸ਼੍ਰੇਣੀ ਵਿਚ ਵੰਡ ਕੇ ਰੱਖਦਾ ਹੈ। ਚੰਗੀਆਂ ਇੱਛਾਵਾਂ ਨੂੰ ਉਹ ਹਵਾ ਦਿੰਦਾ ਹੈ ਤੇ ਮਾੜੀਆਂ ਨੂੰ ਉਹ ਕੈਦ ਰੱਖਦਾ ਹੈ। ਦੋਫਾੜ ਹੋਇਆ ਉਸ ਦਾ ਦਿਲ ਆਜ਼ਾਦੀ ਲਈ ਤੜਫ਼ਦਾ ਹੈ। ਮਨੁੱਖ ਦੇ ਦਿਲ ਨੂੰ ਆਜ਼ਾਦ ਕਰਨ ਵਾਲੀਆਂ ਮੇਰੇ ਲਈ ਤਾਂ ਸਾਰੀਆਂ ਇੱਛਾਵਾਂ ਹੀ ਮੁੱਲਵਾਨ ਹਨ। ਜਿਨ੍ਹਾਂ ਇੱਛਾਵਾਂ ਨੂੰ ਮਾੜੀਆਂ ਕਹਿ ਕੇ ਆਦਮੀ ਦਬਾਉਂਦਾ ਹੈ, ਉਨ੍ਹਾਂ ਦੀ ਮਹੱਤਤਾ ਮੇਰੇ ਲਈ 'ਚੰਗੀਆਂ' ਇੱਛਾਵਾਂ ਤੋਂ ਹੀ ਦੋ ਗੁਣਾ ਵੱਧ ਹੈ। ਮੈਂ ਸਭ ਦੇ ਦਿਲਾਂ ਨੂੰ ਆਜ਼ਾਦ ਕਰ ਦਿੱਤਾ- ਇਹ ਮੇਰਾ ਪੰਜਵਾਂ ਕ੍ਰਿਸ਼ਮਾ ਹੈ।

"ਧਰਤੀ 'ਤੇ ਵਿਚਰਦਿਆਂ ਮੈਂ ਵੇਖਿਆ ਹੈ ਕਿ ਆਦਮੀ ਨੇ ਧਰਤੀ 'ਤੇ ਲਕੀਰਾਂ ਵਾਹੀਆਂ ਹੋਈਆਂ ਹਨ ਤੇ ਉਹ ਆਪਣੀ ਸਰਹੱਦ ਦੀ ਰਾਖੀ ਲਈ ਫੌਜਾਂ ਦੀ ਤਾਇਨਾਤੀ ਕਰਦੇ ਹਨ ਤਾਂ ਜੋ ਕੋਈ ਦੁਸ਼ਮਣ ਸਰਹੱਦ ਪਾਰ ਨਾ ਕਰ ਸਕੇ। ਮੈਂ ਵੱਖਰੇ ਵੱਖਰੇ ਮੁਲਕਾਂ ਵਿਚਕਾਰ ਪੁਲ ਹਾਂ। ਮੈਂ ਤਲਵਾਰ ਤੇ ਸੈਨਿਕਾਂ ਦੀ ਪਹੁੰਚ ਤੋਂ ਬਾਹਰ ਹਾਂ। ਇਹ ਮੇਰਾ ਛੇਵਾਂ ਕ੍ਰਿਸ਼ਮਾ ਹੈ।

"ਕ੍ਰਿਸ਼ਮਿਆਂ ਦਾ ਕ੍ਰਿਸ਼ਮਾ ਤਾਂ ਇਹ ਹੈ ਕਿ ਮੈਂ ਸਾਰੀ ਧਰਤੀ ਦੇ ਲੋਕਾਂ ਨੂੰ ਇਕੋ ਕੜਾਹੇ ਵਿਚ ਭੁੰਨਦਾ ਹਾਂ। ਇਸ ਤੋਂ ਪਹਿਲਾਂ ਲੋਕ ਭਿੰਨ ਭਿੰਨ ਮੁਲਕਾਂ ਤੇ ਜਾਤੀਆਂ ਨਾਲ ਸਬੰਧ ਰੱਖਦੇ ਹਨ, ਜਦ ਕਿ ਇਸ ਧਰਤੀ ਦੇ ਸਾਰੇ ਲੋਕਾਂ ਦੇ ਖੂਨ ਦਾ ਰੰਗ ਇਕੋ ਜਿਹਾ ਹੈ ਤੇ ਇਕੋ ਜਿਹੀਆਂ ਹੱਡੀਆਂ ਹਨ। ਇਸ ਲਈ ਇਨ੍ਹਾਂ ਸਾਰਿਆਂ ਨੂੰ ਮੈਂ ਇਕੋ ਹੀ ਕੜਾਹੇ ਵਿਚ ਪਾ ਦਿੱਤਾ ਹੈ। ਇਹ ਮੇਰਾ ਸੱਤਵਾਂ ਕ੍ਰਿਸ਼ਮਾ ਹੈ।


"ਮੈਂ ਹੀ ਭੋਜਨ ਹਾਂ, ਤੇ ਮੈਂ ਹੀ ਪਾਣੀ ਹਾਂ। ਮੈਂ ਹੀ ਘਰ ਹਾਂ, ਤੇ ਮੈਂ ਹੀ ਇਸ ਦਾ ਵਾਸੀ ਹਾਂ। ਜਦੋਂ ਕੋਈ ਆਦਮੀ ਪਾਣੀ ਪੀਂਦਾ ਹੈ ਤਾਂ ਉਸ ਨੂੰ ਇਹ ਨਹੀਂ ਪਤਾ ਕਿ ਪਾਣੀ ਵਿਚ ਰਲੇ ਉਹ ਕਈ ਰਸਾਇਣਕ ਤੱਤ ਵੀ ਨਾਲ ਹੀ ਪੀਂਦਾ ਹੈ। ਉਹ ਜਿਸ 'ਪੈਨੀ' ਨਾਲ ਆਪਣੇ ਲਈ ਰੋਟੀ, ਕੱਪੜਾ ਤੇ ਮਕਾਨ ਖਰੀਦ ਦਾ ਹੈ, ਉਹ ਉਸ ਵੇਲੇ ਇਸ ਗੱਲ ਤੋਂ ਬਿਲਕੁਲ ਅਨਜਾਣ ਹੈ ਕਿ ਇਸ ਪੈਨੀ ਦੀ ਫਿਤਰਤ ਕੀ ਹੈ? ਮੈਂ ਤੁਹਾਨੂੰ ਇਸ ਬਾਬਤ ਇਹ ਕਹਾਣੀ ਸੁਣਾਉਂਦਾ ਹਾਂ:

"ਕੱਲ੍ਹ ਰਾਤ ਕੋਈ ਔਰਤ ਪੈਨੀ ਬਦਲੇ ਆਪਣਾ ਜਿਸਮ ਵੇਚ ਰਹੀ ਸੀ। ਲੋਕਾਂ ਦੀਆਂ ਨਜ਼ਰਾਂ ਵਿਚ ਉਹ ਵੇਸਵਾ ਸੀ- ਸਮਾਜਿਕ ਬੁਰਾਈ, ਗੰਦਗੀ ਦਾ ਕੋਈ ਢੇਰ ਜਿਸ ਨਾਲ ਲੋਕ ਨਫਰਤ ਕਰਦੇ ਸਨ। ਅੱਜ ਤੜਕਸਾਰ ਹੀ ਉਹ ਔਰਤ ਗਿਰਜਾਘਰ ਗਈ। ਜਿਸਮਫਰੋਸ਼ੀ ਤੋਂ ਹੋਈ ਕਮਾਈ ਨਾਲ ਉਸ ਨੇ ਅਗਰਬੱਤੀਆਂ ਖਰੀਦੀਆਂ, ਜੋ ਉਸ ਨੇ ਪਾਦਰੀ ਨੂੰ ਦੇ ਦਿੱਤੀਆਂ ਤੇ ਨਾਲ ਹੀ ਕੁਝ 'ਪੈਨੀਆਂ' ਪਾਦਰੀ ਨੂੰ ਦਾਨ ਵਜੋਂ ਭੇਟ ਕਰ ਦਿੱਤੀਆਂ। ਪਾਦਰੀ ਨੇ ਅਗਰਬੱਤੀਆਂ ਤਾਂ ਗਿਰਜਾਘਰ ਵਿਚ ਜਲਾ ਦਿੱਤੀਆਂ, ਤੇ ਦਾਨ ਦੀ ਰਾਸ਼ੀ ਨਾਲ ਆਪਣੇ ਲਈ ਮੀਟ ਖਰੀਦਿਆ। ਤੁਹਾਡੀ ਦ੍ਰਿਸ਼ਟੀ ਵਿਚ ਜੋ ਅਗਰਬੱਤੀਆਂ ਪਾਦਰੀ ਨੇ ਪ੍ਰਭੂ ਦੀ ਮੂਰਤੀ ਸਾਹਮਣੇ ਬਾਲੀਆਂ, ਕੀ ਉਹ ਕਿਸੇ ਬਿਰਛ ਦੀ ਛਿੱਲ ਸੀ? ਨਹੀਂ। ਮੈਂ ਤੁਹਾਨੂੰ ਦੱਸਦਾ ਹਾਂ ਕਿ ਉਹ ਅਗਰਬੱਤੀਆਂ ਤਾਂ ਉਸ ਵੇਸਵਾ ਦੇ ਖੂਨ ਤੇ ਮਾਸ ਦਾ ਹਿੱਸਾ ਸਨ। ਪਾਦਰੀ ਨੇ ਜਿਸ ਮੀਟ ਨਾਲ ਆਪਣਾ ਢਿੱਡ ਭਰਿਆ, ਕੀ ਉਹ ਕਿਸੇ ਪਸ਼ੂ ਦਾ ਮਾਸ ਸੀ? ਨਹੀਂ। ਉਹ ਤਾਂ ਉਸ ਵੇਸਵਾ ਦੇ ਸਰੀਰ ਦਾ ਹੀ ਮਾਸ ਸੀ। ਮੈਨੂੰ ਦੱਸੋ- ਕਿਹੜੀ ਗੱਲ ਆਸਾਨ ਹੈ? ਵੇਸਵਾ ਦੇ ਬਰਾਬਰ ਬਹਿ ਕੇ ਖਾਣਾ ਖਾਣਾ, ਜਾਂ ਉਸ ਦਾ ਮਾਸ ਖਾਣਾ ਤੇ ਲਹੂ ਪੀਣਾ... ਤੇ ਇਸ ਤਰ੍ਹਾਂ ਉਸ ਦੇ ਵਜੂਦ ਦਾ ਹੀ ਹਿੱਸਾ ਬਣ ਜਾਣਾ!

"ਇਕ ਗੱਲ ਸੁਣੋ! ਕਿਸੇ ਲੁਟੇਰੇ ਨੂੰ ਪਤਾ ਲੱਗਾ ਕਿ ਕਿਸੇ ਬੁੱਢੀ ਔਰਤ ਕੋਲ ਕਾਫੀ ਧਨ ਹੈ। ਉਹ ਆਪਣੀ ਗਰਦਨ ਦੁਆਲੇ ਧਰ ਨਾਲ ਭਰਿਆ ਝੋਲਾ ਲਟਕਾਈ ਰੱਖਦੀ ਹੈ। ਲੁਟੇਰਾ ਇਕ ਦਿਨ ਉਸ ਬੁੱਢੀ ਦੇ ਘਰ ਜਾ ਵੜਿਆ। ਉਸ ਨੇ ਘੂਕ ਸੁੱਤੀ ਬੁੱਢੀ ਦੇ ਢਿੱਡ ਵਿਚ ਛੁਰਾ ਮਾਰਿਆ ਤੇ ਉਸ ਦੇ ਲਹੂ ਵਿਚ ਭਿੱਜੇ ਝੋਲੇ ਨੂੰ ਚੁੱਕ ਕੇ ਭੱਜ ਗਿਆ। ਉਸੇ ਰਾਤ ਉਹ ਉਸ ਵਿਚੋਂ ਕੁਝ ਰਕਮ ਜੂਏ ਵਿਚ ਹਾਰ ਗਿਆ। ਜਿੱਤਣ ਵਾਲੇ ਨੇ ਇਸ ਰਕਮ ਨਾਲ ਆਪਣੇ ਲਈ ਲਬਾਦਾ ਖਰੀਦਿਆ। ਦੁਕਾਨਦਾਰ ਨੇ ਇਸ ਪੈਸੇ ਨਾਲ ਖਜ਼ਾਨੇ ਵਿਚ ਆਪਣਾ ਟੈਕਸ ਜਮ੍ਹਾਂ ਕਰਵਾਇਆ। ਉਸ ਖਜ਼ਾਨੇ ਵਿਚੋਂ ਜੱਜ ਦੀ ਤਨਖਾਹ ਅਦਾ ਕੀਤੀ ਗਈ। ਜੱਜ ਨੇ ਉਸ ਲੁਟੇਰੇ ਨੂੰ ਮੌਤ ਦੀ ਸਜ਼ਾ ਸੁਣਾਈ। ਕੀ ਤੁਸੀਂ ਸਮਝਦੇ ਹੋ ਕਿ ਉਸ ਔਰਤ ਦੇ ਕਤਲ ਲਈ ਜੱਜ ਤੇ ਲੁਟੇਰਾ ਕਿਤੇ ਘੱਟ ਦੋਸ਼ੀ ਹਨ? ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜੱਜ ਵੀ ਅਨਜਾਣਪੁਣੇ ਵਿਚ ਲੁਟੇਰਾ ਬਣ ਗਿਆ। ਲੁਟੇਰੇ ਨੇ ਖੂਨ ਬਹਾਇਆ ਤੇ ਜੱਜ ਨੇ ਉਹ ਖੂਨ ਪੀਤਾ।

"ਮੈਂ ਲੋਕਾਂ ਨੂੰ ਇਸ ਕਦਰ ਆਪਣੇ ਕੜਾਹੇ ਵਿਚ ਰਿੰਨ੍ਹਿਆ ਹੈ ਕਿ ਉਹ ਇਨਸਾਨ ਬਣ ਜਾਣ। ਉਹ ਬੇਸ਼ੱਕ ਇਸ ਗੱਲ ਤੋਂ ਅਨਜਾਣ ਹਨ। ਮੈਂ ਉਨ੍ਹਾਂ ਦੀ ਖੁਸ਼ੀ ਖਾਤਰ ਸੱਤ ਕ੍ਰਿਸ਼ਮੇ ਕੀਤੇ, ਪਰ ਉਹ ਅਜੇ ਵੀ ਦੁੱਖਾਂ ਤੇ ਕਲੇਸ਼ਾਂ ਵਿਚ ਡੁੱਬੇ ਹੋਏ ਹਨ। ਉਨ੍ਹਾਂ ਦੀਆਂ ਚੀਕਾਂ ਮੇਰੇ ਕੰਨਾਂ ਵਿਚ ਗੂੰਜਦੀਆਂ ਹਨ ਤੇ ਮੈਨੂੰ ਬੇਚੈਨ ਕਰਦੀਆਂ ਹਨ। ਸਾਨੂੰ ਖੁਸ਼ੀ ਦੇਵੋ... ਸਾਨੂੰ ਖੁਸ਼ੀ ਦੇਵੋ... ਸਾਨੂੰ ਖੁਸ਼ੀ ਦੇਵੋ! ਮੈਂ ਅੱਜ ਉਨ੍ਹਾਂ ਦੀ ਇੱਛਾ ਪੂਰਤੀ ਲਈ ਨਵਾਂ ਕ੍ਰਿਸ਼ਮਾ ਕਰਨ ਲੱਗਾ ਹਾਂ।

"ਅਤੀਤ ਵਿਚ ਮੈਂ ਮਨੁੱਖ ਜਾਤੀ ਦੀ ਭਲਾਈ ਲਈ ਕਈ ਸ਼ਾਨਦਾਰ ਸ਼ਹਿਰਾਂ ਦਾ ਨਿਰਮਾਣ ਕੀਤਾ। ਹੁਣ ਮੈਂ ਨਵੇਂ ਸ਼ਹਿਰ ਦੀ ਉਸਾਰੀ ਕਰਨ ਲੱਗਾ ਹਾਂ। ਉਹ ਪਿਛਲੇ ਸਾਰੇ ਸ਼ਹਿਰਾਂ ਨਾਲੋਂ ਸਭ ਤੋਂ ਵੱਧ ਖੂਬਸੂਰਤ ਅਤੇ ਮਾਣਮੱਤਾ ਹੋਵੇਗਾ। ਮੈਂ ਉਸ ਸ਼ਹਿਰ ਨੂੰ ਅਜਿਹੇ ਕੰਨ ਬਖਸ਼ਾਂਗਾ, ਜੋ ਹਰ ਭਾਸ਼ਾ ਸਮਝ ਸਕਣ। ਉਨ੍ਹਾਂ ਨੂੰ ਮੈਂ ਅਜਿਹੀਆਂ ਅੱਖਾਂ ਦਿਆਂਗਾ, ਜੋ ਹਰ ਮਜ਼ਬ ਦੇ ਲੋਕਾਂ ਨੂੰ ਵੇਖ ਸਕਣ। ਸੜਕਾਂ ਤੇ ਸਮੁੰਦਰਾਂ ਰਾਹੀਂ ਸਭ ਲੋੜੀਂਦੀਆਂ ਵਸਤਾਂ ਉਸ ਸ਼ਹਿਰ ਵਿਚ ਅਪੜਨਗੀਆਂ। ਇਹ ਸ਼ਹਿਰ ਹਰ ਆਦਮੀ ਨੂੰ ਆਪਣੇ ਅਹਿਸਾਸ ਅਤੇ ਵਿਚਾਰ ਪ੍ਰਗਟ ਕਰਨ ਦਾ ਪੂਰਾ ਪੂਰਾ ਮੌਕਾ ਦੇਵੇਗਾ। ਹਰ ਆਦਮੀ ਨੂੰ ਆਪਣੇ ਵਲਵਲੇ





ਪ੍ਰਗਟਾਉਣ ਦਾ ਮੌਕਾ ਹਾਸਲ ਹੋਵੇਗਾ। ਆਦਮੀ ਦੀਆਂ ਕਲਪਨਾਵਾਂ ਨੂੰ ਪਨਾਹ ਮਿਲੇਗੀ। ਆਦਮੀ ਦੇ ਸਭ ਤਰ੍ਹਾਂ ਦੇ ਰੱਬ ਤੇ ਸ਼ੈਤਾਨ ਇਥੇ ਹੱਥ ਵਿਚ ਹੱਥ ਪਾ ਕੇ ਚਹਿਲਕਦਮੀ ਕਰਨਗੇ। ਆਦਮੀ ਦੇ ਆਪਣੇ ਨਰਕ ਦੀ ਅੱਗ ਵਿਚੋਂ ਹੀ ਨਵੇਂ ਸੁਰਗ ਦਾ ਨਿਰਮਾਣ ਹੋਵੇਗਾ। ਇਥੇ ਹੀ 'ਈਡਨ' ਗਾਰਡਨ ਦੇ ਬਿਰਛ ਉਗਣਗੇ। ਪੂਜਾ ਘਰ, ਰੰਡੀ ਘਰਾਂ ਦੇ ਗੁਆਂਢ ਵਿਚ ਹੋਣਗੇ। ਅਜਾਇਬ ਘਰਾਂ ਤੇ ਸਕੂਲਾਂ ਦੀਆਂ ਕੰਧਾਂ, ਮਿਠਾਈ ਦੀਆਂ ਦੁਕਾਨਾਂ ਅਤੇ ਜੇਲ੍ਹ ਦੀਆਂ ਕੰਧਾਂ ਨਾਲ ਸਾਂਝੀਆਂ ਹੋਣਗੀਆਂ।

"ਮੈਂ ਇਨ੍ਹਾਂ ਸ਼ਹਿਰ ਵਾਸੀਆਂ ਨੂੰ ਅਜਿਹਾ ਇੰਜੈਕਸ਼ਨ ਲਾਵਾਂਗਾ, ਜੋ ਲਗਾਤਾਰ ਉਨ੍ਹਾਂ ਨੂੰ ਹਰਕਤ ਵਿਚ ਰੱਖੇਗਾ ਤਾਂ ਜੋ ਉਹ ਆਪਣੇ ਦੁੱਖਾਂ ਅਤੇ ਤਕਲੀਫਾਂ ਦੇ ਪੈਦਾ ਹੋਣ ਦੇ ਸ੍ਰੋਤ ਬਾਰੇ ਵਿਚਾਰ ਕਰਨਾ ਹੀ ਭੁੱਲ ਜਾਣ। ਉਹ ਮੇਰੇ ਹੱਥ ਦੀਆਂ ਉਂਗਲਾਂ ਵੱਲ ਮੇਰੇ ਇਸ਼ਾਰੇ 'ਤੇ ਚੱਲਣਗੇ, ਤੇ ਮੇਰੇ ਪਰਛਾਵੇਂ ਵਾਂਗ ਮੇਰੇ ਨਾਲ ਨਾਲ ਰਹਿਣਗੇ। ਉਹ ਆਪਣੇ ਦੇਵਤਿਆਂ ਦੀ ਭੰਡੀ ਕਰਨਗੇ, ਤੇ ਮੇਰੀ ਜੈ-ਜੈਕਾਰ। ਉਹ ਆਪਣੀ ਆਤਮਾ ਮੇਰੇ ਉਤੇ ਵਾਰ ਦੇਣਗੇ। ਜਿੰਨਾ ਜ਼ਿਆਦਾ ਮੈਂ ਉਨ੍ਹਾਂ 'ਤੇ ਬੋਝ ਪਾਵਾਂਗਾ, ਓਨਾ ਹੀ ਉਹ ਚੀਕ ਚੀਕ ਕੇ ਕਹਿਣਗੇ, 'ਸਾਨੂੰ ਹੋਰ ਦੇਵੋ, ਹੋਰ ਦੇਵੋ, ਹੋਰ ਦੇਵੋ।' ਇਉਂ ਧਰਤੀ ਦੇ ਵਿਹੜੇ ਵਿਚ ਅਜਿਹੀ ਭੀੜ ਜਮ੍ਹਾਂ ਹੋ ਜਾਵੇਗੀ, ਜੋ ਪਾਤਾਲ ਵੱਲ ਪੌੜੀਆਂ ਲਾਉਣਗੇ, ਤੇ ਅਸਮਾਨ ਛੂੰਹਦੀਆਂ ਇਮਾਰਤਾਂ ਦੀ ਤਾਮੀਰ ਕਰਨਗੇ। ਉਨ੍ਹਾਂ ਦੇ ਸਿਰਾਂ ਦਾ ਭੋਜਨ ਪੈਰ ਹੋਣਗੇ, ਤੇ ਉਨ੍ਹਾਂ ਦੇ ਪੈਰਾਂ ਦਾ ਭੋਜਨ ਉਨ੍ਹਾਂ ਦੇ ਸਿਰ ਹੋਣਗੇ। ਉਹ ਆਪਣੀ ਅਗਿਆਨਤਾ ਵਿਚ ਆਪਣੇ ਆਪ ਨੂੰ ਹੀ ਚੀਰ-ਫਾੜ ਕੇ ਖਾਣਗੇ; ਪਰ ਉਹ ਇਸ ਗੱਲ ਤੋਂ ਬਿਲਕੁਲ ਅਨਜਾਣ ਰਹਿਣਗੇ ਕਿ ਉਹ 'ਨਰ-ਭਕਸ਼ੀ' ਹਨ।

"ਮੇਰੇ ਵਫ਼ਾਦਾਰ ਸਲਾਹਕਾਰੋ! ਮੈਂ ਤੁਹਾਡੇ ਸਾਹਮਣੇ ਆਪਣੀ ਯੋਜਨਾ ਰੱਖ ਦਿੱਤੀ ਹੈ। ਹੁਣ ਤੁਹਾਡਾ ਫਰਜ਼ ਬਣਦੈ ਕਿ ਤੁਸੀਂ ਇਸ ਨੂੰ ਇੰਨ-ਬਿੰਨ ਲਾਗੂ ਕਰੋ। ਨਵੇਂ ਸ਼ਹਿਰ ਲਈ ਜੋ ਥਾਂ ਚੁਣੀ ਹੈ, ਉਹ ਹੈ ਇਕ ਨਵਾਂ ਸੰਸਾਰ ਜਿਸ ਦੇ ਆਲੇ-ਦੁਆਲੇ ਦਰਿਆ ਅਤੇ ਸਮੁੰਦਰ ਹਨ, ਇਸ ਦਾ ਨਾਮ ਹੈ ਮੈਨਹਟਨ। ਇਸ ਵੇਲੇ ਇਸ ਥਾਂ ਉਤੇ 'ਰੈੱਡ ਇੰਡੀਅਨਜ਼' ਦਾ ਵਾਸਾ ਹੈ। ਤੁਸੀਂ ਹੁਣੇ ਉਥੇ ਪਹੁੰਚੋ ਅਤੇ ਬਿਨਾਂ ਕਿਸੇ ਦੇਰੀ ਤੋਂ ਆਪਣਾ ਕੰਮ ਸ਼ੁਰੂ ਕਰੋ; ਪਰ ਤੁਰਨ ਤੋਂ ਪਹਿਲਾਂ ਤੁਹਾਨੂੰ ਆਪਣੇ ਬਾਦਸ਼ਾਹ ਪ੍ਰਤੀ ਆਪਣੀ ਵਫਾਦਾਰੀ ਦੀ ਸਹੁੰ ਚੁੱਕਣੀ ਪਵੇਗੀ। ਮੈਂ ਹਮੇਸ਼ਾ ਤੁਹਾਡੇ ਅੰਗ-ਸੰਗ ਰਹਾਂਗਾ।"

ਪੈਨੀ ਨੇ ਅਜੇ ਆਪਣਾ ਸੰਦੇਸ਼ ਪੂਰਾ ਹੀ ਕੀਤਾ ਸੀ ਕਿ ਉਥੇ ਬੇਹੱਦ ਖੂਬਸੂਰਤ ਖੰਭਾਂ ਵਾਲਾ ਪੰਛੀ ਖੜ੍ਹਾ ਹੋਇਆ। ਉਸ ਦੇ ਗਲੇ 'ਚ ਸੋਨੇ ਦੀ ਮਾਲਾ ਸੀ, ਉਸ ਦੀਆਂ ਅੱਖਾਂ ਸੁਨਹਿਰੀ ਸਨ, ਉਹ ਬੜੀ ਸ਼ਾਨ ਨਾਲ ਬਾਦਸ਼ਾਹ ਵੱਲ ਅਗਾਂਹ ਵਧਿਆ। ਉਸ ਦੇ ਨਾਲ ਉਸ ਦੇ ਦਸ ਜੁੜਵੇਂ ਭਰਾ ਵੀ ਸਨ, ਜਿਨ੍ਹਾਂ ਦੇ ਗਲੇ ਵਿਚ ਵੀ ਸੋਨੇ ਦੀਆਂ ਜ਼ੰਜੀਰਾਂ ਸਨ। ਉਨ੍ਹਾਂ ਨੇ ਗੋਡਿਆਂ ਭਾਰ ਝੁਕ ਕੇ ਬਾਦਸ਼ਾਹ ਕੋਲ ਅਰਜ਼ ਕੀਤੀ, "ਅਸੀਂ ਪੈਨੀ ਦਿ ਗ੍ਰੇਟ ਦੀ ਸਹੁੰ ਖਾ ਕੇ ਕਹਿੰਦੇ ਹਾਂ ਕਿ ਅਸੀਂ ਤੁਹਾਡਾ ਹਰ ਹੁਕਮ ਬਿਨਾਂ ਕਿਸੇ ਕਿੰਤੂ-ਪ੍ਰੰਤੂ ਤੋਂ ਮੰਨਾਂਗੇ।" ਤਖ਼ਤ 'ਤੇ ਬਿਰਾਜਮਾਨ ਬਾਦਸ਼ਾਹ ਨੇ ਖੁਸ਼ ਹੋ ਕੇ ਕਿਹਾ, "ਕਲਪਨਾ! ਤੂੰ ਬਹੁਤ ਸੋਹਣੀ ਗੱਲ ਕੀਤੀ ਹੈ। ਤੁਹਾਡੇ ਆਰਟ-ਕਰਾਫਟ ਨੂੰ ਵੀ ਇਸ ਨਵੇਂ ਸ਼ਹਿਰ ਵਿਚ ਢੁਕਵੀਂ ਥਾਂ ਹਾਸਲ ਹੋਵੇਗੀ।"

ਇਸ ਉਪਰੰਤ ਇਕ ਬੁੱਢਾ ਖੜ੍ਹਾ ਹੋਇਆ। ਉਸ ਕੋਲ ਯੁਗਾਂ-ਯੁਗਾਂਤਰਾਂ ਦੀ ਸਿਆਣਪ ਸੀ। ਉਸ ਦੀ ਗਰਦਨ ਵਿਚ ਚਾਂਦੀ ਦੀ ਮਾਲਾ ਸੀ। ਉਸ ਦੇ ਪਿਛੇ ਦੋ ਦੋ ਦੀ ਕਤਾਰ ਵਿਚ ਤੁਰਦੇ ਉਸ ਦੇ 25 ਜੁੜਵੇਂ ਸਨ। ਉਨ੍ਹਾਂ ਦੇ ਗਲੇ ਵਿਚ ਵੀ ਚਾਂਦੀ ਦੀਆਂ ਮਾਲਾ ਸਨ। ਉਨ੍ਹਾਂ ਨੇ ਵੀ ਉਹੀ ਸ਼ਬਦ ਕਹੇ। ਉਨ੍ਹਾਂ ਨੇ ਕਿਹਾ, "ਤੁਸੀਂ ਬਹੁਤ ਚੰਗੀ ਗੱਲ ਕੀਤੀ ਹੈ- 'ਜ਼ਮੀਰ।' ਨਵੇਂ ਸ਼ਹਿਰ ਵਿਚ ਤੁਹਾਡੀਆਂ ਉਂਗਲਾਂ ਦੇ ਨਿਸ਼ਾਨ ਵੀ ਵਿਖਾਈ ਦੇਣਗੇ।"

ਫਿਰ ਅੱਧਖੜ ਉਮਰ ਦਾ ਆਦਮੀ ਖੜ੍ਹਾ ਹੋਇਆ। ਉਸ ਦੀਆਂ ਅੱਖਾਂ ਵਿਚ ਤਾਂਬੇ ਰੰਗ ਦਾ ਮੋਟਾ ਚਸ਼ਮਾ ਸੀ। ਉਸ ਦੇ ਪੈਰਾਂ ਵਿਚ ਤਾਂਬੇ ਦੀਆਂ ਬੇੜੀਆਂ ਸਨ। ਉਸ ਦੇ ਪਿੱਛੇ ਪਿੱਛੇ ਦੋ ਦੋ ਦੀ ਕਤਾਰ ਵਿਚ ਤੁਰ ਰਹੇ 49 ਜੁੜਵੇਂ ਸਨ। ਉਸ ਨੇ ਵੀ ਉਹੀ ਸ਼ਬਦ ਦੁਹਰਾਏ, ਜਿਹੜੇ 'ਕਲਪਨਾ' ਅਤੇ 'ਜ਼ਮੀਰ' ਨੇ ਕਹੇ ਸਨ। ਉਨ੍ਹਾਂ ਦੀ ਗੱਲ ਸੁਣ ਕੇ ਬਾਦਸ਼ਾਹ ਨੇ ਕਿਹਾ, "ਦਿਲ! ਤੁਸੀਂ ਬਹੁਤ ਵਧੀਆ ਗੱਲ ਕਹੀ ਹੈ। ਹਮੇਸ਼ਾ ਖੁਸ਼ ਰਹੋ। ਨਵੇਂ ਸ਼ਹਿਰ ਵਿਚ ਤੁਹਾਨੂੰ ਕਈ ਅਜਿਹੇ ਸ਼ਿਕਾਰ ਮਿਲਣਗੇ, ਜਿਨ੍ਹਾਂ ਨੂੰ ਤੁਸੀਂ ਸੂਈ ਚੁਭੋ ਸਕਦੇ ਹੋ।"

ਬਾਦਸ਼ਾਹ ਦਿ ਗ੍ਰੇਟ ਪੈਨੀ ਦੇ ਸੱਜੇ ਹੱਥ ਉਸ ਦਾ ਪ੍ਰਧਾਨ ਮੰਤਰੀ 'ਲਾਲਚ' ਅਤੇ ਖੱਬੇ ਹੱਥ ਬੈਠਾ ਸੀ ਚਾਂਸਲਰ 'ਮੱਕਾਰ'। ਬਾਦਸ਼ਾਹ ਨੇ ਕਿਹਾ, "ਇਹ ਤਾਂ ਤੁਹਾਡਾ ਸਭ ਦਾ ਮੁਬਾਰਕ ਦਿਨ ਹੈ। ਨਵੇਂ ਸੰਸਾਰ ਵੱਲ ਕੂਚ ਕਰੋ ਤੇ 'ਰੈੱਡ ਇੰਡੀਅਨਜ਼' ਦੇ ਕਬੀਲੇ ਤੋਂ ਮੈਨਹਟਨ ਜ਼ਖੀਰੇ ਨੂੰ ਘੱਟ ਤੋਂ ਘੱਟ ਮੁੱਲ ਵਿਚ ਖਰੀਦ ਲਵੋ।"

ਦਿ ਗ੍ਰੇਟ ਪੈਨੀ ਆਪਣੀ ਸਭਾ ਬਰਖਾਸਤ ਕਰਨ ਹੀ ਵਾਲਾ ਸੀ ਕਿ ਉਸ ਦੀ ਨਜ਼ਰ ਇਕ ਕਮਸਿਨ ਹੁਸੀਨਾ 'ਤੇ ਪਈ। ਉਹ ਬਿਲਕੁਲ ਨਗਨ ਹਾਲਤ ਵਿਚ ਸਿੰਘਾਸਣ ਸਾਹਮਣੇ ਖਲੋਤੀ ਸੀ। ਉਸ ਦੀ ਸੁੰਦਰਤਾ ਦਾ ਵਰਣਨ ਸ਼ਬਦਾਂ ਵਿਚ ਕੀਤਾ ਹੀ ਨਹੀਂ ਜਾ ਸਕਦਾ। ਉਸ ਦੇ ਹੱਥ ਵਿਚ ਬੇਸ਼ਕੀਮਤੀ ਹੀਰਾ ਸੀ। ਦਿ ਗ੍ਰੇਟ ਪੈਨੀ ਦੀਆਂ ਅੱਖਾਂ ਉਸ ਕਮਸਿਨ ਹੁਸੀਨਾ ਦੇ ਸੁਹੱਪਣ ਅਤੇ ਹੀਰੇ ਦੀ ਚਮਕ ਦੀ ਤਾਬ ਨਾ ਝੱਲ ਸਕੀਆਂ। ਉਹ ਕੰਬਦੀ ਆਵਾਜ਼ ਵਿਚ ਬੋਲਿਆ:

"ਤੂੰ ਕਦੋਂ ਆਈ, ਹੁਸੀਨਾ?"

"ਮੈਂ ਤਾਂ ਤੁਹਾਡੇ ਆਉਣ ਤੋਂ ਪਹਿਲਾਂ ਹੀ ਇਥੇ ਹਾਜ਼ਰ ਸੀ।"

"ਇਹ ਅਸੰਭਵ ਹੈ। ਤੂੰ ਹੈਂ ਕੌਣ?"

"ਮੈਂ ਜ਼ਿੰਦਗੀ ਹਾਂ।"

"ਇਹ ਨਹੀਂ ਹੋ ਸਕਦਾ। ਜ਼ਿੰਦਗੀ ਤਾਂ ਹਮੇਸ਼ਾ ਹੀ ਮੇਰੀ ਮੁੱਠੀ ਵਿਚ ਕੈਦ ਰਹੀ ਹੈ। ਤੇਰੇ ਇਥੇ ਆਉਣ ਦਾ ਸਬੱਬ ਕੀ ਹੈ?"

"ਮੈਂ ਤੁਹਾਨੂੰ ਇਹ ਕਹਿੰਦਿਆਂ ਸੁਣਿਆ ਹੈ ਕਿ ਤੁਸੀਂ ਖੁਸ਼ੀ ਲੱਭ ਰਹੇ ਹੋ, ਤੇ ਮੈਂ ਤੁਹਾਨੂੰ ਉਸ ਦਾ ਰਾਹ ਦੱਸਣ ਆਈ ਹਾਂ।"

"ਇਹ ਤਾਂ ਅਸੰਭਵ ਤੋਂ ਅਸੰਭਵ ਗੱਲ ਹੈ। ਮੇਰੇ ਸਿਵਾਏ ਖੁਸ਼ੀ ਦਾ ਠਿਕਾਣਾ ਹੋਰ ਕੋਈ ਜਾਣਦਾ ਹੀ ਨਹੀਂ। ਮੈਂ ਹੀ ਖੁਸ਼ੀ ਵੱਲ ਜਾਣ ਵਾਲਾ ਰਸਤਾ ਹਾਂ, ਤੇ ਮੈਂ ਹੀ ਉਸ ਦਾ ਪ੍ਰਵੇਸ਼ ਦੁਆਰ ਹਾਂ। ਮੈਂ ਹੀ ਅੰਦਰ ਜਾਣ ਵਾਲਾ ਦਰਵਾਜ਼ਾ ਹਾਂ, ਤੇ ਮੈਂ ਹੀ ਬਾਹਰ ਆਉਣ ਵਾਲਾ ਬੂਹਾ। ਤੇਰੇ ਹੱਥ ਵਿਚ ਇਹ ਚਮਕਦਾਰ ਵਸਤੂ ਕੀ ਹੈ?"

"ਖੁਸ਼ੀ!"

"ਕਿੰਨੀ ਹਾਸੋ-ਹੀਣੀ ਗੱਲ ਹੈ। ਤੂੰ ਨਹੀਂ ਜਾਣਦੀ ਕਿ ਅੱਜ ਅਸੀਂ ਨਵੇਂ ਸ਼ਹਿਰ ਦੀ ਬੁਨਿਆਦ ਰੱਖਣ ਲੱਗੇ ਹਾਂ, ਜਿਥੇ ਖੁਸ਼ੀ ਦਾ ਰਾਜ ਹੋਵੇਗਾ। ਤੂੰ ਇਥੋਂ ਚਲੀ ਜਾ, ਤੂੰ ਮਜ਼ਾਕ ਕਰ ਰਹੀ ਹੈਂ।"

"ਨਹੀਂ! ਮੈਂ ਸੰਜੀਦਾ ਹਾਂ।"

"ਤੇਰੀ ਸੰਜੀਦਗੀ 'ਤੇ ਮੈਨੂੰ ਹਾਸਾ ਆ ਰਿਹਾ ਹੈ, ਪਰ ਤੇਰੇ ਹੱਥ 'ਚ ਫੜਿਆ ਹੀਰਾ ਬੜਾ ਦਿਲਕਸ਼ ਹੈ। ਇਸ ਨੂੰ ਵੇਚਣਾ ਚਾਹੁੰਦੀ ਹੈਂ?"

"ਖੁਸ਼ੀ ਨਾ ਖਰੀਦੀ ਜਾ ਸਕਦੀ ਹੈ, ਨਾ ਵੇਚੀ ਜਾ ਸਕਦੀ।"

"ਇਹ ਤੇਰੀ ਮੂਰਖਾਂ ਵਾਲੀ ਗੱਲ ਹੈ। ਮੇਰੇ ਰਾਜ ਵਿਚ ਹਰ ਚੀਜ਼ ਦੀ ਖਰੀਦੋ-ਫਰੋਖਤ ਹੁੰਦੀ ਹੈ। ਜੇ ਖੁਸ਼ੀ ਖਰੀਦੀ ਜਾਂ ਵੇਚੀ ਨਾ ਜਾਂਦੀ ਤਾਂ ਇਸ ਨੂੰ ਹਾਸਲ ਕਰਨ ਦੀ ਤਮੰਨਾ ਕਿਉਂ ਰਹਿੰਦੀ ਹੈ।"

"ਜੋ ਮੇਰਾ ਸਹਿਜਤਾ ਨਾਲ ਸਵਾਗਤ ਕਰਦੇ ਹਨ, ਉਨ੍ਹਾਂ ਨੂੰ ਮੈਂ ਇਹ ਹੀਰਾ ਓਨੀ ਹੀ ਸਹਿਜਤਾ ਨਾਲ ਮੁਫਤ ਦੇ ਦਿੰਦੀ ਹਾਂ।"

"ਤੂੰ ਬੜੀ ਬੇਹਯਾ ਔਰਤ ਹੈਂ। ਮੇਰੇ ਸਾਹਮਣੇ ਨਗਨ ਅਵਸਥਾ 'ਚ ਖਲੋਣ ਦੀ ਹਿੰਮਤ ਕਿੰਦਾਂ ਹੋਈ? ਇਸ ਬਦਕਾਰ ਔਰਤ ਦੇ ਨੰਗੇਜ ਨੂੰ ਕਪੜਿਆਂ ਨਾਲ ਢੱਕ ਦੇਵੋ ਤੇ ਫੇਰ ਗਰਮ ਗਰਮ ਪਾਰਾ ਇਸ ਦੇ ਮੂੰਹ ਵਿਚ ਪਾ ਦੇਵੋ। ਲੋਹੇ ਦੀਆਂ ਜ਼ੰਜੀਰਾਂ ਨਾਲ ਇਸ ਦੇ ਪੈਰ ਨੂੜ ਕੇ ਨਰਕ ਦੇ ਸੱਤਵੇਂ ਤਹਿਖਾਨੇ ਦੀ ਅੱਗ ਵਿਚ ਸੜਨ ਲਈ ਸੁੱਟ ਦੇਵੋ, ਤੇ ਇਸ ਦੇ ਹੱਥ ਵਿਚ ਫੜਿਆ ਹੀਰਾ ਮੇਰੇ ਸਪੁਰਦ ਕਰ ਦੇਵੋ।"

ਸਿਪਾਹੀ ਉਸ ਹੁਸੀਨਾ ਨੂੰ ਫੜਨ ਲਈ ਅਗਾਂਹ ਵਧੇ। ਉਨ੍ਹਾਂ ਨੇ ਉਸ ਦੇ ਹੱਥ 'ਚੋਂ ਹੀਰਾ ਖੋਹ ਕੇ ਸਿੰਘਾਸਣ 'ਤੇ ਬੈਠੇ ਦਿ ਗ੍ਰੇਟ ਪੈਨੀ ਦੇ ਹਵਾਲੇ ਕਰ ਦਿੱਤਾ। ਹੁਸੀਨਾ ਨੂੰ ਕੱਪੜਿਆਂ ਨਾਲ ਢੱਕਣਾ ਅਜੇ ਸ਼ੁਰੂ ਹੀ ਕੀਤਾ ਸੀ ਕਿ ਦਿ ਗ੍ਰੇਟ ਪੈਨੀ ਨੇ ਆਪਣੇ ਹੱਥ 'ਚ ਫੜਿਆ ਹੀਰਾ ਵੇਖਿਆ ਤੇ ਹੈਰਾਨ ਹੋ ਕੇ ਕਿਹਾ:


"ਇਹ ਕੀ? ਇਹ ਤਾਂ ਕਾਲਾ ਕੋਲਾ ਹੈ।"

ਤੇ ਵੇਖਦਿਆਂ ਹੀ ਵੇਖਦਿਆਂ ਉਹ ਹੁਸੀਨਾ ਧਾਰੀਦਾਰ ਸੱਪ 'ਚ ਤਬਦੀਲ ਹੋ ਚੁੱਕੀ ਸੀ।

ਦਿ ਗ੍ਰੇਟ ਪੈਨੀ ਨੇ ਬੜੀ ਰੋਬੀਲੀ ਆਵਾਜ਼ 'ਚ ਕਿਹਾ, "ਮੈਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਇਹ ਤਾਂ ਕੋਈ ਜਾਦੂਗਰਨੀ ਹੈ। ਇਸ ਨੂੰ ਕੁਚਲ ਕੇ ਮਾਰ ਦੇਵੋ। ਜਾਵੋ ਤੇ ਆਪਣੇ ਆਪਣੇ ਕੰਮ ਵਿਚ ਰੁਝ ਜਾਵੋ। ਯਾਦ ਰੱਖੋ! ਜੋ ਕੰਮ ਤੁਸੀਂ ਅੱਜ ਕਰ ਸਕਦੇ ਹੋ, ਉਸ ਨੂੰ ਕੱਲ੍ਹ 'ਤੇ ਨਾ ਟਾਲੋ।"

ਦਿ ਗ੍ਰੇਟ ਪੈਨੀ ਦੇ ਹੁਕਮ ਦੀ ਸਭ ਨੇ ਪਾਲਣਾ ਕੀਤੀ ਅਤੇ ਉਸ ਦੇ ਅਹਿਲਕਾਰਾਂ ਨੇ 24000 ਡਾਲਰ ਵਿਚ ਮੈਨਹਟਨ ਜ਼ਖੀਰਾ ਖਰੀਦ ਲਿਆ। ਅੱਜ ਤੱਕ ਵੀ ਉਸ ਦੀਆਂ ਨੀਂਹਾਂ ਪੁੱਟੀਆਂ ਜਾ ਰਹੀਆਂ ਹਨ। ਇਮਾਰਤਾਂ ਬਣਾਈਆਂ ਤੇ ਤੋੜੀਆਂ ਜਾ ਰਹੀਆਂ ਹਨ। ਟੁੱਟੇ ਭਵਨਾਂ ਦੇ ਮਲਬੇ 'ਚੋਂ ਅਸਮਾਨ ਛੂੰਹਦੀਆਂ ਇਮਾਰਤਾਂ ਦੀ ਤਾਮੀਰ ਹੋ ਰਹੀ ਹੈ- ਲੱਖਾਂ ਲੋਕ ਅਸਮਾਨ 'ਤੇ ਟਾਕੀ ਲਾਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ, ਤੇ ਉਸ ਚਮਕਦਾਰ ਪੱਥਰ ਦੀ ਤਲਾਸ਼ ਵਿਚ ਭਟਕ ਰਹੇ ਹਨ, ਜਿਸ ਦਾ ਨਾਮ 'ਹੀਰਾ' ਬਨਾਮ 'ਖੁਸ਼ੀ' ਹੈ।

ਇਨ੍ਹਾਂ ਲੱਖਾਂ ਲੋਕਾਂ ਦੀ ਭੀੜ ਵਿਚ ਜਿਬਰਾਨ ਵੀ ਸ਼ਾਮਲ ਸੀ।



# ਜੀ. ਐਸ. ਚੋਪੜਾ

## ਬਾਤਾਂ ਗੁਰਬਖਸ਼ ਸਿੰਘ ਪ੍ਰੀਤ ਲੜੀ ਦੀਆਂ

*ਪੰਜਾਬੀ ਵਾਰਤਕ ਵਿਚ ਨਵਾਂ ਅਤੇ ਨਿਵੇਕਲਾ ਰੰਗ ਭਰਨ ਵਾਲੇ ਲਿਖਾਰੀ ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਸੁਹਜ ਅਤੇ ਸਲੀਕੇ ਬਾਰੇ ਸਾਹਿਤ ਜਗਤ ਵਿਚ ਬਹੁਤ ਸਾਰੇ ਕਿੱਸੇ ਪ੍ਰਚਲਿਤ ਹਨ। ਕਈ ਵਾਰ ਤਾਂ ਇਹ ਸਲੀਕਾ ਹੱਦਾਂ ਪਾਰ ਕਰ ਜਾਂਦਾ ਸੀ। ਇਸ ਲੇਖ ਵਿਚ ਮਰਹੂਮ ਪ੍ਰੋ. ਪ੍ਰੀਤਮ ਸਿੰਘ ਨੇ ਉਨ੍ਹਾਂ ਦੀ ਜ਼ਿੰਦਗੀ ਨਾਲ ਜੁੜਿਆ ਅਜਿਹਾ ਹੀ ਇਕ ਕਿੱਸਾ ਬਿਆਨ ਕੀਤਾ ਹੈ। ਇਸ ਵੱਡੇ ਲਿਖਾਰੀ ਨਾਲ ਜੁੜਿਆ ਇਹ ਕਿੱਸਾ ਦਿਲਚਸਪ ਤਾਂ ਹੈ ਹੀ, ਇਸ ਤੋਂ ਸਿੱਖਣ ਅਤੇ ਸਿਖਾਉਣ ਲਈ ਬੜਾ ਕੁਝ ਮਿਲਦਾ ਹੈ। -ਸੰਪਾਦਕ*



ਪ੍ਰੋ. ਪ੍ਰੀਤਮ ਸਿੰਘ

ਸਾਹਿਤ ਅਕਾਡਮੀ, ਦਿੱਲੀ ਦੇ ਪੰਜਾਬੀ ਸਲਾਹਕਾਰ ਬੋਰਡ ਦੀ ਮੀਟਿੰਗ ਮੇਰੇ ਘਰ ਹੋਣੀ ਸੀ। ਓਦੋਂ ਡਾ. ਪ੍ਰਭਾਕਰ ਮਾਚਵੇ ਅਕਾਡਮੀ ਦੇ ਮੀਤ ਸਕੱਤਰ ਸਨ। ਉਨ੍ਹਾਂ ਨੇ ਮੀਟਿੰਗ ਵਿਚ ਹਾਜ਼ਰ ਹੋਣ ਦੀ ਇੱਛਾ ਪ੍ਰਗਟਾਈ ਸੀ, ਅੰਮ੍ਰਿਤਾ ਪ੍ਰੀਤਮ ਹੁਰਾਂ ਦੀ ਰਜ਼ਾਮੰਦੀ ਦੀ ਚਿੱਠੀ ਆ ਚੁੱਕੀ ਸੀ ਤੇ ਸ. ਗੁਰਬਖਸ਼ ਸਿੰਘ ਹੁਰਾਂ ਪ੍ਰੀਤ ਨਗਰ ਤੋਂ ਆਉਣ ਦਾ ਪ੍ਰੋਗਰਾਮ ਭੇਜਿਆ ਹੋਇਆ ਸੀ। ਦਿੱਲੀ ਵੱਲੋਂ ਆਉਣ ਵਾਲੀ ਗੱਡੀ ਨੇ ਪਹਿਲਾਂ ਪਹੁੰਚਣਾ ਸੀ, ਸ਼ਾਇਦ ਤੜਕੇ ਤਿੰਨ ਚਾਰ ਵਜੇ ਦੇ ਦਰਮਿਆਨ। ਸ. ਗੁਰਬਖਸ਼ ਸਿੰਘ ਦੀ ਗੱਡੀ ਨੇ ਘੰਟਾ, ਪੌਣਾ ਘੰਟਾ ਬਾਅਦ ਵਿਚ ਪਹੁੰਚਣਾ ਸੀ। ਅਤਰ ਸਿੰਘ ਤੇ ਬਲਬੀਰ ਸਿੰਘ ਸੰਧੂ, ਜੋ ਓਦੋਂ ਐਮ.ਏ. ਵਿਚ ਪੜ੍ਹਦੇ ਸਨ, ਤੇ ਮੇਰਾ ਬੇਟਾ ਜੈਰੂਪ ਸਿੰਘ ਪ੍ਰਾਹੁਣਿਆਂ ਨੂੰ ਸਟੇਸ਼ਨ ਤੋਂ ਲਿਆਉਣ ਤੇ ਉਨ੍ਹਾਂ ਦੀਆਂ ਲੋੜਾਂ ਪੂਰਨ ਲਈ ਕਈ ਦਿਨਾਂ ਤੋਂ ਤਿਆਰੀਆਂ ਕੱਸ ਰਹੇ ਸਨ। ਸਾਡੇ ਮਕਾਨ ਦੀ ਚਬਾਰਾਨੁਮਾ ਖੁੱਲ੍ਹੀ ਮਿਆਨੀ ਵਿਚ ਦੋ ਪਲੰਘ ਵਿਛੇ ਹੁੰਦੇ ਸਨ, ਉਨ੍ਹਾਂ ਦੇ ਨਾਲ ਦੇ ਮੰਜੇ ਹੋਰ ਡਾਹ ਕੇ ਬਿਸਤਰੇ ਵਿਛਾ ਦਿੱਤੇ ਗਏ। ਪ੍ਰਾਹੁਣੇ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਅਧੂਰੇ ਉਸਰੇ ਮਕਾਨ ਵਿਚ ਇਕ ਹੋਰ ਕਮਰਾ ਸੀ, ਜਿਸ ਨੂੰ ਅਸੀਂ ਸਵੇਰੇ ਬੈਠਕ, ਲਿਖਣ ਪੜ੍ਹਨ ਦੇ ਕਮਰੇ ਤੇ ਲਾਇਬ੍ਰੇਰੀ ਵਜੋਂ ਵਰਤਦੇ ਸਾਂ ਤੇ ਰਾਤ ਨੂੰ ਸੌਣ ਕਮਰੇ ਵਜੋਂ। ਮਿਆਨੀ ਦੇ ਥੱਲੇ ਛੋਟਾ ਜਿਹਾ ਸਟੋਰ ਸੀ, ਜਿਸ ਤੋਂ ਅਸੀਂ ਸਿਆਲ ਵਿਚ ਗੁਸਲਖਾਨੇ ਦੀ ਸੇਵਾ ਲੈ ਲਿਆ ਕਰਦੇ ਸਾਂ। ਸਿਆਲੇ ਨੇ ਅਜੇ ਆਪਣੀ ਸਫ਼ ਪੂਰੀ ਤਰ੍ਹਾਂ ਨਹੀਂ ਸੀ ਵਲ੍ਹੇਟੀ, ਇਸ ਲਈ ਅਸੀਂ ਇਸੇ ਤੋਂ ਪ੍ਰਾਹੁਣਿਆਂ ਦੇ ਇਸ਼ਨਾਨ ਘਰ ਦੀ ਸੇਵਾ ਲੈਣ ਦਾ ਫੈਸਲਾ ਕੀਤਾ ਸੀ। ਪਾਣੀ ਵਾਲੇ ਗੁਸਲਖਾਨੇ ਤੇ ਫਲੱਸ਼ ਲਈ ਵਿਹੜੇ ਵਿਚੋਂ ਲੰਘ ਕੇ ਜਾਣਾ ਪੈਂਦਾ ਸੀ। ਏਧਰ ਗੁਲਸਖਾਨਾ ਬਣੇ ਸਟੋਰ ਵਿਚ ਪਾਣੀ ਬਾਲਟੀਆਂ ਨਾਲ ਬਹਾਰੋਂ ਢੋਹ ਲਿਆ ਜਾਂਦਾ ਸੀ। ਉਸ ਵਿਚ ਤੌਲੀਏ, ਸਾਬਣ, ਤੇਲ, ਆਦਿ ਦਾ ਇੰਤਜ਼ਾਮ ਕੀਤਾ ਹੋਇਆ ਸੀ। ਖਾਣਾ ਤਿਆਰ ਕਰਨ ਲਈ ਪਟਿਆਲੇ ਦੇ ਰਾਜ ਘਰਾਣੇ ਦੇ ਖਾਸ ਕੁੱਕ ਦੀ ਸੇਵਾ ਲਈ ਹੋਈ ਸੀ। ਸਾਰਾ ਪਰਿਵਾਰ, ਪ੍ਰਾਹੁਣਚਾਰੀ ਵਿਚ ਇਕ ਦੂਜੇ ਤੋਂ ਅੱਗੇ ਵਧਣ ਲਈ ਤਤਪਰ ਸੀ। ਮੇਰੀ ਸੁਪਤਨੀ, ਬੱਚੇ ਤੇ ਚੋਣਵੇਂ ਵਿਦਿਆਰਥੀ ਪੰਜਾਬੀ ਦੇ ਸਾਹਿਤਕ ਜਗਤ ਦੀਆਂ ਉਘੀਆਂ ਹਸਤੀਆਂ ਨੂੰ ਜੀ ਆਇਆਂ ਕਹਿਣ ਦੇ ਚਾਉ ਵਿਚ ਤੇ ਉਨ੍ਹਾਂ ਦੇ ਸੁਖ-ਅਰਾਮ ਨੂੰ ਨਿਸ਼ਚਿਤ ਬਣਾਉਣ ਦੇ ਆਹਰ ਵਿਚ ਸਾਰੀ ਰਾਤ ਜਾਗਦੇ ਰਹੇ। ਇਕੱਲਾ ਮੈਂ ਹੀ ਸਾਂ ਜਿਸ ਨੇ ਕੁਝ ਘੜੀਆਂ ਲੱਕ ਸਿੱਧਾ ਕਰਨ ਦੀ ਵਿਹਲ ਕੱਢ ਲਈ ਸੀ। ਸਭ ਤੋਂ ਪਹਿਲਾਂ ਇਕੱਠੇ ਪਹੁੰਚੇ ਡਾ. ਮਾਚਵੇ ਤੇ ਅੰਮ੍ਰਿਤਾ ਪ੍ਰੀਤਮ। ਹਸਮੁਖ ਮਾਚਵੇ ਦੀ ਭਾਰੀ ਦੇਹ, ਚਿੱਟੇ ਖੱਦਰ ਦੇ ਸਿਲਵਟਾਂ ਵਾਲੇ ਕੁੜਤੇ, ਖੁੱਲ੍ਹੇ ਪਜਾਮੇ ਤੇ ਊਠ-ਰੰਗੀ ਗਰਮ ਨਹਿਰੂ ਜਾਕਟ ਵਿਚ ਸਫ਼ਰ ਦੀ ਥਕਾਵਟ ਤੋਂ ਬੇਨਿਆਜ਼ ਲਗਦੀ ਸੀ। ਅੰਮ੍ਰਿਤਾ ਦੀਆਂ ਅੱਖਾਂ ਕੁਝ ਅਲਸਾਈਆਂ ਹੋਈਆਂ ਸਨ ਤੇ ਵਾਲ ਪ੍ਰੇਸ਼ਾਨ ਸਨ। ਉਸ ਨੇ ਆਪਣੇ ਆਪ ਨੂੰ ਕਾਲੇ ਕੋਟ ਵਿਚ ਵਲ੍ਹੇਟਿਆ ਹੋਇਆ ਸੀ। ਮਿਆਨੀ ਵਿਚ ਪਹੁੰਚਦੇ ਸਾਰ ਉਸ ਨੇ ਆਪਣਾ ਕੋਟ ਲਾਹ ਕੇ ਕਿੱਲੀ ਨਾਲ ਟੰਗ ਦਿੱਤਾ, ਦੋ ਤਿੰਨ ਵਾਰੀ ਸਿਰ ਛੰਡਿਆ ਤੇ ਵਾਲਾਂ ਦੀ ਆਵਾਰਗੀ ਨੂੰ ਰਾਸ ਕਰਨ ਦਾ ਜਤਨ ਕੀਤਾ, ਬਾਹਵਾਂ ਪਿਛਲੇ ਪਾਸੇ ਕਰ ਕੇ ਤੇ ਛਾਤੀ ਨੂੰ ਉਭਾਰ ਕੇ ਹਲਕੀ ਜਿਹੀ ਆਕੜ ਭੰਨੀ ਤੇ ਰਜਾਈ ਵਿਚ ਵੜਦਿਆਂ ਬੋਲੀ, "ਮੈਂ ਤਾਂ ਥੋੜ੍ਹੀ ਦੇਰ ਸਵਾਂਗੀ।" ਚਾਹ ਦੇ ਕੱਪ ਨੂੰ ਉਸ ਨੇ ਪਹਿਲਾਂ ਹੀ ਨਾਂਹ ਕਰ ਦਿੱਤੀ ਸੀ।

ਜਦੋਂ ਸ. ਗੁਰਬਖਸ਼ ਸਿੰਘ ਪਹੁੰਚੇ, ਅਜੇ ਮੁਨ੍ਹੇਰਾ ਸੀ। ਦਰਮਿਆਨੇ ਮੇਲ ਤੋਂ ਕੁਝ ਵੱਡਾ ਸੂਟਕੇਸ ਉਨ੍ਹਾਂ ਦੇ ਸਮਾਨ ਦਾ ਇਕੋ ਇਕ ਨਗ ਸੀ। ਫਤਹਿ-ਫਤੂਹੀ ਦੇ ਝਟ ਬਾਅਦ ਉਨ੍ਹਾਂ ਨਹਾਉਣ ਦੀ ਇੱਛਾ ਜ਼ਾਹਰ ਕੀਤੀ। ਮੈਨੂੰ ਕੁਝ ਹੈਰਾਨੀ ਜ਼ਰੂਰ ਹੋਈ, ਕਿਉਂਕਿ ਆਏ ਤਾਂ ਉਹ ਭਾਵੇਂ ਰਾਤ ਦਾ ਲੰਮਾ ਸਫ਼ਰ ਕਰ ਕੇ ਸਨ, ਪਰ ਉਨ੍ਹਾਂ ਦੀ ਬੇਦਾਗ ਚਿੱਟੀ ਪੱਗ ਦਾ ਇਕ ਇਕ ਵਲਾਵਾਂ ਹਿਸਾਬ ਸਿਰ ਵਲਿਆ ਹੋਇਆ ਦਿਸ ਰਿਹਾ ਸੀ। ਕੋਈ ਨਹੀਂ ਸੀ ਕਹਿ ਸਕਦਾ ਕਿ ਇਹ ਪੱਗ ਸ਼ੀਸ਼ਾ ਸਾਹਮਣੇ ਰੱਖ ਕੇ ਨਹੀਂ ਸੀ ਬੰਨ੍ਹੀ ਹੋਈ। ਉਨ੍ਹਾਂ ਦਾ ਉਜਲ ਚਿਹਰਾ ਲਿਸ਼ਲਿਸ਼ ਕਰ ਰਿਹਾ ਸੀ। ਸਿਧਾਈ ਹੋਈ ਫਰਮਾਂਬਰਦਾਰ ਦਾੜ੍ਹੀ ਦਾ ਇਕ ਇਕ ਵਾਲ ਬਿਜਲੀ ਦੀ ਰੋਸ਼ਨੀ ਵਿਚ ਚਮਕ ਰਿਹਾ ਸੀ। ਇਸਤਰੀ ਹੋਈ ਕਮੀਜ਼ ਵਿਚ ਕੋਈ ਖਾਸ ਵੱਟ ਨਹੀਂ ਸੀ ਦਿਸ ਰਿਹਾ। ਚਿੱਟੇ ਤੰਗ ਪਜਾਮੇ ਦੀ ਚਿਟਿਆਸ ਅਜੇ ਕੁਆਰੀ ਪਈ ਸੀ। ਨਵੇਂ ਪਾਲਸ਼ ਹੋਏ ਬੂਟਾਂ ਦੇ ਤਸਮੇ ਬਿਲਕੁਲ ਇਕਸਾਰ ਬੱਝੇ ਹੋਏ ਸਨ। ਇਸ ਨਵੇਂ ਨਕੋਰ ਸਰੂਪ ਨੂੰ ਵੇਖ ਕੇ ਮੇਰਾ ਇਹ ਭੁਲੇਖਾ ਕੁਦਰਤੀ ਸੀ ਕਿ ਸਰਦਾਰ ਸਾਹਿਬ ਗੱਡੀ ਵਿਚ ਹੀ ਨਹਾ ਧੋ ਕੇ ਤਿਆਰ ਹੋ ਕੇ ਆਏ ਹੋਣਗੇ। ਫੇਰ ਸੋਚ ਫੁਰੀ ਕਿ ਜਿਸ ਬੰਦੇ ਦੇ ਇਸ਼ਨਾਨ ਤੋਂ ਪਹਿਲਾਂ ਦੇ ਦਰਸ਼ਨ ਏਨੇ ਨਿੰਬਲ ਸਨ, ਉਸ ਦੀ ਇਸ਼ਨਾਨ ਦੇ ਪਿਛੋਂ ਦੀ ਛਬ ਦੀ ਝਾਲ ਕਿਵੇਂ ਝੱਲੀ ਜਾਵੇਗੀ?

ਕਹਿਣ ਲੱਗੇ, "ਜਿਥੇ ਮੈਂ ਨਹਾਉਣਾ ਹੈ, ਪਹਿਲਾਂ ਮੈਨੂੰ ਉਹ ਥਾਂ ਵਿਖਾ ਸਕੋਗੇ?"

ਮੈਂ ਉਨ੍ਹਾਂ ਨੂੰ ਥੱਲੇ ਗੁਸਲਖਾਨੇ ਵਿਚ ਲੈ ਗਿਆ। ਗੁਸਲਖਾਨਾ ਕੀ ਸੀ? ਦੋ ਪਾਸੇ ਕੰਧਾਂ ਤੀਜੇ ਪਾਸੇ ਬਰਾਂਡੇ ਵਿਚ ਖੁੱਲ੍ਹਦੀ ਵੱਡੀ ਖਿੜਕੀ ਤੇ ਸਾਹਮਣੇ ਪਾਸੇ ਅੱਧੀ ਕੰਧ ਤੇ ਬਾਕੀ ਦੀ ਅੱਧੀ ਵਿਚ ਪ੍ਰਵੇਸ਼ ਦੁਆਰ ਬਣਿਆ ਹੋਇਆ ਸੀ। ਖਿੜਕੀਆਂ ਬੰਦ ਕੀਤਿਆਂ ਦੇਸੀ ਤੇ ਅੰਗਰੇਜ਼ੀ ਸਾਬਣਾਂ ਵਾਲੀਆਂ ਸਾਬਣਦਾਨੀਆਂ, ਸਰ੍ਹੋਂ ਦਾ ਤੇਲ ਤੇ ਪਾਊਡਰ ਦੇ ਡੱਬੇ, ਆਦਿ ਟਿਕਾਉਣ ਲਈ ਥੜੀ ਨਿਕਲ ਆਉਣੀ ਸੀ। ਓਥੇ ਇਹ ਚੀਜ਼ਾਂ ਟਿਕਾਈਆਂ ਹੋਈਆਂ ਸਨ। ਕਿੱਲੀ ਉਤੇ ਤੌਲੀਆ ਟੰਗਿਆ ਹੋਇਆ ਸੀ। ਪਾਣੀ ਦਾ ਭਰਿਆ ਹੋਇਆ ਟੱਬ ਪਿਆ ਸੀ ਤੇ ਕੋਲ ਪਲਾਸਟਿਕ ਦਾ ਵੱਡਾ ਕੱਪ ਪਟੜੀ ਉਤੇ ਰੱਖਿਆ ਹੋਇਆ ਸੀ। ਸ. ਗੁਰਬਖਸ਼ ਸਿੰਘ ਚਾਰੇ ਪਾਸੇ ਪੜਤਾਲੀਆ ਨਿਗਾਹ ਦੁੜਾ ਕੇ ਬੋਲੇ, "ਕੋਈ ਸਟੂਲ ਮਿਲ ਸਕਦੈ?"

ਮੈਂ ਕਿਹਾ, "ਜੀ ਜ਼ਰੂਰ!"

ਬਲਬੀਰ ਸੰਧੂ ਦੌੜ ਕੇ ਸਟੂਲ ਫੜ ਲਿਆਇਆ।

"ਤੁਸੀਂ ਕੀ ਨਾਂ ਦੱਸਿਆ ਸੀ, ਆਪਣਾ?" ਬਲਬੀਰ ਨੂੰ ਟਬ ਇਕ ਪਾਸੇ ਕਰਨ ਦੀ ਹਿਦਾਇਤ ਦੇਂਦਿਆਂ ਤੇ ਸਟੂਲ ਨੂੰ ਆਪਣੀ ਚਿੰਦੀ ਥਾਂ ਉਤੇ ਟਿਕਾਉਂਦਿਆਂ ਉਨ੍ਹਾਂ ਨੇ ਪੁੱਛ ਕੀਤੀ।

"ਜੀ ਮੇਰਾ ਨਾਂ ਬਲਬੀਰ ਸਿੰਘ ਐ। ਮੈਂ ਪ੍ਰੋਫੈਸਰ ਸਾਹਿਬ ਦਾ ਸ਼ਾਗਿਰਦ ਆਂ।"

"ਅੱਛਾ! ਬਲਬੀਰ ਸਿੰਘ ਜੀ, ਤੁਸੀਂ ਮੇਰਾ ਸੂਟਕੇਸ ਚੁਬਾਰੇ ਤੋਂ ਏਥੇ ਲਿਆਉਣ ਦੀ ਖੇਚਲ ਕਰ ਸਕੋਗੇ?"

"ਲੌ ਜੀ, ਹੁਣੇ ਲਿਆਇਆ!" ਬਲਬੀਰ ਖੁਸ਼ ਸੀ। ਪੰਜਾਬੀ ਦੇ ਏਡੇ ਵੱਡੇ ਲੇਖਕ ਦੇ ਕੰਮ ਆਉਣ ਦੇ ਚਾਉ ਨਾਲ ਉਹ ਉਡਦਾ ਫਿਰਦਾ ਸੀ। ਉਸ ਨੇ ਸਕਿੰਟਾਂ ਵਿਚ ਸੂਟਕੇਸ ਲਿਆ ਹਾਜ਼ਰ ਕੀਤਾ।

ਮੈਂ ਪੁੱਛਿਆ, "ਰਬੜ ਦੇ ਸਲੀਪਰ ਲਿਆ ਦਿਆਂ? ਬੂਟ ਛਿੱਟਿਆਂ ਤੋਂ ਬਚੇ ਰਹਿਣਗੇ।"

"ਨਹੀਂ, ਮੇਰੇ ਪਾਸ ਸਭ ਕੁਝ ਹੈ।"

ਚੇਤੇ ਨਹੀਂ, ਉਨ੍ਹਾਂ ਪਾਣੀ ਗਰਮ ਕਰਵਾਇਆ ਸੀ, ਜਾਂ ਠੰਢੇ ਨਾਲ ਨਹਾਤੇ ਸਨ, ਪਰ ਜਦੋਂ ਉਨ੍ਹਾਂ ਨੇ ਗੁਸਲਖਾਨੇ ਦਾ ਬੂਹਾ ਢੋਹ ਲਿਆ ਤਾਂ ਅਸੀਂ ਸਾਰਾ ਟੱਬਰ, ਵਿਦਿਆਰਥੀ-ਸੇਵਾਦਾਰਾਂ ਦੇ ਜੁੱਟ ਸਣੇ, ਹੈਰਾਨ ਹੋ ਰਹੇ ਸਾਂ ਕਿ ਏਡੇ ਵੱਡੇ ਸਾਰੇ ਸੂਟਕੇਸ ਨੂੰ ਇਸ ਛੋਟੇ ਜਿਹੇ ਗੁਸਲਖਾਨੇ ਦੇ ਅੰਦਰ ਲਿਜਾਣ ਦੀ ਕੀ ਲੋੜ ਸੀ?

ਬਲਬੀਰ ਬੋਲਿਆ, "ਗੱਡੀ ਵਿਚੋਂ ਉਤਰਨ ਤੋਂ ਪਹਿਲਾਂ ਜਦੋਂ ਸ. ਗੁਰਬਖਸ਼ ਸਿੰਘ ਬੂਹੇ ਦੇ ਵਿਚ-ਵਿਚਾਲੇ ਖੜ੍ਹੇ ਕਿਸੇ ਜੀ ਆਇਆਂ ਕਰਨ ਵਾਲੇ ਦੀ ਉਡੀਕ ਕਰ ਰਹੇ ਸਨ, ਤਾਂ ਇਉਂ ਲੱਗੇ ਜਿਵੇਂ ਕੋਈ ਆਦਮਕੱਦ ਤਸਵੀਰ ਫਰੇਮ ਵਿਚ ਸਜੀ ਹੋਈ ਹੋਵੇ। ਸਿਰ ਤੋਂ ਲੈ ਕੇ ਪੈਰਾਂ ਤੱਕ ਛਬੀਲਾ ਰੰਗ ਰੂਪ।"

ਮੈਂ ਕਿਹਾ, "ਜਦੋਂ ਉਹ ਮਿਆਨੀ ਵਿਚ ਦਾਖ਼ਲ ਹੋਏ, ਓਦੋਂ ਮੈਨੂੰ ਵੀ ਇਵੇਂ ਹੀ ਲੱਗਿਆ ਸੀ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸਫ਼ਰ ਰਾਤ ਦਾ ਸੀ ਤੇ ਉਹ ਵੀ ਘੱਟੋ-ਘੱਟ ਛਿਆਂ ਘੰਟਿਆਂ ਦਾ, ਪਰ ਉਨ੍ਹਾਂ ਦੇ ਕਿਸੇ ਕੱਪੜੇ ਉਤੇ ਕੋਈ ਵੱਟ ਨਹੀਂ ਸੀ ਪਿਆ ਹੋਇਆ ਤੇ ਚਿਹਰੇ ਉਤੇ ਵੀ, ਪਤਾ ਨਹੀਂ ਕੁਦਰਤੀ ਨੂਰ ਸੀ ਜਾਂ ਕਿਸੇ ਕਰੀਮ ਦੀ ਕਿਰਪਾ ਸੀ, ਪਰ ਨੂਰ, ਬਿਲਾ-ਸ਼ੱਕ, ਹੈ ਸੀ। ਇਸ ਲਈ ਮੈਂ ਤਾਂ ਇਹੀ ਸਮਝਿਆ ਸੀ ਕਿ ਉਹ ਨਹਾਉਣ ਧੋਣ ਦੇ ਕੰਮ ਤੋਂ ਵਿਹਲੇ ਹੋ ਆਏ ਨੇ।"

ਤਹਿ ਕੀਤੀ ਰਜਾਈ ਉਤੇ ਖੱਬੀ ਕੂਹਣੀ ਟਿਕਾ ਕੇ ਤੇ ਲੱਤਾਂ ਦੂਹਰੀਆਂ ਕਰ ਕੇ ਆਪਣੇ ਖੱਦਰ ਦੇ ਕੁੜਤੇ ਤੇ ਪਜਾਮੇ ਤੇ ਗਰਮ ਬੰਡੀ ਵਿਚ ਮਾਚਵੇ ਨਿੱਘਾ ਹੋਇਆ ਬੈਠਾ ਸੀ ਤੇ ਆਪਣੇ ਅੰਤਰ-ਜਾਤੀ ਵਿਆਹ 'ਤੇ ਮਹਾਤਮਾ ਗਾਂਧੀ ਦੀ ਆਸ਼ਰੀਵਾਦ ਦੀ ਗੱਲ ਆਪਣੀ ਉਚੀ ਕਮਰਾ-ਭਰੂ ਆਵਾਜ਼ ਵਿਚ ਸੁਣਾ ਰਿਹਾ ਸੀ ਤੇ ਆਪਣੇ ਖੁੱਲ੍ਹੇ-ਖੁੱਲਾਸੇ ਸੁਭਾ ਅਨੁਸਾਰ, ਵਿਚ ਵਿਚ, ਲਤੀਫਿਆਂ ਦੇ ਪਟਾਕੇ ਚਲਾ ਕੇ ਆਪ ਚਹਿਕਦਾ ਤੇ ਦੂਜਿਆਂ ਨੂੰ ਚਹਿਕਾ ਰਿਹਾ ਸੀ। ਜਦੋਂ ਅਸੀਂ ਮਿਆਨੀ ਵਿਚ ਵੜੇ ਤਾਂ ਉਹ ਦੱਸ ਰਿਹਾ ਸੀ, "ਡਾ. ਰਾਧਾਕ੍ਰਿਸ਼ਨਨ ਬਾਰੇ ਕਿਸੇ ਲਤੀਫ਼ਾਕਾਰ ਨੇ ਕਿਹਾ ਹੈ: Dr. Radhakrishnan is a first rate speaker, a second rate teacher, a third rate philosopher and a fourth rate man..."

ਅੰਮ੍ਰਿਤਾ ਜੋ ਨੀਂਦਰ ਦੀ ਝੁੱਟੀ ਦੀ ਆਸ ਵਿਚ ਰਜਾਈ ਵਿਚ ਵੜੀ ਸੀ, ਇਸ ਗਾਲੜੀ ਦੇ ਅਖੰਡ ਵਾਕ ਪ੍ਰਵਾਹ ਵਿਚ ਰੁੜ੍ਹਦੀ, ਸੱਜੇ ਪਰਨੇ ਹੋ ਕੇ, ਉਸ ਦਾ ਹੁੰਗਾਰਾ ਭਰ ਰਹੀ ਸੀ। ਸਾਡਾ ਸੇਵਾਦਾਰ ਜਥਾ ਦੋ ਧੜਿਆਂ ਵਿਚ ਵੰਡਿਆ ਹੋਇਆ ਸੀ-ਕੁਝ ਮੂਕ ਸਰੋਤੇ, ਕੁਝ ਮੂਕ ਦਰਸ਼ਕ। ਅਚਾਨਕ ਮਾਚਵੇ ਦੀ ਗੱਲ ਨੂੰ ਵਿਚੇ ਟੋਕ ਕੇ ਅੰਮ੍ਰਿਤਾ ਜੀ ਨੇ ਰਜਾਈ ਵਿਚੋਂ ਸਾਰਾ ਮੂੰਹ ਬਾਹਰ ਕੱਢਦਿਆਂ ਮੈਨੂੰ ਕਿਹਾ, "ਇਸ ਵੇਲੇ ਗਰਮਾ-ਗਰਮ ਚਾਹ ਦਾ ਕੱਪ ਮਿਲ ਜਾਏ ਤਾਂ ਮਜ਼ਾ ਆ ਜਾਏ।

ਅਤਰ ਸਿੰਘ ਹੁਰੀਂ ਬੋਲੇ, "ਚਾਹ ਤਾਂ ਜੀ ਚਿਰਾਂ ਦੀ ਤੁਹਾਨੂੰ ਉਡੀਕ ਰਹੀ ਹੈ, ਤੁਸੀਂ ਆਪ ਈ ਨਾਂਹ ਕਰ ਦਿੱਤੀ ਸੀ।" ਉਹ ਬਲਬੀਰ ਸਿੰਘ ਨੂੰ ਨਾਲ ਲੈ ਕੇ ਹੇਠਾਂ ਉਤਰ ਗਏ।

ਮਾਚਵੇ ਲੱਤਾਂ ਪਲੰਘ ਤੋਂ ਥੱਲੇ ਲਮਕਾ ਕੇ ਸਿੱਧਾ ਬੈਠ ਗਿਆ, ਅੰਮ੍ਰਿਤਾ ਰਜਾਈ ਲੱਤਾਂ 'ਤੇ ਇਕੱਠੀ ਕਰ ਕੇ, ਉਠ ਬੈਠੀ। ਦੋਵੇਂ ਚਾਹ ਚੁਸਕਦੇ ਰਹੇ ਤੇ ਗੱਲਾਂ ਦੇ ਗੋਹੜੇ ਲਾਹ ਲਾਹ ਸੁੱਟਦੇ ਰਹੇ। ਅਤਰ ਸਿੰਘ ਤੇ ਬਲਬੀਰ ਸਿੰਘ ਜੋ ਉਨ੍ਹਾਂ ਨੂੰ ਪਹਿਲੀ ਵਾਰ ਮਿਲ ਰਹੇ ਸਨ, ਉਨ੍ਹਾਂ ਦੀਆਂ ਗੱਲਾਂ ਨੂੰ ਸਵਾਂਤ ਬੂੰਦਾਂ ਵਾਂਗ ਬੋਚਦੇ ਰਹੇ।

ਏਨੇ ਨੂੰ ਸ. ਗੁਰਬਖਸ਼ ਸਿੰਘ ਹੁਰਾਂ ਦੀ ਬੜੀ ਮਿੱਠੀ ਆਵਾਜ਼ ਸੁਣਾਈ ਦਿੱਤੀ,

"ਬਲਬੀਰ ਜੀ!"

ਬਲਬੀਰ ਥੱਲੇ ਭੱਜ ਗਿਆ। ਜਦੋਂ ਸਰਦਾਰ ਜੀ ਮਿਆਨੀ ਵਿਚ ਦਾਖਲ ਹੋਏ ਤਾਂ ਮੈਨੂੰ ਲੱਗਿਆ, ਜਿਵੇਂ ਉਹ ਗੁਸਲਖਾਨੇ ਵਿਚੋਂ ਬਿਨਾਂ ਨਹਾਤੇ ਹੀ ਮੁੜ ਆਏ ਹੋਣ। ਉਹ ਕੁਰਸੀ ਉਤੇ ਬੈਠ ਗਏ। ਮੈਂ ਇਕ ਟੱਕ ਉਨ੍ਹਾਂ ਨੂੰ ਵੇਖ ਰਿਹਾ ਸਾਂ। ਮੈਨੂੰ ਪਤਾ ਨਹੀਂ ਕਦੋਂ ਬਲਬੀਰ ਨੇ ਉਨ੍ਹਾਂ ਦਾ ਸੂਟਕੇਸ ਲਿਆ ਕੇ ਇਕ ਪਾਸੇ ਟਿਕਾ ਦਿੱਤਾ ਸੀ। ਮੈਂ ਸੱਚ-ਮੁੱਚ ਹੈਰਾਨ ਹੋ ਰਿਹਾ ਸਾਂ ਕਿ ਜਿਸ ਲਿਸ਼ ਲਿਸ਼ ਕਰਦੇ ਮੁਖੜੇ ਨਾਲ ਉਹ ਗੁਸਲਖਾਨੇ ਦੇ ਅੰਦਰ ਗਏ ਸਨ, ਉਸੇ ਲਿੱਸ ਲਿੱਸ ਕਰਦੇ ਮੁਖੜੇ ਨਾਲ ਉਹ ਗੁਸਲਖਾਨੇ ਤੋਂ ਬਾਹਰ ਆਏ ਸਨ, ਜਿੰਨੇ ਬੇਵੱਟ ਵਲਾਵਿਆਂ ਨਾਲ ਉਨ੍ਹਾਂ ਪਹਿਲਾਂ ਆਪਣੀ ਚਿੱਟੀ ਪੱਗ ਬੰਨ੍ਹੀ ਹੋਈ ਸੀ, ਓਨੇ ਹੀ ਵਲਾਵੇਂ ਹੁਣ ਸਨ, ਜਿਵੇਂ ਇਸ ਨੂੰ ਨਹਾਉਣ ਲੱਗਿਆਂ ਲਾਹਿਆ ਹੀ ਨਾ ਗਿਆ ਹੋਵੇ। ਲੰਮੀਆਂ ਬਾਹਵਾਂ ਵਾਲੀ ਇਸਤਰੀ ਕੀਤੀ ਹੋਈ ਕਮੀਜ਼, ਜਿਵੇਂ ਸਫ਼ਰ ਦੇ ਬਾਅਦ ਬਿਨਾਂ ਕਿਸੇ ਵੱਟ ਦੇ ਨਜ਼ਰ ਆਈ ਸੀ, ਇਸ਼ਨਾਨ ਉਪਰੰਤ ਵੀ ਉਸੇ ਤਰ੍ਹਾਂ ਬੇਵੱਟ ਸੀ, ਪਰ ਇਹ ਉਹੀ ਕਮੀਜ਼ ਨਹੀਂ ਸੀ। ਬੂਟ ਜਿਵੇਂ ਰਾਤ ਦੇ ਸਫ਼ਰ ਦੇ ਬਾਅਦ ਨਵੀਂ ਪਾਲਿਸ਼ ਨਾਲ ਚਮਕਦੇ ਸਨ, ਉਸੇ ਤਰ੍ਹਾਂ ਹੁਣ ਚਮਕ ਰਹੇ ਸਨ, ਜਦੋਂ ਉਹ ਗੁਸਲਖਾਨੇ ਵਿਚੋਂ ਨਹਾ ਕੇ ਨਿਕਲੇ ਸਨ, ਦੂਹਾਂ ਪਾਸਿਆਂ ਦੇ ਤਸਮਿਆਂ ਦੀਆਂ ਰਿਸ਼ਕਵੀਆਂ ਗੰਢਾਂ ਇਕਸਾਰ ਵੱਜੀਆਂ ਹੋਈਆਂ ਸਨ। ਇਸ ਕਮਾਲ ਦੇ ਮੈਨੂੰ ਪਹਿਲੀ ਵਾਰ ਦਰਸ਼ਨ ਹੋ ਰਹੇ ਸਨ।



*ਅੰਮ੍ਰਿਤਾ ਪ੍ਰੀਤਮ, ਗੁਰਬਖਸ਼ ਸਿੰਘ ਪ੍ਰੀਤ ਲੜੀ ਅਤੇ ਐਮ ਐਸ ਰੰਧਾਵਾ।*

***ਗੁਰਬਖਸ਼ ਸਿੰਘ ਪੰਜਾਬੀ ਦੇ ਪਹਿਲੇ ਲੇਖਕ ਸਨ, ਜਿਨ੍ਹਾਂ ਨੇ ਮਹਿਸੂਸ ਕੀਤਾ ਕਿ ਜੇ ਵਾਰਤਕ 'ਬਿਊਟੀ ਕਲਿਨਿਕ' ਵਿਚੋਂ ਲੰਘ ਕੇ ਲੋਕਾਂ ਦੇ ਸਾਹਮਣੇ ਆਵੇ ਤਾਂ ਉਸ ਵਿਚ ਉਨ੍ਹਾਂ ਦੀ ਦਿਲਚਸਪੀ ਬਹੁਤ ਵਧ ਜਾਵੇਗੀ। ਉਨ੍ਹਾਂ ਉਦਾਰ ਵਿਚਾਰ ਪੇਸ਼ ਕਰਨ ਲਈ ਵਾਰਤਕ ਨੂੰ ਜਿਹੜਾ 'ਬਿਊਟੀ ਟ੍ਰੀਟਮੈਂਟ' ਦਿੱਤਾ, ਉਸ ਪ੍ਰਤੀ ਲੋਕ ਹੁੰਗਾਰੇ ਨੇ ਸ. ਗੁਰਬਖਸ਼ ਸਿੰਘ ਨੂੰ ਆਪਣੇ ਵੇਲੇ ਦਾ ਸ਼ਕਤੀਵਰ ਸਾਹਿਤਕ, ਸਮਾਜਿਕ ਤੇ ਵਿਚਾਰਧਾਰਕ ਪ੍ਰਭਾਵ ਬਣਾ ਦਿੱਤਾ। ਪ੍ਰਭਾਵ ਦੇ ਸੰਚਾਰ ਦਾ ਵੱਡਾ ਮਾਧਿਅਮ, ਉਨ੍ਹਾਂ ਦਾ ਮਾਹਵਾਰੀ ਰਿਸਾਲਾ 'ਪ੍ਰੀਤ ਲੜੀ' ਸੀ।***

ਮੈਂ ਸ. ਗੁਰਬਖਸ਼ ਸਿੰਘ ਦੀਆਂ ਸੁਨੱਖੀ ਦੱਖ ਵਾਲੀਆਂ, ਖਿੱਚ ਪਾਉਂਦੀਆਂ, ਆਦਰ-ਵੰਡਦੀਆਂ, ਕੱਸਾਂ ਢਿੱਲੀਆਂ ਕਰਦੀਆਂ, ਪ੍ਰੇਰਨਾ ਦੇਂਦੀਆਂ, ਨਵੇਂ ਰਾਹ ਖੋਲ੍ਹਦੀਆਂ ਰਚਨਾਵਾਂ ਦਾ ਪ੍ਰਸੰਸਕ ਸਾਂ ਤੇ ਉਸ ਦੀ ਸੱਜਰੀ ਸਜੀ-ਫਬੀ, ਲਿਸ਼ਕਾਈ ਹੋਈ ਸ਼ਬਦ-ਬੀੜ ਦਾ ਵੀ ਮੱਦਾਹ ਸਾਂ, ਜੋ ਉਸ ਦੀ ਸ਼ੈਲੀ ਦੀ ਇਕਸਾਰ ਰਸਮੀਅਤ ਨੂੰ ਰੜਕਣ ਤੋਂ ਠੱਲ੍ਹੀ ਰੱਖਦੀ ਸੀ। ਅਤਰ ਸਿੰਘ ਨੇ ਵਿਹੜੇ ਵਿਚ ਖਲੋਤਿਆਂ ਮੇਰੇ ਇਸ ਇਹਸਾਸ ਵੱਲੀ ਇਸ਼ਾਰਾ ਕਰ ਕੇ ਬਲਬੀਰ ਨੂੰ ਕਿਹਾ ਸੀ, "ਪ੍ਰੋਫੈਸਰ ਸਾਅਬ, ਗੁਰਬਖਸ਼ ਸਿੰਘ ਦੀ ਜਿਸ ਦਿਲਕਸ਼ ਰਸਮੀਅਤ ਦਾ ਕਲਾਸ ਵਿਚ ਜ਼ਿਕਰ ਕਰਿਆ ਕਰਦੇ ਨੇ, ਅੱਜ ਉਸ ਦੇ ਸਾਕਾਰ ਦਰਸ਼ਨ ਹੋਏ ਕਿ ਨਹੀਂ?" ਮੈਂ ਇਹ ਗੱਲ ਸੁਣ ਲਈ ਸੀ, ਪਰ ਮੇਰਾ ਮਨ ਕਿਸੇ ਹੋਰ ਪਾਸੇ ਲੱਗਾ ਹੋਇਆ ਸੀ। ਇਸ ਲਈ ਮੈਂ ਗੱਲ ਅੱਗੇ ਨਾ ਤੋਰੀ। ਮੇਰੀ ਸੋਚ ਇਉਂ ਚੱਲ ਰਹੀ ਸੀ ਕਿ ਸਰਦਾਰ ਗੁਰਬਖਸ਼ ਸਿੰਘ ਹੁਰੀਂ, ਅੰਮ੍ਰਿਤਾ, ਮਾਚਵੇ ਤੇ ਮੈਨੂੰ ਚੰਗੀ ਤਰ੍ਹਾਂ ਜਾਣਦੇ ਨੇ ਤੇ ਅਸੀਂ ਉਨ੍ਹਾਂ ਨੂੰ ਜਾਣਦੇ ਹਾਂ। ਮੈਂ ਉਨ੍ਹਾਂ ਦੇ ਕਰੀਬ ਕਰੀਬ ਸਾਰੇ ਬੱਚਿਆਂ ਤੇ ਅਗੋਂ ਉਨ੍ਹਾਂ ਦੇ ਬੱਚਿਆਂ ਵਿਚੋਂ ਵੀ ਕੁਝ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ, ਫੇਰ ਉਨ੍ਹਾਂ ਦਾ ਏਨਾ ਓਪਰਾਪਨ, ਏਨੀ ਬਨਾਵਟ, ਏਨੀ ਵਿੱਥ ਕੀ ਆਖ? ਇਸ ਕੋਮਲ-ਚਿੱਤ ਤੇ ਹੱਸਾਸ ਲੇਖਕ ਦੀ ਰਸਮੀਅਤ, ਗੈਰੀਅਤ ਦੀਆਂ ਜੂਹਾਂ ਵਿਚ ਦਾਖ਼ਲ ਹੋ ਰਹੀ ਹੈ, ਪਰ ਉਸ ਨੂੰ ਪਤਾ ਨਹੀਂ ਲੱਗ ਰਿਹਾ ਕਿ ਆਪਣੇ ਜਿਸ ਅਮਲ ਨਾਲ ਉਹ ਦੂਜਿਆਂ ਦੀ ਸੁਹਜ ਚੇਤਨਾ ਦਾ ਆਦਰ ਕਰਨਾ ਲੋਚ ਰਿਹਾ ਹੈ, ਉਹ ਸਗੋਂ ਉਸ ਦੀ ਸੰਵੇਦਨਸ਼ੀਲਤਾ ਨੂੰ ਜ਼ਖ਼ਮੀ ਕਰ ਰਿਹਾ ਹੈ? ਮੈਂ ਚਾਹ ਰਿਹਾ ਸਾਂ ਕਿ ਉਹ ਹੋਰਨਾਂ ਵਾਂਗ ਖੁੱਲ੍ਹਣ, ਰਚਣ, ਗੈਰ-ਰਸਮੀ ਹੋਣ ਤੇ ਅੰਮ੍ਰਿਤਾ ਤੇ ਮੇਰੇ ਵਾਂਗ, ਮਾਚਵੇ ਦੇ ਚੁਟਕਲਿਆਂ ਉਤੇ ਲੋਟ-ਪੋਟ ਹੋਣ। ਜੇ ਉਨ੍ਹਾਂ ਨੂੰ ਆਪਣੇ ਦੋਸਤਾਂ ਦੇ ਸਾਹਮਣੇ ਵੀ ਚੋਪੜਾ-ਚਾਪੜੀ ਤੋਂ ਬਿਨਾਂ ਆਉਂਦਿਆਂ ਸ਼ਰਮ ਮਹਿਸੂਸ ਹੁੰਦੀ ਹੈ ਤਾਂ ਮੈਂ ਸਮਝਦਾ ਹਾਂ ਕਿ ਇਸ ਵੇਲੇ ਮੇਰੇ ਸਾਹਮਣੇ ਗੁਰਬਖਸ਼ ਸਿੰਘ ਨਹੀਂ, ਜੀ.ਐਸ. "ਚੋਪੜਾ" ਬੈਠਾ ਹੈ। ਥੱਲੇ ਉਤਰ ਕੇ ਅਤਰ ਸਿੰਘ ਤੇ ਬਲਬੀਰ ਸਿੰਘ ਵੱਲ ਮੂੰਹ ਕਰ ਕੇ ਮੈਂ ਕਿਹਾ, "ਸਰਦਾਰ ਸਾਹਿਬ ਜੋ ਕੁਝ ਕਰ ਰਹੇ ਨੇ, ਉਹ ਦੂਜਿਆਂ ਦੇ ਅਦਬ ਲਈ ਕਰ ਰਹੇ ਨੇ, ਉਹ ਦੂਜਿਆਂ ਨੂੰ ਖੁਸ਼ ਕਰਨ ਲਈ ਹੀ ਕਰ ਰਹੇ ਨੇ, ਪਰ ਜਦੋਂ ਰਸਮ ਪੂਰੀ ਅਸਲੀਅਤ ਦਾ ਉਛਾੜ ਬਣ ਜਾਂਦੀ ਹੈ ਤਾਂ ਉਛਾੜ ਦਾ ਮਸਨੂਈਪਨ ਅਸਲੀਅਤ ਦੀ ਦਿਲਫਰੇਬੀ ਨੂੰ ਖਾ ਜਾਂਦਾ ਹੈ। ਬਰਫ਼ੀ ਵਿਚ ਖੰਡ ਬੇਮੇਚ ਪੈ ਜਾਵੇ ਤਾਂ ਕੀ ਖੋਏ ਦਾ ਸੁਆਦ ਮਾਰਿਆ ਨਹੀਂ ਜਾਂਦਾ? ਅੱਜ ਦੇ ਇਸ਼ਨਾਨ ਨੇ ਮੈਨੂੰ ਨਵਾਂ ਲੇਖ ਬਖਸ਼ ਦਿੱਤਾ ਹੈ, ਜਿਸ ਦਾ ਸਿਰਲੇਖ ਹੋਵੇਗਾ, ਜੀ ਐਸ ਚੋਪੜਾ। ਤੁਸੀਂ ਇਸ ਦੀ ਉਡੀਕ ਰੱਖਿਓ।"

ਮੇਰਾ ਲੇਖ ਉਡੀਕਦੇ ਉਡੀਕਦੇ ਅਤਰ ਸਿੰਘ ਤੇ ਬਲਬੀਰ ਸਿੰਘ ਦੋਵੇਂ, ਪ੍ਰੋਫੈਸਰ ਡਾ. ਅਤਰ ਸਿੰਘ ਤੇ ਪ੍ਰੋਫੈਸਰ ਡਾ. ਬਲਬੀਰ ਸਿੰਘ ਸੰਧੂ ਬਣ ਕੇ ਤੇ ਵਿਦਿਆ ਦੇ ਆਕਾਸ਼ ਉਤੇ ਚਾਨਣ ਦੀਆਂ ਲੀਕਾਂ ਜਿਹੀਆਂ ਛੱਡ ਕੇ, ਸਦਾ ਲਈ ਲੋਪ ਹੋ ਚੁੱਕੇ ਹਨ ਅਤੇ ਸਰਦਾਰ ਗੁਰਬਖਸ਼ ਸਿੰਘ ਤੇ ਡਾ. ਮਾਚਵੇ ਦੋਵੇਂ, ਰਾਂਗਲੇ ਸੱਜਨ ਵੀ ਆਪੋ-ਆਪਣੇ ਖੇਤਰਾਂ ਵਿਚ ਜਸ ਖੱਟ ਕੇ, 'ਜਾਇ ਸੁਤੇ ਜੀਰਾਂਦ'। 'ਜੀ ਐਸ ਚੋਪੜਾ' ਪੜ੍ਹਨ ਲਈ ਸਿਰਫ਼ ਅੰਮ੍ਰਿਤਾ ਪ੍ਰੀਤਮ ਰਹਿ ਗਈ ਹੈ (ਇਹ ਲੇਖ 1996 ਦਾ ਲਿਖਿਆ ਹੋਇਆ ਹੈ)।

**ਅੰਤਿਕਾ:** ਸ. ਗੁਰਬਖਸ਼ ਸਿੰਘ ਪੰਜਾਬੀ ਦੇ ਪਹਿਲੇ ਲੇਖਕ ਸਨ, ਜਿਨ੍ਹਾਂ ਨੇ ਮਹਿਸੂਸ ਕੀਤਾ ਕਿ ਜੇ ਵਾਰਤਕ 'ਬਿਊਟੀ ਕਲਿਨਿਕ' ਵਿਚੋਂ ਲੰਘ ਕੇ ਲੋਕਾਂ ਦੇ ਸਾਹਮਣੇ ਆਵੇ ਤਾਂ ਉਸ ਵਿਚ ਉਨ੍ਹਾਂ ਦੀ ਦਿਲਚਸਪੀ ਬਹੁਤ ਵਧ ਜਾਵੇਗੀ। ਉਨ੍ਹਾਂ ਨੇ ਉਦਾਰ ਵਿਚਾਰ ਪੇਸ਼ ਕਰਨ ਲਈ ਆਪਣੀ ਵਾਰਤਕ ਨੂੰ ਜਿਹੜਾ 'ਬਿਊਟੀ ਟ੍ਰੀਟਮੈਂਟ' ਦਿੱਤਾ, ਉਸ ਪ੍ਰਤੀ ਲੋਕ ਹੁੰਗਾਰੇ ਨੇ ਸ. ਗੁਰਬਖਸ਼ ਸਿੰਘ ਨੂੰ ਆਪਣੇ ਵੇਲੇ ਦਾ ਸ਼ਕਤੀਵਰ ਸਾਹਿਤਕ, ਸਮਾਜਿਕ ਤੇ ਵਿਚਾਰਧਾਰਕ ਪ੍ਰਭਾਵ ਬਣਾ ਦਿੱਤਾ। ਪ੍ਰਭਾਵ ਦੇ ਸੰਚਾਰ ਦਾ ਵੱਡਾ ਮਾਧਿਅਮ, ਉਨ੍ਹਾਂ ਦਾ ਮਾਹਵਾਰੀ ਰਿਸਾਲਾ 'ਪ੍ਰੀਤ ਲੜੀ' ਸੀ, ਜਿਸ ਕਰ ਕੇ ਲੋਕ ਇਹ ਨਾ ਸਰਦਾਰ ਸਾਹਿਬ ਦੇ ਸ਼ਨਾਖਤੀ ਚਿੰਨ੍ਹ ਵਜੋਂ ਵਰਤਣ ਲਗ ਪਏ ਸਨ। ਉਨ੍ਹਾਂ ਦੇ ਵੇਲੇ ਹਰ ਗਲੀ ਮੁਹੱਲੇ ਵਿਚ ਕਈ ਕਈ ਗੁਰਬਖਸ਼ ਸਿੰਘ ਹੁੰਦੇ ਹੋਣਗੇ, ਪਰ ਗੁਰਬਖਸ਼ ਸਿੰਘ ਪ੍ਰੀਤ ਲੜੀ ਲੱਖਾਂ ਵਿਚੋਂ ਇਕ ਹੀ ਹੋ ਸਕਦਾ ਸੀ।

ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਦਾ ਜਨਮ ਸਿਆਲਕੋਟ ਵਿਚ ਸ. ਪਿਸ਼ੌਰਾ ਸਿੰਘ ਜੀ ਦੇ ਘਰ 26-4-1985 ਨੂੰ ਮਾਤਾ ਮਾਲਣੀ ਜੀ ਦੀ ਕੁੱਖੋਂ ਹੋਇਆ ਤੇ ਉਨ੍ਹਾਂ ਦਾ ਅੰਤ 20-8-1977 ਨੂੰ ਵਾਪਰਿਆ।

ਸ਼ੌਰਟ ਕੱਟ
ਵਾਇਆ
ਲੌਂਗ ਰੂਟ
21
ਅਮਰੀਕ ਸਿੰਘ ਬਲ
ਫੋਨ: 34602835897

# ਸੰਭਾਵਨਾਵਾਂ ਤੇ ਅਣਹੋਣੀਆਂ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ 21ਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ***

## ਤੁਸੀਂ ਪੜ੍ਹ ਚੁੱਕੇ ਹੋ...

***ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਪਿੰਡ ਬੁਤਾਲਾ ਦੇ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ ਵਿਚੋਂ ਵੀ ਲੰਘਣਾ ਪੈਣਾ ਹੈ... ਫਿਰ ਉਹ ਕਦੇ ਮੋਰੱਕੋ ਦੇ ਉਜਾੜਾਂ ਅਤੇ ਕਦੀ ਜੇਲ੍ਹਾਂ ਅੰਦਰ ਰੁਲਣ ਜੋਗੇ ਰਹਿ ਗਏ!... ਹੁਣ ਪੜ੍ਹੋ ਇਸ ਤੋਂ ਅੱਗੇ...***

ਅਸੀਂ ਸਾਰੇ ਸੰਭਾਵਨਾਵਾਂ ਦੀ ਨੋਕ ਨਾਲ ਵਕਤ ਨੂੰ ਕੁਰੇਦਦੇ ਸੋਚਾਂ 'ਚ ਡੁੱਬੇ ਰਹਿੰਦੇ। ਇਨ੍ਹੀਂ ਦਿਨੀਂ ਹੀ ਖ਼ਬਰ ਪਹੁੰਚੀ ਕਿ ਸਾਥੋਂ ਬਾਅਦ ਵਾਲੇ ਦੋ ਗਰੁਪ ਵੀ ਮੋਰੱਕੋ ਵਿਚ ਥਾਂ-ਥਾਂ ਖਿਲਰੇ ਬੈਠੇ ਹਨ ਤੇ ਥੋੜ੍ਹੇ ਥੋੜ੍ਹੇ ਕਰ ਕੇ ਅੱਗੇ ਵਧ ਰਹੇ ਨੇ। ਫਿਕਰ ਵਧ ਗਿਆ, ਪਿੱਛੋਂ ਹੋਰ ਬੰਦੇ ਆਉਣ ਨਾਲ ਮੁਸ਼ਕਿਲਾਂ ਹੋਰ ਵਧ ਜਾਣੀਆਂ ਸਨ।

ਸਾਡੇ ਗਰੁਪ ਦੇ 20-22 ਜਣੇ ਵੱਖ ਵੱਖ ਡੌਂਕੀਆਂ ਜ਼ਰੀਏ ਕੈਂਪਾਂ ਵਿਚ ਪਹੁੰਚ ਚੁੱਕੇ ਸਨ। 12 ਖੁਸ਼ਕਿਸਮਤ ਤਾਂ ਇਕੋ ਵਾਰੀ ਕਿਸ਼ਤੀ ਦੀ ਨਾਜ਼ੁਕ ਡੌਂਕੀ ਵਿਚ ਸਿਬਤਾ ਚਲੇ ਗਏ ਸੀ। ਮੇਰਾ ਆਰੰਭਿਕ ਸਾਥੀ ਲੋਪੋ ਵੀ ਉਨ੍ਹਾਂ ਵਿਚ ਸ਼ਾਮਿਲ ਸੀ। ਇਹ ਡੌਂਕੀ ਪੇਮੰਟਾਂ ਦਾ ਰੌਲਾ ਪੈਣ ਤੋਂ ਕੁਝ ਰੋਜ਼ ਪਹਿਲਾਂ ਹੀ ਲੱਗੀ ਸੀ।... ਜੇ ਮੈਂ ਵੀ ਪਹਿਲਾਂ ਬੱਸ ਰਾਹੀਂ ਰਬਾਤ ਪਹੁੰਚ ਜਾਂਦਾ ਤਾਂ ਉਸ ਕਿਸ਼ਤੀ ਦਾ ਹਿੱਸਾ ਹੋਣਾ ਸੀ!

ਬਜ਼ੁਰਗ ਭਾਜੀ ਦਵਿੰਦਰ ਸਿੰਘ, ਸਿਹਤ ਅਸਥਿਰ ਹੋਣ ਤੇ ਪੇਮੰਟ ਨਾ ਹੋਣ ਸਦਕਾ ਦੋ ਮਹੀਨਿਆਂ ਤੋਂ ਇਥੇ ਬੈਠਾ ਸੀ, ਦਵਾਈ ਤੇ ਖਾਣਾ ਜੇਬ 'ਚੋਂ ਮੰਗਵਾ ਰਿਹਾ ਸੀ। ਉਹ ਸਾਊ ਸੁਭਾਅ ਵਾਲਾ ਸੂਝਵਾਨ ਇਨਸਾਨ ਸੀ ਜੋ ਆਪਣੀ ਚੀਜ਼ ਵਿਚੋਂ ਵੀ ਦੂਜੇ ਨੂੰ ਫੜਾ ਦਿੰਦਾ ਸੀ; ਨਹੀਂ ਤਾਂ ਹਰ ਕੋਈ ਹੋਰਾਂ ਦੇ ਹੱਥਾਂ ਵਿਚੋਂ ਖੋਹ ਕੇ ਖਾਣ ਵਾਲਾ ਸੀ।

'ਭਿਅੰਕਰ' ਸਤਨਾਮ ਮੋਟਾਪੇ ਕਾਰਨ ਹਰ ਡੌਂਕੀ ਲਈ 'ਅਨਫਿਟ' ਸੀ। ਮੋਰੱਕੋ ਦੀ ਮਾਰੋ-ਮਾਰ ਨੇ 'ਭਿਅੰਕਰ' ਸ਼ਬਦ ਭਾਵੇਂ ਉਸ ਦੇ ਮੋਟੇ ਸਰੀਰ ਤੋਂ ਖੁਰਚ ਕੇ ਵਗਾਹ ਮਾਰਿਆ ਸੀ, ਪਰ ਅਜੇ ਵੀ ਉਹ ਸਿਰਫ਼ ਕਿਸ਼ਤੀ ਦਾ ਮਾਲ ਸੀ, ਦੋ ਜਣਿਆਂ ਦੀ ਥਾਂ ਘੇਰਨ ਵਾਲਾ, ਜਾਂ ਫਿਰ ਆਮ ਨਾਲੋਂ ਵੱਧ ਤਾਰਾਂ ਕੱਟ ਕੇ ਅੰਦਰ ਧਕੇਲ ਦਿੱਤਾ ਜਾਂਦਾ। ਹੋਰਾਂ ਦੇ ਵੀ ਆਪੋ-ਆਪਣੇ ਮਸਲੇ ਸਨ, ਫਿਲਹਾਲ ਅਹਿਮ ਮਸਲਾ ਖ਼ਾਨ ਤਕ ਪੇਮੰਟਾਂ ਪਹੁੰਚਾਣ ਦਾ ਸੀ।

ਇਕ ਸ਼ਾਮ ਅਚਾਨਕ ਖ਼ਾਨ ਉਥੇ ਆ ਧਮਕਿਆ। ਮਧਰੇ ਕੱਦ ਤੇ ਗੋਰੇ ਰੰਗ ਦਾ ਖਾਨ ਕੁਰਸੀ 'ਤੇ ਬੈਠਾ ਇਕੱਲੇ ਇਕੱਲੇ ਨਾਲ ਜਾਣ-ਪਛਾਣ ਕਰਦਾ ਰਿਹਾ, ਜਿਵੇਂ ਸਕੂਲ ਦਾ ਪ੍ਰਿੰਸੀਪਲ ਬੱਚਿਆਂ ਦੀ ਕਲਾਸ ਲੈ ਰਿਹਾ ਹੋਵੇ। ਮੁੰਡੇ ਹੁੱਬ ਹੁੱਬ, ਹੱਸ ਹੱਸ ਕੇ ਦੱਸ ਰਹੇ ਸਨ- ਮੈਂ ਕੌਣ ਹਾਂ, ਇਹ ਕੌਣ ਹੈ, ਉਹ ਕੌਣ ਹੈ ਤੇ ਕੌਣ, ਕੌਣ ਨਹੀਂ ਹੈ! ਹਰ ਕੋਈ ਖ਼ਾਨ ਦੇ ਮੂੰਹੋਂ ਆਪਣਾ ਨਾਂ ਸੁਣਨਾ ਚਾਹੁੰਦਾ ਸੀ, ਕਿਉਂਕਿ ਖ਼ਾਨ ਉਨ੍ਹਾਂ ਏਜੰਟਾਂ ਦੇ ਗਾਹਕਾਂ ਦੇ ਨਾਂ ਗਿਣਾ ਰਿਹਾ ਸੀ, ਜਿਨ੍ਹਾਂ ਦੀ ਪੇਮੰਟ ਹੋ ਚੁੱਕੀ ਸੀ। ਜਿਸ ਦਾ ਨਾਂ ਲੈ ਕੇ ਉਹ ਕੋਈ ਸਵਾਲ ਕਰਦਾ, ਉਹ ਇੰਜ ਖੁਸ਼ ਹੁੰਦਾ, ਜਿਵੇਂ ਉਸ ਦੀ ਅਹਿਮੀਅਤ ਕਾਇਮ ਹੋ ਗਈ ਹੋਵੇ, ਜਾਂ ਉਹ ਡੌਂਕੀ ਲਾਉਣ ਵਾਲਿਆਂ ਦੀ ਅਗਲੀ ਕਤਾਰ ਵਿਚ ਪਹੁੰਚ ਗਿਆ ਹੋਵੇ।

ਮੇਰਾ ਤਾਂ ਖ਼ੈਰ, ਉਸ ਨੇ ਉਚੇਚਾ ਪੁੱਛਣਾ ਹੀ ਸੀ, ਡੌਂਕਰਾਂ ਕੋਲੋਂ ਤੇ ਉਸ ਦੇ ਇਸ ਮੁੱਖ ਟਿਕਾਣੇ ਤੋਂ ਮੈਂ ਹੀ ਤਾਂ ਫਰਾਰ ਹੋਇਆ ਸਾਂ! ਉਸ ਕਿਹਾ, "ਜੋ ਜਾਨਾ ਚਾਹਤਾ ਹੈ, ਉਸੇ ਖ਼ੁਦ ਛੋੜ ਕਰ ਆਏਂਗੇ, ਲੇਕਿਨ ਕੋਈ ਭਾਗ ਕਰ ਪੁਲਿਸ ਕੇ ਹਾਥ ਪੜ ਗਿਆ, ਤੋ ਬਾਕੀ ਸਭ ਕੋ ਭੀ ਫੰਸਵਾ ਦੇਗਾ। ਮੇਰਾ ਤੋ ਕਿਸੀ ਕੋ ਭੀ ਨਹੀਂ ਪਤਾ, ਮੈਂ ਕਹਾਂ ਰਹਿਤਾ ਹੂੰ।"

ਸੱਚ ਸੀ, ਉਸ ਦੀ ਰਿਹਾਇਸ਼ ਦੀ ਕਿਸੇ ਨੂੰ ਬਿਣਕ ਨਹੀਂ ਸੀ। ਹੋ ਸਕਦੈ, ਉਹ ਇਥੋਂ ਬਹੁਤ ਦੂਰ ਕਿਸੇ ਹੋਰ ਸ਼ਹਿਰ 'ਚ ਰਹਿੰਦਾ ਹੋਵੇ... ਜਾਂ ਇਸੇ ਸ਼ਹਿਰ ਦੇ ਕਿਸੇ ਕੋਨੇ 'ਚ ਰਹਿੰਦਾ ਹੋਵੇ। ਉਸ ਦੇ ਨਾਂ ਬਾਰੇ ਵੀ ਮੈਨੂੰ ਪੱਕਾ ਯਕੀਨ ਸੀ ਕਿ ਨਕਲੀ ਸੀ।

ਮੁੰਡੇ ਕੁਝ ਚਿਰ ਉਸ ਤੋਂ ਅਰਬੀ ਲਫ਼ਜ਼ਾਂ ਦਾ ਤਰਜਮਾ ਕਰਾਉਂਦੇ ਰਹੇ। ਆਖ਼ਿਰ ਉਸ ਨੇ ਇਹ ਬੰਬ ਛੱਡਦਿਆਂ ਮਹਿਫ਼ਲ ਬਰਖ਼ਾਸਤ ਕੀਤੀ: "ਕੱਲ੍ਹ ਛੈ ਆਦਮੀ ਆਗੇ ਜਾਏਂਗੇ, ਛੈ ਪਰਸੋਂ।" ਸਾਰੇ ਗਹਿਰੀਆਂ ਨਿਗਾਹਾਂ ਨਾਲ ਇਕ-ਦੂਜੇ ਦੇ ਚਿਹਰੇ ਪੜ੍ਹਦੇ, ਮਾਪਤੋਲ ਵਿਚ ਰੁਝ ਗਏ ਕਿ ਕੌਣ ਕੌਣ ਹੋ ਸਕਦੇ ਨੇ। ਮੈਂ ਬੇਫਿਕਰ ਸਾਂ, ਕਿਉਂਕਿ ਬਾਕੀ ਗਿਆਰਾਂ ਦਾ ਤਾਂ ਪਤਾ ਨਹੀਂ, ਪਰ ਮੈਨੂੰ ਪੂਰਾ ਇਤਬਾਰ ਸੀ ਕਿ ਉਨ੍ਹਾਂ ਵਿਚ ਇਕ ਮੈਂ ਜ਼ਰੂਰ ਹੋਵਾਂਗਾ। ਉਹ ਰਾਤ ਤੇ ਅਗਲਾ ਸਾਰਾ ਦਿਨ ਬਹੁਤ ਸੁਸਤ ਤੇ ਲੰਮੇਰੇ ਹੋ ਗਏ ਜਾਪੇ।

ਫਿਰ ਖ਼ਾਨ ਦਾ ਫੋਨ ਆਇਆ। 10 ਨਾਂ ਮੈਰਿਟ ਲਿਸਟ ਵਿਚ ਟੌਪ ਕਰਨ ਵਾਲਿਆਂ ਵਾਂਗ ਖਾਮੋਸ਼ ਵਾਤਾਵਰਣ 'ਚ ਐਲਾਨੇ ਗਏ, ਦੋ ਜਣੇ ਹੋਰ ਕਿਤਿਓਂ ਜਾਣੇ ਸਨ। ਆਪਣਾ ਨਾਂ ਸੁਣ ਕੇ ਮੈਂ ਸੁਖਦ ਅਹਿਸਾਸ ਨਾਲ ਚੈਨ ਦਾ ਲੰਮਾ ਸਾਹ ਲਿਆ। ਚਾਚੇ ਵਿੱਕੀ ਨੇ ਖੌਰੇ ਕਿਸ ਉਮੀਦ ਜਾਂ ਲਾਲਚ ਵਿਚ ਮੇਰੇ 'ਤੇ ਅਹਿਸਾਨ ਜਤਾਇਆ, "ਖ਼ਾਨ ਨੇ ਇਕ ਬੰਦਾ ਮੈਨੂੰ ਚੁਣਨ ਲਈ ਕਿਹਾ ਸੀ, ਮੈਂ ਆਪਣੀ ਥਾਂ ਤੇਰਾ ਨਾਂ ਪੁਆ ਦਿੱਤਾ।" ਉਸ ਝੂਠੇ ਦੀ ਤਾਂ ਚਹੁੰ-ਪੰਜ ਮਹੀਨਿਆਂ ਤੋਂ ਪੇਮੰਟ ਹੀ ਨਹੀਂ ਸੀ ਹੋਈ। ਮੈਂ ਵੀ ਰਸਮੀ, ਰੁੱਖਾ ਜਿਹਾ ਧੰਨਵਾਦ ਕਰ ਕੇ ਕੰਨੀ ਕਤਰਾ ਗਿਆ।

ਪਹਿਲੇ ਛੇ ਜਣਿਆਂ ਵਿਚ ਮੈਂ, ਚਮਕੀਲਾ, ਰਣਜੀਤ, ਕਾਲਾ (ਤੂਤਰੀਆਂ-ਬਾਜਿਆਂ ਵਾਲੇ) ਘਰੋਂ ਤੁਰ ਪਏ। ਦੋ ਜਣੇ ਹੋਰ ਕਿਤਿਓਂ ਨਾਲ ਰਲਣੇ ਸਨ। ਮੋਹਸਿਨ ਨੇ ਚੌਕਸੀ ਨਾਲ ਸਾਨੂੰ ਇਕ ਥਾਂ ਤੋਂ ਬੱਸ 'ਚ ਬਿਠਾ ਦਿੱਤਾ। ਕੁਝ ਅਜਨਬੀ ਉਤਸੁਕ ਨਿਗਾਹਾਂ ਪਲ ਭਰ ਲਈ ਸਾਡੇ ਚਿਹਰਿਆਂ 'ਤੇ ਫਿਸਲੀਆਂ, ਫਿਰ ਨਿਰਲੇਪ, ਉਦਾਸੀਨ ਜਿਹੀਆਂ ਹੋ ਗਈਆਂ। ਅਸੀਂ ਆਸਾਂ ਨਾਲ ਸੀਟਾਂ 'ਤੇ ਪਸਰੇ ਕੁਝ ਚਿਰ ਬਾਹਰਲੇ ਹਨੇਰੇ 'ਚ ਵੰਗਾਰਦੀਆਂ ਰੋਸ਼ਨੀਆਂ ਨੂੰ ਘੂਰਦੇ ਰਹੇ। ਬਿਰਤੀ, ਬੰਦ ਨੇਤਰਾਂ ਦੇ ਆਸ-ਪਾਸ ਸਿਮਟਦੀ ਅਰਦਾਸਾਂ 'ਚ ਜੁੜ ਗਈ, "ਹੇ ਦਾਤਿਆ! ਇਹ ਮੋਰੱਕੋ ਵਿਚਲਾ ਆਖ਼ਿਰੀ ਸਫ਼ਰ ਹੋਵੇ...।" ਬਸ ਰੋਜ਼ਮੱਰਾ ਦੇ ਨਿਸ਼ਚਤ ਟਾਇਮ-ਟੇਬਲ 'ਤੇ ਰੁਕਦੀ-ਚੱਲਦੀ, ਪਹੁ ਫੁਟਦੀ ਨੂੰ ਬਿਲਕੁਲ ਸ਼ਾਂਤ ਦਿਖਾਈ ਦਿੰਦੇ ਸਮੁੰਦਰ ਦੇ ਕੰਢੇ ਬਣੇ ਬੱਸ ਅੱਡੇ ਜਾ ਪਹੁੰਚੀ। ਸਭ ਯਾਤਰੀ ਰੁਖ਼ਸਤ ਹੋ ਗਏ ਸਨ, ਡਰਾਇਵਰ ਦੇ ਇਸ਼ਾਰੇ 'ਤੇ ਅਸੀਂ ਛੇ ਜਣੇ ਵਿਚ ਹੀ ਬੈਠੇ ਰਹੇ। ਸਾਡੇ ਦੋ ਸਾਥੀ ਪਾਕਿਸਤਾਨੀ ਸਨ ਤਾਹਿਰ ਅਤੇ ਸ਼ੀਰਾਜ਼।

20 ਕੁ ਮਿੰਟਾਂ ਬਾਅਦ ਮਧਰੇ ਜਿਹੇ ਕੱਦ ਦੇ ਨੌਜਵਾਨ ਮੋਰੱਕੀ ਨੇ ਇਸ਼ਾਰੇ ਨਾਲ ਥੋੜ੍ਹੀ ਦੂਰੀ ਬਣਾ ਕੇ ਸਾਨੂੰ ਆਪਣੇ ਪਿੱਛੇ ਪਿੱਛੇ ਤੋਰ ਲਿਆ। ਉਸ ਦਾ ਨਾਂ ਮੁੰਹਮਦ ਸੀਤੋ ਸੀ। ਅਸੀਂ ਕਸਬੇ ਦੇ ਉਜਾੜ ਰਸਤਿਆਂ 'ਚੋਂ ਲੰਮਾ ਵਲ ਖਾਂਦੇ ਬਾਹਰੋ-ਬਾਹਰ ਪੈਂਦੀਆਂ ਪਹਾੜੀਆਂ ਵੱਲ ਜਾਂਦੀਆਂ ਪਗਡੰਡੀਆਂ 'ਤੇ ਤੁਰਦੇ ਗਏ। ਟਾਂਵੇਂ-ਟਾਂਵੇਂ ਘਰ ਸਨ। ਕੰਮਾਂ-ਕਾਰਾਂ 'ਚ ਰੁਝੇ ਲੋਕਾਂ ਨੇ ਅਜਨਬੀਆਂ 'ਚ ਖਾਸ ਦਿਲਚਸਪੀ ਨਾ ਦਿਖਾਈ। ਕਾਫੀ ਸਖ਼ਤ ਚੜ੍ਹਾਈ ਚੜ੍ਹ ਕੇ, ਪਹਾੜੀ ਦੇ ਉਪਰ ਪਹੁੰਚ ਕੇ, ਸੀਤੋ ਨੇ ਸਮਝਾਇਆ ਕਿ ਦਿਨ ਝਾੜੀਆਂ 'ਚ ਲੁਕ ਕੇ ਗੁਜ਼ਾਰੋ ਤੇ ਰਾਤ ਨੂੰ ਕਿਤੇ ਹੋਰ ਲੈ ਜਾਣਗੇ। ਆਉਂਦਿਆਂ ਰਸਤੇ 'ਚੋਂ ਖਰੀਦੇ ਬਰੈਡ-ਮੱਖਣ ਸਾਨੂੰ ਦੇ ਕੇ ਉਹ ਖ਼ੁਦ ਤੁਰ ਗਿਆ।

ਜਿਸ ਪਹਾੜੀ 'ਤੇ ਅਸੀਂ ਖੜ੍ਹੇ ਸਾਂ, ਉਸ ਦੇ ਦੂਜੇ ਪਾਸੇ ਗਹਿਰੀ ਖਾਈ ਸੀ ਤੇ ਫਿਰ ਦੂਜੀ ਪਹਾੜੀ ਸ਼ੁਰੂ ਹੋ ਜਾਂਦੀ ਸੀ, ਜਿਸ ਦੇ ਉਪਰੀ ਸਮਤਲ ਥਾਂ 'ਤੇ ਉਜੜਿਆ ਜਿਹਾ ਦੋ-ਮੰਜ਼ਿਲਾ ਮਕਾਨ ਨਜ਼ਰ ਆਉਂਦਾ ਸੀ। ਇਨ੍ਹਾਂ ਦੋਹਾਂ ਪਹਾੜੀਆਂ ਨੂੰ ਜੋੜਦਾ ਪਹਾੜੀ ਰਸਤਾ ਸਾਡੇ ਖੱਬੇ ਪਾਸੇ ਦੂਰ ਤਕ ਫੈਲਿਆ ਸੀ। ਪਗਡੰਡੀ ਚੁਗਲੀ ਕਰਦੀ ਸੀ, ਕਦੇ-ਕਦਾਈਂ ਲੋਕ ਇਥੋਂ ਗੁਜ਼ਰਦੇ ਸਨ। ਮਕਾਨ ਵਾਲੀ ਪਹਾੜੀ ਤੋਂ ਅਗਾਂਹ ਹੋਰ ਖਾਈ, ਫਿਰ ਪਹਾੜੀਆਂ ਦਾ ਲਗਾਤਾਰ ਸਿਲਸਿਲਾ ਦੂਰ ਤਕ ਨਜ਼ਰੀਂ ਪੈਂਦਾ ਸੀ। ਉਨ੍ਹਾਂ ਉਤੇ ਵੱਡੇ-ਵੱਡੇ ਸਫ਼ੇਦ ਵੱਡ ਅਕਾਰੀ ਤਿੰਨ ਤਿੰਨ ਪਰਾਂ ਵਾਲੇ ਬੇਸ਼ੁਮਾਰ ਵਿਸ਼ਾਲ ਪੱਖੇ ਹੌਲੀ ਹੌਲੀ ਘੁੰਮਦੇ ਦਿਸਦੇ ਸਨ।

ਜਿਧਰੋਂ ਅਸੀਂ ਆਏ ਸਾਂ, ਉਧਰ ਪਹਾੜੀ ਦੇ ਪੈਰਾਂ 'ਚ ਸ਼ਹਿਰ ਸੀ ਤੇ ਅਗਾਂਹ ਸ਼ਹਿਰ ਤੋਂ ਪਾਰ ਦੂਰ ਦਿਸਹੱਦੇ ਤਕ ਫ਼ੈਲਿਆ ਵਿਸ਼ਾਲ ਸਮੁੰਦਰ ਅੱਖਾਂ ਨੂੰ ਸੁਖਦ ਅਹਿਸਾਸ ਪਹੁੰਚਾਉਂਦਾ ਪਸਰਿਆ ਪਿਆ ਸੀ। ਅਸੀਂ ਖਾਈ ਵਿਚ ਕਾਫੀ ਗਹਿਰੇ ਉਤਰ ਕੇ ਝਾੜੀਆਂ 'ਚ ਛੁਪ ਕੇ ਬੈਠ ਗਏ। ਖਾਣੇ-ਪਾਣੀ ਤੋਂ ਇਲਾਵਾ ਤਆਰੁਫ਼, ਗੱਲਾਂ-ਬਾਤਾਂ ਵਿਚ ਬਹੁਤ ਵਕਤ ਨਿਕਲ ਗਿਆ। ਫਿਰ ਕਦੀ ਲੰਮੇ ਪੈ ਗਏ, ਕਦੀ ਬੈਠ ਗਏ। ਮਸੀਂ ਦਿਨ ਦਾ ਸਫ਼ਰ ਸ਼ਾਮ ਦੇ ਪੜਾਅ ਤਕ ਪਹੁੰਚਿਆ।



ਅਸੀਂ ਵਾਪਸ ਪਹਾੜੀ 'ਤੇ ਬੈਠੇ ਗੱਲੀਂ ਜੁੜੇ ਸਾਂ ਜਦੋਂ ਸਾਹਮਣੇ ਮਕਾਨ ਵਾਲੀ ਪਹਾੜੀ 'ਤੇ ਪੰਜ ਜਣੇ ਦਿਖਾਈ ਪਏ। ਦੋ ਕੁ ਹੱਥ ਉਧਰੋਂ ਹਵਾ 'ਚ ਉਠੇ, ਲਹਿਰਾਏ। ਅਸੀਂ ਅੰਦਾਜ਼ਨ ਪਛਾਨਣ ਦੀ ਕੋਸ਼ਿਸ਼ ਕਰਦੇ ਰਹੇ। ਫਿਰ ਉਧਰੋਂ ਇੱਕ ਜਣਾ ਖੱਬੇ ਪਾਸੇ ਦੌੜਿਆ ਤੇ ਦੋਹਾਂ ਪਹਾੜੀਆਂ ਨੂੰ ਜੋੜਦੇ ਰਸਤੇ ਥਾਣੀ ਦੋ ਕੁ ਮਿੰਟਾਂ ਵਿਚ ਸਾਡੇ ਤਕ ਆ ਪਹੁੰਚਿਆ। ਉਹ ਕੋਈ ਵੀ ਨਹੀਂ ਸੀ... ਯਾਨੀ ਜਾਣਿਆ-ਪਛਾਣਿਆ ਕੋਈ ਨਹੀਂ ਸੀ। ਉਸ ਦਾ ਰੰਗ ਕਾਲਾ ਸ਼ਾਹ, ਲੰਬੇ-ਖਿਲਰੇ ਵਾਲ ਤੇ ਮੈਲੇ-ਗੰਦੇ ਬੇਢੰਗੇ ਕਪੜਿਆਂ ਨਾਲ ਉਹ ਪਾਗਲ ਵੱਧ ਮਹਿਸੂਸ ਹੁੰਦਾ ਸੀ। ਉਸ ਦੇ ਹੱਥ ਦਾ ਫੜਿਆ ਸੋਟਾ ਤੇ ਉਸ ਦੀਆਂ ਵੱਡੀਆਂ ਸੁੰਨੀਆਂ-ਪੀਲੀਆਂ ਅੱਖਾਂ ਨੇ ਸਾਡੇ ਅੰਦਰ ਸ਼ਸ਼ੋਪੰਜ ਤੇ ਅਸਹਿਜਤਾ ਭਰ ਦਿੱਤੀ।

***ਠੰਢੀਆਂ ਹਵਾਵਾਂ 'ਚ ਕੰਬਦੇ-ਠਰਦੇ, ਝਾੜੀਆਂ ਵਿਚ ਵੜੇ ਕਿਸੇ ਡੌਂਕਰ ਦੀ ਬਿੜਕ ਲੈ ਰਹੇ ਸਾਂ ਜਦੋਂ ਪਗਡੰਡੀ ਵਲੋਂ ਮੱਧਮ ਆਵਾਜ਼ਾਂ ਆਈਆਂ: ਅਮਰੀਕਾ! ਅਮਰੀਕਾ! ਅਮਰੀਕ ਤੋਂ ਅਮਰੀਕਾ ਸ਼ਾਇਦ ਉਨ੍ਹਾਂ ਨੂੰ ਬਿਹਤਰ ਯਾਦ ਰਹਿਣਾ ਸੀ। ਅਸੀਂ ਫ਼ੌਰਨ ਉਧਰ ਲਪਕੇ। ਉਨ੍ਹਾਂ ਦੋ ਡੌਂਕਰਾਂ ਦੇ ਸਾਵਧਾਨੀ ਭਰੇ ਇਸ਼ਾਰਿਆਂ ਦਾ ਅਨੁਸਰਨ ਕਰਦੇ, ਚੌਕਸੀ ਵਰਤਦੇ, ਡਿਗਦੇ-ਫਿਸਲਦੇ ਸ਼ਹਿਰ ਵੱਲ ਵਾਪਸ ਉਤਰਦੇ ਗਏ। ਆਬਾਦੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਿੱਧੀ ਪਹਾੜੀ 'ਤੇ ਚੜ੍ਹੇ ਤੇ ਸੰਨਾਟੇ ਭਰੀ ਰਾਤ ਦੀ ਗਹਿਰੀ ਕਾਲੀ ਚਾਦਰ 'ਚ ਘਿਰੇ ਮਕਾਨ ਨੇੜੇ ਬਹਿ ਗਏ। ਸਾਹਾਂ ਨਾਲ ਸਾਹ ਨਹੀਂ ਸੀ ਰਲਦੇ। ਵਾਕਈ ਸਰੀਰ ਅੰਦਰੋਂ ਖੋਖਲੇ ਤੇ ਮਿੱਟੀ ਹੋ ਗਏ ਸਨ।***

ਕੋਲ ਆ ਕੇ, ਅਨਿਸ਼ਚਿਤ ਜਿਹੇ ਭਾਵ ਨਾਲ 'ਸਲਾਮ ਵਾਲੇਕੁਮ' ਕਹਿ ਕੇ ਬੋਲਿਆ, "ਅਸੀਂ ਤੁਹਾਨੂੰ ਆਪਣੀ ਜਾਣ-ਪਛਾਣ ਵਾਲੇ ਮੁੰਡੇ ਸਮਝੇ ਸੀ।" ਉਹ ਪੰਜੇ ਜਣੇ ਪਾਕਿਸਤਾਨੀ ਸਨ। ਉਸ ਨੇ ਦਰਦ ਕਹਾਣੀ ਛੇੜੀ ਕਿ ਉਨ੍ਹਾਂ ਦੇ ਏਜੰਟ ਉਨ੍ਹਾਂ ਨੂੰ ਛੱਡ ਗਏ ਸਨ, ਮੰਗ ਮੰਗ ਕੇ ਗੁਜ਼ਾਰਾ ਕਰ ਰਹੇ ਸੀ। ਪਿਛਲੇ ਏਜੰਟਾਂ ਤੋਂ ਮਦਦ ਹਾਸਲ ਹੋਣ ਦੀ ਉਮੀਦ ਅਤੇ ਇੰਤਜ਼ਾਰ 'ਚ ਇਧਰ-ਉਧਰ ਲੁਕ-ਛੁਪ ਕੇ ਦਿਨ ਕੱਟ ਰਹੇ ਸਨ। ਅਸੀਂ ਮੁਖ਼ਤਸਰ ਜਿਹੀ ਗੱਲਬਾਤ ਸਿਰੇ ਲਾਈ ਕਿ ਅੱਜ ਕੱਲ੍ਹ ਵਿਚ ਸਾਡੀ ਡੌਂਕੀ ਲੱਗ ਜਾਵੇਗੀ, ਸ਼ਾਇਦ। ਫਿਰ ਉਹ ਥੱਕਿਆਂ-ਹਾਰਿਆਂ ਵਾਂਗ ਲੱਤਾਂ ਘੜੀਸਦਾ ਵਾਪਸ ਮੁੜ ਗਿਆ। ਇਸੇ ਤਰ੍ਹਾਂ ਸਾਰੇ ਮੋਰੱਕੋ 'ਚ ਭਾਰਤੀ, ਪਾਕਿਸਤਾਨੀ, ਬੰਗਲਾਦੇਸ਼ੀ ਤੇ ਕੁਝ ਕੁ ਸ੍ਰੀਲੰਕਨ ਦੁੱਖਾਂ-ਤਕਲੀਫ਼ਾਂ ਅਤੇ ਜ਼ਲਾਲਤ ਭਰੇ ਵਕਤ ਦੀਆਂ ਸੜਿਆਂਦ ਮਾਰਦੀਆਂ ਪੰਡਾਂ ਆਪਣੇ ਮੋਢਿਆਂ 'ਤੇ ਢੋਂਦੇ ਰਾਹਾਂ 'ਚ ਠੋਕਰਾਂ ਖਾ ਰਹੇ ਸਨ।

ਸਰਦ ਰਾਤ ਦੀਆਂ ਠੰਢੀਆਂ ਹਵਾਵਾਂ 'ਚ ਕੰਬਦੇ-ਠਰਦੇ, ਝਾੜੀਆਂ ਵਿਚ ਵੜੇ ਕਿਸੇ ਡੌਂਕਰ ਦੀ ਸੰਭਾਵੀ ਬਿੜਕ ਲੈ ਰਹੇ ਸਾਂ ਜਦੋਂ ਪਗਡੰਡੀ ਵਲੋਂ ਮੱਧਮ ਆਵਾਜ਼ਾਂ ਆਈਆਂ, "ਅਮਰੀਕਾ! ਅਮਰੀਕਾ...!" 'ਅਮਰੀਕ' ਤੋਂ 'ਅਮਰੀਕਾ' ਸ਼ਾਇਦ ਉਨ੍ਹਾਂ ਨੂੰ ਬਿਹਤਰ ਯਾਦ ਰਹਿਣਾ ਸੀ। ਅਸੀਂ ਫ਼ੌਰਨ ਉਧਰ ਲਪਕੇ। ਉਨ੍ਹਾਂ ਦੋ ਡੌਂਕਰਾਂ ਦੇ ਸਾਵਧਾਨੀ ਭਰੇ ਇਸ਼ਾਰਿਆਂ ਦਾ ਅਨੁਸਰਨ ਕਰਦੇ ਹਰ ਸੰਭਵ ਚੌਕਸੀ ਵਰਤਦੇ, ਡਿਗਦੇ-ਫਿਸਲਦੇ ਸ਼ਹਿਰ ਵੱਲ ਵਾਪਸ ਉਤਰਦੇ ਗਏ। ਆਬਾਦੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਬੜੀ ਸਖ਼ਤ ਤੇ ਸਿੱਧੀ ਪਹਾੜੀ 'ਤੇ ਜਾਨ ਮਾਰ ਕੇ ਚੜ੍ਹੇ ਤੇ ਸੰਨਾਟੇ ਭਰੀ ਰਾਤ ਦੀ ਗਹਿਰੀ ਕਾਲੀ ਚਾਦਰ 'ਚ ਘਿਰੇ ਮਕਾਨ ਨੇੜੇ ਬਹਿ ਗਏ। ਸਾਹਾਂ ਨਾਲ ਸਾਹ ਨਹੀਂ ਸੀ ਰਲਦੇ। ਵਾਕਈ ਸਰੀਰ ਅੰਦਰੋਂ ਖੋਖਲੇ ਤੇ ਮਿੱਟੀ ਹੋ ਗਏ ਸਨ।

ਦੋ ਡੌਂਕਰਾਂ ਵਿਚੋਂ ਇਕ ਕੰਧ ਵੱਲੋਂ ਛੱਤ 'ਤੇ ਚੜ੍ਹ ਕੇ ਥੱਲੇ ਉਤਰ ਗਿਆ। ਮੁੱਖ ਦਰਵਾਜ਼ਾ ਖੁੱਲ੍ਹਿਆ, ਅਸੀਂ ਫੁਰਤੀ ਨਾਲ ਅੰਦਰ ਜਾ ਵੜੇ। ਘੁੱਪ ਹਨੇਰੇ 'ਚ ਕੰਧਾਂ ਫੜ ਫੜ ਅਗਾਂਹ ਵਧੇ। ਡੌਂਕਰ ਨੇ ਮੋਮਬਤੀ ਜਗਾਈ। ਚਾਰ-ਪੰਜ ਕਮਰਿਆਂ ਦਾ ਖ਼ਾਲੀ ਮਕਾਨ ਸੀ। ਤਿੰਨ-ਚਾਰ ਚਾਦਰਾਂ, ਕੰਬਲ ਲੱਭ ਕੇ ਡਰਾਇੰਗ ਰੂਮ 'ਚ ਵਿਛਾ ਲਏ ਗਏ। ਇਕ ਡੌਂਕਰ ਬਾਹਰੋਂ ਕਿਤਿਓਂ ਖੋਬਸ-ਮੱਖਣ ਲੈ ਆਇਆ ਤੇ ਫਿਰ ਇਸਪਾਨੀਆ ਜਲਦ ਭੇਜਣ ਦੇ ਵਾਅਦੇ-ਦਾਅਵੇ ਕਰਦੇ ਉਹ ਬਾਹਰ ਨਿਕਲ ਗਏ। ਅਸੀਂ ਖਾ-ਪੀ ਕੇ ਸੌਣ ਦੀ ਕੀਤੀ।

ਪਤਾ ਨਹੀਂ ਕਿੰਨਾ ਕੁ ਵਕਤ ਗੁਜ਼ਰਿਆ ਸੀ ਕਿ ਸਭ ਦੀ ਨੀਂਦ ਉਖੜ ਗਈ। ਲੱਗਿਆ, ਜਿਵੇਂ ਦਰਵਾਜ਼ਾ ਖੁੱਲ੍ਹਿਆ, ਤੇ ਫਿਰ ਕਿੰਨੇ ਹੀ ਸਾਏ ਸਾਡੇ ਸਾਹਮਣੇ ਆਣ ਖਲੋਏ। ਲਾਈਟਰ ਦੀ ਲੋਅ ਵਿਚ ਇਹ ਪਛਾਣ ਕੇ ਸਾਡੀ ਘਬਰਾਹਟ ਦੂਰ ਹੋਈ ਕਿ ਉਹ ਦੂਜੀ ਸ਼ਿਫਟ 'ਚ ਆਉਣ ਵਾਲੇ ਛੇ ਬੰਦੇ ਸਨ- ਪਨੂੰ, ਸਤਨਾਮ, ਦਵਿੰਦਰ, ਜੰਟਾ, ਹੈਪੀ ਤੇ ਅਸ਼ਫ਼ਾਕ (ਪਾਕਿਸਤਾਨੀ)। ਕੁਝ ਵਕਤ ਗੱਲੀਂ-ਬਾਤੀਂ ਗੁਜ਼ਰਿਆ।

ਘੰਟੇ ਕੁ ਬਾਅਦ ਛੱਤ 'ਤੇ ਫਿਰ ਬਿੜਕ ਹੋਈ। ਦੋ ਸਾਏ ਪੌੜੀਆਂ ਰਸਤੇ ਉਤਰ ਕੇ ਇਕ ਕਮਰੇ 'ਚ ਵੜ ਗਏ। ਸੋਚਿਆ, ਸ਼ਾਇਦ ਡੌਂਕਰ ਸਨ। ਸਾਡੇ ਜਿਸਮਾਂ ਦੀਆਂ ਸਰਸਰਾਹਟਾਂ ਭਾਂਪ ਕੇ ਉਹ ਮੋਮਬੱਤੀ ਲੈ ਕੇ ਬਾਹਰ ਨਿਕਲੇ। ਉਹ ਹੋਰ ਈ ਕੋਈ ਅਜਨਬੀ ਬੰਦੇ ਸਨ। ਉਹ ਸਾਨੂੰ ਤੇ ਅਸੀ ਉਨ੍ਹਾਂ ਨੂੰ ਦੇਖ ਕੇ ਹੈਰਾਨ ਹੋਏ। ਉਨ੍ਹਾਂ ਅਰਬੀ 'ਚ ਕੁਝ ਕਿਹਾ। ਅਸੀਂ ਛੇਤੀ ਛੇਤੀ ਸੀਤੋ ਤੇ ਦੂਜੇ ਡੌਂਕਰ ਦਾ ਨਾਂ ਲੈ ਕੇ ਇਸ਼ਾਰਿਆ ਨਾਲ ਟੁੱਟੇ-ਫੁੱਟੇ ਲਫ਼ਜ਼ਾਂ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਅਸੀਂ ਭਾਰਤੀ ਹਾਂ, ਸਪੇਨ ਜਾਣਾ ਹੈ। ਉਹ ਹੱਕੇ-ਬੱਕੇ 12 ਜਣਿਆਂ ਦੇ ਮੂੰਹ ਦੇਖਦੇ ਰਹੇ ਅਤੇ ਫਿਰ ਆਪਸ 'ਚ ਗੱਲਾਂ ਕਰਦੇ, ਹੱਸਦੇ ਕਮਰੇ 'ਚ ਚਲੇ ਗਏ।

ਜ਼ਾਹਿਰ ਸੀ ਕਿ ਉਹ ਵੀ ਇਥੇ ਚੋਰੀ ਰਹਿੰਦੇ ਸਨ, ਘਰ ਤਾਂ ਖਬਰੇ ਕਿਸ ਦਾ ਸੀ? ਪਹੁ ਫੁਟ ਰਹੀ ਸੀ ਜਦੋਂ ਦਰਵਾਜ਼ਾ ਖੋਲ੍ਹ ਕੇ ਦੋ ਅੱਧਖੜ ਮੋਰੱਕੀ ਅੰਦਰ ਆਏ। ਅੰਦਰ ਬੰਦਿਆਂ ਦਾ ਢੇਰ ਜਿਹਾ ਲੱਗਾ ਦੇਖ ਕੇ ਉਹ ਹੜਬੜਾਏ, ਫਿਰ ਗੁਸੇ 'ਚ ਉਚੀ ਉਚੀ ਬੋਲਣ ਲੱਗ ਪਏ। ਅਸੀਂ ਉਨ੍ਹਾਂ ਨੂੰ ਵੀ ਡੌਂਕਰਾਂ ਦੇ ਨਾਂ ਲੈ ਕੇ, ਇੰਡੀਅਨ ਹੋਣ ਦਾ ਵਾਸਤਾ ਦਿੰਦੇ ਸਮਝਾਉਣ ਲੱਗੇ ਕਿ ਅਸੀਂ ਕੌਣ ਸਾਂ ਤੇ ਇਥੇ ਕਿਉਂ ਸਾਂ, ਪਰ ਉਹ ਹੋ-ਹੱਲਾ ਕਰਦੇ ਅੰਦਰੋਂ ਦਾਤਰ ਤੇ ਡਾਂਗ ਕੱਢ ਲਿਆਏ। ਦੂਜੇ ਦੋ ਬੰਦੇ ਵੀ ਬਾਹਰ ਆ ਗਏ। ਨਵੇਂ ਮੋਰੱਕੀ ਉਨ੍ਹਾਂ 'ਤੇ ਅੱਗ-ਬਗੂਲਾ ਹੋਏ ਤਾਂ ਦੇਸੀ ਘੁਸਪੈਠੀਏ ਉਥੋਂ ਤੇਜ਼ੀ ਨਾਲ ਖਿਸਕ ਗਏ। ਸਾਫ਼ ਹੋ ਗਿਆ ਸੀ, ਨਵੇਂ ਆਏ ਬੰਦੇ ਹੀ ਮਾਲਕ ਸਨ ਅਤੇ ਡੌਂਕਰਾਂ ਨੇ ਖ਼ਾਲੀ ਪਏ ਮਕਾਨ ਦਾ ਲਾਭ ਲੈਂਦਿਆਂ ਸਾਨੂੰ ਬਲੀ ਦੇ ਬੱਕਰੇ ਬਣਾ ਛੱਡਿਆ ਸੀ।

ਉਹ ਹਵਾ 'ਚ ਦਾਤਰ-ਡਾਂਗ ਲਹਿਰਾਉਂਦੇ ਪਤਾ ਨਹੀਂ ਕੀ-ਕੀ ਬੋਲ ਰਹੇ ਸਨ। ਅਸੀਂ ਸਹਿਮਦੇ-ਸਿਮਟਦਿਆਂ ਸਤਨਾਮ ਨੂੰ ਕਿਹਾ, "ਕਿਤੇ ਪੁਲਿਸ ਨਾ ਸੱਦ ਲੈਣ, ਤੁਸੀਂ ਸਿਆਣੇ ਓ, ਕੁਝ ਸਮਝਾਓ, ਸ਼ਾਇਦ ਮੰਨ ਲੈਣ।" ਸਤਨਾਮ ਨੇ ਬੜੇ ਆਤਮ-ਵਿਸ਼ਵਾਸ ਨਾਲ ਟੁੱਟੇ-ਫੁੱਟੇ ਲਫ਼ਜ਼ਾਂ 'ਚ ਕੁਝ ਕਹਿਣ ਦੀ ਕੋਸ਼ਿਸ਼ ਕੀਤੀ ਤਾਂ ਇਕ ਮੋਰੱਕੀ ਦਾ ਜ਼ੋਰਦਾਰ ਥੱਪੜ ਉਸ ਦੇ ਮੂੰਹ ਨਾਲ ਟਕਰਾਇਆ। ਉਸ ਵਿਚਾਰੇ ਦੀ ਸਾਰੀ ਸਿਆਣਪ ਤੇ ਅਰਬੀ ਖਿਲਰ ਗਈ। ਮੋਰੱਕੀ ਸਾਵਧਾਨੀ ਵਜੋਂ ਇਕ-ਦੋ ਕਦਮ ਪਿੱਛੇ ਵੀ ਹਟ ਗਏ, ਪਰ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਇਹ ਅਗਿਓਂ ਬੋਲਣ ਜਾਂ ਵਿਰੋਧ ਕਰਨ ਵਾਲੇ ਨਹੀਂ। ਦੋਹਾਂ ਨੇ ਪੈਰਾਂ 'ਚੋਂ ਜੁੱਤੀ-ਬੂਟ ਲਾਹ ਕੇ ਹੱਥੀਂ ਫੜੇ ਤੇ ਸਾਡੇ ਵੱਲ ਵਧੇ।

ਫਿਰ ਉਹ ਹਾਦਸਾ ਵਾਪਰਿਆ ਜਿਸ ਦੀ ਕਲਪਨਾ ਅਸੀਂ ਖ਼ੁਦ ਵੀ ਨਹੀਂ ਸੀ ਕਰ ਸਕਦੇ। ਉਸ ਵਕਤ ਸਾਨੂੰ ਮਹਿਸੂਸ ਹੋਇਆ ਕਿ ਸਾਡੇ ਹੌਸਲੇ ਕਿੰਨੇ ਜ਼ਿਆਦਾ ਪਸਤ ਹੋ ਚੁੱਕੇ ਸਨ। ਸਰੀਰ ਤੋਂ ਕਿਤੇ ਜ਼ਿਆਦਾ ਬੁਰੀ ਤਰ੍ਹਾਂ ਦਿਮਾਗੀ ਤੌਰ 'ਤੇ ਦੁਰਬਲ ਪੈ ਚੁੱਕੇ ਸਾਂ। ਖ਼ੌਫ਼ ਸਾਡੇ ਲਹੂ ਵਿਚ ਦੌੜਦਾ ਸੀ। ਉਨ੍ਹਾਂ ਦੋਹਾਂ ਨੇ ਸਾਨੂੰ 12 ਜਣਿਆਂ ਨੂੰ ਜੁੱਤੀਆ, ਸੋਟੇ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਸਾਡੇ ਸਿਰਾਂ ਤੇ ਮੂੰਹਾਂ ਉਤੇ ਜੁੱਤੀਆਂ ਵੱਜ ਰਹੀਆਂ ਸਨ। ਸੋਟਾ ਸਰੀਰਾਂ ਦੇ ਪਤਾ ਨਹੀਂ ਕਿਹੜੇ ਕਿਹੜੇ ਹਿੱਸੇ ਨਾਲ ਟਕਰਾ ਕੇ ਚੀਕਾਂ ਕਢਾ ਰਿਹਾ ਸੀ। ਰੌਲੇ-ਰੱਪੇ ਕਾਰਣ ਬਾਹਰ ਹੋਰ ਲੋਕ ਵੀ ਇੱਕਠੇ ਹੋ ਗਏ। ਦੋ ਕੁ ਬੱਚੇ ਵੀ ਸਾਡੇ 'ਤੇ ਰੋੜੇ-ਸੋਟੇ ਵਰ੍ਹਾਉਣ ਲੱਗੇ। ਕੈਸੀ ਅਣਹੋਣੀ ਹੋ ਰਹੀ ਸੀ!

12 ਜਣਿਆਂ ਵਿਚੋਂ 5 ਕੁ ਜਣੇ 6-6 ਫੁੱਟ ਦੇ ਕਰੀਬ ਉਚੇ ਜਵਾਨ ਸੀ, ਬਾਕੀ ਵੀ ਚੰਗੇ ਭਲੇ ਸਨ। ਔਖੇ ਵੇਲੇ ਅਸੀਂ 15 ਜਣਿਆਂ ਨੂੰ ਵੀ ਸੰਭਾਲ ਸਕਦੇ ਸਾਂ, ਫਿਰ ਇਸ ਤੋਂ ਬਦਤਰ, ਔਖਾ ਵੇਲਾ ਹੋਰ ਕਿਹੜਾ ਹੋਣਾ ਸੀ, ਪਰ ਅਸੀਂ ਦੋ ਜਣਿਆਂ ਨੂੰ ਵੀ ਰੋਕ-ਟੋਕ ਨਾ ਸਕੇ। ਉਨ੍ਹਾਂ ਦੋਹਾਂ ਨੇ 12 ਜਣਿਆਂ ਨੂੰ 3-4 ਮਿੰਟ ਤਕ ਸਾਹ ਲੈ-ਲੈ ਕੇ ਕੁੱਟਿਆ, ਪਰ ਅੱਗਿਓਂ ਉਨ੍ਹਾਂ ਦਾ ਹੱਥ ਫੜਨ ਵਾਲਾ ਕੋਈ ਨਹੀਂ ਸੀ। ਅਸੀਂ ਭੈਅ ਤੇ ਦਰਦ ਨਾਲ ਕੰਬਦੇ ਜਿਥੇ ਜਿਥੇ ਸੱਟਾਂ ਵੱਜੀਆਂ ਸਨ, ਸਿਰਾਂ ਨੂੰ ਸਹਿਲਾ ਰਹੇ ਸਾਂ, ਹੱਥ ਘੁੱਟ ਰਹੇ ਸਾਂ, ਲੱਤਾਂ ਮਲ ਰਹੇ ਸਾਂ। ਦੋ ਕੁ ਜਣੇ ਰੋ ਵੀ ਰਹੇ ਸਨ।

ਸ਼ਾਇਦ ਇਹ ਸਾਡੇ ਸਬਰ ਦਾ ਸਖ਼ਤ ਇਮਤਿਹਾਨ ਸੀ। ਕੁੱਟ ਖਾਣ ਤੋਂ ਬਾਅਦ ਸਾਡੀਆਂ ਬੰਦ ਸੋਚਾਂ 'ਚ ਕੁਝ ਕਾਰਣ, ਕੁਝ ਬਹਾਨੇ ਉਪਜੇ ਕਿ ਇਕ ਤਾਂ ਅਸੀ ਚੋਰ ਸਾਂ, ਦੂਜੇ ਪੁਲਿਸ ਦੇ ਹੱਥ ਨਹੀਂ ਸੀ ਚੜ੍ਹਨਾ ਚਾਹੁੰਦੇ। 12 ਜਣੇ ਉਨ੍ਹਾਂ ਨੂੰ ਕੁੱਟ ਕੇ ਦੌੜਦੇ ਵੀ ਤਾਂ ਸ਼ਹਿਰ ਵਾਲਿਆਂ ਦੀ ਮਦਦ ਨਾਲ ਝੱਟ ਦਬੋਚੇ ਜਾਣਾ ਸੀ। ਫਿਰ ਉਨ੍ਹਾਂ ਦੇ ਹੱਥਲਾ ਦਾਤਰ ਵੀ ਗੰਭੀਰ, ਘਾਤਕ ਸਾਬਤ ਹੋ ਸਕਦਾ ਸੀ। ਸੌ ਗੱਲਾਂ ਦੀ ਇਕ ਗੱਲ, ਕਈ ਮਹੀਨਿਆਂ ਦੀ ਗੁਲਾਮਾਂ ਵਰਗੀ ਜ਼ਿੰਦਗੀ, ਥਾਂ-ਥਾਂ ਮਿਲੇ ਮਾਨਸਿਕ ਕਸ਼ਟਾਂ ਨੇ ਸਭ ਨੂੰ ਅੰਦਰੋਂ ਤੋੜ-ਭੰਨ ਸੁੱਟਿਆ ਸੀ।

ਸਾਡੀ ਜ਼ਿਲਤ ਤੇ ਦੁਰਦਸ਼ਾ ਦੇ ਤਮਾਸ਼ੇ ਅੱਗੇ ਪੂਰਨਵਿਰਾਮ ਚਿੰਨ੍ਹ ਉਦੋਂ ਲੱਗਿਆ, ਜਦੋਂ ਸੀਤੋ ਦਾ ਸਾਥੀ ਡੌਂਕਰ ਬਹੁੜਿਆ। ਉਹ ਦੋਨਾਂ ਨਾਲ ਬਹਿਸ

***(ਬਾਕੀ ਅਗਲੇ ਸਫੇ 'ਤੇ)***

# ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਮਨੁੱਖ ਜਾਂ ਜਾਨਵਰ ਆਦਿ ਦੇ ਭੌਤਿਕ ਢਾਂਚੇ ਲਈ ਪੰਜਾਬੀ ਵਿਚ ਕਈ ਸ਼ਬਦ ਹਨ ਜਿਵੇਂ ਸਰੀਰ, ਤਨ, ਪਿੰਡਾ, ਕਾਇਆ, ਜਿਸਮ, ਬਦਨ, ਦੇਹ ਆਦਿ। ਭਾਵੇਂ ਲਾਸ਼ ਅਤੇ ਲੋਥ ਮੁਰਦਾ ਸਰੀਰ ਨੂੰ ਆਖਦੇ ਹਨ ਪਰ ਇਨ੍ਹਾਂ ਨੂੰ ਜ਼ਿੰਦਾ ਸਰੀਰ ਵਜੋਂ ਵੀ ਵਰਤ ਲਿਆ ਜਾਂਦਾ ਹੈ, 'ਕਿੱਡੀ ਲੋਥ ਹੈ ਬਈ!' ਅੰਗਰੇਜ਼ੀ ਸ਼ਬਦ ਬੌਡੀ ਵੀ ਬਹੁਤ ਪ੍ਰਚਲਿਤ ਹੋ ਗਿਆ ਹੈ, 'ਬੌਡੀ ਸ਼ੌਡੀ ਬਣਾ।'

ਸਮਾਨਅਰਥਕ ਸ਼ਬਦ ਕੁਝ ਇਕ ਪ੍ਰਸੰਗਾਂ ਵਿਚ ਇਕ-ਦੂਜੇ ਦੇ ਬਰਾਬਰ ਰੱਖੇ ਜਾ ਸਕਦੇ ਹਨ ਹਰ ਪ੍ਰਸੰਗ ਵਿਚ ਨਹੀਂ। ਦੇਹ ਦਾ ਵਪਾਰ ਤਾਂ ਚੱਲਦਾ ਹੈ ਪਰ ਪਿੰਡੇ ਦਾ ਵਪਾਰ ਘੱਟ ਹੀ ਸੁਣਿਆ ਹੈ। ਇਸੇ ਤਰ੍ਹਾਂ ਦੇਹ ਨੂੰ ਅੱਗ ਦਿੱਤੀ ਗਈ ਜਾਂ ਦੇਹ ਦਫਨਾਈ ਗਈ ਪਰ ਸਰੀਰ ਨੂੰ ਅੱਗ ਦਿੱਤੀ ਗਈ ਨਹੀਂ ਚੱਲਦਾ। ਮ੍ਰਿਤਕ ਦੇਹ ਤੇ ਦੇਹ ਤਿਆਗਣਾ ਸ਼ਬਦ ਜੁੱਟ ਵੀ ਕਾਫੀ ਚਲਦੇ ਹਨ। ਦੇਹ ਸ਼ਬਦ ਬਾਰੇ ਅਜਿਹਾ ਵਤੀਰਾ ਅਧਿਆਤਮਕ ਲਿਖਤਾਂ ਵਿਚ ਇਸ ਨੂੰ ਪੰਜ ਤੱਤਾਂ ਦਾ ਪੁਤਲਾ ਅਤੇ ਨਾਸ਼ਮਾਨ ਸਮਝਦਿਆਂ ਇਸ ਦੀ ਵਰਤੋਂ ਦੇ ਕੁਝ ਨਮੂਨੇ ਦੇਖੀਏ।

ਪੰਜਾਬੀ ਲਿਖਤਾਂ ਵਿਚ ਸਭ ਤੋਂ ਪਹਿਲਾਂ ਹੋਈ ਇਸ ਸ਼ਬਦ ਦੀ ਵਰਤੋਂ ਬਾਬਾ ਸ਼ੇਖ ਫਰੀਦ ਦੇ ਇਸ ਸਲੋਕ ਵਿਚ ਮਿਲਦੀ ਹੈ, 'ਬੁਢਾ ਹੋਆ ਸੇਖ ਫਰੀਦੁ ਕੰਬਣਿ ਲੱਗੀ ਦੇਹ॥ ਜੇ ਸਉ ਵਰਿਆ ਜੀਵਣਾ ਭੀ ਤਨੁ ਹੋਸੀ ਖੇਹ॥' ਕਬੀਰ ਸਾਹਿਬ ਫਰਮਾਉਂਦੇ ਹਨ, 'ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥ ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ॥' ਹਾਲਾਂਕਿ 'ਚੌਰਾਸੀਹ ਲੱਖ ਜੋਨ ਵਿਚ ਉਤਮ ਜਨਮ ਸੁ ਮਾਣਸ ਦੇਹੀ' ਫਿਰ ਵੀ ਦੇਹ ਦੀ ਨਾਸ਼ਮਾਨਤਾ ਕਾਰਨ ਜੀਵਨ ਛਿਨ-ਭੰਗਰ ਹੈ, ਇਸ ਲਈ ਧਰਮ ਪਰਲੋਕ ਪਰਾਇਣ ਦੀ ਸਿੱਖਿਆ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੇਹ ਸ਼ਬਦ ਦੇ ਮਿਲਦੇ ਹੋਰ ਰੂਪ ਹਨ, ਦੇਹੜ, ਦੇਹਾਦਿ ਆਦਿ, 'ਚੜ ਦੇਹੜਿ ਘੋੜੀ' (ਗੁਰੂ ਰਾਮ ਦਾਸ); 'ਫਿਰਤੁ ਫਿਰਤੁ ਮਾਨੁਖੁ ਭਇਆ ਖਿਨ ਭੰਗਨ ਦੇਹਾਦਿ॥' (ਗੁਰੂ ਅਰਜਨ ਦੇਵ)। ਦੇਹ ਦਾ ਇਕ ਰੂਪ ਦੇਹੀ ਵੀ ਹੈ, 'ਇਸ ਦੇਹੀ ਕਉ ਸਿਮਰਹਿ ਦੇਵ॥' (ਭਗਤ ਕਬੀਰ)।

ਪੰਜਾਬੀ 'ਦੇਹ' ਸ਼ਬਦ ਸੰਸਕ੍ਰਿਤ ਦੇਹ ਤੋਂ ਆਇਆ ਹੈ। ਇਸ ਦਾ ਧਾਤੂ ਹੈ, 'ਦਿਹ' ਜਿਸ ਵਿਚ ਲਿੱਪਣ, ਢਾਲਣ, ਘੜਨ, ਬਣਾਉਣ, ਰਚਣ, ਗੁੰਨ੍ਹਣ ਆਦਿ ਦੇ ਭਾਵ ਹਨ। ਸੰਸਕ੍ਰਿਤ ਵਿਚ ਦੇਹ ਦੇ ਅਰਥ ਹਨ-ਸ਼ਕਲ, ਆਕਾਰ, ਘਾੜਤ, ਪੁੰਜ, ਸ਼ੋਬਾ, ਡੀਲ, ਪੇੜਾ, ਮੂਰਤੀ, ਆਕ੍ਰਿਤੀ, ਦਿੱਖ ਆਦਿ। ਇਸ ਸਭ ਕੁਝ ਦੀ ਘਾੜਤ ਲਿੱਪ ਕੇ ਹੀ ਕੀਤੀ ਜਾਂਦੀ ਹੈ। ਇਥੇ ਲਿਪਣ ਦਾ ਅਰਥ ਸਿਰਫ ਕੰਧ 'ਤੇ ਗਿੱਲੀ ਮਿੱਟੀ ਦੀ ਤਹਿ ਚਾੜ੍ਹਨਾ ਨਹੀਂ ਬਲਕਿ ਇਕ ਨਵੀਂ ਨਕੋਰ ਸ਼ਕਲ ਘੜਨਾ ਹੈ। ਸੋ, ਸਰੀਰ ਵਜੋਂ ਦੇਹ ਦਾ ਅਰਥ ਹੈ, ਉਹ ਸ਼ਕਲ ਜਾਂ ਢਾਂਚਾ ਜੋ (ਪੰਜ ਤੱਤਾਂ ਦੀ ਘਾਣੀ ਨਾਲ) ਡੌਲਿਆ ਜਾਂ ਸਾਕਾਰ ਕੀਤਾ ਗਿਆ ਹੈ।

ਦੇਹ ਤੋਂ ਮੌਤ ਦੇ ਅਰਥਾਂ ਵਾਲਾ ਸ਼ਬਦ ਦੇਹਾਂਤ ਬਣਿਆ ਅਰਥਾਤ ਦੇਹ ਦਾ ਅੰਤ। ਕਈਆਂ ਨੂੰ ਸ਼ਾਇਦ ਸ਼ੱਕ ਹੋਵੇਗਾ, ਪਰ ਇਹ ਸੱਚਾਈ ਹੈ ਕਿ ਸ਼ੱਕ ਦੇ ਅਰਥਾਂ ਵਾਲੇ ਸ਼ਬਦ ਸੰਦੇਹ ਵਿਚ ਵੀ ਦੇਹ ਦਾ ਵਾਸਾ ਹੈ। ਸੰਦੇਹ ਦੇ ਅਗੇਤਰ 'ਸੰ' ਦਾ ਅਰਥ 'ਸਮੇਤ' ਹੁੰਦਾ ਹੈ। ਸੋ, ਸੰਦੇਹ ਦਾ ਸ਼ਾਬਦਿਕ ਅਰਥ ਬਣਿਆ, ਦੇਹ ਸਮੇਤ ਜਾਂ ਦੇਹ ਵਾਲਾ। ਦੇਹ ਦੀ ਪ੍ਰਤੀਤੀ ਦਿਸਣ, ਭਾਸਣ ਨਾਲ ਹੀ ਹੁੰਦੀ ਹੈ। ਸੋ, ਸੰਦੇਹ ਦਾ ਅਰਥ ਬਣਦਾ ਹੈ-ਜਿਸ ਤਰ੍ਹਾਂ ਭਾਸਦਾ, ਦਿਸਦਾ, ਲਗਦਾ ਹੈ। ਜਾਣੋਂ ਅਸੀ 'ਸੰਦੇਹ ਕਰਨ' ਨੂੰ ਕਹਿ ਸਕਦੇ ਹਾਂ, ਇਉਂ ਭਾਸਦਾ ਹੈ ਜਾਂ ਲਗਦਾ ਹੈ। 'ਸਸਾ ਸੋ ਸਹ ਸੇਜ ਸਵਾਰੈ॥ ਸੋਈ ਸਹੀ ਸੰਦੇਹ ਨਿਵਾਰੈ॥'

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਕਿਸੇ ਪਦਾਰਥ ਨੂੰ ਦੇਖ ਕੇ ਜੇ ਅਸਲੀਅਤ ਨਾ ਜਾਣੀ ਜਾਵੇ ਸਗੋਂ ਸ਼ੱਕ ਬਣਿਆ ਰਹੇ, ਉਸ ਨੂੰ ਸੰਦੇਹ ਅਲੰਕਾਰ ਕਿਹਾ ਜਾਂਦਾ ਹੈ। ਤੀਜੇ ਮਹੱਲੇ ਦੇ ਇਸ ਪਦ ਵਿਚ ਇਹ ਅਲੰਕਾਰ ਦੇਖੋ, 'ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ॥ ਕਿ ਇਹੁ ਮਨੁ



ਅਵਰਨੁ ਸਦਾ ਅਵਿਨਾਸੀ॥ ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ॥ ਇਸੁ ਮਨ ਕਉ ਮਮਤਾ ਕਿਥਹੁ ਲਾਗੀ॥' ਦੇਹ ਤੋਂ ਹੀ ਦੇਹਰਾ ਸ਼ਬਦ ਬਣਿਆ ਜਿਸ ਦਾ ਮੂਲ ਅਰਥ ਮਿੱਟੀ ਦੀ ਢੇਰੀ ਅਰਥਾਤ ਮੜ੍ਹੀ ਹੈ।

ਉਪਰੋਕਤ ਸਾਰੇ ਸ਼ਬਦਾਂ ਦੇ ਸਜਾਤੀ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਵੀ ਮਿਲ ਜਾਂਦੇ ਹਨ। ਪ੍ਰਸਿੱਧ ਨਿਰੁੱਕਤਕਾਰ ਪੋਕੋਰਨੀ ਨੇ ਇਸ ਦਾ ਭਾਰੋਪੀ ਮੂਲ Dheigh ਲਭਿਆ ਹੈ ਜਿਸ ਦਾ ਅਰਥ ਹੈ-ਬਣਾਉਣਾ, ਰਚਣਾ, ਨਿਰਮਿਤ ਕਰਨਾ। ਚਲੋ, ਨਜ਼ਰ ਹੇਠ ਲਿਆਈਏ ਕੁਝ ਚੋਣਵੇਂ ਸ਼ਬਦ ਜੋ ਸਾਡੀ ਦੇਹ ਦੇ ਸਕੇ ਸੋਹਦਰੇ ਹਨ। ਹਿੰਦ-ਇਰਾਨੀ ਭਾਸ਼ਾ ਫਾਰਸੀ ਭਾਰਤੀ ਆਰੀਆਈ ਭਾਸ਼ਾਵਾਂ ਦੇ ਸਭ ਤੋਂ ਨੇੜੇ ਹੈ। ਇਸ ਲਈ ਇਸ ਦੇ ਬਹੁਤ ਸਾਰੇ ਸ਼ਬਦ ਸਦੀਆਂ ਤੋਂ ਸਾਡੀਆਂ ਭਾਸ਼ਾਵਾਂ ਵਿਚ ਰਚ-ਮਿਚ ਚੁਕੇ ਹਨ। ਪੰਜਾਬੀ ਦੇਹ ਦੇ ਟਾਕਰੇ ਫਾਰਸੀ ਵਿਚ 'ਦਿਹ' ਸ਼ਬਦ ਹੈ ਜਿਸ ਦਾ ਮੁੱਖ ਅਰਥ ਪਿੰਡ ਹੈ।

ਕੁਝ ਨਿਰੁੱਕਤਕਾਰਾਂ ਨੇ ਇਸ ਦਾ ਮੂਲ ਅਰਥ ਮਿੱਟੀ ਦੀ ਬਣੀ ਕੰਧ, ਸੁਰੱਖਿਆ ਕੰਧਾਂ ਨਾਲ ਵਲੀ ਹੋਈ ਥਾਂ, ਚਾਰਦੀਵਾਰੀ ਆਦਿ ਕੀਤਾ ਹੈ ਜੋ ਸਹਿਜੇ ਸਹਿਜੇ ਪਿੰਡ ਦਾ ਬੋਧਕ ਬਣ ਗਿਆ। ਪਰ ਭਾਰੋਪੀ ਮੂਲ Dheigh ਦੇ ਅਰਥ ਅਨੁਸਾਰ ਪਿੰਡ ਦੇ ਸੂਚਕ ਦਿਹ ਸ਼ਬਦ ਦਾ ਮੂਲ ਅਰਥ 'ਜੋ ਬਣਾਇਆ ਗਿਆ ਜਾਂ ਨਿਰਮਿਤ ਕੀਤਾ ਗਿਆ' ਮੈਨੂੰ ਵਧੇਰੇ ਤਰਕਸ਼ੀਲ ਲਗਦਾ ਹੈ। ਦਿਹ ਦਾ ਅਰਬੀ ਢੰਗ ਨਾਲ ਬਣਾਇਆ ਬਹੁਵਚਨ ਦੇਹਾਤ ਜਾਂ ਦਿਹਾਤ (ਪੇਂਡੂ ਇਲਾਕਾ) ਹੈ ਅਤੇ ਇਸ ਤੋਂ ਵਿਸ਼ੇਸ਼ਣ ਦਿਹਾਤੀ ਪੰਜਾਬੀ ਵਿਚ ਆਮ ਜਾਣਿਆ ਜਾਂਦਾ ਸ਼ਬਦ ਹੈ।

ਡਾ. ਅਮਰਵੰਤ ਸਿੰਘ ਦੇ ਕੋਸ਼ 'ਅਰਬੀ-ਫਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ' ਵਿਚ ਦਿਹ ਸ਼ਬਦ ਦੇ ਇੰਦਰਾਜ ਨੂੰ ਬੜੇ ਗਲਤ ਤਰੀਕੇ ਨਾਲ ਨਿਪਟਾਇਆ ਗਿਆ ਹੈ। ਇਥੇ 'ਦੇਣ ਵਾਲਾ' ਦੇ ਅਰਥਾਂ ਵਾਲੇ ਦਿਹ ਨੂੰ ਪਿੰਡ ਦੇ ਅਰਥਾਂ ਵਾਲੇ ਦਿਹ ਨਾਲ ਨਰੜ ਕੇ ਗੱਲ ਹਾਸੋਹੀਣੀ ਕਰ ਦਿੱਤੀ ਗਈ ਹੈ। ਭਲਾ ਪਿੰਡ ਦਾ ਦੇਣ ਨਾਲ ਸਬੰਧ ਕਿਵੇਂ ਜੁੜਦਾ ਹੈ?

ਚਲੋ, ਨਾਲ ਲਗਦੀ ਕੰਧ ਦੀ ਗੱਲ ਵੀ ਕਰ ਲੈਂਦੇ ਹਾਂ ਜਿਸ ਲਈ ਸਾਡੇ ਕੋਲ ਦੀਵਾਰ ਸ਼ਬਦ ਵੀ ਹੈ। ਪਲੈਟਸ ਨੇ ਇਮਾਲਾ ਦੇ ਹਵਾਲੇ ਨਾਲ ਦੀਵਾਰ ਸ਼ਬਦ ਨੂੰ ਫਾਰਸੀ ਦਾਵ ਤੋਂ ਬਣਿਆ ਦੱਸਿਆ ਹੈ ਜਿਸ ਦਾ ਅਰਥ ਹੈ-ਸਤਹ, ਪਰਤ। ਦਰਅਸਲ ਫਾਰਸੀ ਦੀਵਾਰ ਸ਼ਬਦ ਬਣਿਆ ਹੈ ਅਵੇਸਤਾ ਵਿਚ ਆਏ ਸ਼ਬਦ ਦੇਗਾ-ਵਰਾ ਤੋਂ। ਇਹ 'ਦੇਗਾ' ਉਪਰ ਚਰਚਿਤ ਦਿਹ ਦਾ ਹੀ ਇਕ ਰੂਪ ਸੀ ਜਿਸ ਨਾਲ ਮਿਲਦੇ-ਜੁਲਦੇ ਕੁਝ ਹੋਰ ਰੂਪ ਹਨ-ਦਿਜ਼, ਦੇਜ਼ ਦਾਇਜ਼ਾ ਆਦਿ। ਇਨ੍ਹਾਂ ਸ਼ਬਦਾਂ ਵਿਚ ਦਿਹ ਦੀ ਤਰ੍ਹਾਂ ਹੀ ਲਿੱਪਣ, ਬਣਾਉਣ, ਰਚਣ, ਸ਼ਕਲ ਦੇਣ, ਗੁੰਨ੍ਹਣ ਦੇ ਭਾਵ ਹਨ। ਕਿਉਂਕਿ ਲਿੱਪਣ, ਬਣਾਉਣ ਦਾ ਕੰਮ ਮਿੱਟੀ ਨਾਲ ਹੀ ਹੁੰਦਾ ਹੈ, ਇਸ ਲਈ ਇਸ ਸ਼ਬਦ ਵਿਚ ਮਿੱਟੀ ਦਾ ਭਾਵ ਵੀ ਹੈ। ਮਨੁਖੀ ਸਰੀਰ ਨੂੰ ਅਸੀਂ ਮਿੱਟੀ ਦਾ ਪੁਤਲਾ ਕਹਿ ਦਿੰਦੇ ਹਾਂ। ਸੋ ਇਸ ਵਿਚਲੇ ਦੇਗਾ ਦਾ ਅਰਥ ਨਿਕਲਦਾ ਹੈ, ਮਿੱਟੀ ਨਾਲ ਬਣਾਈ।

ਦੇਗਾ-ਵਰਾ ਦੇ ਦੂਜੇ ਘਟਕ 'ਵਰਾ' ਭਾਰੋਪੀ Wer ਦਾ ਹੀ ਫਾਰਸੀ ਰੁਪਾਂਤਰ ਹੈ ਜਿਸ ਵਿਚ ਘੇਰਾ ਪਾਉਣ, ਵਲਣ, ਘੁਮਾਉਣ, ਲਿਪਟਣ ਦੇ ਭਾਵ ਹਨ। ਸੰਸਕ੍ਰਿਤ ਵਿਚ 'ਵ੍ਰ' ਧਾਤੂ ਵੀ ਇਹੋ ਹੈ ਜਿਸ ਦਾ ਜ਼ਿਕਰ ਕਈ ਵਾਰੀ ਕੀਤਾ ਜਾ ਸਕਦਾ ਹੈ। ਸੋ, ਦੇਗਾ-ਵਰਾ ਦਾ ਸ਼ਾਬਦਿਕ ਅਰਥ ਨਿਕਲਦਾ ਹੈ, 'ਘੇਰੇ ਦੇ ਰੂਪ ਵਿਚ ਮਿੱਟੀ ਦੀ ਬਣਤਰ' ਅਰਥਾਤ ਚਾਰਦੀਵਾਰੀ। ਦੀਵਾਰ ਵਿਚ ਸੁਰੱਖਿਆ ਦੇ ਭਾਵ ਵੀ ਹਨ, 'ਫੌਜ ਦੀਵਾਰ ਬਣ ਕੇ ਡਟ ਗਈ' ਤੇ ਦੂਜੇ ਪਾਸੇ ਵੱਖਰੇ ਹੋਣ ਦੇ ਭਾਵ ਵੀ ਦਿੰਦੀ ਹੈ, ਕੋਈ ਨਿਕਟ ਸਬੰਧਾਂ ਵਿਚ 'ਦੀਵਾਰ ਬਣ ਕੇ ਖੜ੍ਹਾ ਹੋ ਜਾਂਦਾ ਹੈ।' ਪੰਜਾਬੀ ਮੁਹਾਵਰਾ 'ਕੰਧਾਂ ਦੇ ਵੀ ਕੰਨ ਹੁੰਦੇ ਹਨ' ਦਰਅਸਲ ਫਾਰਸੀ ਮੁਹਾਵਰੇ 'ਦੀਵਾਰ ਹਮ ਗੋਸ਼ ਦਾਰਦ' ਦਾ ਹੀ ਅਨੁਵਾਦ ਹੈ। ਦੀਵਾਰ ਦਾ ਇਕ ਰੁਪਾਂਤਰ ਦੀਵਾਲ/ਦਿਵਾਲ ਵੀ ਹੈ, 'ਦੇ ਦੇ ਨੀਵ ਦਿਵਾਲ ਉਸਾਰੀ ਭਸਮੰਦਰ ਕੀ ਢੇਰੀ॥' (ਗੁਰੂ ਨਾਨਕ ਦੇਵ)

ਫਾਰਸੀ ਵਿਚ ਸਵਰਗ ਲਈ ਇਕ ਸ਼ਬਦ ਹੈ, ਫਿਰਦੌਸ। ਅਵੇਸਤਾ ਵਿਚ ਇਸ ਦਾ ਰੂਪ ਹੈ, ਪੈਇਰੀਦੀਜ਼ਾ। ਇਹ ਸੰਯੁਕਤ ਸ਼ਬਦ ਹੈ ਜੋ ਪੈਇਰੀ+ਦਿਜ਼ ਤੋਂ ਬਣਿਆ ਹੈ। ਪੈਇਰੀ ਇਕ ਅਗੇਤਰ ਹੈ ਜਿਸ ਦਾ ਅਰਥ ਆਲੇ-ਦੁਆਲੇ ਹੁੰਦਾ ਹੈ। ਸਾਡੀ ਭਾਸ਼ਾ ਵਿਚ ਇਸ ਦਾ ਰੁਪਾਂਤਰ ਹੈ 'ਪਰਿ' ਜਿਸ ਤੋਂ ਪਰਿਧੀ, ਪਰਿਵਾਰ ਆਦਿ ਸ਼ਬਦ ਬਣੇ ਹਨ। ਦੂਜਾ ਘਟਕ ਦਿਜ਼ ਤਾਂ ਉਹੀ ਮਿੱਟੀ ਦੀ ਬਣਤਰ ਅਰਥਾਤ ਕੰਧ ਹੀ ਹੈ। ਸੋ ਫਿਰਦੌਸ ਦਾ ਸ਼ਾਬਦਿਕ ਅਰਥ ਹੋਇਆ, 'ਕੰਧਾਂ ਨਾਲ ਘਿਰਿਆ।' ਜ਼ਰਾ ਮਨ ਵਿਚ ਬਾਗ-ਬਗੀਚੇ, ਪਾਰਕ ਦਾ ਬਿੰਬ ਚਿਤਰੋ। ਇਹ ਸ਼ਬਦ ਫਾਰਸੀ ਤੋਂ ਗਰੀਕ ਫਿਰ ਲਾਤੀਨੀ ਤੇ ਅੱਗੇ ਫਰਾਂਸੀਸੀ ਵਿਚ ਦੀ ਲੰਘਦਾ ਹੋਇਆ ਅੰਗਰੇਜ਼ੀ ਵਿਚ ਪਹੁੰਚਾ ਤਾਂ ਇਸ ਦਾ ਰੂਪ ਹੋ ਗਿਆ, ਪੈਰਾਡਾਈਜ਼ (Paradise).

ਪੰਜਾਬੀ ਵਿਚ ਅਸੀਂ ਦੇਗ ਸ਼ਬਦ ਬਹੁਤ ਵਰਤਦੇ ਹਾਂ। ਮੁਖ ਤੌਰ 'ਤੇ ਇਸ ਦਾ ਅਰਥ ਦਾਲ-ਸਬਜ਼ੀ ਰਿੰਨ੍ਹਣ ਵਾਲਾ ਇਕ ਪਤੀਲੇ ਜਿਹਾ ਭਾਂਡਾ ਹੈ। ਵੱਡੀ ਕੜਾਹੀ ਨੂੰ ਵੀ ਦੇਗ ਕਿਹਾ ਜਾਂਦਾ ਹੈ ਅਤੇ ਕਿਉਂਕਿ ਇਸ ਵਿਚ ਕੜਾਹ ਬਣਾਇਆ ਜਾਂਦਾ ਹੈ, ਇਸ ਲਈ ਸਿੱਖੀ ਵਿਚ ਦੇਗ ਦਾ ਅਰਥ ਕੜਾਹ-ਪ੍ਰਸ਼ਾਦ ਵੀ ਹੋ ਗਿਆ ਹੈ। ਮੁਢਲੇ ਤੌਰ 'ਤੇ ਇਹ ਵੀ ਧੇਘ ਧਾਤੂ ਦੀ ਹੀ ਪੈਦਾਵਾਰ ਹੈ, ਅਰਥਾਤ ਮਿੱਟੀ ਦੀ ਬਣਤਰ। ਪ੍ਰਾਚੀਨ ਵਿਚ ਭਾਂਡੇ ਮਿੱਟੀ ਦੇ ਹੀ ਬਣਾਏ ਜਾਂਦੇ ਸਨ। ਅੱਜ ਕਲ੍ਹ ਲੋਹੇ, ਤਾਂਬੇ ਜਾਂ ਪਿੱਤਲ ਆਦਿ ਦੀਆਂ ਦੇਗਾਂ ਬਣਦੀਆਂ ਹਨ। ਛੋਟੀ ਦੇਗ ਨੂੰ ਦੇਗਚਾ ਜਾਂ ਦੇਗਚੀ ਕਿਹਾ ਜਾਂਦਾ ਹੈ। ਫਾਰਸੀ ਵਿਚ ਦੇਗਦਾਨ ਦਾ ਅਰਥ 'ਚੁੱਲ੍ਹਾ' ਹੈ। ਦੇਗਜੋਸ਼ ਨਜ਼ਰਾਨੇ ਦਾ ਖਾਣਾ ਹੈ ਜੋ ਮੁਰਾਦ ਪੂਰੀ ਹੋਣ 'ਤੇ ਖੁਆਇਆ ਜਾਂਦਾ ਹੈ। ਦੇਗੀ ਦਾ ਅਰਥ ਹੈ, ਭੋਜਨ ਨਾਲ ਸਬੰਧਤ ਜਿਵੇਂ ਦੇਗੀ ਮਿਰਚ। 'ਦੇਗੀ ਲੋਹਾ' ਦੇਗ ਬਣਾਉਣ ਵਾਲੇ ਲੋਹੇ ਦੀ ਕਿਸਮ ਹੈ।

ਅੰਗਰੇਜ਼ੀ ਵਿਚ ਇਕ ਸ਼ਬਦ ਹੈ, Dough ਜਿਸ ਦਾ ਮਤਲਬ ਹੈ-ਗੁੰਨ੍ਹਿਆ ਆਟਾ, ਲੋਈ ਆਦਿ। ਇਹ ਮੁਢਲੇ ਤੌਰ 'ਤੇ ਪ੍ਰਾਕ-ਜਰਮੈਨਿਕ ਸ਼ਬਦ ਹੈ, ਜਿਸ ਦਾ ਅਰਥ ਸੀ, 'ਗੁੰਨ੍ਹੀ ਹੋਈ ਚੀਜ਼।' ਇਹ ਸ਼ਬਦ ਹੋਰ ਜਰਮੈਨਿਕ ਭਾਸ਼ਾਵਾਂ ਵਿਚ ਵੀ ਇਸੇ ਅਰਥ ਵਿਚ ਮਿਲਦਾ ਹੈ। ਸੁਆਣੀ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ ਲੇਡੀ ਵੀ ਪੰਜਾਬੀ ਵਿਚ ਖੂਬ ਪ੍ਰਚਲਿਤ ਹੈ, ਖਾਸ ਤੌਰ 'ਤੇ ਮਹਿਲਾ ਡਾਕਟਰ ਲਈ 'ਲੇਡੀ ਡਾਕਟਰ' ਦੇ ਰੂਪ ਵਿਚ। ਲੇਡੀ ਦਾ ਸ਼ਾਬਦਿਕ ਅਰਥ ਬਣਦਾ ਹੈ, ਜੋ ਆਟਾ ਗੁੰਨ੍ਹਦੀ ਹੈ। ਇਹ ਸ਼ਬਦ ਜਰਮੈਨਿਕ ਦੇ ਸਮਾਸੀ ਸ਼ਬਦ Hlaf (ਬਰੈਡ)+ Dige (ਨੌਕਰਾਣੀ) ਤੋਂ ਵਿਉਤਪਤ ਹੋਇਆ। Hlaf ਅਸਲ ਵਿਚ ਲੋਆ ਦਾ ਹੀ ਪੁਰਾਤਨ ਰੂਪ ਹੈ। ਨੌਕਰਾਣੀ ਦੇ ਅਰਥਾਂ ਵਾਲਾ Dige ਸ਼ਬਦ ਵੀ Dheigh ਧਾਤੂ ਨਾਲ ਜਾ ਜੁੜਦਾ ਹੈ। ਸੋ, ਅਰਥ ਬਣਿਆ-ਰੋਟੀ ਬਣਾਉਣ ਜਾਂ ਆਟਾ ਗੁੰਨ੍ਹਣ ਵਾਲੀ। ਡੇਅਰੀ ਸ਼ਬਦ ਸਾਡੀਆਂ ਭਾਸ਼ਾਵਾਂ ਵਿਚ ਬਹੁਤ ਪ੍ਰਚਲਿਤ ਹੋ ਗਿਆ ਹੈ। ਇਸ ਸ਼ਬਦ ਦਾ ਪੁਰਾਤਨ ਰੂਪ ਸੀ, Daie Maid. ਇਸ ਵਿਚਲਾ ਸ਼ਬਦ Daie ਨੌਕਰਾਣੀ ਦੇ ਅਰਥਾਂ ਵਾਲੇ ਉਕਤ Dige ਦਾ ਹੀ ਇਕ ਹੋਰ ਰੁਪਾਂਤਰ ਹੈ, ਜਿਸ ਦਾ ਸ਼ਾਬਦਿਕ ਅਰਥ ਹੈ, ਆਟਾ ਗੁੰਨ੍ਹਣ ਵਾਲੀ।

ਆਕਾਰ, ਸ਼ਕਲ ਆਦਿ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ ਫਿਗਰ (Figure) ਵੀ ਇਥੇ ਥਾਂ ਸਿਰ ਹੈ। ਗ੍ਰਾਸਮੈਨ ਦੇ ਨਿਯਮ ਅਨੁਸਾਰ ਸੰਸਕ੍ਰਿਤ 'ਦ' ਜਾਂ ਭਾਰੋਪੀ 'ਧ' ਧੁਨੀਆਂ ਦੇ ਮੁਕਾਬਲੇ ਵਿਚ ਲਾਤੀਨੀ ਵਿਚ 'ਫ' ਧੁਨੀ ਆਉਂਦੀ ਹੈ। ਮਿਸਾਲ ਵਜੋਂ ਸੰਸਕ੍ਰਿਤ ਧੂਮ (ਧੂਆਂ) ਦਾ ਸਜਾਤੀ ਲਾਤੀਨੀ ਸ਼ਬਦ ਹੈ, Fume. ਸੋ, ਪੁਰਾਣੀ ਲਾਤੀਨੀ ਦੇ ਸ਼ਬਦ Figura ਦਾ ਅਰਥ ਸੀ-ਰੇਖਾ ਚਿੱਤਰ, ਖਾਕਾ, ਆਕ੍ਰਿਤੀ ਅਰਥਾਤ ਲਕੀਰਾਂ ਨਾਲ ਬਣਾਈ। ਲਾਤੀਨੀ ਵਿਚ ਹੀ ਇਸ ਦਾ ਹੋਰ ਵਿਕਸਿਤ ਅਰਥ ਹੋਇਆ-ਰੂਪ, ਸ਼ਕਲ, ਗੁਣ, ਕਿਸਮ, ਅਲੰਕਾਰ ਆਦਿ। ਧਿਆਨ ਦਿਉ, ਅਲੰਕਾਰ ਵਾਲੇ ਅਰਥ ਵੱਲ ਗੱਲ ਕਿਧਰ ਦੀ ਕਿਧਰ ਚਲੀ ਗਈ। ਕੋਈ ਵੀ ਬਣਾਇਆ ਚਿੱਤਰ ਅਸਲ ਵਿਚ ਕਿਸੇ ਵਾਸਤਵਿਕ ਚੀਜ਼ ਦਾ ਕਲਾਮਈ ਪ੍ਰਗਟਾਉ ਹੀ ਹੈ। ਫਿਗਰ ਦੇ ਅਰਥ ਹਿੰਦਸਾ, ਰਕਮ ਆਦਿ ਵੀ ਉਕਰੀ ਹੋਈ ਸ਼ਕਲ ਵਜੋਂ ਸਮਝਣੇ ਚਾਹੀਦੇ ਹਨ।

ਸ਼ਬਦ ਤਾਂ ਬਹੁਤ ਹਨ ਪਰ ਥਾਂ ਥੋੜ੍ਹੀ ਹੋਣ ਕਰਕੇ ਇਕੋ ਹੋਰ ਸ਼ਬਦ ਦੀ ਗੁੰਜਾਇਸ਼ ਹੈ। ਪੁਤਲੇ ਲਈ ਅੰਗਰੇਜ਼ੀ 'ਚ ਸ਼ਬਦ ਆਉਂਦਾ ਹੈ, Effigy. ਲਾਤੀਨੀ 'ਚ ਇਹ ਸ਼ਬਦ Ex (ਬਾਹਰ)+ Fingere (ਸਾਕਾਰ ਕਰਨਾ) ਤੋਂ ਬਣਿਆ। ਲਾਤੀਨੀ ਵਿਚ ਇਸ ਦਾ ਮਤਲਬ ਸੀ-ਕਾਸੇ ਦੀ ਨਕਲ, ਵਰਗੇਵਾਂ, ਬਿੰਬ, ਮੂਰਤੀ। ਸੋਲ੍ਹਵੀਂ ਸਦੀ ਦੀ ਅੰਗਰੇਜ਼ੀ 'ਚ ਇਸ ਸ਼ਬਦ ਦਾ ਅਰਥ ਬਣਿਆ, ਮਨੁੱਖ ਦਾ ਬਿੰਬ। ਏਨੀ ਚਰਚਾ ਪਿਛੋਂ ਬਾਕੀ ਲੱਖਣ ਪਾਠਕ ਖੁਦ ਲਾ ਲੈਣ ਤਾਂ ਚੰਗਾ ਰਹੇਗਾ।

---

## ਸੰਭਾਵਨਾਵਾਂ ਤੇ ਅਣਹੋਣੀਆਂ

(ਪਿਛਲੇ ਸਫੇ ਦੀ ਬਾਕੀ)

ਕਰਨ ਲੱਗਾ, ਮਾਹੌਲ ਫਿਰ ਇਕ ਵਾਰ ਭਖ ਗਿਆ। ਫਿਰ ਡੌਂਕਰ ਨੇ ਸਾਨੂੰ ਬਾਹਰ ਆਉਣ ਦਾ ਇਸ਼ਾਰਾ ਕੀਤਾ। ਅਸੀਂ ਕਤਾਰ 'ਚ ਫੁਰਤੀ ਨਾਲ ਬਾਹਰ ਵੱਲ ਵਧੇ। ਬੂਹੇ 'ਚ ਖੜ੍ਹੇ ਅੱਗ ਵਰ੍ਹਾਉਂਦੀਆਂ ਅੱਖਾਂ ਨਾਲ ਘੂਰਦੇ ਮਕਾਨ ਮਾਲਕ ਕੋਲੋਂ ਲੰਘੇ ਤਾਂ ਉਹ ਸਭ ਦੇ ਇਕ ਇਕ ਸੋਟਾ ਪੂਰੇ ਜ਼ੋਰ ਨਾਲ ਮਾਰਦਾ ਗਿਆ। ਸ਼ਾਇਦ ਸਾਨੂੰ ਕੁੱਟ ਕੁੱਟ ਕੇ ਉਸ ਦਾ ਜੀਅ ਨਹੀਂ ਸੀ ਭਰਿਆ, ਜਾਂ ਫਿਰ ਸਾਨੂੰ ਅਜੇ ਬਹੁਤ ਘੱਟ ਸਜ਼ਾ ਮਿਲੀ ਸੀ।

ਚੜ੍ਹਦੇ ਦਿਨ ਦੀ ਹਲਕੀ ਲੋਅ 'ਚ ਤੇਜ਼ੀ ਨਾਲ ਡੌਂਕਰ ਦੇ ਪਿੱਛੇ ਪਹਾੜੀ ਰਾਹਾਂ 'ਤੇ ਚੜ੍ਹਦੇ, ਉਤਰਦੇ ਗਏ। ਇਕ ਥਾਂ ਸੰਘਣੀਆਂ ਉਚੀਆਂ ਝਾੜੀਆਂ 'ਚ ਬਿਠਾ ਕੇ ਉਸ ਨੇ ਸੰਕੇਤ ਵਜੋਂ ਕਿਹਾ, "ਤੁਸੀਂ 12 ਜਣੇ ਉਨ੍ਹਾਂ ਦੋ ਹਰਾਮੀਆਂ ਤੋਂ ਕੁੱਟ ਖਾਂਦੇ ਰਹੇ, ਤੁਸੀਂ ਕਿਉਂ ਨਹੀਂ ਉਨ੍ਹਾਂ ਨੂੰ ਕੁੱਟਿਆ।" ਕੋਈ ਕੀ ਜਵਾਬ ਦਿੰਦਾ? ਸਾਰੇ ਬੇਜ਼ੁਬਾਨਾਂ ਵਾਂਗ ਸਿਰ ਝੁਕਾ ਕੇ ਬੈਠੇ ਰਹੇ। ਸਾਨੂੰ ਖੁਦ ਨੂੰ ਯਕੀਨ ਨਹੀਂ ਸੀ ਹੋ ਰਿਹਾ ਕਿ ਜੋ ਕੁਝ ਵੀ ਹੋਇਆ, ਉਹ ਸੱਚੀਂ ਹੋਇਆ ਸੀ, ਜਾਂ ਕੋਈ ਭਿਆਨਕ ਸੁਫਨਾ ਦੇਖਿਆ ਸੀ।

ਡੌਂਕਰ ਦੁਬਾਰਾ ਆਉਣ ਦਾ ਕਹਿ ਕੇ ਰੁਖ਼ਸਤ ਹੋ ਗਿਆ। ਕਾਫੀ ਵਕਤ ਤਕ ਇਸ ਹੌਲਨਾਕ ਹਾਦਸੇ ਬਾਰੇ ਤਬਸਰੇ ਹੁੰਦੇ ਰਹੇ। ਕਿਸ ਦੇ ਕਿੰਨੀਆਂ ਕੁ ਵੱਜੀਆਂ, ਕਿਸ ਦੇ ਨੀਲ ਪਏ ਸਨ, ਕੌਣ ਰੋ ਰਿਹਾ ਸੀ, ਕੌਣ ਚੀਕ ਰਿਹਾ ਸੀ...। ਸ਼ਰਮਿੰਦਗੀ ਨਾਲ ਅਸੀਂ ਇਕ-ਦੂਜੇ ਨਾਲ ਨਜ਼ਰਾਂ ਨਹੀਂ ਸੀ ਮਿਲਾ ਰਹੇ। ਮੈਨੂੰ ਸਿਰ 'ਚ ਵੱਜੀਆਂ ਜੁੱਤੀਆਂ ਦਾ ਸੇਕ ਜਾਂ ਸੋਟੇ ਦੀ ਵੱਜੀ ਸੱਟ ਦੀ ਚੀਸ ਇੰਨੀ ਜ਼ਿਆਦਾ ਨਹੀਂ ਮਹਿਸੂਸ ਹੋਈ, ਜਿੰਨੀ ਚੋਟ ਮੇਰੇ ਅੰਤਰਮਨ ਨੂੰ ਪਹੁੰਚੀ ਸੀ। ਜ਼ਲਾਲਤ ਦਾ ਦਰਦ ਧੁਰ ਅੰਦਰੋਂ ਉਠ ਰਿਹਾ ਸੀ। ਆਖਰ ਸਭ ਨੇ ਆਪਣੀਆਂ ਬਦਤਰ ਹਾਲਤਾਂ ਉਪਰ ਨਿਰਾਸ਼ਾਜਨਕ ਅਫ਼ਸੋਸ ਜ਼ਾਹਿਰ ਕੀਤਾ, ਵਕਤ ਅਤੇ ਮੁਕੱਦਰ 'ਤੇ ਲਾਹਨਤਾਂ ਭੇਜਦੇ ਅੱਡੋ-ਅੱਡ ਝਾੜੀਆਂ 'ਚ ਜਾ ਲਿਟੇ।

ਦੁਪਹਿਰ ਨੂੰ ਸੀਤੋ ਤੇ ਉਸ ਦਾ ਸਾਥੀ ਖਾਣਾ ਦੇ ਗਏ ਸਨ। ਨੇੜੇ ਛੋਟਾ ਜਿਹਾ ਖੂਹ ਸੀ, ਜਿਥੋਂ ਲੋਕ ਪਾਣੀ ਭਰ ਕੇ ਲਿਜਾ ਰਹੇ ਸਨ। ਪਾਣੀ ਪੀਣ ਤੋਂ ਇਲਾਵਾ ਸਭ ਨੇ ਨਹਾ-ਧੋ ਵੀ ਲਿਆ। ਕੁਝ ਹੁਲੜ ਮਚਾਉਂਦੇ, ਵਿਗੜੈਲ ਬੱਚਿਆਂ ਨੇ ਸਾਨੂੰ ਦੇਖ ਕੇ ਪਹਾੜੀ ਤੋਂ ਪੱਥਰ-ਰੋੜੇ ਵਰਸਾਏ। ਅਸੀਂ ਉਠ ਕੇ ਹੋਰ ਗਹਿਰੀਆਂ ਝਾੜੀਆਂ ਵਿਚ ਜਾ ਛੁਪੇ। ਸਾਡੀ ਹਾਲਤ ਉਨ੍ਹਾਂ ਖਾਜ ਖਾਧੇ ਕੁੱਤਿਆਂ ਵਰਗੀ ਹੋ ਗਈ ਜਾਪਦੀ ਸੀ ਜਿਨ੍ਹਾਂ 'ਤੇ ਲੋਕ ਤਰਸ ਘੱਟ ਕਰਦੇ ਨੇ, ਦੁਰਕਾਰਦੇ ਬਹੁਤਾ ਨੇ।

ਸ਼ਾਮ ਨੂੰ ਡੌਂਕਰ ਸਾਨੂੰ ਨਾਲ ਲੈ ਕੇ ਪਹਾੜੀਆਂ ਦੇ ਲੰਮੇ ਗੇੜੇ ਮਾਰ ਕੇ ਉਸੇ ਪਹਾੜੀ 'ਤੇ ਜਾ ਪਹੁੰਚੇ, ਜਿਥੇ ਦੋ-ਮੰਜ਼ਿਲਾ ਉਜਾੜ ਮਕਾਨ ਸੀ। ਸਾਨੂੰ ਦੂਰੋਂ ਆਉਂਦਿਆਂ ਦੇਖ ਕੇ ਕੱਲ੍ਹ ਵਾਲੇ ਪਾਕਿਸਤਾਨੀ ਬੰਦੇ ਪਹਾੜੀ ਦੇ ਦੂਜੇ ਪਾਸੇ ਉਤਰ ਗਏ। ਖੌਰੇ ਕਿਉਂ? ਚੜ੍ਹਾਈਆਂ ਚੜ੍ਹ ਕੇ ਬੁਰੀ ਤਰ੍ਹਾਂ ਹਫ਼ੇ ਸਾਰੇ ਭੁੰਜੇ ਹੀ ਚੌਫਾਲ ਜਾ ਪਏ। ਸੀਤੋ ਨੇ ਸਮਝਾਇਆ ਕਿ ਅਸੀਂ ਇਥੇ ਰਹਿਣਾ ਹੈ, ਉਹ ਖਾਣਾ ਦੇ ਜਾਇਆ ਕਰਨਗੇ। ਨੇੜੇ ਹੀ ਖੂਹ ਹੈ, ਜਲਦੀ ਹੀ ਇਸਪਾਨੀਆ ਭੇਜ ਦੇਣਗੇ।

ਹੇਠਲੀ ਮੰਜ਼ਿਲ ਦੇ ਸਭ ਕਮਰਿਆਂ ਦੀ ਹਾਲਤ ਜ਼ਿਆਦਾ ਬੁਰੀ ਸੀ। ਉਪਰਲੇ ਇਕ ਕਮਰੇ 'ਚੋਂ ਗੰਦਗੀ ਸਾਫ਼ ਕਰ ਕੇ ਬਹਿਣ-ਪੈਣ ਲਈ ਜਗ੍ਹਾ ਬਣਾਈ। ਚੀਜ਼ਾਂ ਦੀ ਰਹਿੰਦ-ਖੂੰਹਦ ਗਵਾਹੀ ਭਰਦੀ ਸੀ, ਸਾਡੇ ਵਰਗੇ ਨਿਥਾਵੇਂ, ਮਜ਼ਲੂਮ ਕਾਫੀ ਗਿਣਤੀ 'ਚ ਇਥੇ ਵਕਤ-ਦਰ-ਵਕਤ ਰਹਿੰਦੇ ਰਹੇ ਸਨ।... ਪਹਿਲਾਂ ਕੂਚ ਕਰ ਗਏ ਕੁਝ ਪਾਕਿਸਤਾਨੀ ਇਕ ਇਕ ਕਰ ਕੇ ਸਾਡੇ ਕੋਲ ਆ ਗਏ। ਦੁਆ-ਸਲਾਮ ਹੋਈ। ਸਾਡੇ ਨਾਲ ਦਾ ਅਸ਼ਫ਼ਾਕ ਅਤੇ ਉਨ੍ਹਾਂ ਪੰਜਾਂ 'ਚੋਂ ਇਕ ਯਾਸਿਰ, ਦੋਵੇਂ ਉਸ ਥਾਂ ਸਨ, ਜਿਥੋਂ ਮੈਂ ਰਬਾਤ ਨੂੰ ਦੌੜਿਆ ਸਾਂ। ਉਨ੍ਹਾਂ ਨਾਲ ਦੇ ਦੋ ਮੁੰਡੇ ਸਿਬਤਾ ਐਂਟਰ ਹੋ ਗਏ ਸੀ।

ਯਾਸਿਰ ਦੇ ਮੂੰਹ ਅਤੇ ਪਿੰਡੇ 'ਤੇ ਰਿਸਦੇ ਹੋਏ ਵੱਡੇ ਵੱਡੇ ਫੋੜੇ ਨਿਕਲ ਆਏ ਸਨ। ਉਸ ਦੀ ਦੁਰਦਸ਼ਾ ਦੇਖੀ ਨਹੀਂ ਸੀ ਜਾਂਦੀ। ਜਿਹੜਾ ਕੱਲ੍ਹ ਸਾਡੇ ਕੋਲ ਆਇਆ ਸੀ, ਮੇਰਾ ਸਿਰਨਾਵੀਂ ਸੀ- ਭੋਲਾ। ਇਕ ਜਵਾਨੀ ਦੀ ਹੱਦ ਟੱਪ ਕੇ ਲੰਘਦਾ ਜਾਂਦਾ 'ਅਨਸਰ' ਸੀ, ਬੀ. ਕੌਮ. ਤੋਂ ਬਾਅਦ ਦੁਬਈ 'ਚ ਕੰਮ ਕਰਦਾ ਰਿਹਾ ਤੇ ਹੁਣ ਯੂਰਪ ਜਾਣ ਲਈ ਧੱਕੇ ਖਾ ਰਿਹਾ ਸੀ। ਅਰਬੀ ਜਾਣਦਾ ਸੀ ਅਤੇ ਆਪਣੇ ਤੌਰ 'ਤੇ ਕਿਸੇ ਡੌਂਕਰ ਨਾਲ ਗੱਲ ਕਰ ਕੇ ਡੌਂਕੀ ਦੀ ਕੋਸ਼ਿਸ਼ ਵੀ ਕੀਤੀ, ਪਰ ਅਸਫ਼ਲ ਰਿਹਾ। ਮਾਧੁਰੀ ਦੀਕਸ਼ਿਤ ਦਾ ਵੱਡਾ ਫੈਨ ਸੀ, ਇਹੀ ਕਾਰਣ ਸੀ ਕਿ ਉਹ ਹਿੰਦੀ ਪੜ੍ਹਨੀ-ਲਿਖਣੀ ਜਾਣਦਾ ਸੀ। ਉਸ ਦਾ ਉਠਣ-ਬੈਠਣ, ਬੋਲਣ-ਚੱਲਣ, ਇਥੋਂ ਤਕ ਕਿ ਚੁੱਪ ਰਹਿਣ 'ਚ ਵੀ ਨਫ਼ਾਸਤ ਸੀ।

ਇਕ ਚਾਚਾ ਆਬਿਦ ਸੀ, ਕਾਫੀ ਮਜ਼ਾਹੀਆ ਲਹਿਜ਼ੇ ਵਾਲਾ, ਖੁਸ਼ਦਿਲ ਇਨਸਾਨ। ਮਾੜੇ ਹਾਲਾਤ ਦਾ ਉਸ ਦੇ ਖੁਸ਼ਮਿਜ਼ਾਜ ਸੁਭਾਅ 'ਤੇ ਰੱਤੀ ਭਰ ਵੀ ਅਸਰ ਘੱਟੋ-ਘੱਟ ਮੈਨੂੰ ਮਹਿਸੂਸ ਨਹੀਂ ਸੀ ਹੋਇਆ। ਜ਼ਿੰਦਾਦਿਲ ਸ਼ਖ਼ਸ ਐਸੇ ਹੀ ਹੁੰਦੇ ਹਨ। ਪੰਜਵੇਂ ਦਾ ਨਾਂ ਸ਼ਾਹਬਾਜ਼ ਸੀ। ਤਿੰਨ-ਚਹੁੰ ਦਿਨਾਂ 'ਚ ਪਾਕਿਸਤਾਨੀਆਂ ਨਾਲ ਵੀ ਘੁਲ-ਮਿਲ ਗਏ ਸਾਂ। ਪਾਕਿਸਤਾਨੀ ਪੰਜਾਬੀ-ਭਾਰਤੀਆਂ ਨੂੰ ਮਿੱਤਰ ਕਹਿੰਦੇ ਸਨ ਜਾਂ ਸਰਦਾਰ। ਉਨ੍ਹਾਂ ਅੰਦਰ ਇਕ ਵੱਡੀ ਗ਼ਲਤਫ਼ਹਿਮੀ ਇਹ ਸੀ ਕਿ ਸਿੱਖਾਂ ਵਿਚ 'ਦਰੋਪਦੀ-ਪਾਂਡਵਾਂ' ਵਾਂਗ ਇਕ ਜ਼ਨਾਨੀ ਨਾਲ ਇਕ ਤੋਂ ਵੱਧ ਭਰਾ ਰਹਿ ਸਕਦੇ ਹਨ। ਸਾਨੂੰ ਬੜੀ ਨਾਮੋਸ਼ੀ ਹੋਈ ਤੇ ਗੁੱਸਾ ਚੜ੍ਹਿਆ ਉਨ੍ਹਾਂ ਦੀ ਇਸ ਗ਼ਲਤ 'ਤੇ। ਫਿਰ ਉਹ ਪਠਾਣਾਂ ਅਤੇ ਸਿੱਖਾਂ ਨੂੰ ਕਮਲੇ ਹੀ ਸਮਝਦੇ ਹਨ।

ਫਿਰ ਬਹਿਸ ਤੁਰਦੀ ਤਾਂ ਮੁਲਕਾਂ ਦੀ ਆਨ-ਸ਼ਾਨ ਜਾਂ ਧਰਮਾਂ ਦੀ ਕਿੰਤੂ-ਪਰੰਤੂ ਜਾਂ ਕ੍ਰਿਕਟ ਦੀ ਆਪੋ-ਆਪਣੀ ਤਾਕਤ ਦੀ ਗੱਲ ਤੁਰ ਪੈਂਦੀ। ਬਿਹਤਰ ਇਹੀ ਹੁੰਦਾ, ਇਨ੍ਹਾਂ ਮਸਲਿਆਂ ਨੂੰ ਨਾ ਹੀ ਛੋਹਿਆ ਜਾਵੇ। ਦੋਹਾਂ ਮੁਲਕਾਂ ਦੀ ਪੰਜਾਬੀ 'ਚ ਥੋੜ੍ਹਾ ਫਰਕ ਹੈ; ਇਲਾਕਾਈ ਲਹਿਜ਼ਿਆਂ ਤੋਂ ਇਲਾਵਾ ਉਨ੍ਹਾਂ ਦੇ ਸ਼ਬਦਾਂ 'ਚ ਉਰਦੂ ਅਤੇ ਸਾਡੇ ਹਿੰਦੀ ਦਾ ਵੱਧ ਅਸਰ ਹੈ। ਉਨ੍ਹਾਂ ਲਈ ਉਨ੍ਹਾਂ ਦਾ ਮੁਲਕ ਹੀ ਸਭ ਕੁਝ ਹੈ ਤੇ ਸਾਡੇ ਲਈ ਸਾਡਾ। ਫ਼ਰਕ ਸਿਰਫ਼ ਇੰਨਾ ਹੈ, ਦੋਹਾਂ ਦੇਸ਼ਾਂ ਦੇ ਕੌੜੇ ਰਿਸ਼ਤਿਆਂ ਨੂੰ ਧਾਰਮਿਕ, ਸਿਆਸੀ ਮਾਹੌਲ ਵੱਖ ਵੱਖ ਤਰ੍ਹਾਂ ਪ੍ਰਭਾਵਿਤ ਕਰਦੇ ਹਨ।

ਸੱਚੀ ਗੱਲ ਹੈ ਕਿ ਦੋਹੀਂ ਪਾਸੇ ਕੋਈ ਦੱਬੀ ਚੰਗਿਆੜੀ ਜਿਹਾ ਗੁੱਸਾ ਹੈ, ਪਰ ਦੋਸਤੀ ਹਮੇਸ਼ਾ ਇਸ ਦਾ ਅਪਵਾਦ ਰਹੀ ਹੈ ਤੇ ਰਹੇਗੀ। ਦੋਸਤੀ ਸੱਚੀ ਹੈ ਤੇ ਸਭ ਤੋਂ ਉਚੀ ਹੈ। ਮਜ਼ਹਬ, ਮੁਲਕ ਵੀ ਦੋਸਤੀ ਦੇ ਰਾਹ 'ਚ ਨਹੀਂ ਆਉਂਦੇ। ਫਿਲਹਾਲ ਹਰ ਕੋਈ ਇਕ-ਦੂਜੇ 'ਤੇ ਭਰੋਸਾ ਕਰਨ ਤੋਂ ਝਿਜਕਦਾ ਹੈ। ਜਿਸ ਦਿਨ ਭਰੋਸੇ ਦਿਲਾਂ ਵਿਚ ਪੁਖ਼ਤਗੀ ਫੜ ਗਏ, ਦੋਸਤੀਆਂ ਨਵੇਂ ਇਤਿਹਾਸ ਸਿਰਜਣਗੀਆਂ, ਮਾਨਵਤਾ ਮੁਹੱਬਤ ਦੀ ਨਵੀਂ ਇਬਾਰਤ ਉਕਰੇਗੀ, ਭਵਿਖ ਦਾ ਉਜਲਾ ਚੰਦੋਆ ਤਵਾਰੀਖ਼ ਦੀ ਸਿਆਹੀ ਕੱਜ ਲਵੇਗਾ... ਆਮੀਨ!

(ਚਲਦਾ)

# ਪੰਜਾਬੀ ਸਭਿਆਚਾਰ ਅਤੇ ਲੋਕ ਪਰੰਪਰਾ



***ਤਬਦੀਲੀ ਕੁਦਰਤ ਦਾ ਅਟੱਲ ਨੇਮ ਹੈ। ਸੰਸਾਰ ਦੀ ਹਰ ਸ਼ੈਅ ਸਮੇਂ ਦੀ ਚਾਲ ਮੁਤਾਬਕ ਬਦਲਦੀ ਹੈ ਅਤੇ ਵੱਖ ਵੱਖ ਰੂਪ ਅਖਤਿਆਰ ਕਰਦੀ ਰਹਿੰਦੀ ਹੈ। ਸਭਿਆਚਾਰ ਵੀ ਇਸ ਨੇਮ ਤੋਂ ਬਾਹਰਾ ਨਹੀਂ। ਉਘੇ ਲਿਖਾਰੀ ਕਿਰਪਾਲ ਕਜ਼ਾਕ ਨੇ ਆਪਣੇ ਲੇਖ 'ਪੰਜਾਬੀ ਸਭਿਆਚਾਰ ਅਤੇ ਲੋਕ ਪਰੰਪਰਾ' ਵਿਚ ਸਭਿਆਚਾਰ ਅਤੇ ਲੋਕ ਪਰੰਪਰਾ ਦੇ ਪੀਡੇ ਰਿਸ਼ਤੇ ਬਾਰੇ ਗੱਲਾਂ ਕੀਤੀਆਂ ਹਨ ਜੋ ਅਸੀਂ ਆਪਣੇ ਸੁਘੜ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

ਵਿਦਵਾਨਾਂ ਦਾ ਮਤ ਹੈ ਕਿ ਸਭਿਆਚਾਰ ਵਿਸ਼ਾਲ ਸੰਕਲਪ ਹੈ, ਜਿਸ ਵਿਚ ਉਹ ਸਾਰੇ ਵਰਤਾਰੇ ਸ਼ਾਮਲ ਹਨ ਜੋ ਕਿਸੇ ਸਮਾਜਿਕ ਸਮੂਹ ਨੂੰ, ਕਿਸੇ ਦੂਜੇ ਸਮਾਜਿਕ ਸਮੂਹ ਨਾਲੋਂ ਕੁਝ ਵਿਸ਼ੇਸ਼ ਲੱਛਣਾਂ ਅਤੇ ਪਛਾਣ ਚਿੰਨ੍ਹਾਂ ਕਰ ਕੇ ਨਖੇੜਦੇ ਹਨ। ਉਂਜ, ਸਭਿਆਚਾਰ ਦੇ ਸੰਕਲਪ ਬਾਰੇ ਸਿਰਫ਼ ਇਤਨਾ ਕਹਿਣਾ ਕਾਫੀ ਨਹੀਂ। ਕੋਈ ਵੀ ਸਭਿਆਚਾਰ ਆਪਣੀ ਵੱਖਰੀ ਪਛਾਣ ਬਣਾਈ ਰੱਖਣ ਲਈ ਉਨਾ ਚਿਰ ਹੀ ਬਲਸ਼ੀਲ ਰਹਿੰਦਾ ਹੈ ਜਿੰਨਾ ਚਿਰ ਉਹ ਨਿੱਤ ਪੈਦਾ ਹੁੰਦੇ ਅੰਤਰ-ਵਿਰੋਧਾਂ ਦੇ ਹੱਲ ਤਲਾਸ਼ਣ ਵੱਲ ਰੁਚਿਤ ਹੋਵੇ; ਬਾਹਰੀ ਪ੍ਰਭਾਵਾਂ ਦੇ ਵੇਗ ਨੂੰ ਠੱਲ੍ਹ ਸਕਣ ਦੇ ਸਮਰੱਥ ਹੋਵੇ ਅਤੇ ਸਵੈ-ਨਿਰਭਰਤਾ ਦੇ ਸਰੋਤ ਤਲਾਸ਼ਣ ਦੇ ਨਾਲ ਨਾਲ ਪਰੰਪਰਾ ਤੇ ਆਧੁਨਿਕਤਾ ਦੀ ਖਹਿਸਰ ਵਿਚਾਲੇ ਸੰਧੀ ਤਲਾਸ਼ਣ ਦੇ ਯੋਗ ਸਾਬਤ ਹੋ ਸਕੇ।



**ਪ੍ਰੋ. ਕਿਰਪਾਲ ਕਜ਼ਾਕ**
ਫੋਨ: +91-98722-35798

ਲੋਕ ਪਰੰਪਰਾ ਅਤੇ ਪੰਜਾਬੀ ਸਭਿਆਚਾਰ ਦੇ ਮੌਖਿਕ ਜ਼ਾਬਤਿਆਂ ਬਾਰੇ ਗੱਲ ਤੋਰਨੀ ਹੋਵੇ ਤਾਂ ਸੰਖੇਪ ਵਿਚ ਇਹ ਲੱਛਣ ਹੋ ਸਕਦੇ ਹਨ:

-ਸਭਿਆਚਾਰ, ਗਤੀਸ਼ੀਲ ਵਰਤਾਰਾ ਹੈ ਜਿਸ ਦੇ ਅੰਤਰ-ਸਬੰਧ ਇਕ-ਦੂਜੇ 'ਤੇ ਅਸਰ ਪਾਉਂਦੇ ਹਨ।

-ਸਭਿਆਚਾਰ ਦੇ ਬਹੁਤ ਘੱਟ ਅੰਸ਼ ਹਨ ਜੋ ਸਵੈਧੀਨ ਤੌਰ 'ਤੇ ਵਿਕਾਸ ਕਰਦੇ ਹਨ; ਜਿਵੇਂ ਭਾਸ਼ਾ ਆਦਿ।

-ਸਭਿਆਚਾਰ ਸਿਖਿਆ ਤੇ ਗ੍ਰਹਿਣ ਕੀਤਾ ਜਾਂਦਾ ਹੈ। ਇਸ ਲਈ ਇਹ ਸਮਾਜਿਕ ਵਿਰਸਾ ਹੈ, ਜੀਵ ਵਿਗਿਆਨਕ ਵਿਰਸਾ ਨਹੀਂ।

-ਪ੍ਰਤੀਕਾਤਮਿਕਤਾ ਇਹਦਾ ਵਿਸ਼ੇਸ਼ ਗੁਣ ਹੈ।

ਲੋਕ ਪਰੰਪਰਾ, ਸਭਿਆਚਾਰ ਦੇ ਸਮੁੱਚੇ ਵਰਤਾਰੇ ਨੂੰ ਸੰਗਠਨ ਵਿਚ ਬੰਨ੍ਹ ਕੇ ਰੱਖਣ ਵਾਲੀ ਹੁੰਦੀ ਹੈ, ਜਿਸ ਦੀ ਸਾਰੀ ਟੇਕ ਅਜਿਹੇ ਮੌਖਿਕ ਜ਼ਾਬਤਿਆਂ 'ਤੇ ਨਿਰਭਰ ਕਰਦੀ ਹੈ, ਜਿਹੜੀ ਸਭਿਆਚਾਰ ਦੀਆਂ ਰਸਮਾਂ, ਰੀਤਾਂ, ਮਨੋਰੰਜਨ, ਲੋਕ ਧਰਮ, ਲੋਕ ਵਿਸ਼ਵਾਸਾਂ, ਮਿੱਥਾਂ-ਕਥਾਵਾਂ ਜਾਂ ਅਖਾਣਾਂ ਦੇ ਬਿਰਤਾਂਤਕ ਖਮੀਰ ਵਿਚ ਰਚੀ ਹੁੰਦੀ ਹੈ ਅਤੇ ਸੁਰੱਖਿਅਤ ਰਹਿੰਦੀ ਹੈ।

ਵਾਧੇ ਦੀ ਗੱਲ ਇਹ ਕਿ ਮੌਖਿਕ ਜ਼ਾਬਤੇ ਸਹਿਜ ਰੂਪ ਵਿਚ ਪੈਦਾ ਹੁੰਦੇ ਹਨ। ਇਹ ਹਰ ਸਭਿਆਚਾਰਕ ਪ੍ਰਾਣੀ ਉਪਰ ਨੇਮਾਂ ਦਾ ਪ੍ਰਭਾਵ ਪਾਉਂਦੇ ਹਨ ਅਤੇ ਉਸ ਤੋਂ ਇਨ੍ਹਾਂ ਦੀ ਪਾਲਣਾ ਦੀ ਆਸ ਰੱਖਦੇ ਹਨ। ਕਾਨੂੰਨ ਘੜਿਆ ਅਤੇ ਲਾਗੂ ਕੀਤਾ ਜਾਂਦਾ ਹੈ; ਜਦ ਕਿ ਪਰੰਪਰਾ ਦੇ ਇਨ੍ਹਾਂ ਮੌਖਿਕ ਜ਼ਾਬਤਿਆਂ ਨੂੰ ਲਾਗੂ ਕਰਨ ਅਤੇ ਸੁਰੱਖਿਅਤ ਰੱਖਣ ਦੇ, ਨਾ ਤਾਂ ਕਿਸੇ ਇਕੱਲੇ ਬੰਦੇ ਕੋਲ ਕੋਈ ਵਿਸ਼ੇਸ਼ ਅਧਿਕਾਰ ਹੁੰਦੇ ਹਨ, ਤੇ ਨਾ ਹੀ ਇਨ੍ਹਾਂ ਨੂੰ ਪ੍ਰਚਾਰਨ ਪ੍ਰਸਾਰਨ ਲਈ ਕੋਈ ਸੰਗਠਨ ਹੀ ਕਾਰਜ ਕਰਦਾ ਹੈ। ਫਿਰ ਵੀ ਇਹ ਕਾਇਮ ਰਹਿੰਦੇ ਹਨ। ਇਨ੍ਹਾਂ ਬਾਰੇ ਧਾਰਨਾ ਹੈ ਕਿ ਇਹ ਰੱਬੀ ਸ਼ਕਤੀਆਂ ਦੀ ਉਪਜ ਵਾਂਗ ਹਨ ਅਤੇ ਲੋਕ ਸਮੂਹ ਦੀ ਪ੍ਰਵਾਨਗੀ ਦੁਆਰਾ ਪੀੜ੍ਹੀ ਦਰ ਪੀੜ੍ਹੀ ਚੱਲਦੇ ਰਹਿੰਦੇ ਹਨ।

ਕਈ ਹਾਲਾਤ ਵਿਚ ਵਿਗਿਆਨ ਚੇਤਨਾ ਦੇ ਤੇਜ਼ੀ ਨਾਲ ਉਦੈ ਹੋਣ ਕਾਰਨ ਆਧੁਨਿਕ ਜੀਵਨ ਦੇ ਬਹੁ-ਪਾਸਾਰ ਵਿਚ ਤਰਕਵਾਦੀ ਦ੍ਰਿਸ਼ਣੀਕੋਣ ਭਾਰੂ ਹੋ ਜਾਂਦਾ ਹੈ ਅਤੇ ਪਰੰਪਰਾ ਦੇ ਇਹ ਮੌਖਿਕ ਜ਼ਾਬਤੇ, ਤਰਕਹੀਣ ਅਧਿਆਇ ਦੀ ਹੋਣੀ ਅਤੇ ਮਨੁੱਖ ਦੀ ਪੂਰਵ ਬੁੱਧ ਦੀ ਉਪਜ ਜਾਣ ਕੇ ਹਾਸ਼ੀਏ 'ਤੇ ਧੱਕ ਦਿੱਤੇ ਜਾਂਦੇ ਹਨ, ਜਾਂ ਮੂਲੋਂ ਨਕਾਰ ਦਿੱਤੇ ਜਾਂਦੇ ਹਨ। ਇਉਂ ਪਰੰਪਰਾ ਤੇ ਆਧੁਨਿਕਤਾ, ਹਕੀਕਤ ਤੇ ਤਰਕਹੀਣਤਾ ਦੇ ਭੇੜ ਦੀਆਂ ਸੰਭਾਵਨਾਵਾਂ ਵੀ ਵਧ ਜਾਂਦੀਆਂ ਹਨ ਅਤੇ ਇਹ ਇਕ-ਦੂਜੀ ਖਿਲਾਫ ਖਲੋਤੀਆਂ ਦਿਸਦੀਆਂ ਹਨ।

ਇਸ ਹਾਲਤ ਵਿਚ ਪਰੰਪਰਾ ਨੂੰ ਪੁਰਖਿਆਂ ਦੀਆਂ ਮਾਨਤਾਵਾਂ, ਵਿਸ਼ਵਾਸਾਂ ਅਤੇ ਧਾਰਮਿਕ ਮਿੱਸ ਵਾਲੀ ਮਿਥਕ ਨਿਸ਼ਠਾ ਦਾ ਸੁਆਮੀ ਸਮਝ ਲਿਆ ਜਾਂਦਾ ਹੈ ਅਤੇ ਆਧੁਨਿਕਤਾ ਨੂੰ ਸਮੇਂ ਦੇ ਗਿਆਨ ਵਿਗਿਆਨ ਦਾ ਹਾਣੀ ਸਮਝ ਕੇ ਪਰੰਪਰਾ ਨਾਲੋਂ ਵੱਖਰੀ ਮੰਨ ਲਿਆ ਜਾਂਦਾ ਹੈ। ਇਹ ਹਾਲਤ ਕਿਸੇ ਵੀ ਸਭਿਆਚਾਰਕ ਪਰੰਪਰਾ ਲਈ ਫਿਕਰ ਵਾਲੀ ਹੋ ਸਕਦੀ ਹੈ। ਉਂਜ, ਪਰੰਪਰਾ ਅਤੇ ਵਿਗਿਆਨ ਦੇ ਅੰਤਰ-ਸਬੰਧ ਜੋੜ ਕੇ ਭੂਤਕਾਲ ਦਾ ਮੂੰਹ ਭਵਿਖ ਵਲ ਮੋੜਿਆ ਜਾ ਸਕਦਾ ਹੈ। ਇਹ ਅਮਲ ਤਦ ਹੀ ਸੰਭਵ ਹੋ ਸਕਦਾ ਹੈ, ਜੇ ਕੋਈ ਸਭਿਆਚਾਰ 'ਪਰੰਪਰਾਵਾਦ ਦੀ ਕੱਟੜਤਾ' ਤੋਂ ਮੁਕਤ ਹੋਵੇ; ਤੇ ਆਪਣੇ ਲਚਕੀਲੇ ਨਿਯਮਾਂ ਦੀ ਪ੍ਰਕਿਰਤੀ ਕਾਰਨ ਪਰੰਪਰਾ ਦੇ ਤੱਤ-ਨਿਚੋੜ ਨੂੰ ਆਧੁਨਿਕਤਾ ਦੇ ਪਿਛੋਕੜ ਵਿਚ ਰੱਖ ਕੇ ਤਬਦੀਲੀ ਦੇ ਪ੍ਰਾਕਿਰਤਕ ਨੇਮਾਂ ਨੂੰ ਵੀ ਸਵੀਕਾਰ ਕਰੇ ਅਤੇ ਮੁੱਖ ਧਾਰਾ ਨਾਲ ਜੁੜੇ ਰਹਿਣ ਦੇ ਉਪਰਾਲੇ ਦੀ ਪੈਦਾ ਕਰੇ; ਨਹੀਂ ਤਾਂ ਕਿਸੇ ਸਭਿਆਚਾਰ ਲਈ ਉਹ ਘੜੀ ਦੂਰ ਨਹੀਂ, ਜਦੋਂ ਉਹ ਮੁੱਖ ਸਭਿਆਚਾਰ ਹੁੰਦੇ ਹੋਏ ਵੀ ਕਿਸੇ ਉਪ-ਸਭਿਆਚਾਰ ਦੇ ਵੱਖਰੇਪਣ ਵਿਚ ਨਿਖੜ ਕੇ ਪਛੜ ਜਾਵੇਗਾ।

ਬਾਹਰੀ ਪ੍ਰਭਾਵਾਂ ਬਾਰੇ ਵੀ ਕੋਈ ਇਕ ਸਰਬ ਸਾਂਝਾ ਸਿਧਾਂਤ ਪੇਸ਼ ਕਰਨਾ ਮੁਸ਼ਕਿਲ ਹੈ। ਮਿਸਾਲ ਵਜੋਂ, ਜਦੋਂ ਆਰੀਅਨ ਭਾਰਤ ਵਿਚ ਆਉਂਦੇ ਹਨ ਤਾਂ ਕੋਈ ਵੀ ਪ੍ਰਭਾਵ ਗ੍ਰਹਿਣ ਕਰਨ ਦੀ ਥਾਂ, ਸਗੋਂ ਦੂਜੇ ਸਭਿਆਚਾਰਾਂ 'ਤੇ ਪ੍ਰਭਾਵੀ ਰਹਿੰਦੇ ਹਨ।

ਲੋਕ ਪਰੰਪਰਾ ਵਿਚ ਤਬਦੀਲੀ ਦੇ ਆਸਾਰ ਲੋਕ ਮਾਨਸ ਦੀ ਸਮੂਹ ਪ੍ਰਵਾਨਗੀ ਦੁਆਰਾ ਸੰਭਵ ਹੋ ਸਕਦੇ ਹਨ। ਪਰੰਪਰਾ ਲੋਕ ਜੀਵਨ ਵਿਚੋਂ ਕਦੀ ਮਨਫ਼ੀ ਨਹੀਂ ਹੁੰਦੀ, ਇਸ ਦੇ ਰੂਪ ਬਦਲਦੇ ਹਨ। ਇਸ ਕਥਨ ਦੀ ਨਿੱਕੀ ਤੋਂ ਨਿੱਕੀ ਉਦਾਹਰਨ ਸੀਮਿੰਟ ਅਤੇ ਕੰਕਰੀਟ ਨਾਲ ਬਣ ਰਹੀਆਂ ਇਮਾਰਤਾਂ ਨੂੰ ਲੱਗਣ ਵਾਲੀ ਨਜ਼ਰ ਤੋਂ ਬਚਾਉਣ ਲਈ ਮੱਥੇ 'ਤੇ ਟੰਗੀ ਚੁੜੇਲ-ਨੁਮਾ ਹਾਂਡੀ ਤੋਂ ਲਾਈ ਜਾ ਸਕਦੀ ਹੈ।

ਫਿਰ ਵੀ ਲੋਕ ਪਰੰਪਰਾ ਦੇ ਮੌਖਿਕ ਜ਼ਾਬਤੇ ਤਰਕਹੀਣ ਹੋਣ ਦੇ ਬਾਵਜੂਦ, ਸਮੇਂ ਨਾਲ ਬਰ ਮੇਚ ਕੇ ਕਿਵੇਂ ਤੁਰਦੇ ਹਨ, ਆਓ, ਇਸ ਕਥਨ ਦੀ ਪੁਸ਼ਟੀ ਹਿਤ, ਪੰਜਾਬੀ ਸਭਿਆਚਾਰ ਵਿਚ ਪ੍ਰਚਲਿਤ 'ਬੰਬੀਹੇ' ਦੀ ਮਿਥ ਵਿਚੋਂ ਤਲਾਸ਼ ਕਰ ਕੇ ਵੇਖੀਏ...

ਕਹਿੰਦੇ ਨੇ, ਕੋਈ ਜੱਟ ਵਾਂਢੇ ਗਿਆ ਆਪਣੇ ਕਾਮੇ ਨੂੰ ਕਹਿ ਗਿਆ ਕਿ ਉਹ ਜੋਤਾ ਲਾਉਣ ਮਗਰੋਂ ਬਲਦਾਂ ਨੂੰ ਪਾਣੀ ਵਿਖਾ ਦਿਆ ਕਰੇ। ਕਾਮੇ ਨੇ ਕਿਹਾ, ਜੀ ਹੱਛਾ! ਉਹ ਹਰ ਰੋਜ਼ ਜੋਤਾ ਲਾਉਣ ਪਿਛੋਂ ਬਦਲਾਂ ਨੂੰ ਪਾਣੀ ਦਿਖਾ ਦਿਆ ਕਰੇ। ਕੁਝ ਦਿਨਾਂ ਪਿਛੋਂ ਮੁੜਿਆ ਜੱਟ ਜਦੋਂ ਜੋਤਾਂ ਲਾਉਣ ਪਿਛੋਂ, ਬਲਦਾਂ ਨੂੰ ਪਾਣੀ ਪਿਆਉਣ ਲਈ ਲੈ ਕੇ ਗਿਆ ਤਾਂ ਤਿਹਾਏ ਪਾਣੀ ਪੀਣੋਂ ਨਾ ਹਟਣ। ਜੱਟ ਨੂੰ ਕਾਮੇ ਦੀ ਮੂਰਖਤਾ 'ਤੇ ਇੰਨਾ ਗੁੱਸਾ ਆਇਆ ਕਿ ਉਹਨੇ ਹੱਥ ਵਿਚ ਫੜਿਆ ਚਊ, ਫਾਲੇ ਸਮੇਤ ਹੀ ਕਾਮੇ ਵੱਲ ਵਗ੍ਹਾ ਮਾਰਿਆ। ਚਊ ਅਤੇ ਫਾਲਾ ਸਿੱਧਾ ਉਹਦੇ ਗਲ ਵਿਚ ਲੱਗਾ, ਜਿਸ ਨਾਲ ਉਹ ਦੀ ਮੌਤ ਹੋ ਗਈ। ਵਿਸ਼ਵਾਸ ਹੈ ਕਿ ਉਹ ਕਾਮਾ ਗਲ ਵਿਚ ਹੋਈ ਮੋਰੀ ਸਮੇਤ ਮਰ ਕੇ ਬੰਬੀਹਾ ਬਣ ਗਿਆ, ਜਿਹੜਾ ਸਦੀਆਂ ਬੀਤ ਜਾਣ ਪਿਛੋਂ ਵੀ ਪਾਣੀ ਨੇੜੇ ਰਹਿ ਕੇ ਪਾਣੀ ਨਹੀਂ ਪੀ ਸਕਦਾ।

ਇਹ ਨਿਕੀ ਜਿਹੀ ਮਿਥ ਅਜੋਕੇ ਗਿਆਨ ਵਿਗਿਆਨ ਦੇ ਸਨਮੁਖ ਇਕੋ ਸਮੇਂ ਕਈ ਪ੍ਰਸ਼ਨ ਖੜ੍ਹੇ ਕਰਦੀ ਹੈ: ਬੰਬੀਹੇ ਦੇ ਗਲ ਵਿਚ ਮੋਰੀ ਕਿਉਂ ਹੈ? ਲੋਕ ਪਰੰਪਰਾ ਵਿਚ ਇਸ ਮਿਥ ਦੁਆਰਾ ਪੈਦਾ ਹੋਏ ਅਦ੍ਰਿਸ਼ਟ ਜ਼ਾਬਤੇ ਉਤਨਾ ਚਿਰ ਕਾਇਮ ਰਹਿਣਗੇ, ਜਿਤਨਾ ਚਿਰ ਅਜੋਕਾ ਗਿਆਨ ਵਿਗਿਆਨ ਬੰਬੀਹੇ ਦੇ ਗਲ ਵਿਚਲੀ ਮੋਰੀ ਦਾ ਕੋਈ ਤਰਕ ਨਹੀਂ ਤਲਾਸ਼ ਕਰ ਲੈਂਦਾ।

ਪੰਜਾਬੀ ਸਭਿਆਚਾਰ ਵਿਚ ਇਹ ਮੌਖਿਕ ਜ਼ਾਬਤੇ ਜੋ ਮਨੌਤਾਂ ਦੇ ਰੂਪ ਵਿਚ ਲੋਕ ਮਾਨਸ ਦੇ ਚੇਤਨ-ਅਵਚੇਤਨ ਦਾ ਹਿੱਸਾ ਹੈ, ਕੇਵਲ ਮਿਥਕ ਅੰਸ਼ਾਂ ਵਿਚ ਹੀ ਕਾਰਜਸ਼ੀਲ ਨਹੀਂ ਹਨ, ਸਗੋਂ ਹੋਰ ਬਹੁਤ ਸਾਰੀਆਂ ਵਿਧਾਵਾਂ ਦੇ ਨਾਲ ਨਾਲ ਲੋਕ ਕਥਾਵਾਂ ਅਤੇ ਲੋਕ ਖੇਡਾਂ ਵਿਚ ਵੀ ਇਨ੍ਹਾਂ ਦੀ ਭੂਮਿਕਾ ਵਿਸ਼ੇਸ਼ ਰਹੀ ਹੈ।

ਲੋਕ ਕਥਾ ਭਾਵੇਂ ਪੁਨਰ ਸਿਰਜਿਤ ਹੁੰਦੇ ਰਹਿਣ ਵਾਲਾ ਰੂਪਾਕਾਰ ਹੈ ਅਤੇ ਪੰਜਾਬੀ ਸਭਿਆਚਾਰ ਵਿਚ ਇਸ ਦੇ ਅਨੇਕਾਂ ਬਿਰਤਾਂਤ ਮਿਲਦੇ ਹਨ, ਪਰ ਲੋਕ ਪਰੰਪਰਾ ਇਨ੍ਹਾਂ ਲੋਕ ਕਥਾਵਾਂ ਵਿਚਲੇ ਤਣਾਓ ਨੂੰ ਕਿਤਨੀਆਂ ਕੁ ਰੂਪ



ਜੁਗਤਾਂ ਰਾਹੀਂ ਲੋਕ ਸਿਆਣਪ ਦਾ ਹਿੱਸਾ ਬਣਾਉਂਦੀ ਹੈ, ਇਸ ਦੀ ਵੰਨਗੀ ਅਨੰਤ ਹੈ। ਮਸਲਨ, ਨਿਕੀ ਜਿਹੀ ਲੋਕ ਕਥਾ ਦੀ ਉਹ ਜੁਗਤ ਵਿਚਾਰੀ ਜਾ ਸਕਦੀ ਹੈ, ਜਿਸ ਵਿਚ ਲੋਕ ਪਰੰਪਰਾ, ਸਭਿਆਚਾਰ ਦੇ ਪ੍ਰਸੰਗ ਵਿਚ ਸਾਕਾਦਾਰੀ ਪ੍ਰਬੰਧ ਵਿਚ ਦਰਜਾਬੰਦੀ ਦਾ ਵਿਧੀ-ਵਿਧਾਨ ਵੀ ਸਿਰਜਦੀ ਹੈ ਅਤੇ ਪ੍ਰਚਲਿਤ ਮਾਡਲ ਨੂੰ ਪਰਪੱਕ ਵੀ ਕਰਦੀ ਹੈ। ਇਹ ਲੋਕ ਕਥਾ ਆਪਣੇ ਨਿਕੇ ਜਿਹੇ ਬਿਰਤਾਂਤ ਵਿਚ ਕਈ ਵੱਡੇ ਅਰਥ ਸਮੋਈ ਕੁਝ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ:

ਇਕ ਵਾਰ ਆਪੋ-ਆਪਣੇ ਹੁਨਰ ਵਿਚ ਮਾਹਰ ਚਾਰ ਦੋਸਤ- ਦਰਜੀ, ਤਰਖਾਣ, ਸੁਨਿਆਰ ਤੇ ਪੰਡਿਤ, ਧਨ ਕਮਾਉਣ ਲਈ ਘਰੋਂ ਨਿਕਲੇ। ਰਾਹ ਵਿਚ ਰਾਤ ਪੈ ਗਈ। ਜੰਗਲ ਹੋਣ ਕਰ ਕੇ ਉਨ੍ਹਾਂ ਵਾਰੋ-ਵਾਰੀ ਜਾਗਣ ਦਾ ਫੈਸਲਾ ਕੀਤਾ। ਪਹਿਲੇ ਪਹਿਰ ਤਰਖਾਣ ਜਾਗਿਆ। ਉਹਨੇ ਆਪਣੇ ਹੁਨਰ ਨਾਲ ਲੱਕੜੀ ਵਿਚੋਂ ਘੜ ਕੇ ਇਸਤਰੀ ਦੀ ਮੂਰਤੀ ਤਿਆਰ ਕੀਤੀ। ਦਰਜੀ ਨੇ ਜਾਗਣ ਵੇਲੇ ਉਹਨੂੰ ਕੱਪੜੇ ਪਹਿਨਾ ਦਿਤੇ। ਸੁਨਿਆਰੇ ਨੇ ਗਹਿਣੇ ਅਤੇ ਪੰਡਿਤ ਨੇ ਆਪਣੀ ਵਾਰੀ ਵਿਚ ਜਾਗਣ ਵੇਲੇ ਮੰਤਰ ਵਿਧੀ ਨਾਲ ਉਸ ਵਿਚ ਜਾਨ ਪਾ ਦਿਤੀ। ਸਵੇਰ ਹੋਈ ਤਾਂ ਸੁਆਲ ਪੈਦਾ ਹੋਇਆ, ਇਹਦਾ ਮਾਲਕ ਕੌਣ ਬਣੇ? ਰੌਲਾ ਪੈ ਗਿਆ। ਆਖਿਰ ਫੈਸਲਾ ਰਾਜੇ ਕੋਲ ਆ ਗਿਆ। ਰਾਜੇ ਨੇ ਕਿਹਾ, ਕਾਨੂੰਨ ਇਹਦਾ ਫੈਸਲਾ ਨਹੀਂ ਕਰ ਸਕਦਾ, ਕਿਉਂਕਿ ਕਾਨੂੰਨ ਦੀ ਨਜ਼ਰ ਵਿਚ ਚਹੁੰਆਂ ਦਾ ਬਰਾਬਰ ਯੋਗਦਾਨ ਹੈ। ਹਾਰ ਕੇ ਫੈਸਲਾ ਲੋਕ-ਸਿਆਣਪ ਕੋਲ ਚਲਾ ਗਿਆ। ਤਦ ਲੋਕ-ਸਿਆਣਪ ਨੇ ਲੋਕ ਪਰੰਪਰਾ ਦੀ ਟੇਕ ਲੈਂਦੇ ਹੋਏ, ਚਹੁੰਆਂ ਨੂੰ ਉਨ੍ਹਾਂ ਦਾ ਹੱਕ ਦਿੰਦੇ ਫੈਸਲਾ ਕੀਤਾ:

-ਜਨਮਦਾਤਾ ਹੋਣ ਕਰ ਕੇ ਤਰਖਾਣ ਪਿਤਾ।

-ਪਰਦਾ ਢੱਕਣ ਕਰ ਕੇ ਦਰਜੀ ਭਰਾ।

-ਜੀਵੰਤ ਕਰਨ ਕਾਰਨ ਪੰਡਤ ਗੁਰੂ।

-ਲੋਕ ਪਰੰਪਰਾ ਅਨੁਸਾਰ, ਗਹਿਣੇ ਦੇ ਕੇ ਸਜਾਉਣ ਦਾ ਹੱਕ ਕੇਵਲ ਪਤੀ ਨੂੰ ਹੈ, ਇਸ ਲਈ ਸੁਨਿਆਰੇ ਨੂੰ ਪਤੀ ਦੀ ਪਦਵੀ ਮਿਲੀ।

ਹੁਣ ਬੱਚਿਆਂ ਦੀ ਖੇਡ 'ਸਟਾਪੂ' ਵਿਚੋਂ ਲੋਕ ਪਰੰਪਰਾ ਰਾਹੀਂ ਸਹਿਜ ਰੂਪ ਵਿਚ ਘੜੀ ਜਾ ਰਹੀ ਮਾਨਸਿਕ ਬਣਤਰ ਦੀ ਲੋਕ ਵਿਧੀ ਤਲਾਸ਼ ਕਰੀਏ:

ਨਿਕੀਆਂ ਬਾਲੜੀਆਂ ਭੋਇੰ 'ਤੇ ਚਕੋਰ ਖਾਨੇ ਬਣਾ ਕੇ ਸਟਾਪੂ ਖੇਡਦੀਆਂ ਹਨ। ਸ਼ਰਤ ਹੁੰਦੀ ਹੈ ਕਿ ਠੀਕਰੀ ਇਕ ਪੈਰ ਦੀ ਠੋਕਰ ਰਾਹੀਂ ਖਿਸਕਾਈ ਜਾਵੇ ਅਤੇ ਲਕੀਰ ਨੂੰ ਨਾ ਛੋਹੇ। ਹੁਣ ਜੇ ਇਸ ਖੇਡ ਨੂੰ ਪ੍ਰਤੀਕ ਰੂਪ ਵਿਚ ਵੇਖਿਆ ਜਾਵੇ ਤਾਂ ਲੀਕਾਂ ਉਹ ਰੋਕਾਂ ਤੇ ਬੰਦਿਸ਼ਾਂ ਹਨ ਜਿਨ੍ਹਾਂ ਨੂੰ ਤੋੜਨਾ ਕਿਸੇ ਵੀ ਕੁੜੀ ਲਈ ਵਰਜਿਤ ਹੈ। ਜਿਹੜੀ ਕੁੜੀ ਇਨ੍ਹਾਂ ਵਰਜਨਾਵਾਂ ਨੂੰ ਤੋੜੇ ਬਿਨਾਂ (ਪ੍ਰਤੀਕ ਵਜੋਂ), ਉਮਰ ਖੇਡ ਦਾ ਗੇੜ ਪਾਰ ਕਰ ਜਾਂਦੀ ਹੈ, ਉਸ ਨੇ ਸਿਰ ਉਤੋਂ ਦੀ ਠੀਕਰੀ ਸੁੱਟ ਕੇ ਪਿੱਠ ਪਿਛੇ ਘਰ ਮੱਲਣਾ ਹੁੰਦਾ ਹੈ। ਜਿਸ ਘਰ ਵਿਚ ਗੁਣਾ ਪੈ ਗਿਆ, ਉਹੋ ਘਰ ਪ੍ਰਵਾਨ ਹੋ ਗਿਆ। ਜਿਸ ਘਰ ਵਿਚ ਠੀਕਰੀ ਪੈ ਗਈ, ਉਸ ਖਾਨੇ ਵਿਚ ਕੁੜੀ ਕਰਾਸ ਲਗਾਉਂਦੀ ਹੈ ਅਤੇ ਦੋ ਪੈਰ ਰੱਖ ਕੇ ਖੇਡਦੀ ਹੈ।

ਹੁਣ ਕਿਸੇ ਕੁੜੀ ਨੂੰ ਇਹ ਦੱਸਣ ਦੀ ਕੀ ਲੋੜ ਰਹਿ ਜਾਂਦੀ ਹੈ ਕਿ ਵਿਆਹ ਸਮੇਂ ਉਸ ਨੂੰ ਤਾਈ, ਚਾਚੀ, ਮਾਸੀ, ਭੂਆ, ਭਾਬੀ, ਨਾਈ ਜਾਂ ਪ੍ਰੋਹਿਤ ਵੱਲੋਂ ਤੈਅ ਕੀਤਾ ਰਿਸ਼ਤਾ ਪ੍ਰਵਾਨ ਕਰਨਾ ਪਵੇਗਾ? ਉਸ ਦੀ ਮਾਨਸਿਕ ਬਣਤਰ ਤਾਂ ਲੋਕ ਪਰੰਪਰਾ ਦੀ ਇਹ ਮਨੋਰੰਜਨ ਜੁਗਤ ਪਹਿਲਾਂ ਹੀ ਉਸਾਰ ਚੁੱਕੀ ਹੁੰਦੀ ਹੈ।

ਲੋਕ ਪਰੰਪਰਾ ਦੇ ਇਹ ਬਲਸ਼ਾਲੀ ਜ਼ਾਬਤੇ ਲਚਕਦਾਰ ਪ੍ਰਕਿਰਤੀ ਵਾਲੇ ਹੋਣ ਕਾਰਨ ਤਬਦੀਲੀ ਵਾਲੇ ਹਾਲਾਤ ਵਿਚ ਵੀ ਜੀਵੰਤ ਰਹਿੰਦੇ ਹਨ। ਇਸ ਦੀ ਉਦਾਹਰਨ ਪੰਜਾਬੀ ਸਭਿਆਚਾਰ ਨਾਲ ਸਬੰਧਤ ਵਿਆਹ ਦੀ ਰੀਤ 'ਚੋਂ ਲਈ ਜਾ ਸਕਦੀ ਹੈ:

ਮਨੂੰ ਸਮ੍ਰਿਤੀ ਦੇ ਤੀਜੇ ਅਧਿਆਇ ਅਤੇ ਸੋਲ੍ਹਵੇਂ ਸ਼ਲੋਕ ਵਿਚ ਕਸ਼ੱਤਰੀਆਂ ਦੇ ਸਭ ਤੋਂ ਗੌਰਵਮਈ ਵਿਆਹ ਦਾ ਜ਼ਿਕਰ ਹੈ, ਜਿਸ ਵਿਚ ਕਸ਼ੱਤਰੀ ਕਿਸੇ ਦੂਜੇ ਪਰਿਵਾਰ ਦੀ ਕੁੜੀ ਜ਼ੋਰੀਂ ਚੁੱਕ ਲਿਆਉਂਦੇ ਸਨ। ਵੈਦਿਕ ਕਾਲ ਵਿਚ ਵਿਮਦ ਅਤੇ ਪੁਰੂਮਿਤ੍ਰ ਰਾਜਿਆਂ ਦਾ ਵਿਆਹ ਵੀ ਇਸੇ ਪ੍ਰਥਾ ਅਧੀਨ ਹੋਇਆ ਦੱਸਿਆ ਜਾਂਦਾ ਹੈ। ਇਥੋਂ ਤਕ ਕਿ ਮਹਾਂਭਾਰਤ ਵਿਚ ਭੀਸ਼ਮ ਪਿਤਾਮਾ ਨੇ ਕੌਰਵਾਂ ਦੇ ਰਾਜ ਕੁਮਾਰਾਂ ਲਈ ਲਾੜੀਆਂ ਇਸੇ ਪ੍ਰਥਾ ਅਧੀਨ ਹੀ ਵਿਆਹ ਕੇ ਲਿਆਂਦੀਆਂ ਸਨ। ਹੋ ਸਕਦਾ ਹੈ, ਵੈਦਿਕ ਰੀਤ ਸਮੇਂ ਕਿਸੇ ਘਰ ਵਿਚ ਰਹਿੰਦੀ ਮੁਟਿਆਰ ਕੁੜੀ ਨੇ, ਬਾਹਰਲੇ ਕਬੀਲੇ ਦੀ ਕਿਸੇ ਕੁੜੀ ਨੂੰ ਵਿਆਹ ਕੇ ਲਿਆਉਣ ਦਾ ਵਿਰੋਧ ਕੀਤਾ ਹੋਵੇ, ਤੇ 'ਆਪਣਾ' ਹੱਕ ਜਤਾਇਆ ਹੋਵੇ; ਅੱਜ ਦੀ ਪਰੰਪਰਾ ਦੀ ਇਸ ਰੀਤ ਦੀ ਰਹਿੰਦ-ਖੂੰਹਦ ਵਜੋਂ ਮਾਲਵੇ ਦੇ ਪਿੰਡਾਂ ਵਿਚ ਭਰਾ ਦੇ ਵਿਆਹੁਣ ਜਾਣ ਸਮੇਂ ਭੈਣ ਬਾਰ (ਦਰਵਾਜ਼ਾ) ਰੋਕਦੀ ਹੈ ਅਤੇ ਘੋੜੀ ਦੀ ਵਾਗ ਫੜਦੀ ਹੈ। ਉਂਜ, ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਲਾੜੇ ਦੇ ਘੋੜੀ ਚੜ੍ਹਨ ਸਮੇਂ ਭਰਜਾਈ ਸੁਰਮਾ ਪਾਉਂਦੀ ਹੈ ਜਿਸ ਦਾ ਪ੍ਰਤੀਕ ਅਰਥ ਮਿਸ਼ਨ ਵਿਚ ਕਾਮਯਾਬ ਹੋਣ ਦੀ ਕਾਮਨਾ ਤੋਂ ਹੈ।

ਭੈਣ ਦਾ ਬਾਰ ਰੋਕਣਾ ਅਤੇ ਭਰਜਾਈ ਦਾ ਸੁਰਮਾ ਪਾਉਣਾ, ਦੋ ਵਿਰੋਧੀ ਰੀਤਾਂ ਹਨ, ਜਿਨ੍ਹਾਂ ਦੇ ਪਿਛੋਕੜ ਵਿਚ ਲੋਕ ਪਰੰਪਰਾ ਦੇ ਜ਼ਾਬਤੇ ਹੀ ਹਨ। ਹੋ ਸਕਦਾ ਹੈ, ਕਿਸੇ ਗੱਭਰੂ ਵਲੋਂ ਕਿਸੇ ਦੂਜੇ ਕਬੀਲੇ ਦੀ ਕੁੜੀ ਚੁੱਕਣ ਜਾਣ ਸਮੇਂ, ਉਹਨੇ ਘੋੜੇ ਅਤੇ ਤਲਵਾਰ ਦੀ ਵਰਤੋਂ ਕੀਤੀ ਹੋਵੇ, ਅੱਜ ਵੀ ਕੋਈ ਵਿਆਹੁਣ ਆਇਆ ਲਾੜਾ ਭਾਵੇਂ ਕਿੰਨੀ ਮਹਿੰਗੀ ਕਾਰ 'ਤੇ ਸੁਆਰ ਹੋ ਕੇ ਆਵੇ, ਪਰ ਕੰਨਿਆ ਦੇ ਘਰ ਨੇੜੇ ਘੋੜੀ 'ਤੇ ਚੜ੍ਹ ਜਾਂਦਾ ਹੈ। ਹੋ ਸਕਦਾ ਹੈ, ਸਦੀਆਂ ਪਹਿਲਾਂ ਉਹਦੇ ਨਾਲ ਕੋਈ ਸਹਿਯੋਗੀ ਗਿਆ ਹੋਵੇ, ਅਜੋਕੇ ਸਮੇਂ ਵੀ ਘੋੜੀ 'ਤੇ ਸਰਬਾਲਾ (ਸਿਰ ਦਾ ਵਾਲੀ) ਬਿਠਾਉਣ ਦੀ ਰੀਤ ਹੈ।

ਅਜਿਹੀਆਂ ਰੀਤਾਂ ਦੀ ਸੂਚੀ ਬਹੁਤ ਲੰਮੀ ਹੈ, ਜਿਹੜੀਆਂ ਸਦੀਆਂ ਪਹਿਲਾਂ ਲੋਕ ਮਾਨਸ ਦੇ ਜੀਵਨ ਦਾ ਹਿੱਸਾ ਬਣੀਆਂ ਅਤੇ ਸਮਾਂ ਪਾ ਕੇ ਲੋਕ ਪਰੰਪਰਾ ਦੇ ਬਦਲਵੇਂ ਪ੍ਰਸੰਗ ਵਿਚ ਸਦੀਵੀ ਹੋ ਨਿਬੜੀਆਂ। ਮਸਲਨ, ਪੰਜਾਬੀ ਸਭਿਆਚਾਰ ਦੇ ਕਈ ਖਿੱਤਿਆਂ ਵਿਚ ਵਿਆਹ ਮਗਰੋਂ ਛਟੀਆਂ ਖੇਡਣ ਦੀ ਰਸਮ ਸਦੀਆਂ ਬੀਤ ਜਾਣ 'ਤੇ ਵੀ ਬਦਲਵੇਂ ਰੂਪ ਵਿਚ ਕਾਇਮ ਹੈ।

ਇਸ ਦੇ ਬਾਵਜੂਦ ਗਿਆਨ ਵਿਗਿਆਨ ਦੇ ਕ੍ਰਿਸ਼ਮੇ ਅਤੇ ਸੰਸਾਰੀਕਰਨ ਦੇ ਤਿਖੇ ਵੇਗ ਨੂੰ ਪੰਜਾਬੀ ਲੋਕ ਪਰੰਪਰਾ ਕਿਸ ਹੱਦ ਤੱਕ ਠੱਲ੍ਹ ਸਕੇਗੀ, ਇਹ ਕਹਿਣਾ ਤਾਂ ਮੁਸ਼ਕਿਲ ਹੈ, ਪਰ ਇਹ ਵੀ ਕਠੋਰ ਸੱਚ ਹੈ ਕਿ ਪਰੰਪਰਾ ਦੇ ਇਹ ਮੌਖਿਕ ਜ਼ਾਬਤੇ ਮਨੁੱਖੀ ਰਹਿਤਲ ਦੇ ਕਿਸ ਚੇਤਨ-ਅਵਚੇਤਨ ਰੂਪ ਵਿਚ ਢਲ ਕੇ ਆਪਣੇ ਅੰਸ਼ਾਂ ਨੂੰ ਸੁਰੱਖਿਅਤ ਕਰ ਲੈਣਗੇ, ਇਸ ਬਾਰੇ ਕੁਝ ਕਹਿਣਾ ਵੀ ਮੁਸ਼ਕਿਲ ਹੈ। ਲੋਕ ਪਰੰਪਰਾ ਦੇ ਇਹ ਮੌਖਿਕ ਜ਼ਾਬਤੇ ਕਿਉਂਕਿ ਕਿਸੇ ਵੀ ਸਭਿਆਚਾਰਕ ਰਹਿਤਲ ਦੁਆਰਾ ਢਲਣੇ ਹੁੰਦੇ ਹਨ, ਇਸ ਤਬਦੀਲੀ ਦੇ ਇਸ਼ਾਰੇ ਪਹਿਲਾਂ ਬੌਧਿਕ ਪੱਧਰ 'ਤੇ, ਅਤੇ ਫਿਰ ਜਨ ਸਾਧਾਰਨ ਦੀ ਸਮੁੱਚੀ ਜੀਵਨ ਰਹਿਤਲ ਵਿਚ ਮਿਲਦੇ ਹਨ। ਇਸ ਤਬਦੀਲੀ ਦੀ ਸੂਖਮਤਾ ਦੇ ਇਸ਼ਾਰੇ ਸਭ ਤੋਂ ਪਹਿਲਾਂ ਕਾਵਿ-ਰੂਪ ਵਿਚ ਉਜਾਗਰ ਹੁੰਦੇ ਹਨ। ਮਸਲਨ, ਟੀ.ਵੀ. ਦੀ ਆਮਦ 'ਤੇ ਇਸ ਦੇ ਇਖਲਾਕੀ ਵਿਗਾੜ ਵੱਲ ਇਸ਼ਾਰਾ ਸ਼ਾਇਰ ਜਸਵਿੰਦਰ ਨੇ ਇਉਂ ਕੀਤਾ ਸੀ:

ਟੀ.ਵੀ. ਨੇ ਕੁਝ ਇਸ ਤਰ੍ਹਾਂ
ਕਰ ਦਿੱਤੈ ਆਜ਼ਾਦ (ਬਰਬਾਦ),
ਲੱਕ ਹਿਲਾ ਕੇ ਕੰਜਕਾਂ,
ਕਰਨਾ ਪਹਾੜੇ ਯਾਦ।

ਸੁਰਜੀਤ ਪਾਤਰ ਨੇ ਤਾਂ ਇਥੋਂ ਤੱਕ ਕਿਹਾ ਕਿ ਸੰਸਾਰੀਕਰਨ ਨੂੰ ਛੱਡੋ, ਜ਼ਰਾ ਪਿੰਡ ਤੇ ਸ਼ਹਿਰ ਦੇ ਜੀਵਨ ਦੀ ਤਬਦੀਲੀ ਨੂੰ ਮਹਿਸੂਸ ਕਰੋ:

ਪਿੰਡ ਜਿਨ੍ਹਾਂ ਦੇ ਗੱਡੇ ਚੱਲਣ
ਹੁਕਮ ਅਤੇ ਸਰਦਾਰੀ,
ਸ਼ਹਿਰ ਵਿਚ ਆ ਕੇ ਬਣ ਜਾਂਦੇ ਨੇ,
ਬੱਸ ਦੀ ਇਕ ਅਸਵਾਰੀ।

ਸਿਧਾਂਤਕ ਤੌਰ 'ਤੇ ਸਭਿਆਚਾਰਕ ਰਹਿਤਲ ਨੇ ਹੀ ਪਰੰਪਰਾਗਤ ਜ਼ਾਬਤਿਆਂ ਨੂੰ ਘੜਨਾ, ਵਿਉਂਤਣਾ, ਲਾਗੂ ਕਰਨਾ ਅਤੇ ਸੁਰਖਿਅਤ ਰੱਖਣ ਵਿਚ ਭੂਮਿਕਾ ਨਿਭਾਉਣੀ ਹੁੰਦੀ ਹੈ। ਪੰਜਾਬੀ ਸਭਿਆਚਾਰ ਅਤੇ ਲੋਕ ਪਰੰਪਰਾ, ਬਾਹਰੀ ਅਤੇ ਅੰਦਰੂਨੀ ਤਬਦੀਲੀ ਨੂੰ ਕਿਸ ਰੂਪ ਵਿਚ ਠੱਲ੍ਹ ਸਕਣ ਲਈ ਬਲਸ਼ੀਲ ਰਹੇਗੀ, ਇਸ ਗਤੀ ਬਾਰੇ ਟਿਪਣੀ ਕਰਨੀ ਮੁਸ਼ਕਿਲ ਹੈ, ਪਰ ਜੇ ਕੱਲ੍ਹ ਨੂੰ ਪੰਜਾਬੀ ਸਭਿਆਚਾਰ ਦੇ 'ਲੋਕ ਮਨ' ਨੇ ਕਿਸੇ ਆਧੁਨਿਕ ਪ੍ਰਾਪਤੀ ਬਦਲੇ ਪਰੰਪਰਾ ਦੇ ਬਹੁਤ ਕੁਝ ਗੁਆਚ ਜਾਣ ਦਾ ਹੇਰਵਾ ਕੀਤਾ, ਤਾਂ ਨਵਤੇਜ ਭਾਰਤੀ ਦਾ ਇਹ ਸ਼ੇਅਰ ਇਸ ਪੀੜ ਦੀ ਤਰਜਮਾਨੀ ਕਰਨ ਦੇ ਸਮਰੱਥ ਹੋਵੇਗਾ, ਜਿਸ ਵਿਚ ਉਸ ਨੇ ਲਿਖਿਆ ਸੀ:


ਕੱਸੀਆਂ ਖਾਲੇ ਟੱਪਦੇ, ਗਏ ਸਮੁੰਦਰ ਟੱਪ,
ਜਿੱਡੀ ਵੱਡੀ ਛਾਲ ਸੀ, ਓਡੀ ਵੱਡੀ ਸੱਟ।

# ਤਬਦੀਲੀ ਲਈ ਤਾਂਘ: ਨੀਚਾ ਨਗਰ

*ਕੈਨੇਡਾ ਵੱਸਦੇ ਸੁਖਵੰਤ ਹੁੰਦਲ 'ਵਤਨੋਂ ਦੂਰ' ਵਰਗੇ ਸਾਹਿਤਕ ਪਰਚੇ ਦੇ ਕਰਤਾ-ਧਰਤਾ ਹਨ ਅਤੇ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਵੈਨਕੂਵਰ ਕੈਂਪਸ 'ਚ ਏਸ਼ੀਅਨ ਸਟੱਡੀਜ਼ ਵਿਭਾਗ ਵਿਚ ਪੜ੍ਹਾਉਂਦੇ ਹਨ। ਚਿਰ ਪਹਿਲਾਂ ਉਨ੍ਹਾਂ 1946 ਵਿਚ ਬਣੀ ਫਿਲਮ 'ਨੀਚਾ ਨਗਰ' ਬਾਰੇ ਇਹ ਟਿੱਪਣੀ ਕੀਤੀ ਸੀ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰਨ ਦੀ ਖੁਸ਼ੀ ਲੈ ਰਹੇ ਹਾਂ।*

*-ਸੰਪਾਦਕ*






*ਫਿਲਮ 'ਨੀਚਾ ਨਗਰ' ਦਾ ਪੋਸਟਰ, (ਵਿਚਕਾਰ) ਕਾਮਿਨੀ ਕੌਸ਼ਲ ਅਤੇ (ਐਨ ਸੱਜੇ) ਨਿਰਦੇਸ਼ਕ ਚੇਤਨ ਆਨੰਦ।*

1946 ਵਿਚ ਬਣੀ 'ਨੀਚਾ ਨਗਰ' (ਨਿਰਦੇਸ਼ਕ: ਚੇਤਨ ਆਨੰਦ) ਫਰਾਂਸ ਦੇ ਕਾਨ ਫੈਸਟੀਵੈਲ ਵਿਚ ਇਨਾਮ ਜਿੱਤਣ ਵਾਲੀ ਪਹਿਲੀ ਹਿੰਦੀ ਫਿਲਮ ਸੀ। ਫਿਲਮ ਵਿਚ 'ਊਚਾ ਨਗਰ' ਅਤੇ 'ਨੀਚਾ ਨਗਰ' ਵਿਚ ਰਹਿਣ ਵਾਲੇ ਲੋਕਾਂ ਦੀ ਆਪਸੀ ਟੱਕਰ ਨੂੰ ਦਿਖਾਇਆ ਗਿਆ ਹੈ। 'ਊਂਚਾ ਨਗਰ' ਵਿਚ ਰਹਿਣ ਵਾਲੇ ਸਰਕਾਰ ਨਾਂ ਦੇ ਸਰਮਾਏਦਾਰ ਬਸ਼ਿੰਦੇ ਨੇ ਨਵੀਂ ਜ਼ਮੀਨ ਖਰੀਦੀ ਹੈ



**ਸੁਖਵੰਤ ਹੁੰਦਲ**

ਜਿਸ ਵਿਚ ਉਹ ਇਮਾਰਤ ਉਸਾਰੀ ਕਰਨਾ ਚਾਹੁੰਦਾ ਹੈ। ਇਸ ਇਮਾਰਤ ਉਸਾਰੀ ਦੇ ਪ੍ਰੋਜੈਕਟ ਨੂੰ ਮੁਕੰਮਲ ਕਰ ਕੇ ਉਸ ਦੀ ਵੱਡਾ ਮੁਨਾਫਾ ਕਮਾਉਣ ਦੀ ਯੋਜਨਾ ਹੈ, ਪਰ ਇਸ ਪ੍ਰੋਜੈਕਟ ਦੇ ਸਿਰੇ ਚੜ੍ਹਨ ਵਿਚ ਇਕ ਮੁਸ਼ਕਿਲ ਹੈ। ਉਸ ਵਲੋਂ ਖਰੀਦੀ ਜ਼ਮੀਨ ਵਿਚ ਦੀ ਗੰਦਾ ਨਾਲਾ ਵਗਦਾ ਹੈ। ਜਿੰਨਾ ਚਿਰ ਉਹ ਗੰਦਾ ਨਾਲਾ ਉਸ ਦੀ ਜ਼ਮੀਨ ਵਿਚੋਂ ਦੀ ਲੰਘਦਾ ਹੈ, ਉਨੀ ਦੇਰ ਤੱਕ ਉਥੇ ਉਸਾਰੀ ਨਹੀਂ ਹੋ ਸਕਦੀ। ਇਸ ਲਈ ਇਸ ਗੰਦੇ ਨਾਲੇ ਦਾ ਕੋਈ ਨਾ ਕੋਈ ਹੱਲ ਲੱਭਣਾ ਜ਼ਰੂਰੀ ਹੈ।

ਸਰਕਾਰ ਆਪਣੀ ਇਸ ਸਮੱਸਿਆ ਦਾ ਹੱਲ ਛੇਤੀ ਹੀ ਲੱਭ ਲੈਂਦਾ ਹੈ। ਉਹ ਆਪਣੇ ਪੈਸੇ ਦੇ ਜ਼ੋਰ ਨਾਲ ਮਿਉਂਸਪਲ ਕੌਂਸਲ ਤੋਂ ਇਹ ਫੈਸਲਾ ਕਰਵਾ ਲੈਂਦਾ ਹੈ ਕਿ ਗੰਦੇ ਨਾਲੇ ਦਾ ਰੁਖ ਮੋੜ ਦਿੱਤਾ ਜਾਵੇ ਅਤੇ ਨਾਲਾ ਸਰਕਾਰ ਦੀ ਜ਼ਮੀਨ ਵਿਚ ਦੀ ਲੰਘਣ ਦੀ ਥਾਂ 'ਨੀਚਾ ਨਗਰ' ਵਿਚ ਦੀ ਲੰਘੇ। ਗੰਦੇ ਨਾਲੇ ਦੇ ਵਹਿਣ ਦਾ ਬਦਲਿਆ ਇਹ ਰੁਖ ਜਿਥੇ ਸਰਕਾਰ ਲਈ ਹੋਰ ਦੌਲਤ ਕਮਾਉਣ ਦਾ ਰਾਹ ਖੋਲ੍ਹ ਦੇਵੇਗਾ, ਉਥੇ ਇਹ ਨੀਚਾ ਨਗਰ ਦੇ ਲੋਕਾਂ 'ਤੇ ਬਹੁਤ ਹੀ ਮਾਰੂ ਅਸਰ ਪਾਏਗਾ। 'ਨੀਚਾ ਨਗਰ' ਵਿਚ ਦੀ ਨਾਲਾ ਲੰਘਣ ਨਾਲ ਉਥੋਂ ਦੇ ਨਿਵਾਸੀਆਂ ਦੇ ਘਰ-ਵਾਰ ਦਾ ਉਜਾੜਾ ਹੋਣ ਦੇ ਨਾਲ ਨਾਲ ਨਗਰ ਵਿਚ ਬਿਮਾਰੀ ਫੈਲਣ ਦਾ ਖਤਰਾ ਬਣ ਜਾਏਗਾ।

ਇਸ ਸਥਿਤੀ ਨੂੰ ਦੇਖਦਿਆਂ 'ਨੀਚਾ ਨਗਰ' ਦੇ ਲੋਕ ਗੰਦੇ ਨਾਲੇ ਦਾ ਵਹਿਣ ਬਦਲਣ ਦੇ ਫੈਸਲੇ ਦਾ ਵਿਰੋਧ ਕਰਨ ਦਾ ਫੈਸਲਾ ਕਰਦੇ ਹਨ। ਫਿਲਮ ਦੀ ਕਹਾਣੀ ਇਸ ਜੱਦੋਜਹਿਦ ਦੀ ਕਹਾਣੀ ਹੈ। ਇਸ ਵਿਚ ਇਕ ਪਾਸੇ ਸਰਮਾਏਦਾਰ ਸਰਕਾਰ ਦੀ ਹੈਂਕੜ ਅਤੇ ਹੋਰ ਦੌਲਤ ਕਮਾਉਣ ਲਈ ਆਪਣੀ ਪਹਿਲੀ ਦੌਲਤ ਦੀ ਦੁਰਵਰਤੋਂ ਨੂੰ ਬਹੁਤ ਵਧੀਆ ਢੰਗ ਨਾਲ ਦਿਖਾਇਆ ਗਿਆ ਹੈ। ਉਹ ਆਪਣੇ ਹਿਤਾਂ ਦੀ ਸੁਰੱਖਿਆ ਲਈ ਸਿਆਸੀ ਲੋਕਾਂ, ਮੀਡੀਆ ਅਤੇ 'ਨੀਚਾ ਨਗਰ' ਦੇ 'ਖਰੀਦੇ ਜਾ ਸਕਣ ਵਾਲੇ ਲੋਕਾਂ' ਨੂੰ ਖਰੀਦਣ ਲਈ ਆਪਣੀ ਦੌਲਤ ਦੀ ਅਥਾਹ ਵਰਤੋਂ ਕਰਦਾ ਹੈ। ਦੂਸਰੇ ਪਾਸੇ 'ਨੀਚਾ ਨਗਰ' ਦੇ ਲੋਕਾਂ ਵਲੋਂ ਜ਼ਿੰਦਾ ਰਹਿਣ ਦੀ ਆਪਣੀ ਲੜਾਈ ਨਾਲ ਪ੍ਰਤੀਬਧਤਾ ਅਤੇ ਕੁਰਬਾਨੀ ਦੀ ਭਾਵਨਾ ਨੂੰ ਸ਼ਕਤੀਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। 'ਨੀਚਾ ਨਗਰ' ਦਾ ਇਕ ਪਾਤਰ ਕਹਿੰਦਾ ਹੈ:

ਜੋ ਡਰ ਕਰ ਏਕ ਵਾਰ ਭਾਗੇਗਾ,
ਉਸ ਕੇ ਲਿਏ ਫਿਰ ਕਹੀਂ ਡਰ ਸੇ ਛੁਟਕਾਰਾ ਨਹੀਂ।
ਇਸ ਡਰ ਪਰ ਫਤਿਹ ਪਾ ਲਉ।
ਡਰੇਂ ਵੁਹ ਜੋ ਜ਼ੁਲਮ ਕਰਤੇ ਹੈਂ।
ਜਿਤਨਾ ਜ਼ੁਲਮ ਕਰਤੇ ਹੈਂ,
ਉਤਨਾ ਹੀ ਉਨਕੇ ਦਿਲ ਮੇਂ ਡਰ ਬੜਤਾ ਹੈ
ਔਰ ਉਤਨਾ ਹੀ ਔਰ ਜ਼ੁਲਮ ਕਰਤੇ ਹੈਂ।
ਏਕ ਵਾਰ ਡਟ ਜਾਉ,
ਫਿਰ ਡਰ ਉਨਕੋ ਡਰਾਏਗਾ।

ਨਤੀਜੇ ਵਜੋਂ 'ਨੀਚਾ ਨਗਰ' ਦੇ ਲੋਕ ਹੇਠ ਲਿਖੇ ਗੀਤ ਨਾਲ ਆਪਣੀ ਜੱਦੋਜਹਿਦ ਸ਼ੁਰੂਆਤ ਕਰਦੇ ਹਨ, "ਉਠੋ ਕਿ ਹਮੇਂ ਵਕਤ ਕੀ ਗਰਦਸ਼ ਨੇ ਪੁਕਾਰਾ"।

ਫਿਲਮ ਵਿਚ ਇਹ ਵੀ ਦਿਖਾਇਆ ਗਿਆ ਹੈ ਕਿ 'ਊਂਚਾ ਨਗਰ' ਦੇ ਸਰਮਾਏਦਾਰ ਨਾਲ 'ਨੀਚਾ ਨਗਰ' ਦੇ ਲੋਕਾਂ ਦੀ ਜੱਦੋਜਹਿਦ ਏਨੀ ਸੁਖਾਲੀ ਨਹੀਂ। ਜੇ 'ਨੀਚਾ ਨਗਰ' ਦੇ ਲੋਕਾਂ ਨੇ ਇਸ ਲੜਾਈ ਵਿਚ ਜਿੱਤਣਾ ਹੈ ਤਾਂ ਉਹਨਾਂ ਨੂੰ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹਿਣਾ ਪਏਗਾ।

ਹਿੰਦੂ ਅਖਬਾਰ ਵਿਚ ਛਪੇ ਇਕ ਆਰਟੀਕਲ ਅਨੁਸਾਰ ਆਪਣੇ ਹੋਰ ਸਮਕਾਲੀਆਂ ਵਾਂਗ ਚੇਤਨ ਆਨੰਦ ਵੀ ਉਸ ਸਮੇਂ ਰੂਸੀ ਸਾਹਿਤ ਅਤੇ ਇਨਕਲਾਬ ਤੋਂ ਪ੍ਰਭਾਵਿਤ ਸੀ। ਇਸ ਲਈ ਉਸ ਨੇ ਫਿਲਮ 'ਨੀਚਾ ਨਗਰ' ਦੀ ਕਹਾਣੀ ਦੀ ਪ੍ਰੇਰਨਾ ਮੈਕਸਿਮ ਗੋਰਕੀ ਦੇ ਨਾਵਲ "ਲੋਅਰ ਡੈਪਥਸ" ਤੋਂ ਲਈ ਸੀ।

ਅੱਜ ਇਹ ਫਿਲਮ ਇਸ ਲਈ ਦੇਖਣੀ ਚਾਹੀਦੀ ਹੈ, ਕਿਉਂਕਿ ਇਹ ਫਿਲਮ ਹਿੰਦੀ ਫਿਲਮ ਜਗਤ ਦੀਆਂ ਉਹਨਾਂ ਪਹਿਲੀਆਂ ਫਿਲਮਾਂ ਵਿਚੋਂ ਹੈ, ਜਿਹੜੀਆਂ ਫਿਲਮਾਂ ਸਾਡੇ ਦਰਸ਼ਕਾਂ ਨੂੰ ਸਮਾਜ ਦੀ ਨਾਬਰਾਬਰੀ ਦਾ ਕੋਝਾ ਰੂਪ ਦਿਖਾ ਕੇ ਉਸ ਸਚਾਈ ਨੂੰ ਬਦਲਣ ਲਈ ਪ੍ਰੇਰਨਾ ਚਾਹੁੰਦੀਆਂ ਹਨ। ਇਸ ਦੇ ਨਾਲ ਹੀ ਇਸ ਫਿਲਮ ਦੀ ਕਹਾਣੀ ਅੱਜ ਵੀ ਉਨੀ ਪ੍ਰਸੰਗਕ ਹੈ ਜਿੰਨੀ ਇਹ 1946 ਵਿਚ ਸੀ। ਅੱਜ ਵੀ ਸਾਡੇ ਸਮਾਜ ਵਿਚ 'ਊਂਚਾ ਨਗਰ' ਅਤੇ 'ਨੀਚਾ ਨਗਰ' ਵਿਚਕਾਰ ਫਰਕ ਹੈ। ਸਰਮਾਏ ਦੇ ਵਿਸ਼ਵੀਕਰਨ ਦੇ ਦੌਰ ਵਿਚ 'ਊਂਚਾ ਨਗਰ' ਅਤੇ 'ਨੀਚਾ ਨਗਰ' ਵਿਚਕਾਰਲੀ ਖਾਈ ਹੋਰ ਡੂੰਘੀ ਹੁੰਦੀ ਜਾ ਰਹੀ ਹੈ। ਅੱਜ ਵੀ ਸਰਮਾਏਦਾਰ ਅਤੇ ਉਹਨਾਂ ਦੀਆਂ ਕਾਰਪੋਰੇਸ਼ਨਾਂ ਆਪਣੇ ਮੁਨਾਫੇ ਲਈ ਵਾਤਾਵਰਨ ਵਿਚ ਇਸ ਤਰ੍ਹਾਂ ਦਾ ਪ੍ਰਦੂਸ਼ਨ ਫੈਲਾ ਰਹੀਆਂ ਹਨ ਜੋ ਆਮ ਲੋਕਾਂ ਲਈ ਘਾਤਕ ਬਿਮਾਰੀਆਂ ਦਾ ਕਾਰਨ ਬਣ ਰਿਹਾ ਹੈ।

ਇਹ ਫਿਲਮ ਸਾਨੂੰ ਕਾਰਪੋਰੇਸ਼ਨਾਂ ਦੇ ਮੁਨਾਫੇ ਅਤੇ ਵਾਤਾਵਰਨ ਦੇ ਨੁਕਸਾਨ ਵਿਚਲਾ ਰਿਸ਼ਤਾ ਸਮਝਣ ਵਿਚ ਮਦਦਗਾਰ ਹੋ ਸਕਦੀ ਹੈ ਅਤੇ ਇਸ ਰਿਸ਼ਤੇ ਕਾਰਨ ਲੋਕਾਂ ਦੇ ਜੀਵਨ ਉਤੇ ਪੈਣ ਵਾਲੇ ਭੈੜੇ ਅਸਰਾਂ ਦਾ ਖਾਤਮਾ ਕਰਨ ਲਈ ਚੱਲਦੀ ਜੱਦੋਜਹਿਦ ਵਿਚ ਸ਼ਾਮਲ ਹੋਣ ਦੀ ਪ੍ਰੇਰਨਾ ਦੇ ਸਕਦੀ ਹੈ।

# 'ਕੜਵੀ ਹਵਾ' ਦੀ ਕੌੜੀ ਸੱਚਾਈ

ਇਕ ਵਾਰ ਫਿਰ ਇਕ ਚੰਗੀ ਫਿਲਮ ਬਹੁਤੀ ਚਰਚਾ ਤੋਂ ਬਗੈਰ ਹੀ ਰਹਿ ਗਈ। ਨੀਲ ਮਾਧਬ ਪਾਂਡਾ ਵੱਲੋਂ ਨਿਰਦੇਸ਼ਤ ਫਿਲਮ 'ਕੜਵੀ ਹਵਾ' ਵਾਤਾਵਰਣ ਵਿਚ ਆ ਰਹੀ ਖ਼ਤਰਨਾਕ ਤਬਦੀਲੀ ਦੇ ਅਹਿਮ ਮਸਲੇ 'ਤੇ ਹੱਥ ਧਰਦੀ ਹੈ। ਫਿਲਮ ਵਿਚ ਬਥੇਰੇ ਦ੍ਰਿਸ਼ ਅਜਿਹੇ ਹਨ ਜੋ ਦਰਸ਼ਕ ਦੀ ਜਾਨ ਕੱਢਦੇ ਹਨ ਅਤੇ ਸੋਚਣ ਲਈ ਮਜਬੂਰ ਕਰਦੇ ਹਨ। ਇਸ ਫਿਲਮ ਵਿਚ ਮੁੱਖ ਭੂਮਿਕਾਵਾਂ ਸੰਜੇ ਮਿਸ਼ਰਾ, ਰਣਵੀਰ ਸ਼ੋਰੀ ਅਤੇ

**ਗੁਰਜੰਟ ਸਿੰਘ**

ਤਿਲੋਤਮਾ ਸੋਮ ਦੀਆਂ ਹਨ। ਰਣਵੀਰ ਸ਼ੋਰੀ ਨੇ ਫਿਲਮ ਵਿਚ ਬੈਂਕ ਦੇ ਕਰਜ਼ਾ ਵਸੂਲੀ ਏਜੰਟ ਦਾ ਕਿਰਦਾਰ ਨਿਭਾਇਆ ਹੈ, ਜਦਕਿ ਸੰਜੇ ਮਿਸ਼ਰਾ ਇਸ ਫਿਲਮ ਵਿਚ ਅੰਨ੍ਹੇ ਬਜ਼ੁਰਗ ਕਿਸਾਨ ਵਜੋਂ ਨਜ਼ਰ ਆਇਆ ਹੈ। ਫਿਲਮ ਵਿਚ ਦਿਖਾਇਆ ਗਿਆ ਹੈ ਕਿ ਵੱਖ ਵੱਖ ਮੌਸਮਾਂ ਨਾਲ ਜੂਝਦੇ ਲੋਕ ਜੀਣ ਲਈ ਕਿਸ ਕਿਸ ਤਰ੍ਹਾਂ ਦੇ ਤਰੱਦਦ ਕਰਦੇ ਹਨ। ਪਿੰਡ ਵਿਚ ਪਾਣੀ ਦੀ ਕਿੱਲਤ ਹੋਣ ਅਤੇ ਚਿਰਾਂ ਤੋਂ ਮੀਂਹ ਨਾ ਪੈਣ ਦੀ ਜੋ ਕਹਾਣੀ ਇਸ ਫਿਲਮ ਵਿਚ ਬੁਣੀ ਗਈ ਹੈ, ਉਹ ਬਹੁਤ ਜ਼ੋਰਦਾਰ ਹੈ। ਫਿਲਮਸਾਜ਼ ਨੇ ਕੁਦਰਤੀ ਆਫ਼ਤਾਂ ਅਤੇ ਇਸ ਸਮੱਸਿਆ ਨਾਲ ਦੋ-ਚਾਰ ਹੋ ਰਹੇ ਲੋਕਾਂ ਦਾ ਜ਼ਿਕਰ ਬਹੁਤ ਬਰੀਕੀ ਨਾਲ ਕੀਤਾ ਹੈ।







*ਫਿਲਮ 'ਕੜਵੀ ਹਵਾ' ਵਿਚ (ਉਪਰ) ਸੰਜੇ ਮਿਸ਼ਰਾ, (ਹੇਠਾਂ, ਖੱਬੇ) ਰਣਬੀਰ ਸ਼ੋਰੀ ਅਤੇ ਨਿਰਦੇਸ਼ਕ ਨੀਲ ਮਾਧਬ ਪਾਂਡਾ।*

ਨੀਲ ਮਾਧਬ ਪਾਂਡਾ ਮੁਤਾਬਕ, ਉਸ ਨੇ ਇਸ ਫਿਲਮ ਵਿਚ ਵਾਤਾਵਰਣ ਦੀ ਸਮੱਸਿਆ ਨੂੰ ਜੜ੍ਹ ਤੋਂ ਫੜਨ ਦਾ ਯਤਨ ਕੀਤਾ ਹੈ ਅਤੇ ਉਹੀ ਕੁਝ ਦਿਖਾਇਆ ਹੈ, ਜੋ ਅੱਜ ਦੀ ਹਕੀਕਤ ਹੈ ਤੇ ਜਿਸ ਨਾਲ ਲੋਕ ਜੂਝ ਰਹੇ ਹਨ। ਸੰਜੇ ਮਿਸ਼ਰਾ ਮੁਤਾਬਕ, ਇਹ ਫਿਲਮ ਸੱਚਮੁੱਚ ਰੂਹ ਨੂੰ ਝੰਜੋੜਨ ਵਾਲੀ ਹੈ। ਇਸੇ ਤਰ੍ਹਾਂ ਦੇ ਵਿਚਾਰ ਰਣਵੀਰ ਸ਼ੋਰੀ ਨੇ ਪ੍ਰਗਟ ਕੀਤੇ ਹਨ। ਉਸ ਮੁਤਾਬਕ, ਫਿਲਮ ਨੇ ਸਰਕਾਰੀ ਯੋਜਨਾਵਾਂ ਅਤੇ ਮੁਲਾਜ਼ਮਾਂ ਦੀ ਨਾ-ਅਹਿਲੀਅਤ ਦਾ ਪਾਜ ਉਘਾੜ ਦਿੱਤਾ ਹੈ। ਫਿਲਮ ਦੀ ਕਹਾਣੀ ਅੱਜ ਦੀ ਉਸ ਕਹਾਣੀ ਉਤੇ ਆਧਾਰਤ ਹੈ ਜਿਸ ਕਾਰਨ ਸਮੁੱਚਾ ਮੁਲਕ ਵਾਤਾਵਰਣ ਅਤੇ ਪ੍ਰਦੂਸ਼ਣ ਦੀ ਲਪੇਟ ਵਿਚ ਆਇਆ ਹੋਇਆ ਹੈ।

# 'ਕਰੀਬ ਕਰੀਬ ਸਿੰਗਲ' ਦਾ ਮੁਹੱਬਤੀ ਮੇਲਾ

ਫਿਲਮ ਅਦਾਕਾਰ ਇਰਫਾਨ ਨੇ ਫਿਲਮ ਜਗਤ ਵਿਚ ਆਪਣੀ ਜਗ੍ਹਾ ਆਪ ਬਣਾਈ ਹੈ। ਸੌ ਸੌ ਕਰੋੜੀ ਫਿਲਮਾਂ ਦੇ ਘੜਮੱਸ ਦੌਰਾਨ ਉਸ ਨੇ ਅਜਿਹੀਆਂ ਫਿਲਮਾਂ ਦਰਸ਼ਕਾਂ ਨੂੰ ਦਿੱਤੀਆਂ ਹਨ, ਜਿਨ੍ਹਾਂ ਵਿਚ ਅਵਾਮ ਲਈ ਸੁਨੇਹਾ ਤਾਂ ਹੁੰਦਾ ਹੀ ਹੈ, ਕਲਾ ਅਤੇ ਕਮਾਈ ਪੱਖੋਂ ਵੀ ਇਹ ਫਿਲਮਾਂ ਕਿਸੇ ਨਾਲੋਂ ਘੱਟ ਨਹੀਂ। ਇਨ੍ਹਾਂ ਫਿਲਮਾਂ ਵਿਚ 'ਹਿੰਦੀ ਮੀਡੀਅਮ', 'ਮਦਾਰੀ', 'ਪੀਕੂ', 'ਕਿੱਸਾ', 'ਪਾਨ ਸਿੰਘ ਤੋਮਰ', 'ਬਿੱਲੂ', 'ਸਾਢੇ ਸੱਤ ਫੇਰੇ' ਆਦਿ ਫਿਲਮਾਂ ਸ਼ਾਮਲ ਹਨ; ਤੇ ਇਸ ਸੂਚੀ ਵਿਚ ਇਕ ਫਿਲਮ ਹੋਰ ਜੁੜ ਗਈ ਹੈ: ਕਰੀਬ ਕਰੀਬ ਸਿੰਗਲ।

'ਕਰੀਬ ਕਰੀਬ ਸਿੰਗਲ' ਰੋਮਾਂਟਿਕ ਫਿਲਮ ਹੈ ਜਿਸ ਦੀ ਕਹਾਣੀ ਦੋ ਮੁੱਖ ਕਿਰਦਾਰਾਂ ਦੁਆਲੇ ਬੁਣੀ ਗਈ ਹੈ। ਦੋਹਾਂ ਦੇ ਸੁਭਾਅ ਵਿਚ ਜ਼ਮੀਨ ਆਸਮਾਨ ਦਾ ਫਰਕ ਹੈ, ਪਰ ਮੁਹੱਬਤ ਦੀ ਦੁਨੀਆਂ ਲਗਾਤਾਰ ਵਿਰਾਟ ਹੋਈ ਜਾਂਦੀ ਹੈ। ਇਹੀ ਇਸ ਫਿਲਮ ਦੀ ਖੂਬਸੂਰਤੀ ਹੈ। ਇਸ ਵਿਸ਼ੇ ਨਾਲ ਸਬੰਧਤ ਪਹਿਲਾਂ ਵੀ ਕਈ ਫਿਲਮਾਂ ਬਣੀਆਂ ਹਨ, ਪਰ ਇਸ ਫਿਲਮ ਦੀ ਕਹਾਣੀ ਜਿਸ ਤਰ੍ਹਾਂ ਫਿਲਮਸਾਜ਼ ਤਨੂਜਾ ਚੰਦਰਾ ਨੇ ਸੁਣਾਈ ਹੈ, ਉਹ ਧਿਆਨ ਖਿੱਚਦੀ ਹੈ। ਫਿਲਮ ਦੀ ਨਾਇਕਾ ਪਾਰਵਤੀ ਜੋ ਦੱਖਣੀ ਫਿਲਮਾਂ ਦੀ ਪ੍ਰਸਿੱਧ ਅਦਾਕਾਰਾ ਹੈ, ਨੇ ਆਪਣੀ ਅਦਾਕਾਰੀ ਨਾਲ ਫਿਲਮ ਨੂੰ ਚਾਰ ਚੰਨ ਲਾਏ ਹਨ। ਉਹਦੀ ਅਦਾਕਾਰੀ ਸੱਚਮੁੱਚ ਤਾਜ਼ੀ ਹਵਾ ਦੇ ਬੁੱਲਿਆਂ ਵਾਂਗ ਹੈ। ਫਿਲਮ ਦਾ ਨਾਇਕ ਵਡੇਰੀ ਉਮਰ ਦਾ ਹੈ, ਪਰ ਫਿਲਮ ਵਿਚ ਪਿਆਰ ਦੀ ਕਹਾਣੀ ਉਮਰਾਂ ਦੇ ਮਸਲਿਆਂ ਤੋਂ ਪਾਰ ਝਾਕਦੀ ਦਿਸਦੀ ਹੈ। ਇਰਫਾਨ ਨੂੰ 2008 ਵਿਚ 'ਲੰਚ ਬੌਕਸ' ਲਈ ਦੁਬਈ ਫਿਲਮ ਮੇਲੇ ਵਿਚ ਸਰਵੋਤਮ ਅਦਾਕਾਰ ਦਾ ਇਨਾਮ ਮਿਲਿਆ ਸੀ, ਹੁਣ 13 ਦਸੰਬਰ ਨੂੰ ਇਸੇ ਮੇਲੇ ਵਿਚ ਉਸ ਨੂੰ ਆਨਰੇਰੀ ਐਵਾਰਡ ਮਿਲ ਰਿਹਾ ਹੈ।

*-ਆਮਨਾ ਕੌਰ*




PUNJABI MEGA PACK
$14.99 FOR 24 MONTHS
Save $240 over 2 years
Dish.com/Punjabi
1-888-621-5401
dish
YOUR CULTURE AT HOME
PTC PUNJABI
jus punjabi
WILLOW HD
PTC NEWS
JUS one
+5 CHANNELS
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 1/15/18. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.